TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ □ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ □ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 27, July 3, 2010 20451 N Plum Grove Rd. Palatine, IL 60074 Ph:847-359-0746, Fax:847-705-9388




# ਕੇਂਦਰ ਨੂੰ ਵਧੀਆਂ ਤੇਲ ਕੀਮਤਾਂ ਕਾਰਨ ਲੋਕ ਰੋਹ ਦਾ ਸਾਹਮਣਾ

**ਬਿੰਦਰ ਬਸਰਾ**

ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਹੇਠਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ ਪੀ ਏ) ਸਰਕਾਰ ਵਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਨੂੰ ਕੰਟਰੋਲਮੁਕਤ ਕਰ ਕੇ ਪਹਿਲਾਂ ਹੀ ਲੱਕ ਤੋੜ ਮਹਿੰਗਾਈ ਦੇ ਝੰਬੇ ਆਮ ਲੋਕਾਂ 'ਤੇ ਹੋਰ ਆਰਥਿਕ ਬੋਝ ਲੱਦ ਦਿੱਤਾ ਗਿਆ ਹੈ। ਕੇਂਦਰ ਸਰਕਾਰ ਇਸ ਫੈਸਲੇ ਨੂੰ ਆਪਣੀ ਵਿੱਤੀ ਸਥਿਤੀ 'ਚ ਸੁਧਾਰ ਲਈ ਚੁੱਕਿਆ ਗਿਆ ਕਦਮ ਦੱਸ ਰਹੀ ਹੈ ਪਰ ਵਿਰੋਧੀ ਰਾਜਸੀ ਪਾਰਟੀਆਂ ਦਾ ਮੰਨਣਾ ਹੈ ਕਿ ਸਰਕਾਰ ਵਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਨਾ ਬਹੁਕੌਮੀ ਕੰਪਨੀਆਂ ਨੂੰ ਅੰਨ੍ਹੇ ਮੁਨਾਫੇ ਦੇਣ ਦੀ ਗਿਣੀ ਮਿਥੀ ਸਾਜ਼ਿਸ਼ ਹੈ ਜਿਸ ਨਾਲ ਆਮ ਆਦਮੀ ਦਾ ਕਚੂੰਮਰ ਹੋਰ ਨਿਕਲ ਜਾਵੇਗਾ। ਸਰਕਾਰ ਦੇ ਇਸ ਫੈਸਲੇ ਦੇ ਵਿਰੋਧ 'ਚ ਜਿਥੇ ਆਮ ਲੋਕ ਸੜਕਾਂ ਉਤੇ ਨਿਕਲ ਆਏ ਹਨ, ਉਥੇ ਵਿਰੋਧੀ ਰਾਜਸੀ ਪਾਰਟੀਆਂ ਨੇ ਦੇਸ਼ ਭਰ 'ਚ ਮਹਿੰਗਾਈ ਖਿਲਾਫ

**5 ਜੁਲਾਈ ਨੂੰ ਬੰਦਾ ਦਾ ਸੱਦਾ**

(ਬਾਕੀ ਸਫਾ 6 'ਤੇ)

# ਭਾਰਤ ਅਤੇ ਕੈਨੇਡਾ ਵਿਚਾਲੇ ਪ੍ਰਮਾਣੂ ਸਮਝੌਤਾ ਸਹੀਬੰਦ

## ਜੀ-20 ਸੰਮੇਲਨ ਵਲੋਂ ਰਾਹਤ ਪੈਕੇਜ ਜਾਰੀ ਰੱਖਣ ਦਾ ਫੈਸਲਾ

**ਕੰਵਰਜੀਤ ਸਿੰਘ ਸੰਗੂਧੌਣ**

ਬੀਤੀ 26-27 ਜੂਨ ਨੂੰ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਹੋਏ ਦੋ ਰੋਜ਼ਾ ਜੀ-20 ਸਿਖਰ ਸੰਮੇਲਨ ਸਬੰਧੀ ਪਿਛਲੇ ਦਿਨੀਂ ਚਰਚਾ ਦਾ ਮਾਹੌਲ ਭਖਿਆ ਰਿਹਾ। ਇਸ ਸੰਮੇਲਨ ਨੂੰ ਲੈ ਕੇ ਜਿਥੇ ਸੰਸਾਰ ਭਰ ਦੇ ਕਿਰਤੀਆਂ ਵਲੋਂ ਫੈਲ ਰਹੀਆਂ ਪੂੰਜੀਵਾਦੀ ਨੀਤੀਆਂ ਦੇ ਵਿਰੁਧ ਮੁਜ਼ਾਹਰੇ ਕੀਤੇ ਗਏ, ਉਥੇ ਸਿੱਖਾਂ ਵਲੋਂ ਵੀ 1984 ਦੇ ਸਿੱਖ ਕਤਲੇਆਮ ਅਤੇ ਸਿੱਖਾਂ ਦੀ ਕਾਲੀ ਸੂਚੀ ਨਾ ਖਤਮ ਕਰਨ ਦੇ ਮੁੱਦੇ ਤੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਦੌਰਾਨ ਡਾ.ਮਨਮੋਹਨ ਸਿੰਘ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ, ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਅਤੇ ਅਮਰੀਕਾ ਦੇ ਸਦਰ ਬਰਾਕ ਉਬਾਮਾ ਨਾਲ ਵੱਖੋ ਵੱਖ ਤੌਰ 'ਤੇ ਮੁਲਾਕਾਤ ਕੀਤੀ। ਰਿਪੋਰਟਾਂ ਅਨੁਸਾਰ ਇਨ੍ਹਾਂ ਮੁਲਾਕਾਤਾਂ ਦੌਰਾਨ ਬਰਤਾਨੀਆ ਅਤੇ ਫਰਾਂਸ ਦੇ ਆਗੂਆਂ ਨੇ ਭਾਰਤ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਪੱਕੀ ਸੀਟ ਦੀ ਹਮਾਇਤ ਕੀਤੀ। ਇਸ ਤੋਂ ਇਲਾਵਾ ਭਾਰਤ ਅਤੇ ਕੈਨੇਡਾ ਵਿਚਾਲੇ ਇਕ ਗੈਰ ਫੌਜੀ ਪ੍ਰਮਾਣੂ ਸਮਝੌਤਾ ਵੀ ਸਹੀਬੰਦ ਕੀਤਾ ਗਿਆ। ਵਿਸ਼ਵ ਦੇ 20 ਵੱਡੇ ਮੁਲਕਾਂ ਦੇ ਇਸ ਸੰਮੇਲਨ ਵਿਚ ਕੌਮਾਂਤਰੀ ਮਾਲੀ ਮੰਦੇ 'ਤੇ ਚਿੰਤਾ ਦਾ ਮਾਹੌਲ ਵੀ ਵੇਖਣ ਨੂੰ ਮਿਲਿਆ। ਸੰਮੇਲਨ ਦੇ ਅੰਤ 'ਤੇ ਇਕ ਸਾਂਝਾ ਐਲਾਨਨਾਮਾ ਵੀ ਜਾਰੀ ਕੀਤਾ ਗਿਆ।

ਲੰਘੀ 26 ਜੂਨ ਨੂੰ ਟੋਰਾਂਟੋ ਵਿਚ ਜੀ-20 ਸੰਮੇਲਨ ਦੇ ਪਹਿਲੇ ਦਿਨ ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਿਸ਼ਵ ਆਰਥਿਕਤਾ ਨੂੰ ਉਲਟਾ ਗੇੜਾ ਆਉਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਅੱਜ ਸੰਸਾਰ ਸਾਹਮਣੇ ਮੁੱਖ ਸਮੱਸਿਆ ਇਹ ਹੈ ਕਿ ਵਿਸ਼ਵ ਵਿਕਾਸ ਦੀ

(ਬਾਕੀ ਸਫਾ 5 'ਤੇ)



ਭਾਰਤ ਦੇ ਪ੍ਰਮਾਣੂ ਊਰਜਾ ਸਕੱਤਰ ਕੁਮਾਰ ਬੈਨਰਜੀ ਅਤੇ ਕੈਨੇਡਾ ਦੇ ਵਿਦੇਸ਼ ਮੰਤਰੀ ਲਾਰੈਂਸ ਕੈਨਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਮੌਜੂਦਗੀ 'ਚ ਪ੍ਰਮਾਣੂ ਸੰਧੀ 'ਤੇ ਦਸਤਖਤ ਕਰਦੇ ਹੋਏ

Delo
Mobil Delvac
GILL EXPRESS
ROTELLA T
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

# ਬਲਬੀਰ ਸਿੰਘ ਢਿੱਲੋਂ ਵਲੋਂ ਗੁਰਦੁਆਰਾ ਕਮੇਟੀ ਮੈਂਬਰਾਂ ਨੂੰ ਦਿੱਤੀਆਂ ਧਮਕੀਆਂ ਪੁਲਿਸ ਆਉਣ ਦਾ ਕਾਰਨ ਬਣੀਆਂ!

## ਗੁਰਦੁਆਰਾ ਕਮੇਟੀ ਨੇ 4 ਜੁਲਾਈ ਨੂੰ ਸੰਗਤ ਦੀ ਖੁੱਲੀ ਮੀਟਿੰਗ ਸੱਦੀ

ਸੈਨ ਹੋਜ਼ੇ: ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੇ ਐਤਵਾਰ 27 ਜੂਨ ਨੂੰ ਸਾਬਕਾ ਕਮੇਟੀ ਮੈਂਬਰ ਬਲਬੀਰ ਸਿੰਘ ਢਿੱਲੋਂ ਨੇ ਸਜੇ ਦੀਵਾਨ ਵਿਚ ਖਲਲ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਮੇਟੀ ਮੈਂਬਰਾਂ ਨੂੰ ਧਮਕੀਆਂ ਦਿੱਤੀਆਂ ਅਤੇ ਜੋਰਾ ਜ਼ਰਬੀ ਕਰਦਿਆਂ ਆਖਿਆ ਕਿ ਉਹ ਸਟੇਜ ਤੋਂ ਗੁਰਦੁਆਰਾ ਸਾਹਿਬ ਦੀ ਬਣ ਰਹੀ ਇਮਾਰਤ ਅਤੇ ਕਮੇਟੀ ਮੈਂਬਰਾਂ ਬਾਰੇ ਬੋਲੇਗਾ, ਜਿਸ ਕਿਸੇ ਵਿਚ ਵੀ ਤਾਕਤ ਹੈ ਉਸਨੂੰ ਰੋਕ ਲਵੇ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਸ਼ੇ ਤੇ ਬਹੁਤ ਗੰਭੀਰਤਾ ਨਾਲ ਵਿਚਾਰ ਕੀਤੀ ਅਤੇ ਸੰਗਤ ਦੀ ਇੱਛਾ ਕਿ ਗੁਰੂ ਦਰਬਾਰ ਵਿਚ ਕੀਰਤਨ, ਕਥਾ ਨੂੰ ਹੀ ਪਹਿਲ ਦਿੱਤੀ ਜਾਵੇ, ਮੁਤਾਬਕ ਬਲਬੀਰ ਸਿੰਘ ਢਿੱਲੋਂ ਨੂੰ ਬਹੁਤ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ ਕੀਤੀ ਕਿ ਅਗਲੇ ਐਤਵਾਰ (ਜੁਲਾਈ 4) ਵਾਲੇ ਦਿਨ ਪਹਿਲਾਂ ਵਾਂਗ ਤੰਬੂ ਥੱਲੇ (ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੋਂ ਬਿਨਾਂ) ਸੰਗਤ ਮੀਟਿੰਗ ਰੱਖੀ ਗਈ ਹੈ ਉਸ ਵਿਚ ਉਹ ਜੀ ਭਰ ਕਰਕੇ ਜੋ ਚਾਹੇ ਬੋਲ ਲਵੇ। ਇਸ ਬਾਰੇ ਉਸਨੂੰ ਲਿਖਤੀ ਰੂਪ ਵਿਚ ਇੱਕ ਚਿੱਠੀ ਵੀ ਦਿੱਤੀ ਗਈ ਪਰ ਬਲਬੀਰ ਸਿੰਘ ਢਿੱਲੋਂ ਨੇ ਕਿਸੇ ਵੀ ਗੱਲ ਦੀ ਪ੍ਰਵਾਹ ਨਾ ਕਰਦਿਆਂ ਵੱਖ ਵੱਖ ਸ਼ਹਿਰਾਂ ਵਿਚੋਂ ਆਪਣੇ ਲੱਠਮਾਰਾਂ ਦੇ ਸਾਥੀ ਟੋਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਸ਼ੋਰ ਸ਼ਰਾਬਾ ਕਰਨ ਲਈ ਬੁਲਾ ਲਿਆ, ਜੋ ਕਿ ਪਹਿਲਾਂ ਹੀ ਇੱਕ ਗਿਣੀ ਮਿੱਥੀ ਸਜਿਸ਼ ਤਹਿਤ ਹੀ ਸੀ।



ਗੁਰਦੁਆਰਾ ਕਮੇਟੀ ਨੇ ਕਿਸੇ ਵੀ ਮੰਦਭਾਗੀ ਘਟਨਾ ਦੇ ਅੰਦੇਸ਼ੇ ਨੂੰ ਮੁਖ ਰੱਖਦਿਆਂ ਪੁਲਿਸ ਨੂੰ ਇਤਲਾਹ ਕਰਨਾ ਹੀ ਵਾਜ਼ਬ ਸਮਝਿਆ। ਪੁਲਿਸ ਨੇ ਆਉਂਦਿਆਂ ਸਾਰ ਹੀ ਬਲਬੀਰ ਸਿੰਘ ਢਿੱਲੋਂ ਨੂੰ ਕੀਰਤਨ ਦਰਬਾਰ ਤੋਂ ਬਾਹਰ ਬੁਲਾ ਕੇ ਗੱਲ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਸ਼ਖਸ ਨੇ ਪੁਲਿਸ ਦੀ ਵੀ ਪ੍ਰਵਾਹ ਨਾ ਕਰਦਿਆਂ, ਆਪਣੇ ਆਪ ਨੂੰ ਮੀਤ ਪ੍ਰਧਾਨ ਕਹਿ ਕੇ ਉਨ੍ਹਾਂ ਨਾਲ ਕਾਫੀ ਲੰਬਾ ਸਮਾਂ ਬਹਿਸ ਜਾਰੀ ਰੱਖੀ। ਇਸੇ ਦੌਰਾਨ ਸਾਬਕਾ ਸਟੇਜ ਸੈਕਟਰੀ ਜਸਵੰਤ ਸਿੰਘ ਹੋਠੀ ਅਤੇ ਉਸਦੇ ਸਾਥੀਆਂ ਨੇ ਸਟੇਜ (ਮਾਈਕ) ਲੈਣ ਲਈ ਪੁਲਿਸ ਅਫਸਰ ਕੋਲ ਜਾਕੇ ਤਰਲਾ ਮਾਰਿਆ ਅਤੇ ਕਿਹਾ ਕਿ ਉਹ ਗੁਰਦੁਆਰੇ ਦਾ ਸਟੇਜ ਸਕੱਤਰ ਹੈ। ਪਰ ਪੁਲਿਸ ਦੇ ਹੱਥ ਬੜੇ ਲੰਬੇ ਹੁੰਦੇ ਹਨ। ਉਨ੍ਹਾਂ ਗੁਰਦੁਆਰਾ ਸਾਹਿਬ ਦਾ ਕਾਰਵਾਈ ਰਜਿਸਟਰ ਮੰਗਵਾ ਕੇ ਚੈਕ ਕੀਤਾ ਅਤੇ ਜਾਣਕਾਰੀ ਪ੍ਰਾਪਤ ਕੀਤੀ ਕਿ ਇਹ ਦੋਨੋਂ ਉਹੀ ਸਖਸ਼ ਹਨ ਜੋ ਅਗਸਤ 2008 ਵਾਲੀ ਕਮੇਟੀ ਮੀਟਿੰਗ ਵਿਚੋਂ ਕਾਰਵਾਈ ਰਜਿਸਟਰ ਖੋਹ ਕੇ ਬਾਹਰ ਦੌੜ ਗਏ ਸਨ ਅਤੇ ਮੌਜੂਦ ਪੁਲਿਸ ਅਫਸਰ ਨੇ ਇਨ੍ਹਾਂ ਨੂੰ ਰਜਿਸਟਰ ਚੋਰੀ ਕਰਨ ਤੋਂ ਰੋਕਿਆ ਸੀ।

ਯਾਦ ਰਹੇ ਕਿ ਇਹ ਦੋਨੋ ਸ਼ਖਸ 2008 ਤੋਂ ਆਪਣੇ ਖੁਸੇ ਅਹੁਦਿਆਂ ਦੀ ਤੜਪ ਅਤੇ ਵੈਰਾਗ ਕਾਰਨ ਗੁਰਦੁਆਰਾ ਸਾਹਿਬ ਦਾ ਮਹੌਲ ਵਾਰ-ਵਾਰ ਖਰਾਬ ਕਰਨ ਅਤੇ ਕਥਾ ਕੀਰਤਨ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੰਗਤ ਮਨ ਦੀ ਸਾਂਤੀ ਲਈ ਗੁਰੂ ਘਰ ਵਿਚ ਗੁਰਬਾਣੀ ਕੀਰਤਨ ਸਰਵਣ ਕਰ ਕੇ ਜੀਵਨ ਸਫਲਾ ਕਰਨ ਲਈ ਆਉਂਦੀ ਹੈ। ਸੰਗਤ ਅਤੇ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਆਏ ਦਿਨ ਗੁਰੂਘਰ ਦਾ ਸ਼ਾਂਤਮਈ ਮਹੌਲ ਖ਼ੁਰਾਬ ਕਰਕੇ ਇਹ ਦੋਨੋ ਸ਼ਖਸ ਸਿੱਖੀ ਦੀ ਕਿਹੜੀ ਸੇਵਾ ਕਰਨਾ ਚਾਹੁੰਦੇ ਹਨ?

ਸੰਗਤ ਨੂੰ ਯਾਦ ਕਰਵਾ ਦੇਈਏ ਕਿ ਇਨ੍ਹਾਂ ਲੋਕਾਂ ਵਲੋਂ ਪਹਿਲਾਂ ਵੀ ਗੁਰਦੁਆਰਾ ਸਾਹਿਬ ਦੀ ਬਣ ਰਹੀ ਖ਼ੂਬਸੂਰਤ ਇਮਾਰਤ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਲਈ ਬੈਂਕ ਲੋਨ ਵਿਚ ਰੁਕਾਵਟਾਂ ਪਾਉਣ ਵਾਸਤੇ ਚਿੱਠੀ ਪਾਈ ਗਈ ਸੀ, ਗੁਰਦੁਆਰਾ ਸਾਹਿਬ ਦੀ ਆਮਦਨ ਘਟਾਉਣ ਦੇ ਮਨਸ਼ੇ ਤਹਿਤ ਢਾਲ ਨਾ ਦੇਣ ਵਾਲਿਆਂ ਨੂੰ ਧੰਨਵਾਦ ਦੀਆਂ ਈ-ਮੇਲਾਂ ਕੀਤੀਆਂ ਗਈਆਂ ਸਨ। ਲੰਘੇ ਐਤਵਾਰ ਵੀ ਇਨ੍ਹਾਂ ਦਾ ਮਨਸ਼ਾ ਇਹੀ ਸੀ ਕਿ ਕਿਵੇਂ ਨਾ ਕਿਵੇਂ ਸ਼ਾਂਤਮਈ ਮਾਹੌਲ ਖਰਾਬ ਕਰਕੇ ਸੰਗਤ ਦੇ ਗੁਰਦੁਆਰਾ ਸਾਹਿਬ ਦਰਸ਼ਨਾਂ ਲਈ ਆਉਣ ਪ੍ਰਤੀ ਦੁਬਿਧਾ ਪੈਦਾ ਕੀਤੀ ਜਾਵੇ।

ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਖੁਸੇ ਅਹੁਦਿਆਂ ਲਈ ਤਰਲੋਮੱਛੀ ਹੋ ਰਹੇ ਇਨ੍ਹਾਂ ਲੋਕਾਂ ਵਲੋਂ ਗੁਰਦੁਆਰਾ ਸਾਹਿਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀਆਂ ਚਾਲਾਂ ਨੂੰ ਸਮਝਿਆ ਜਾਵੇ ਅਤੇ ਇਨ੍ਹਾਂ ਦੀ ਇਸ ਸਬੰਧੀ ਹਰ ਸ਼ਾਜਿਸ਼ ਨੂੰ ਨਕਾਰਾ ਕੀਤਾ ਜਾਵੇ ਤਾਂ ਜੋ ਤੁਹਾਡੇ ਸਭ ਦੇ ਸਹਿਯੋਗ ਨਾਲ ਅਤੇ ਗੁਰੂ ਮਹਾਰਾਜ ਦੀ ਮਿਹਰ ਨਾਲ ਗੁਰਦੁਆਰਾ ਸਾਹਿਬ ਦੀ ਬਣ ਰਹੀ ਖ਼ੂਬਸੂਰਤ ਇਮਾਰਤ ਛੇਤੀ ਤੋਂ ਛੇਤੀ ਮੁਕੰਮਲ ਕੀਤੀ ਜਾ ਸਕੇ।

ਨੋਟ: ਅਗਲੇ ਐਤਵਾਰ 4 ਜੁਲਾਈ ਨੂੰ ਗੁਰਦੁਆਰਾ ਸਾਹਿਬ ਦੀ ਬਣ ਰਹੀ ਇਮਾਰਤ ਬਾਰੇ ਵਿਚਾਰ ਸਾਂਝੇ ਕਰਨ ਲਈ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੀ ਇਕ ਖੁਲ੍ਹੀ ਮੀਟਿੰਗ ਦੀਵਾਨ ਹਾਲ ਤੋਂ ਬਾਹਰ ਖੁਲ੍ਹੇ ਪੰਡਾਲ ਵਿਚ ਸੱਦੀ ਗਈ ਹੈ। ਸੰਗਤਾਂ ਆਪਣੇ ਵਿਚਾਰ ਪੇਸ਼ ਕਰ ਸਕਦੀਆਂ ਹਨ।

4 ਜੁਲਾਈ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਚ ਹਰ ਸਾਲ ਦੀ ਤਰ੍ਹਾਂ ਅਮਰੀਕਾ ਦਾ ਅਜ਼ਾਦੀ ਦਿਨ ਮਨਾਇਆ ਜਾਵੇਗਾ। ਇਸ ਸਾਲ ਗੁਰਦੁਆਰਾ ਕਮੇਟੀ ਵਲੋਂ ਸਮੂਹ ਐਵਰਗਰੀਨ ਕਮਿਊਨਿਟੀ ਨੂੰ ਵੀ ਸੱਦਾ ਦਿੱਤਾ ਗਿਆ ਹੈ। ਸ਼ਾਮ 7 ਵਜ਼ੇ ਅਰਦਾਸ ਹੋਵੇਗੀ। ਆਈਸ ਕਰੀਮ, ਕੋਲਡ ਡਰਿੰਕਸ, ਫਰੂਟ ਵਗੈਰਾ ਅਤੇ ਗੁਰੂ ਕੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਸਮੂਹ ਸੰਗਤ ਨੂੰ ਇਸ ਦਿਨ ਹਾਜ਼ਰੀਆ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

ਵਲੋਂ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ

**Gurdwara Sahib San Jose, California**

3636 Murillo Ave. San Jose 95148 Ph: 408-274-9373 www.sanjosegurdwara.com

Advt.

# ਸਟਾਕਟਨ ਇਲਾਕੇ ਦੇ

# ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਦਰਦ ਅਤੇ ਪ੍ਰੇਸ਼ਾਨੀ ਤੋਂ ਬਹੁਤ ਥੋੜ੍ਹੇ ਖੁਸ਼ਕਿਸਮਤ ਹਨ ਜੋ ਬਚੇ ਹੋਏ ਹਨ ਨਹੀਂ ਤਾਂ ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਹੀ ਨਾਲ ਨਿਭਣ ਵਾਲੀ ਬਣਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ ਜਿਸ ਤੋਂ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆਉਂਦੀ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਾਹਮਣੇ ਆਉਂਦਾ ਨਜ਼ਰ ਆਉਂਦਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕੁਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ:

*ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਕੁਝ ਵਰ੍ਹੇ ਪਹਿਲਾਂ ਮੇਰੀ ਕਾਰ ਦਾ ਐਕਸੀਡੈਂਟ ਹੋ ਗਿਆ ਅਤੇ ਮੇਰੀ ਹੇਠਲੀ ਕਮਰ ਨੂੰ ਜਰਬ ਆ ਗਈ। ਮੇਰੇ ਡਾਕਟਰ ਨੇ ਮੈਨੂੰ ਸਰਜਰੀ ਕਰਵਾਉਣ ਅਤੇ ਸਟੀਰਾਇਡ ਦੇ ਇੰਜੈਕਸ਼ਨ ਲਵਾਉਣ ਦਾ ਮਸ਼ਵਰਾ ਦਿੱਤਾ। ਮੈਨੂੰ ਹੋਰ ਕਿਸੇ ਇਲਾਜ ਬਾਰੇ ਪਤਾ ਨਹੀਂ ਸੀ, ਪਰ ਮੈਂ ਡਾ. ਸਿਹੋਤਾ ਨੂੰ ਸਲਾਹ ਮਸ਼ਵਰੇ ਲਈ ਮਿਲਿਆ ਜਿਨ੍ਹਾਂ ਨੇ ਮੈਨੂੰ ਬੜੇ ਵੇਰਵੇ ਨਾਲ ਦੱਸਿਆ ਕਿ ਮੇਰੀ ਕਮਰ ਵਿਚ ਕੀ ਤਕਲੀਫ ਹੈ। ਮੈਂ ਉਨ੍ਹਾਂ ਦੀ ਪੇਸ਼ੇਵਰਾਨਾ ਪਹੁੰਚ ਅਤੇ ਉਨ੍ਹਾਂ ਦੇ ਸਟਾਫ ਦੀ ਹਲੀਮੀ ਤੋਂ ਬਹੁਤ ਪ੍ਰਭਾਵਿਤ ਹੋਇਆ। ਜਦੋਂ ਮੇਰਾ ਇਲਾਜ ਸ਼ੁਰੂ ਹੋਇਆ ਤਾਂ ਦਰਦ ਦੇ ਪੈਮਾਨੇ ਵਿਚ ਮੇਰਾ ਦਰਦ ਦਸਾਂ 'ਚੋਂ ਅੱਠ ਸੀ ਪਰ ਹੁਣ 13 ਟਰੀਟਮੈਂਟਾਂ ਪਿਛੋਂ ਮੇਰਾ ਦਰਦ ਘਟ ਕੇ ਦਸਾਂ ਵਿਚੋਂ ਤਿੰਨ ਰਹਿ ਗਿਆ ਹੈ। ਕਮਰ ਦੀ ਹਿੱਲਜੁਲ ਵੀ 85 ਫੀਸਦ ਤੱਕ ਬਹਾਲ ਹੋ ਗਈ ਹੈ। ਮੈਂ ਇਸ ਇਲਾਜ ਤੋਂ ਬੇਹੱਦ ਸੰਤੁਸ਼ਟ ਹਾਂ ਅਤੇ ਜਿਸ ਕਿਸੇ ਮਰੀਜ਼ ਨੂੰ ਵੀ ਹੇਠਲੀ ਕਮਰ ਦੇ ਸਖਤ ਦਰਦ ਦੀ ਸ਼ਿਕਾਇਤ ਹੈ, ਮੈਂ ਉਸ ਨੂੰ ਇਸ ਇਲਾਜ ਲਈ ਜ਼ੋਰਦਾਰ ਸਿਫਾਰਿਸ਼ ਕਰਾਂਗਾ।




*-ਹਰਦੀਪ ਸਿੰਘ, ਟਰੱਕ ਡਰਾਈਵਰ (ਉਮਰ 25 ਸਾਲ)*

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ:

***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਤੁਸੀਂ ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ**

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ...

ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਰਮਾਣ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਰਹਿਤ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

### ਸਾਡੀ ਕਲੀਨਿਕ

**2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੋਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

ਤੁਹਾਨੂੰ ਡਾਕਟਰ ਨਾਲ ਗੱਲ ਕਰਨ ਅਤੇ ਇਹ ਪਤਾ ਲਾਉਣ ਦਾ ਮੌਕਾ ਮਿਲੇਗਾ ਕਿ ਤੁਹਾਡੀ ਦਰਦ ਦੀ ਅਸਲ ਹਾਲਤ ਕੀ ਹੈ ਅਤੇ ਕੀ ਤੁਹਾਨੂੰ ਇਸ ਇਲਾਜ ਦਾ ਫਾਇਦਾ ਹੋ ਸਕਦਾ ਹੈ?

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟਿਆਂ ਅੰਦਰ ਜਾਂ ਇਸ ਤੋਂ ਵੀ ਪਹਿਲਾਂ ਆਪਣੀ ਅਪੁਆਇੰਟਮੈਂਟ ਮਿਲ ਜਾਏਗੀ। ਤੁਹਾਨੂੰ ਇਹ ਜਾਣ ਕੇ ਵੀ ਤਸੱਲੀ ਹੋਵੇਗੀ ਕਿ ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ।

**ਨੋਟ (2):** ਜੇ ਤੁਸੀਂ ਆਪਣੀ ਅਪੁਆਇੰਟਮੈਂਟ 3 ਅਗਸਤ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਤੁਹਾਨੂੰ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)।

*ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਢਿੱਲੋਂ ਦੇ ਕਾਵਿ ਸੰਗ੍ਰਿਹ 'ਰੰਗੀਨ ਮਹਿਫ਼ਲ' 'ਤੇ ਗੋਸ਼ਟੀ

**ਹੇਵਰਡ, ਕੈਲੀਫੋਰਨੀਆ:** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਬੇਅ-ਏਰੀਆ ਇਕਾਈ ਵਲੋਂ ਫਰੀਮਾਂਟ ਵਿਚ ਸ਼ਾਇਰ ਹਰਭਜਨ ਢਿੱਲੋਂ ਦੇ ਪੰਜਵੇਂ ਕਾਵਿ ਸੰਗ੍ਰਿਹ 'ਰੰਗੀਨ ਮਹਿਫ਼ਲ' 'ਤੇ ਗੋਸ਼ਟੀ ਕਰਵਾਈ ਗਈ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਦੇਵਿੰਦਰ ਦਿਲਰੂਪ ਪੀ.ਏ.ਯੂ. ਲੁਧਿਆਣਾ, ਡਾ. ਸੁਹਿੰਦਰਬੀਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਮਨਜੀਤ ਕੌਰ ਸੇਖੋਂ ਅਤੇ ਕੁਲਦੀਪ ਸਿੰਘ ਢੀਂਡਸਾ ਸੁਸ਼ੋਭਿਤ ਹੋਏ।

ਸਮਾਗਮ ਦੇ ਅਰੰਭ ਵਿਚ ਹਰਭਜਨ ਢਿੱਲੋਂ ਨੇ ਸਰੋਤਿਆਂ ਨਾਲ ਆਪਣੇ ਕਾਵਿਕ ਜੀਵਨ-ਸਫ਼ਰ ਦੇ ਰੰਗੀਨ ਪਲਾਂ ਨੂੰ ਸਾਂਝਿਆਂ ਕੀਤਾ। ਮੇਜਰ ਭੁਪਿੰਦਰ ਦਲੇਰ ਨੇ 'ਰੰਗੀਨ ਮਹਿਫ਼ਲ' ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਢਿੱਲੋਂ ਦੇ ਗੀਤਾਂ ਦੀ ਸਮੁੱਚੀ ਸਮੱਗਰੀ ਵਿਭਿੰਨ ਰੰਗਾਂ ਵਿਚ ਰੰਗੀ ਹੋਈ, ਪਾਠਕਾਂ ਦੇ ਦਿਲਾਂ ਨੂੰ ਧੁਰ ਅੰਦਰ ਤਕ ਹਲੂਣ ਜਾਂਦੀ ਹੈ। ਰੇਸ਼ਮ ਸਿੰਘ ਸਿੱਧੂ ਨੇ ਕਿਹਾ ਕਿ ਢਿੱਲੋਂ ਉਹ ਸ਼ਾਇਰ ਹੈ ਜਿਸ ਦੀ ਹਰ ਵਿਸ਼ੇ ਤੇ ਮਜ਼ਬੂਤ ਪਕੜ ਹੈ। ਕੁਲਦੀਪ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਇਸ ਪੁਸਤਕ ਨੂੰ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਇਆ ਹੈ। ਨੀਲਮ ਸੈਣੀ ਨੇ ਇਸੇ ਪੁਸਤਕ ਦੇ ਸੰਦਰਭ ਵਿਚ ਸ੍ਰੀ ਆਜ਼ਾਦ ਜਲੰਧਰੀ ਦੀ ਰਚਨਾ ਪੜ੍ਹ ਕੇ ਸੁਣਾਈ।

ਡਾ. ਸੁਹਿੰਦਰਬੀਰ ਨੇ ਆਪਣਾ ਪੇਪਰ 'ਹਰਭਜਨ ਢਿੱਲੋਂ ਦੀ ਪ੍ਰਗੀਤ ਸੰਵੇਦਨਾ' ਪੜ੍ਹਦੇ ਹੋਏ ਕਿਹਾ ਕਿ 'ਰੰਗੀਨ ਮਹਿਫ਼ਲ' ਵਿਚਲੇ ਗੀਤਾਂ ਦੇ ਥੀਮ ਅਤੇ ਇਨ੍ਹਾਂ ਦੀਆਂ ਪ੍ਰਗਟਾ ਵਿਧੀਆਂ ਕਮਾਲ ਦੀਆਂ ਹਨ, ਜੋ ਪੰਜਾਬੀ ਸੱਭਿਆਚਾਰ ਦੀਆਂ ਡੂੰਘੀਆਂ ਤੈਹਾਂ ਵਿਚੋਂ ਆਪਮੁਹਾਰੇ ਪ੍ਰਗਟੀਆਂ ਹਨ। ਇਸ ਤੋਂ ਇਲਾਵਾ ਪ੍ਰਿੰਸੀਪਲ ਰਾਜ ਸਿੰਘ, ਮਨਜੀਤ ਕੌਰ ਸੇਖੋਂ ਅਤੇ ਡਾ. ਦੇਵਿੰਦਰ ਦਿਲਰੂਪ ਨੇ ਇਸ ਪੁਸਤਕ ਸਬੰਧੀ ਵਿਚਾਰ-ਚਰਚਾ ਵਿਚ ਭਾਗ ਲੈਂਦੇ ਹੋਏ, ਹਰਭਜਨ ਢਿੱਲੋਂ ਦੇ ਗੀਤ ਅਤੇ ਕਵਿਤਾਵਾਂ ਦਾ ਵੀ ਉਚਾਰਨ ਕੀਤਾ।

ਗੀਤ ਸੰਗੀਤ ਦੀ ਵਿਸ਼ੇਸ਼ ਮਹਿਫ਼ਲ ਵਿਚ ਮਲਕੀਅਤ ਸਿੰਘ, ਸੁਖਦੇਵ ਸਾਹਿਲ ਅਤੇ ਸੁਰਜੀਤ ਬਾਵਾ ਨੇ ਆਪਣੀ ਮਧੁਰ ਆਵਾਜ਼ ਰਾਹੀਂ ਢਿੱਲੋਂ ਦੇ ਲਿਖੇ ਗੀਤਾਂ ਦੀ ਮਹਿਕ ਨੂੰ ਪੌਣਾਂ ਵਿਚ ਬਖੇਰਦੇ ਹੋਏ ਮਹਿਫ਼ਲ ਰੰਗੀਨ ਕਰ ਦਿੱਤੀ। ਇਸ ਤੋਂ ਇਲਾਵਾ ਮਾਸਟਰ ਰਿੰਕੂ, ਪੰਕਜ ਆਂਸਲ, ਮੇਜਰ ਭੁਪਿੰਦਰ ਦਲੇਰ, ਕੁਲਦੀਪ ਸਿੰਘ ਢੀਂਡਸਾ, ਪ੍ਰਿੰ. ਰਾਜ ਸਿੰਘ, ਰੇਸ਼ਮ ਸਿੱਧੂ, ਡਾ. ਸੁਹਿੰਦਰਬੀਰ ਸਿੰਘ, ਡਾ. ਦਿਲਰੂਪ, ਹਰਭਜਨ ਢਿੱਲੋਂ, ਨੀਲਮ ਸੈਣੀ ਅਤੇ ਤਾਰਾ ਸਿੰਘ ਸਾਗਰ ਨੇ ਕਵਿਤਾਵਾਂ ਪੜ੍ਹੀਆਂ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

## ਗੁਰੂ ਅਰਜਨ ਦੇਵ ਦੇ ਵਿਆਹ ਪੁਰਬ 'ਤੇ ਸਮਾਗਮ 18 ਨੂੰ

**ਸੈਕਰਾਮੈਂਟੋ:** ਸ਼ਹੀਦਾਂ ਦੇ ਸਿਰਤਾਜ, ਮੁਲਖਈਏ ਦੇ ਮਸੀਹਾ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੇ ਸਤਿਕਾਰਯੋਗ ਮਹਿਲਾਂ ਮਾਤਾ ਗੰਗਾ ਜੀ ਦੇ ਸ਼ੁਭ ਵਿਆਹ ਦੀ ਯਾਦ ਵਿਚ ਇਥੇ ਗੁਰਦੁਆਰਾ ਸੱਚਖੰਡ ਰੋਜ਼ਵਿਲ ਵਿਖੇ ਇਕ ਗੁਰਮਤਿ ਸਮਾਗਮ 16, 17 ਅਤੇ 18 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਲਈ ਅਖੰਡ ਪਾਠ ਦਾ ਅਰੰਭ 16 ਜੁਲਾਈ ਨੂੰ ਹੋਵੇਗਾ ਅਤੇ ਭੋਗ 18 ਜੁਲਾਈ ਨੂੰ ਪਵੇਗਾ।

ਇਸ ਮੌਕੇ ਬਿਲਗੇ ਵਾਲਿਆਂ ਦਾ ਢਾਡੀ ਜਥਾ ਸਿੱਖ ਇਤਿਹਾਸ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜੇਗਾ। ਰਾਗੀ ਸਿੰਘ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਫੋਨ 916-217-9294 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੁਈਨਜ਼ ਬੈਟਨ ਭਾਰਤ ਪਹੁੰਚੀ

**ਅਟਾਰੀ ਸਰਹੱਦ, ਅੰਮ੍ਰਿਤਸਰ:** ਦਿੱਲੀ ਵਿਚ ਹੋ ਰਹੀਆਂ ਕਾਮਨਵੈਲਥ ਖੇਡਾਂ ਲਈ ਲਿਆਂਦੀ ਗਈ ਖੇਡ ਮਸ਼ਾਲ ਦੇ ਸਵਾਗਤ ਲਈ ਪਹੁੰਚੇ ਖੇਡ ਪ੍ਰੇਮੀਆਂ ਦਾ ਉਤਸ਼ਾਹ ਉਸ ਵੇਲੇ ਵੇਖਿਆਂ ਹੀ ਬਣਦਾ ਸੀ ਜਦੋਂ ਖੇਡ ਮਸ਼ਾਲ (ਕੁਈਨਜ਼ ਬੈਟਨ) ਇਸ ਸਰਹੱਦੀ ਚੌਕੀ ਰਾਹੀਂ ਪਾਕਿਸਤਾਨ ਤੋਂ ਭਾਰਤ ਵਾਲੇ ਪਾਸੇ ਪੁੱਜੀ ਜੋ ਪਾਕਿਸਤਾਨ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਲੈਫਟੀਨੈਂਟ ਜਨਰਲ ਸਈਅਦ ਆਰਿਫ਼ ਹਸਨ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਅਤੇ 19ਵੀਆਂ ਰਾਸ਼ਟਰ ਮੰਡਲ ਖੇਡਾਂ ਦੇ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਨੂੰ ਸੌਂਪੀ।

ਇਹ ਇਤਿਹਾਸਕ ਪਲ ਉਦੋਂ ਹੋਰ ਵੀ ਹੁਸੀਨ ਬਣ ਗਏ ਜਦੋਂ ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵਰਾਜ ਪਾਟਿਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਥਾਂ ਵਿਚ ਇਹ ਮਸ਼ਾਲ ਸੌਂਪੀ। ਇਸ ਮੌਕੇ ਦੋਹਾਂ ਮੁਲਕਾਂ ਵਿਚਾਲੇ ਇਹ ਸੁਨੇਹਾ ਵੀ ਗਿਆ ਕਿ ਦੋਵਾਂ ਦੇਸ਼ਾਂ ਵਿਚਾਲੇ ਅਮਨ ਚਿਰ ਸਥਾਈ ਹੋਵੇ ਤੇ ਆਪਸੀ ਮਿਲਵਰਤਣ ਤੇ ਭਾਈਚਾਰਾ ਮਜ਼ਬੂਤ ਬਣੇ। 25 ਜੂਨ ਸਵੇਰੇ ਠੀਕ 9.30 ਵਜੇ ਜਨਾਬ ਹਸਨ ਤੇ ਉਨ੍ਹਾਂ ਦੇ ਸਾਥੀ 'ਨੋ ਮੈਨਜ਼ ਲੈਂਡ' ਲੰਘ ਕੇ ਇਹ ਖੇਡ ਮਸ਼ਾਲ ਲੈ ਕੇ ਅੱਗੇ ਵਧੇ ਤਾਂ ਭਾਰਤ ਵਾਲੇ ਪਾਸਿਓਂ ਸ੍ਰੀ ਕਲਮਾਡੀ ਬਹੁਤ ਹੀ ਉਤਸ਼ਾਹ ਨਾਲ ਉਨ੍ਹਾਂ ਕੋਲ ਪੁੱਜੇ। ਸ੍ਰੀ ਹਸਨ ਦੇ ਨਾਲ ਉਸ ਵੇਲੇ ਪਾਕਿਸਤਾਨੀ ਪੰਜਾਬ ਦੇ ਰਾਜਪਾਲ ਸਲਮਾਨ ਤਸੀਰ ਵੀ ਸਨ। ਜਨਾਬ ਤਸੀਰ ਸ੍ਰੀ ਕਲਮਾਡੀ ਨਾਲ ਹੀ ਭਾਰਤ ਵਿਚ ਦਾਖ਼ਲ ਹੋਏ ਅਤੇ ਗੈਲਰੀ ਵਿਚ ਜਾ ਬੈਠੇ। ਇਸ ਮੌਕੇ ਡਾਇਰੈਕਟਰ ਸਪੋਰਟਸ ਪੰਜਾਬ ਅਤੇ ਓਲੰਪੀਅਨ ਸ੍ਰੀ ਪਰਗਟ ਸਿੰਘ ਸਮੇਤ ਵੱਡੀ ਗਿਣਤੀ ਵਿਚ ਖਿਡਾਰੀ ਪਹੁੰਚੇ ਹੋਏ ਸਨ, ਪਰ ਇਸ ਮੌਕੇ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਉਘੇ ਖਿਡਾਰੀ ਸ੍ਰੀ ਨਵਜੋਤ ਸਿੰਘ ਸਿੱਧੂ ਗ਼ੈਰ-ਹਾਜ਼ਰ ਸਨ। ਸ੍ਰੀ ਸਿੱਧੂ ਨੇ ਇੰਡੀਆ ਗੇਟ 'ਤੇ ਮੇਅਰ ਸ਼ਵੇਤ ਮਲਿਕ ਨਾਲ ਕੁਈਨਜ਼ ਬੈਟਨ ਦਾ ਸਵਾਗਤ ਕਰਨਾ ਸੀ ਪਰ ਸ੍ਰੀ ਸਿੱਧੂ ਪਹਿਲਾਂ ਹੀ ਉਥੋਂ ਦਿੱਲੀ ਲਈ ਰਵਾਨਾ ਹੋ ਗਏ ਸਨ।

ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਇਨ੍ਹਾਂ ਇਤਿਹਾਸਕ ਤੇ ਯਾਦਗਾਰੀ ਪਲਾਂ ਨੂੰ ਅੱਖੀਂ ਵੇਖਣ ਲਈ ਪੁੱਜੇ ਖੇਡ ਪ੍ਰੇਮੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਰਤ ਅਤੇ ਪਾਕਿਸਤਾਨ ਦੇ ਦੋਵਾਂ ਪੰਜਾਬਾਂ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਆਓ ਸਦਭਾਵਨਾ, ਭਾਈਚਾਰੇ ਨੂੰ ਮਜ਼ਬੂਤ ਕਰੀਏ ਅਤੇ ਅਮਨ ਨੂੰ ਚਿਰ ਸਦੀਵੀ ਬਣਾਈਏ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਪੈਦਾ ਹੋਈ ਕੁੜੱਤਣ, ਅਵਿਸ਼ਵਾਸ ਨੂੰ ਪਿਆਰ, ਨਿੱਘ ਅਤੇ ਸਹਿਣਸ਼ੀਲਤਾ ਵਿਚ ਤਬਦੀਲ ਕਰੀਏ ਤਾਂ ਜੋ ਇਸ



ਕੌਮਾਂਤਰੀ ਸਰਹੱਦ 'ਤੇ ਦੋਵਾਂ ਪਾਸੇ ਮਨੁੱਖ ਵੱਲੋਂ ਲਾਈਆਂ ਗਈਆਂ ਭੂਗੋਲਿਕ ਰੋਕਾਂ ਖ਼ਤਮ ਹੋ ਜਾਣ। ਉਨ੍ਹਾਂ ਕਿਹਾ ਕਿ ਦੋਵਾਂ ਪੰਜਾਬਾਂ ਦੀ ਤਰੱਕੀ ਅਤੇ ਖੁਸ਼ਹਾਲੀ ਤਾਂ ਹੀ ਹੋ ਸਕਦੀ ਹੈ ਜੇਕਰ ਦੋਵਾਂ ਮੁਲਕਾਂ ਵਿਚਾਲੇ ਆਵਾਜਾਈ ਸੌਖੀ ਬਣੇ ਤੇ ਵਪਾਰ ਵਧੇ ਫੁੱਲੇ। ਉਨ੍ਹਾਂ ਕਿਹਾ ਕਿ ਸਰਕਾਰਾਂ ਖੁੱਲ੍ਹਦਿਲੀ ਅਤੇ ਸੌਖੇ ਢੰਗ-ਤਰੀਕਿਆਂ ਨਾਲ ਵੀਜ਼ੇ ਦੇਣ।

ਇਸ ਮੌਕੇ ਆਪਣੇ ਸੰਬੋਧਨ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵਰਾਜ ਪਾਟਿਲ ਨੇ ਕਿਹਾ ਕਿ ਰਾਸ਼ਟਰ ਮੰਡਲ ਖੇਡਾਂ ਵੱਲੋਂ 'ਖੇਡਾਂ ਰਾਹੀਂ ਮਿੱਤਰਤਾ' ਦਾ ਨਾਅਰਾ ਦਿੱਤਾ ਗਿਆ ਹੈ ਅਤੇ ਇਸ ਨਾਅਰੇ ਰਾਹੀਂ ਇਹ ਸੁਨੇਹਾ ਵਿਸ਼ੇਸ਼ ਕਰਕੇ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਲਈ ਹੈ ਕਿ ਉਹ ਆਪਣੀ ਸੂਝ-ਬੂਝ ਅਤੇ ਸਦਭਾਵਨਾ ਨਾਲ ਇਕ ਪਿਆਰ ਭਰਪੂਰ ਭਾਈਚਾਰੇ ਦੀ ਉਸਾਰੀ ਕਰਨ।

ਪਾਕਿਸਤਾਨੀ ਪੰਜਾਬ ਦੇ ਰਾਜਪਾਲ ਸ੍ਰੀ ਸਲਮਾਨ ਤਸੀਰ ਨੇ ਕਿਹਾ ਕਿ ਅੱਜ ਜਦੋਂ ਪਾਕਿਸਤਾਨ ਵਲੋਂ ਇਹ ਮਸ਼ਾਲ ਭਾਰਤ ਨੂੰ ਸੌਂਪੀ ਗਈ ਹੈ ਤਾਂ ਉਨ੍ਹਾਂ ਪਲਾਂ ਦੌਰਾਨ ਹੀ ਦੋਵਾਂ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦੀ ਆਪਸੀ ਗੱਲਬਾਤ ਇਸਲਾਮਾਬਾਦ ਵਿਚ ਸ਼ੁਰੂ ਹੋਈ ਹੈ ਤਾਂ ਜੋ ਦੋਵਾਂ ਦੇਸ਼ਾਂ ਵਿਚਾਲੇ ਸੰਬੰਧ ਸੁਧਰ ਸਕਣ। ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਤ, ਰਾਸ਼ਟਰ ਮੰਡਲ ਖੇਡਾਂ ਦੇ ਪ੍ਰਧਾਨ ਮਾਈਕ ਫੈਨੇਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸੰਚਾਰ ਅਤੇ ਸੂਚਨਾ ਤਕਨਾਲੋਜੀ ਬਾਰੇ ਕੇਂਦਰੀ ਰਾਜ ਮੰਤਰੀ ਗੁਰੂਦਾਸ ਕਾਮਤ ਨੇ ਰਾਸ਼ਟਰ ਮੰਡਲ ਖੇਡਾਂ ਬਾਰੇ ਇਕ ਡਾਕ ਟਿਕਟ ਵੀ ਜਾਰੀ ਕੀਤੀ।

ਅੰਮ੍ਰਿਤਸਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਬਾਈਪਾਸ ਉਤੇ ਬਣੇ ਇੰਡੀਆ ਗੇਟ ਉਤੇ ਨਗਰ ਨਿਗਮ ਦੇ ਮੇਅਰ ਸ਼ਵੇਤ ਮਲਿਕ ਅਤੇ ਵੱਡੀ ਗਿਣਤੀ ਵਿਚ ਇਕੱਠੇ ਹੋਏ ਭਾਜਪਾ-ਅਕਾਲੀ ਆਗੂਆਂ ਤੇ ਵਰਕਰਾਂ ਨੇ ਇਸ ਮਸ਼ਾਲ ਦਾ ਸਵਾਗਤ ਕੀਤਾ, ਜਿਥੋਂ ਇਹ ਖੇਡ ਮਸ਼ਾਲ ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਿਰ ਤੋਂ ਹੁੰਦੀ ਹੋਈ ਸਰਕਟ ਹਾਊਸ ਪੁੱਜੀ। ਬਾਅਦ ਵਿਚ ਇਸ ਮਸ਼ਾਲ ਨੂੰ ਰਾਮ ਬਾਗ ਵਿਚ ਲੋਕਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ ਅਤੇ ਇਸ ਮੌਕੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।


BIG RIG TIRE & SERVICE

954 Glenwood Ave, Turlock, CA 95380

Ph 209-669-6989, 209-678-6176

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ।



24 Hours Road Service

NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

CENTRAL VALLET TRUCK SCHOOL
Re-Opens
SCHOOL @ SAME PLACE

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com

Fax: 209-836-0706
www.gotracy.com

Gurbans Gill 209-815-1869

# ਭਾਰਤ ਅਤੇ ਕੈਨੇਡਾ ਵਿਚਾਲੇ ਪ੍ਰਮਾਣੂ ਸਮਝੌਤਾ ਸਹੀਬੰਦ

*(ਸਫਾ ਇਕ ਦੀ ਬਾਕੀ)*

ਸਥਿਤੀ ਨੂੰ ਕਿਵੇਂ ਯਕੀਨੀ ਬਣਾਉਣਾ ਤੇ ਬਚਾਉਣਾ ਹੈ। ਜਦਕਿ ਯੂਰਪ ਦੇ ਕਈ ਦੇਸ਼ ਕਰਜ਼ੇ ਵਿਚ ਬੁਰੀ ਤਰ੍ਹਾਂ ਡੁੱਬ ਜਾਣ ਕਾਰਨ ਬਾਜ਼ਾਰ ਵਿਚ ਵਿਆਪਕ ਚਿੰਤਾ ਪਸਰੀ ਹੋਈ ਹੈ। ਉਨ੍ਹਾਂ ਨੇ ਵਿਕਸਿਤ ਮੁਲਕਾਂ ਨੂੰ ਖ਼ਬਰਦਾਰ ਕੀਤਾ ਕਿ ਉਹ ਇਸ ਮਾਲੀ ਸੰਕਟ ਦੇ ਮੱਦੇਨਜ਼ਰ ਜਨਤਕ ਖਰਚਿਆਂ ਵਿਚ ਕਟੌਤੀ ਨਾ ਕਰਨ ਕਿਉਂਕਿ ਇਸ ਨਾਲ ਉਲਟਾ ਹੋਰ ਮੰਦਾ ਫੈਲ ਸਕਦਾ ਹੈ। ਉਨ੍ਹਾਂ ਬੈਂਕਾਂ ਉਤੇ ਟੈਕਸ ਲਾਉਣ ਦਾ ਵਿਰੋਧ ਕਰਦਿਆਂ ਰਾਹਤ ਪੈਕੇਜਾਂ ਨੂੰ ਹੌਲੀ-ਹੌਲੀ ਗਿਣਵੇਂ-ਮਿਣਵੇਂ ਢੰਗ ਨਾਲ ਵਾਪਸ ਲੈਣ ਲਈ ਕਿਹਾ।

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਭਾਰਤ 2011-12 ਵਿਚ ਮੁੜ 9% ਵਿਕਾਸ ਦਰ ਹਾਸਲ ਕਰਨ ਦੀ ਉਮੀਦ ਰੱਖਦਾ ਹੈ ਤੇ ਅਗਲੇ ਤਿੰਨ ਵਰ੍ਹਿਆਂ ਵਿਚ ਵਿੱਤੀ ਘਾਟੇ ਨੂੰ ਅੱਧਾ ਕਰਨਾ ਚਾਹੁੰਦਾ ਹੈ। ਉਨ੍ਹਾਂ ਸਨਅਤੀ ਮੁਲਕਾਂ ਵਿਚ ਰੱਖਿਆ ਦੇ ਕਦਮ ਉਠਾਏ ਜਾਣ ਦੇ ਖਤਰੇ ਦਾ ਸਖਤੀ ਨਾਲ ਵਿਰੋਧ ਕਰਨ ਦਾ ਸੱਦਾ ਦਿੱਤਾ ਤੇ ਵਪਾਰ ਸਬੰਧੀ ਵਿਕਾਸਸ਼ੀਲ ਮੁਲਕਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਮੌਜੂਦਾ ਰੋਕਾਂ ਦਾ ਵੀ ਵਿਰੋਧ ਕੀਤਾ।

ਸਿਖਰ ਸੰਮੇਲਨ ਵਿਚ ਰਾਹਤ ਪੈਕੇਜ ਵਾਪਸ ਲੈਣ ਤੇ ਬੈਂਕਾਂ ਉਪਰ ਕਰ ਲਾਏ ਜਾਣ ਦੇ ਮੁੱਦੇ 'ਤੇ ਤਿੱਖਾ ਵਿਵਾਦ ਛਿੜਿਆ ਰਿਹਾ। ਦੋ ਦਿਨ ਦੀ ਭਖਵੀਂ ਚਰਚਾ ਤੋਂ ਬਾਅਦ ਜੀ-20 ਸੰਮੇਲਨ ਦੇ ਅੰਤ ਵਿਚ ਜਾਰੀ ਐਲਾਨਨਾਮੇ ਵਿਚ ਵੱਖ-ਵੱਖ ਦੇਸ਼ਾਂ ਨੇ ਨਿਰੰਤਰ ਆਰਥਿਕ ਵਿਸਥਾਰ ਲਈ ਦਿੱਤੇ ਜਾਣ ਵਾਲੇ ਰਾਹਤ ਪੈਕੇਜਾਂ ਤੇ ਸਰਕਾਰੀ ਘਾਟੇ ਨੂੰ ਘੱਟ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਵਿਚਾਲੇ ਸੰਤੁਲਨ ਬਣਾਉਣ ਦਾ ਸੱਦਾ ਦਿੱਤਾ। ਇਸ ਐਲਾਨਨਾਮੇ 'ਚ ਮੰਦੇ ਤੋਂ ਨਿਜਾਤ ਪਾਉਣ ਲਈ ਨਿਰੰਤਰਤਾ ਬਣਾਈ ਰੱਖਣ, ਰੋਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਵਧੇਰੇ ਮਜ਼ਬੂਤ, ਟਿਕਾਊ ਤੇ ਸੰਤੁਲਿਤ ਵਾਧਾ ਦਰ ਹਾਸਲ ਕਰਨ ਲਈ ਠੋਸ ਕਦਮ ਚੁੱਕਣ ਦਾ ਸੰਕਲਪ ਵੀ ਦੁਹਰਾਇਆ ਗਿਆ।

ਜ਼ਿਕਰਯੋਗ ਹੈ ਕਿ ਇਹ ਰਾਹਤ ਪੈਕੇਜ ਜਾਰੀ ਕਰਨ ਲਈ ਬੀਤੇ ਵਰ੍ਹੇ ਲੰਡਨ ਵਿਚ ਹੋਏ ਸਿਖਰ ਸੰਮੇਲਨ ਸਮੇਂ ਸਹਿਮਤੀ ਬਣੀ ਸੀ। ਬਰਤਾਨੀਆ, ਜਰਮਨੀ ਆਦਿ ਦੇਸ਼ਾਂ ਵਲੋਂ ਘਾਟੇ ਤੋਂ ਬਚਣ ਲਈ ਪੈਕੇਜਾਂ ਦੇ ਛੇਤੀ ਖਾਤਮੇ ਦੀ ਮੰਗ ਕੀਤੀ ਜਾ ਰਹੀ ਸੀ ਜਦਕਿ ਭਾਰਤ ਤੇ ਅਮਰੀਕਾ ਹੌਲੀ ਹੌਲੀ ਰਾਹਤਾਂ ਵਾਪਿਸ ਲੈਣ ਲਈ ਜ਼ੋਰ ਦੇ ਰਹੇ ਸਨ। ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸਮਾਗਮ ਦੇ ਆਰੰਭ ਵਿਚ ਤਕਰੀਰ ਕਰਦਿਆਂ ਆਲਮੀ ਆਗੂਆਂ ਨੂੰ 2013 ਤਕ ਆਪਣੇ ਖਰਚੇ ਅੱਧੇ ਕਰਨ ਦੀ ਅਪੀਲ ਕੀਤੀ।

ਇਸ ਦੇ ਨਾਲ ਹੀ ਜੀ-20 ਸਿਖਰ ਸੰਮੇਲਨ ਦੇ ਵਿਰੋਧ ਵਿਚ 10 ਹਜ਼ਾਰ ਤੋਂ ਵੱਧ ਮੁਜ਼ਾਹਰਾਕਾਰੀਆਂ ਨੇ ਹਿੰਸਕ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਪੁਲਿਸ ਦੀਆਂ ਵੈਨਾਂ, ਇਮਾਰਤਾਂ ਦੀਆਂ ਖਿੜਕੀਆਂ ਆਦਿ ਤੋੜ ਦਿੱਤੀਆਂ। ਪੁਲਿਸ ਵਲੋਂ ਭੜਕੀ ਹੋਈ ਭੀੜ ਤੇ ਕਾਬੂ ਪਾਉਣ ਲਈ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲਿਆਂ ਤੋਂ ਇਲਾਵਾ ਪੇਪਰ ਸਪਰੇਅ ਦੀ ਵਰਤੋਂ ਵੀ ਕੀਤੀ ਗਈ। ਸੈਂਕੜੇ ਮੁਜਾਹਰਾਕਾਰੀ ਗ੍ਰਿਫਤਾਰ ਕਰ ਲਏ ਗਏ।

ਇਸ ਮੌਕੇ ਸਿੱਖਾਂ ਨੇ ਵੀ ਇਕ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ ਜਿਸ ਵਿਚ ਸਿੱਖ ਨਸਲਕੁਸ਼ੀ 1984 ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ, ਭਾਰਤ ਵਿਚ ਘੱਟ ਗਿਣਤੀਆਂ ਤੇ ਤਸ਼ੱਦਦ ਹੋਣ ਆਦਿ ਦੇ ਮੁੱਦੇ ਉਠਾਏ ਗਏ। ਸਿੱਖ ਮੁਜਾਹਰਾਕਾਰੀਆਂ ਨੇ ਪਿਛਲੇ ਦਿਨਾਂ ਵਿਚ ਡਾ. ਮਨਮੋਹਨ ਸਿੰਘ ਵਲੋਂ ਸਿੱਖਾਂ ਦੀ ਕਾਲੀ ਸੂਚੀ ਸੰਬੰਧੀ ਦਿੱਤੇ ਬਿਆਨਾਂ ਦੀ ਨਿੰਦਾ ਕੀਤੀ। ਜ਼ਿਕਰਯੋਗ ਹੈ ਕਿ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੀ ਮੰਗ ਨੂੰ ਭਾਰਤ ਦੇ ਗ੍ਰਹਿ ਵਿਭਾਗ ਵਲੋਂ ਇਕ ਵਾਰਿਓਂ ਹੀ ਨਕਾਰ ਦਿੱਤਾ ਗਿਆ ਸੀ ਜਿਸ ਕਾਰਨ ਦੇਸ਼ ਵਿਦੇਸ਼ ਵਿਚ ਇਸ ਮਸਲੇ ਤੇ ਸਿੱਖ ਆਗੂਆਂ ਵਲੋਂ ਤਿੱਖੀ ਪ੍ਰਤੀਕਿਰਿਆ ਕੀਤੀ ਗਈ ਸੀ ਜਦਕਿ ਪ੍ਰਧਾਨ ਮੰਤਰੀ ਨੇ ਜਨਤਕ ਬਿਆਨਾਂ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਵਿਚ ਵੀ ਕੈਨੇਡਾ ਵਿਚ ਸਿੱਖਾਂ ਦੀਆਂ ਗਰਮ ਖਿਆਲੀ ਸਰਗਰਮੀਆਂ 'ਤੇ ਰੋਕ ਲਾਉਣ ਦੀ ਮੰਗ ਕੀਤੀ। ਕੈਨੇਡਾ ਦੀਆਂ ਸਿੱਖ ਧਿਰਾਂ ਇਸ ਮਸਲੇ 'ਤੇ ਪ੍ਰਧਾਨ ਮੰਤਰੀ ਨਾਲ ਆਹਮੋ ਸਾਹਮਣੀ ਗੱਲਬਾਤ ਕਰਨਾ ਚਾਹੁੰਦੀਆਂ ਸਨ ਪਰ ਪ੍ਰਧਾਨ ਮੰਤਰੀ ਵਲੋਂ ਇਸ ਪ੍ਰਤੀ ਕੋਈ ਰੁਚੀ ਨਹੀਂ ਦਿਖਾਈ ਗਈ।

## ਨਕਸਲੀ ਹਮਲੇ 'ਚ 26 ਜਵਾਨ ਹਲਾਕ

**ਨਵੀਂ ਦਿੱਲੀ:** ਪੰਜ ਸੂਬਿਆਂ 'ਚ ਆਪਣੇ ਬੰਦ ਦੇ ਦਿੱਤੇ ਸੱਦੇ ਤੋਂ ਇਕ ਦਿਨ ਪਹਿਲਾਂ ਬੀਤੀ 29 ਜੂਨ ਨੂੰ ਨਕਸਲੀਆਂ ਨੇ ਛੱਤੀਸਗੜ੍ਹ 'ਚ ਘਾਤ ਲਗਾ ਕੇ ਕੀਤੇ ਗਏ ਵਹਿਸ਼ੀਆਨਾ ਹਮਲੇ 'ਚ 26 ਸੀ ਆਰ ਪੀ ਐਫ ਜਵਾਨਾਂ ਨੂੰ ਹਲਾਕ ਕਰ ਦਿੱਤਾ। ਹਮਲੇ 'ਚ 20 ਜਵਾਨ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਨਜ਼ਦੀਕੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਦੱਸਣਾ ਬਣਦਾ ਹੈ ਕਿ ਪਿਛਲੇ ਤਿੰਨ ਮਹੀਨਿਆਂ 'ਚ ਛੱਤੀਸਗੜ੍ਹ 'ਚ ਇਹ ਨਕਸਲੀਆਂ ਦਾ ਚੌਥਾ ਹਮਲਾ ਹੈ। ਮਿਲੀ ਜਾਣਕਾਰੀ ਮੁਤਾਬਕ ਨਕਸਲੀਆਂ ਵਲੋਂ ਇਸ ਹਮਲੇ ਨੂੰ ਉਦੋਂ ਅੰਜਾਮ ਦਿੱਤਾ ਗਿਆ, ਜਦੋਂ ਛੱਤੀਸਗੜ੍ਹ ਦੇ ਨਰਾਇਣਪੁਰ ਜ਼ਿਲ੍ਹੇ ਦੇ ਧੋੜਾਈ ਜੰਗਲ 'ਚ 70 ਸੀਆਰਪੀਐਫ ਜਵਾਨ ਰਸਤਾ ਖੋਲ੍ਹਣ ਦੀ ਕਾਰਵਾਈ ਉਪਰੰਤ ਆਪਣੇ ਕੈਂਪ ਵੱਲ ਵਾਪਸ ਆ ਰਹੇ ਸਨ।

ਸੂਤਰਾਂ ਨੇ ਇਹ ਵੀ ਦੱਸਿਆ ਕਿ ਨਕਸਲੀਆਂ ਤੇ ਸੀਆਰਪੀਐਫ ਜਵਾਨਾਂ ਵਿਚਾਲੇ ਸਾਢੇ ਤਿੰਨ ਘੰਟੇ ਦੇ ਕਰੀਬ ਮੁਕਾਬਲਾ ਚੱਲਿਆ। ਇਹ ਮੁਕਾਬਲਾ 1-2 ਵਜੇ ਦੇ ਕਰੀਬ ਸ਼ੁਰੂ ਹੋਇਆ। ਹਮਲੇ 'ਚ 26 ਜਵਾਨਾਂ ਦੀ ਮੌਤ ਦੀ ਪੁਸ਼ਟੀ ਕਰਦਿਆਂ ਸੀਆਰਪੀਐਫ ਦੇ ਆਈ ਜੀ ਆਰ ਕੇ ਦੁਆ ਨੇ ਦੱਸਿਆ ਕਿ ਸਾਨੂੰ ਅਜੇ ਤੱਕ ਜ਼ਖ਼ਮੀਆਂ ਦੀ ਅਸਲ ਗਿਣਤੀ ਦਾ ਪਤਾ ਨਹੀਂ ਹੈ


**To Advertise with us**
**call: 847-359-0746**
**Fax:847-705-9388**






# ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???

## ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States


## ਟੋਰਾਂਟੋ 'ਚ ਮੁਜਾਹਰਾਕਾਰੀਆਂ 'ਤੇ ਲਾਠੀਚਾਰਜ

**ਟੋਰਾਂਟੋ:** ਇਥੇ ਚੱਲ ਰਹੇ ਜੀ-20 ਸਿਖਰ ਸੰਮੇਲਨ ਦੌਰਾਨ ਇਸ ਦੇ ਵਿਰੋਧ ਵਿਚ ਹਜ਼ਾਰਾਂ ਮੁਜਾਹਰਾਕਾਰੀ ਹਿੰਸਾ 'ਤੇ ਉਤਰ ਆਏ। ਲੇਬਰ ਗਰੁਪ ਤੇ ਹੋਰ ਕਈ ਸੰਸਥਾਵਾਂ ਦੀ ਅਗਵਾਈ ਵਿਚ ਇਹ ਰੋਸ ਮੁਜ਼ਾਹਰਾ ਜਥੇਬੰਦ ਕੀਤਾ ਗਿਆ ਸੀ। ਉਨ੍ਹਾਂ ਪੁਲਿਸ ਦੀਆਂ ਵੈਨਾਂ ਨੂੰ ਫੂਕ ਦਿੱਤਾ, ਬੇਸਬਾਲ ਦੇ ਬੱਲਿਆਂ ਨਾਲ ਖਿੜਕੀਆਂ ਦੇ ਸ਼ੀਸ਼ੇ ਭੰਨ ਦਿੱਤੇ। ਉਧਰ ਪੁਲਿਸ ਨੇ 4 ਸੌ ਤੋਂ ਵੱਧ ਮੁਜਾਹਰਾਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਹਿੰਸਾ 'ਤੇ ਉਤਾਰੂ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਬਰਸਾਉਣ ਤੋਂ ਇਲਾਵਾ ਪੇਪਰ ਸਪਰੇਅ ਵਰਤੀ। ਇਹ ਲੋਕ ਜਦੋਂ ਜੀ-20 ਸਿਖਰ ਸੰਮੇਲਨ ਵਾਲੀ ਥਾਂ ਵਲ ਕੂਚ ਕਰ ਰਹੇ ਸਨ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਿਆ। ਇਸ ਦੌਰਾਨ ਦੋਵਾਂ ਧਿਰਾਂ ਵਿਚ ਝੜਪ ਹੋਣ ਮਗਰੋਂ ਹਿੰਸਾ ਫੈਲ ਗਈ।

ਟੋਰਾਂਟੋ ਪੁਲਿਸ ਦੇ ਮੁਖੀ ਬਿੱਲ ਬਲੇਅਰ ਨੇ ਪੱਤਰਕਾਰਾਂ ਨੂੰ ਦੱਸਿਆ, "ਮੈਂ ਅੱਜ ਤੋਂ ਪਹਿਲਾਂ ਕਦੇ ਵੀ ਟੋਰਾਂਟੋ ਵਿਚ ਕਿਸੇ ਕਿਸਮ ਦੀ ਹਿੰਸਾ ਨਹੀਂ ਦੇਖੀ।" ਮੈਂ ਇਸ ਤੋਂ ਕਾਫੀ ਨਿਰਾਸ਼ ਹਾਂ, ਜਿਹੜੇ ਲੋਕਾਂ ਨੇ ਵਾਹਨ ਫੂਕੇ ਹਨ ਤੇ ਖਿੜਕੀਆਂ ਦੇ ਸ਼ੀਸ਼ੇ ਭੰਨੇ ਹਨ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।" ਸ੍ਰੀ ਬਲੇਅਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸ਼ਹਿਰ ਦੇ ਇਤਿਹਾਸ ਵਿਚ ਪਹਿਲੀ ਵਾਰ ਅੱਥਰੂ ਗੈਸ ਵਰਤੀ ਗਈ, ਉਨ੍ਹਾਂ ਦੱਸਿਆ ਕਿ ਮੁਜਾਹਰਾਕਾਰੀਆਂ ਦੀ ਗਿਣਤੀ ਦਸ ਹਜ਼ਾਰ ਤੋਂ ਵੱਧ ਸੀ।

ਟੋਰਾਂਟੋ ਤੋਂ ਪੱਤਰ ਪ੍ਰੇਰਕ ਅਨੁਸਾਰ ਲੋਕਾਂ ਦਾ ਕਾਫਲਾ ਕੁਈਨਜ਼ ਪਾਰਕ ਤੋਂ ਯੂਨੀਵਰਸਿਟੀ ਐਵੇਨਿਊ ਵਲ ਨਾਅਰੇ ਮਾਰਦਾ ਠੀਕ-ਠਾਕ ਚਲਦਾ ਰਿਹਾ। ਕਈ ਥਾਵਾਂ 'ਤੇ ਪੁਲਿਸ ਨੇ ਰੋਕਾਂ ਖੜ੍ਹੀਆਂ ਕੀਤੀਆਂ ਸਨ ਤਾਂ ਜੋ ਇਹ ਭੀੜ ਜੀ-20 ਦੀ ਰੈਡ ਜ਼ੋਨ 'ਚ ਦਾਖਲ ਨਾ ਹੋ ਸਕੇ।

ਲੇਬਰ ਗਰੁੱਪ ਅਤੇ ਹੋਰ ਕਈ ਸੰਸਥਾਵਾਂ ਦੇ ਨਾਲ ਇਕ ਬਲੈਕ ਬਲਾਕ ਗਰੁੱਪ ਵੀ ਰੈਲੀ 'ਚ ਸ਼ਾਮਲ ਸੀ। 100 ਦੇ ਕਰੀਬ ਇਨ੍ਹਾਂ ਕਾਲੇ ਕੱਪੜਿਆਂ ਵਾਲਿਆਂ ਨੇ ਹੌਲੀ ਹੌਲੀ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਸਟੋਰਾਂ ਦੇ ਸ਼ੀਸ਼ੇ ਭੰਨਣ ਤੋਂ ਇਲਾਵਾ ਪੁਲਿਸ ਦੀਆਂ ਦੋ ਗੱਡੀਆਂ ਨੂੰ ਅੱਗ ਲਾ ਦਿੱਤੀ ਤਾਂ ਪੁਲਿਸ ਨੂੰ ਸਖ਼ਤ ਕਾਰਵਾਈ ਕਰਨੀ ਪਈ। ਯਾਦ ਰਹੇ ਕੈਨੇਡਾ ਸਰਕਾਰ ਨੇ ਜੀ-20 ਸੰਮੇਲਨ ਦੇ ਸੁਰੱਖਿਆ ਪ੍ਰਬੰਧਾਂ ਉਪਰ 1 ਅਰਬ ਡਾਲਰ ਦੀ ਵੱਡੀ ਰਕਮ ਖਰਚ ਕੀਤੀ ਹੈ। ਕੈਨੇਡਾ ਸਰਕਾਰ ਵਲੋਂ ਮੁਜਾਹਰਿਆਂ ਦੀ ਸਖਤ ਨਿਖੇਧੀ ਕੀਤੀ ਗਈ।

## ਸੂਚਨਾ ਦੇ ਅਧਿਕਾਰ ਕਾਨੂੰਨ ਤੋਂ ਮਿਲੀ ਜਾਣਕਾਰੀ ਰਾਹੀਂ ਹੋਇਆ ਖੁਲਾਸਾ

**ਨਵੀਂ ਦਿੱਲੀ:** ਦੇਸ਼ ਵਿਚ ਸੁਰੱਖਿਆ ਲਈ ਖਤਰਾ ਬਣੀ ਨਕਸਲੀ ਹਿੰਸਾ ਨੇ ਪਿਛਲੇ 5 ਸਾਲਾਂ ਵਿਚ 10,000 ਤੋਂ ਜ਼ਿਆਦਾ ਨਾਗਰਿਕਾਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਨਿਗਲ ਲਿਆ। ਗ੍ਰਹਿ ਮੰਤਰਾਲਾ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ 2005 ਤੋਂ ਮਈ 2010 ਤਕ ਕੁਲ 10268 ਵਿਅਕਤੀ ਇਸ ਹਿੰਸਾ ਦਾ ਸ਼ਿਕਾਰ ਬਣ ਚੁੱਕੇ ਹਨ।





*ਨਿਸ਼ਚਿਤ ਕੀਮਤਾਂ, ਕੋਈ ਸੌਦੇਬਾਜ਼ੀ ਨਹੀਂ *ਸੇਲਜ਼ ਟੈਕਸ ਵੱਖਰਾ ਹੋਵੇਗਾ, ਇਸ ਵਿਚ ਕੋਈ ਛੋਟ ਨਹੀਂ

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰ ਨੂੰ ਵਧੀਆਂ ਤੇਲ ਕੀਮਤਾਂ ਕਾਰਨ ਲੋਕ ਰੋਹ ਦਾ ਸਾਹਮਣਾ

ਪ੍ਰਦਰਸ਼ਨ ਆਰੰਭ ਦਿੱਤੇ ਹਨ।

ਅਤਿਵਾਦ ਅਤੇ ਨਕਸਲਵਾਦ ਵਰਗੇ ਮਸਲਿਆਂ 'ਚ ਪਹਿਲਾਂ ਹੀ ਘਿਰੀ ਕੇਂਦਰ ਸਰਕਾਰ ਦੇ ਮਹਿੰਗਾਈ ਵਿਰੋਧੀ ਪ੍ਰਦਰਸ਼ਨਾਂ ਦੀ ਲਪੇਟ 'ਚ ਆਉਣ ਨਾਲ ਆਉਂਦੀਆਂ ਲੋਕ ਸਭਾ ਚੋਣਾਂ 'ਤੇ ਇਸ ਤਾਜ਼ਾ ਫੈਸਲੇ ਦੇ ਪੈਣ ਵਾਲੇ ਪ੍ਰਭਾਵ ਤੋਂ ਬਚਣਾ ਮੁਸ਼ਕਲ ਹੋ ਜਾਵੇਗਾ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਲੰਘੀ 25 ਜੂਨ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਬੈਠਕ ਪਿੱਛੋਂ ਪੈਟਰੋਲੀਅਮ ਪਦਾਰਥਾਂ ਨੂੰ ਕੰਟਰੋਲਮੁਕਤ ਕਰ ਦਿਤਾ ਜਿਸ ਪਿੱਛੋਂ ਇਕਦਮ ਪੈਟਰੋਲ 3.7 ਰੁਪਏ, ਡੀਜ਼ਲ 2 ਰੁਪਏ ਅਤੇ ਮਿੱਟੀ ਦਾ ਤੇਲ 3 ਰੁਪਏ ਪ੍ਰਤੀ ਲਿਟਰ ਜਦੋਂਕਿ ਰਸੋਈ ਗੈਸ ਸਿਲੰਡਰ 35 ਰੁਪਏ ਮਹਿੰਗਾ ਹੋ ਗਿਆ। ਜ਼ਿਕਰਯੋਗ ਹੈ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਵਲੋਂ ਪੈਟਰੋਲ ਪਦਾਰਥਾਂ ਦੀਆਂ ਕੀਮਤਾਂ 'ਚ ਬੀਤੇ ਇਕ ਸਾਲ ਦੌਰਾਨ ਚੌਥੀ ਵਾਰ ਵਾਧਾ ਕੀਤਾ ਗਿਆ ਹੈ।

ਕੈਬਨਿਟ ਦੇ ਫੈਸਲੇ ਦੀ ਜਾਣਕਾਰੀ ਦਿੰਦਿਆਂ ਪੈਟਰੋਲੀਅਮ ਤੇ ਕੁਦਰਤੀ ਗੈਸ ਸਕੱਤਰ ਐਸ. ਸੁਦਰਸ਼ਨ ਨੇ ਦੱਸਿਆ ਕਿ ਪੈਟਰੋਲ ਨੂੰ ਪੂਰੀ ਤਰ੍ਹਾਂ ਕੰਟਰੋਲ ਮੁਕਤ ਕਰ ਦਿੱਤਾ ਗਿਆ ਹੈ। ਹੁਣ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਕੌਮਾਂਤਰੀ ਬਾਜ਼ਾਰ ਦੇ ਹਿਸਾਬ ਨਾਲ ਤੈਅ ਹੋਣਗੀਆਂ। ਯਾਦ ਰਹੇ ਇਸ ਸਬੰਧੀ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਸ਼ਾਮਿਲ ਨਹੀਂ ਹੋਈ। ਮੰਨਿਆ ਜਾ ਰਿਹਾ ਹੈ ਕਿ ਉਹ ਤੇਲ ਕੀਮਤਾਂ ਵਿਚ ਵਾਧੇ ਦੇ ਖਿਲਾਫ ਹਨ। ਸਰਕਾਰ ਦੇ ਇਸ ਫੈਸਲੇ ਨੂੰ ਖੁਲ੍ਹੀ ਮੰਡੀ ਵਲ ਇਕ ਬਹੁਤ ਵਡਾ ਕਦਮ ਕਰਾਰ ਦਿਤਾ ਜਾ ਰਿਹਾ ਹੈ।

ਤੇਲ ਦੀਆਂ ਨਵੀਆਂ ਕੀਮਤਾਂ ਨਾਲ ਦਿੱਲੀ ਵਿਚ ਪੈਟਰੋਲ ਹੁਣ 51 ਰੁਪਏ, ਮੁੰਬਈ ਅਤੇ ਕੋਲਕਾਤਾ ਵਿਚ 55 ਰੁਪਏ, ਚੇਨਈ ਵਿਚ 52 ਰੁਪਏ ਪ੍ਰਤੀ ਲੀਟਰ ਹੋ ਗਿਆ ਹੈ। ਦਿੱਲੀ ਵਿਚ ਗੈਸ ਸਿਲੰਡਰ ਦੀ ਕੀਮਤ 316, ਮੁੰਬਈ ਵਿਚ 340, ਕੋਲਕਾਤਾ ਵਿਚ 363 ਅਤੇ ਚੇਨਈ ਵਿਚ 360 ਰੁਪਏ ਹੋ ਗਈ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਜਿਥੇ ਸਫਰ ਮਹਿੰਗਾ ਹੋਣਾ ਤੈਅ ਮੰਨਿਆ ਜਾ ਰਿਹਾ ਹੈ, ਉਥੇ ਗੈਸ ਸਿਲੰਡਰ ਦੀਆਂ ਕੀਮਤਾਂ ਵਿਚ 35 ਰੁਪਏ ਦੇ ਵਾਧੇ ਨੇ ਆਮ ਵਰਗ ਨੂੰ ਦੋ ਡੰਗ ਦੀ ਰੋਟੀ ਲਈ ਹੋਰ ਫਿਕਰਮੰਦ ਕਰ ਦਿੱਤਾ ਹੈ। ਆਮ ਲੋਕਾਂ ਵਿਚ ਇਸ ਵਾਧੇ ਪ੍ਰਤੀ ਜਿਥੇ ਭਾਰੀ ਰੋਸ ਹੈ, ਉਥੇ ਵਿਰੋਧੀ ਰਾਜਸੀ ਪਾਰਟੀਆਂ ਨੇ ਪੈਟਰੋਲ ਪਦਾਰਥਾਂ ਦੀਆਂ ਕੀਮਤਾਂ 'ਚ ਵਾਧੇ ਵਿਰੁਧ ਦੇਸ਼ ਵਿਆਪੀ ਅੰਦੋਲਨ ਆਰੰਭਣ ਦਾ ਐਲਾਨ ਕੀਤਾ ਹੈ।

ਸੰਸਦ ਦੇ ਮੌਨਸੂਨ ਸੈਸ਼ਨ ਤੋਂ ਪਹਿਲਾਂ ਯੂ.ਪੀ.ਏ. ਸਰਕਾਰ ਵਲੋਂ ਕੀਤੇ ਇਸ ਫੈਸਲੇ ਨੇ ਵਿਰੋਧੀ ਧਿਰਾਂ ਨੂੰ ਇਕ ਦੂਜੇ ਦੇ ਨੇੜੇ ਆਉਣ ਦਾ ਮੌਕਾ ਬਣਾ ਦਿੱਤਾ ਹੈ ਜੋ ਸਰਕਾਰ ਲਈ ਭਵਿੱਖ 'ਚ ਇਕ ਵੱਡੀ ਚੁਣੌਤੀ ਬਣ ਸਕਦਾ ਹੈ। ਭਾਜਪਾ, ਖੱਬੇਪੱਖੀ ਪਾਰਟੀਆਂ ਅਤੇ ਸਾਬਕਾ ਚੌਥਾ ਮੋਰਚਾ ਇਸ ਮੁੱਦੇ 'ਤੇ ਭਾਰਤ ਬੰਦ ਕਰਨ ਲਈ ਸਿਧਾਂਤਕ ਤੌਰ 'ਤੇ ਸਹਿਮਤ ਹੋ ਗਏ ਹਨ। ਤੇਲ ਕੀਮਤਾਂ ਵਿਰੁਧ ਦੇਸ਼ ਵਿਆਪੀ ਬੰਦ ਦਾ ਸੁਝਾਅ ਬੀਤੇ ਦਿਨੀਂ ਜਨਤਾ ਦਲ (ਯੂ) ਦੇ ਮੁਖੀ ਸ਼ਰਦ ਯਾਦਵ ਵਲੋਂ ਦਿੱਤਾ ਗਿਆ, ਜਿਸ ਨੂੰ ਭਾਜਪਾ, ਸੀ.ਪੀ.ਐਮ., ਸੀ.ਪੀ.ਆਈ., ਸਮਾਜਵਾਦੀ ਪਾਰਟੀ, ਤੇਲਗੂ ਦੇਸਮ ਪਾਰਟੀ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਨੇ ਹਮਾਇਤ ਦੇ ਦਿੱਤੀ। ਮੀਡੀਆ ਰਿਪੋਰਟਾਂ ਅਨੁਸਾਰ ਸ਼ਰਦ ਯਾਦਵ ਵਲੋਂ ਇਸ ਮੁੱਦੇ 'ਤੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ, ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਾਰਤ, ਸੀ.ਪੀ.ਆਈ. ਨੇਤਾ ਏ.ਬੀ. ਬਰਧਨ, ਇੰਡੀਅਨ ਨੈਸ਼ਨਲ ਲੋਕ ਦਲ ਦੇ ਓਮ ਪ੍ਰਕਾਸ਼ ਚੌਟਾਲਾ, ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ ਅਤੇ ਤੇਲਗੂ ਦੇਸਮ ਪਾਰਟੀ ਦੇ ਸੁਪਰੀਮੋ ਚੰਦਰ ਬਾਬੂ ਨਾਇਡੂ ਨਾਲ ਫੋਨ 'ਤੇ ਗੱਲਬਾਤ ਹੋਈ ਹੈ ਅਤੇ ਇਹ ਸਾਰੇ ਆਗੂ ਇਸ ਮੁੱਦੇ 'ਤੇ ਸਾਂਝੇ ਸੰਘਰਸ਼ ਦੇ ਵਿਚਾਰ ਨਾਲ ਸਹਿਮਤ ਹਨ। ਰਿਪੋਰਟਾਂ ਮੁਤਾਬਕ ਮੁਲਾਇਮ ਸਿੰਘ ਯਾਦਵ ਨੂੰ ਕਿਹਾ ਗਿਆ ਹੈ ਕਿ ਉਹ ਲਾਲੂ ਪ੍ਰਸਾਦ ਯਾਦਵ ਨੂੰ ਵੀ ਇਸ ਅੰਦੋਲਨ ਲਈ ਤਿਆਰ ਕਰਨ। ਬਸਪਾ, ਲੋਕ ਜਨ ਸ਼ਕਤੀ ਪਾਰਟੀ, ਆਲ ਇੰਡੀਆ ਅੰਨਾ ਡੀ.ਐਮ.ਕੇ. ਅਤੇ ਬੀਜੂ ਜਨਤਾ ਦਲ ਨੂੰ ਵੀ ਨਾਲ ਰਲਾਉਣ ਦੇ ਯਤਨ ਜਾਰੀ ਹਨ।

ਜ਼ਿਕਰਯੋਗ ਹੈ ਕਿ ਮਾਰਚ ਮਹੀਨੇ ਅਜਿਹਾ ਬੰਦ ਸਫਲ ਨਹੀਂ ਹੋ ਸਕਿਆ ਸੀ, ਕਿਉਂਕਿ ਖੱਬੀਆਂ ਪਾਰਟੀਆਂ ਨੇ ਦੋ ਦਿਨ ਪਹਿਲਾਂ ਹੀ ਆਪਣੇ ਬੰਦ ਦਾ ਐਲਾਨ ਕਰ ਦਿੱਤਾ ਸੀ। ਪਰ ਇਸ ਵਾਰ ਆਪੋਜੀਸ਼ਨ ਇਸ ਮੁੱਦੇ 'ਤੇ ਉਸ ਤਰ੍ਹਾਂ ਦੇ ਏਕੇ ਦੇ ਪੱਖ 'ਚ ਹੈ ਜਿਸ ਤਰ੍ਹਾਂ ਦੇ ਏਕੇ ਦਾ ਪ੍ਰਗਟਾਵਾ ਬਜਟ ਸੈਸ਼ਨ ਮੌਕੇ ਤੇਲ ਕੀਮਤਾਂ 'ਚ ਵਾਧੇ ਵਿਰੁਧ ਕੀਤਾ ਗਿਆ ਸੀ। ਸੰਸਦ ਦਾ ਮੌਨਸੂਨ ਸੈਸ਼ਨ ਅਗਲੇ ਮਹੀਨੇ ਹੋਣਾ ਹੈ। ਸ੍ਰੀ ਯਾਦਵ ਨੇ ਸਾਰੀਆਂ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾ ਕੇ ਇਸ ਮੁੱਦੇ 'ਤੇ ਇਕਮੁੱਠ ਹੋਣ। ਤੇਲ ਕੀਮਤਾਂ 'ਚ ਵਾਧੇ ਅਤੇ ਇਨ੍ਹਾਂ ਦੀਆਂ ਕੀਮਤਾਂ ਨੂੰ ਮੰਡੀ ਨਾਲ ਜੋੜਨ 'ਤੇ ਟਿੱਪਣੀ ਕਰਦਿਆਂ ਸੀ.ਪੀ.ਆਈ. ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਵੀ ਕਿਹਾ ਕਿ ਜੇਕਰ ਹਰ ਚੀਜ਼ 'ਤੇ ਫੈਸਲਾ ਬਾਜ਼ਾਰ ਨੇ ਹੀ ਕਰਨਾ ਹੈ ਤਾਂ ਸਰਕਾਰ ਦੀ ਕੀ ਲੋੜ ਹੈ? ਸਰਕਾਰ, ਜਿਸ ਦੀ ਜ਼ਿੰਮੇਵਾਰੀ ਲੋਕਾਂ ਪ੍ਰਤੀ ਹੈ, ਉਨ੍ਹਾਂ ਦੀ ਬਜਾਇ ਵੱਡੀਆਂ ਕੰਪਨੀਆਂ ਦੇ ਮੁਨਾਫੇ ਬਾਰੇ ਚਿੰਤਤ ਹੈ।

ਉਧਰ ਵਿੱਤ ਮੰਤਰਾਲੇ ਵਿਚ ਮੁੱਖ ਆਰਥਿਕ ਸਲਾਹਕਾਰ ਸ੍ਰੀ ਕੌਸ਼ਿਕ ਬਸੂ ਦਾ ਕਹਿਣਾ ਹੈ ਕਿ ਗਰੀਬਾਂ ਦਾ ਭੋਜਨ ਪਕਾਉਣ ਦਾ ਸਾਧਨ ਮਿੱਟੀ ਦਾ ਤੇਲ ਭਵਿੱਖ ਵਿਚ ਹੋਰ ਮਹਿੰਗਾ ਹੋਵੇਗਾ। ਉਨ੍ਹਾਂ ਕਿਹਾ ਮਿੱਟੀ ਦੇ ਤੇਲ 'ਤੇ ਫਿਲਹਾਲ 60 ਫੀਸਦੀ ਦੀ ਸਬਸਿਡੀ ਦਿੱਤੀ ਜਾ ਰਹੀ ਹੈ ਜੋ ਹੌਲੀ-ਹੌਲੀ ਘੱਟ ਹੋ ਜਾਵੇਗੀ ਕਿਉਂਕਿ ਇਸ ਨਾਲ ਆਰਥਿਕ ਹਾਲਤ ਵਿਚ ਗੜਬੜ ਆ ਸਕਦੀ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਨੂੰ ਕੌਮਾਂਤਰੀ ਕੀਮਤਾਂ ਨਾਲ ਮੇਲਣ ਲਈ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਸਰਕਾਰ ਸਬਸਿਡੀਆਂ ਦਾ ਬੋਝ ਘਟਾ ਕੇ ਬਜਟ ਘਾਟੇ ਨੂੰ ਛੇ ਫੀਸਦੀ ਤਕ ਲਿਆਉਣਾ ਚਾਹੁੰਦੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਜੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧਾ ਨਾ ਕੀਤਾ ਜਾਂਦਾ ਤਾਂ ਸਰਕਾਰ ਵਲੋਂ ਇਨ੍ਹਾਂ ਮੱਦਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਤਰਵੰਜਾ ਹਜ਼ਾਰ ਕਰੋੜ ਰੁਪਏ ਤੋਂ ਵਧ ਕੇ 74300 ਕਰੋੜ ਰੁਪਏ ਤਕ ਪਹੁੰਚ ਜਾਣੀ ਸੀ। ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨੇ ਮੰਨਿਆ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧੇ ਦਾ ਥੋੜ੍ਹੇ ਸਮੇਂ ਲਈ ਮੁਦਰਾ ਪਾਸਾਰ 'ਤੇ ਅਸਰ ਪਵੇਗਾ ਪਰ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ 6 ਤੋਂ 9 ਮਹੀਨੇ ਅੰਦਰ ਬਜਟ ਘਾਟਾ ਘਟਣ ਨਾਲ ਮਹਿੰਗਾਈ ਉਤੇ ਲਾਜ਼ਮੀ ਤੌਰ 'ਤੇ ਬਿਹਤਰ ਤਰੀਕੇ ਨਾਲ ਕਾਬੂ ਪਾਇਆ ਜਾ ਸਕੇਗਾ।

## 5 ਜੁਲਾਈ ਨੂੰ ਬੰਦਾ ਦਾ ਸੱਦਾ

**ਨਵੀਂ ਦਿੱਲੀ:** ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਅਤੇ ਖੱਬੀਆਂ ਪਾਰਟੀਆਂ ਨੇ ਮਹਿੰਗਾਈ ਵਿਰੁਧ ਦੇਸ਼ ਭਰ ਵਿਚ 5 ਜੁਲਾਈ ਨੂੰ ਹੜਤਾਲ ਦਾ ਸੱਦਾ ਦਿੱਤਾ ਹੈ। ਹੜਤਾਲ ਦਾ ਸੱਦਾ ਦੋਹਾਂ ਗੁੱਟਾਂ ਵੱਲੋਂ ਅੱਡ-ਅੱਡ ਦਿੱਤਾ ਗਿਆ ਹੈ। ਉਧਰ ਬੰਦੇ ਦੇ ਸੱਦੇ ਬਾਰੇ ਜੇ.ਡੀ. (ਯੂ.) ਮੁਖੀ ਸ਼ਰਦ ਯਾਦਵ ਨੇ ਦਾਅਵਾ ਕੀਤਾ ਕਿ ਕਿਸੇ ਮੁੱਦੇ 'ਤੇ ਵਿਰੋਧੀ ਧਿਰ ਜੇ.ਪੀ. ਅੰਦੋਲਨ ਪਿੱਛੋਂ ਪਹਿਲੀ ਵਾਰ ਇਕਜੁੱਟ ਅੰਦੋਲਨ ਵਿੱਢ ਰਹੀ ਹੈ। ਜੇ.ਪੀ. ਅੰਦੋਲਨ ਐਮਰਜੈਂਸੀ ਵਿਰੁਧ ਸ਼ੁਰੂ ਹੋਇਆ ਸੀ।

ਭਾਜਪਾ ਪ੍ਰਧਾਨ ਨੇ ਦੇਸ਼ ਵਿਚ ਤੇਲ ਕੀਮਤਾਂ ਵਿਚ ਵਾਧੇ ਖ਼ਿਲਾਫ਼ 5 ਜੁਲਾਈ ਨੂੰ ਬੰਦਾ ਦਾ ਸੱਦਾ ਦਿੱਤਾ ਹੈ। ਉਧਰ ਸ੍ਰੀ ਯਾਦਵ ਜੋ ਐਨ.ਡੀ.ਏ. ਦੇ ਕਨਵੀਨਰ ਹਨ, ਨੇ ਕਿਹਾ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਚ ਵਾਧੇ ਦੇ ਮੁੱਦੇ 'ਤੇ ਵਿਰੋਧੀ ਧਿਰ ਪੂਰੀ ਤਰ੍ਹਾਂ ਇਕਜੁੱਟ ਹੈ। ਸਾਰੀਆਂ ਪਾਰਟੀਆਂ ਕੀਮਤਾਂ ਦਾ ਵਾਧਾ ਵਾਪਸ ਲੈਣ ਦੀ ਮੰਗ ਕਰ ਰਹੀਆਂ ਹਨ। ਇਸ ਤੋਂ ਪਹਿਲਾਂ ਗੈਰ-ਭਾਜਪਾ ਵਿਰੋਧੀ ਪਾਰਟੀਆਂ (ਖੱਬੀ ਧਿਰ) ਨੇ ਵੀ ਉਸੇ ਦਿਨ ਬੰਦ ਦਾ ਸੱਦਾ ਦਿੱਤਾ ਹੈ। ਦੋਹਾਂ ਗੁੱਟਾਂ ਨੇ ਉਸ ਦਿਨ 12 ਘੰਟੇ ਦੇ ਬੰਦ ਦਾ ਸੱਦਾ ਦਿੱਤਾ ਹੈ।

ਸ੍ਰੀ ਯਾਦਵ ਨੇ ਕਿਹਾ, "ਦਾਮ ਰੋਕੋ ਜਾਂ ਗੱਦੀ ਛੱਡੋ ਅਤੇ ਹਿੰਦੂ, ਮੁਸਲਿਮ, ਸਿੱਖ, ਈਸਾਈ ਸਭ ਕੇ ਘਰ ਮੇਂ ਹੈ ਮਹਿੰਗਾਈ" ਵਰਗੇ ਨਾਅਰੇ ਬੰਦ ਦੌਰਾਨ ਗੂੰਜਣਗੇ। ਖੱਬੀ ਧਿਰ ਦੇ ਆਗੂਆਂ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਦੇ ਨਾਲ-ਨਾਲ, ਏ.ਆਈ.ਏ. ਡੀ.ਐਮ.ਕੇ., ਟੀ.ਡੀ.ਪੀ., ਸਮਾਜਵਾਦੀ ਪਾਰਟੀ, ਬੀ.ਜੇ.ਡੀ., ਜੇ.ਡੀ. (ਐਸ.) ਅਤੇ ਇਨੈਲੋ ਵੀ ਦੇਸ਼-ਵਿਆਪੀ ਹੜਤਾਲ ਵਿਚ ਸ਼ਾਮਲ ਹੋਣਗੀਆਂ।

# ਸਰਬਜੀਤ ਅਤੇ ਮਨਜੀਤ ਸਿੰਘ ਰੱਤੂ ਦੇ ਨਾਵਾਂ ਦਾ ਰੱਟਾ

**ਅੰਮ੍ਰਿਤਸਰ:** ਪਾਕਿਸਤਾਨ ਦੀ ਜੇਲ੍ਹ ਲਖਪਤ ਰਾਏ ਵਿਚ ਜਾਸੂਸੀ ਤੇ ਬੰਬ ਬਲਾਸਟ ਕਰਨ ਦੇ ਦੋਸ਼ ਵਿਚ ਪਿਛਲੇ ਕਈ ਸਾਲਾਂ ਤੋਂ ਬੰਦ ਫਾਂਸੀ ਦੀ ਸਜ਼ਾਯਾਫਤਾ ਭਾਰਤੀ ਨਾਗਰਿਕ ਸਰਬਜੀਤ ਸਿੰਘ ਨੂੰ ਰਿਹਾ ਕਰਾਉਣ ਲਈ ਉਸ ਦੇ ਵਕੀਲ ਅਵੈਸ ਸ਼ੇਖ ਨੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਇਕ ਵਾਰੀ ਫਿਰ ਰਹਿਮ ਦੀ ਅਪੀਲ ਕਰਕੇ ਜਾਣੂ ਕਰਵਾਇਆ ਕਿ ਸਰਬਜੀਤ ਸਿੰਘ ਦਾ ਨਾਂ ਮਨਜੀਤ ਸਿੰਘ ਨਹੀਂ ਹੈ, ਜਦਕਿ ਅਸਲੀ ਮਨਜੀਤ ਸਿੰਘ ਇਸ ਵੇਲੇ ਕੈਨੇਡਾ 'ਚ ਬੈਠਾ ਹੈ।

ਜਾਣਕਾਰੀ ਅਨੁਸਾਰ ਵਕੀਲ ਅਵੈਸ ਸ਼ੇਖ ਨੇ ਲਾਹੌਰ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਅਸਲ ਵਿਚ ਸਰਬਜੀਤ ਸਿੰਘ 1990 ਵਿਚ ਬੰਬ ਬਲਾਸਟ ਕਰਨ ਵਾਲਾ ਮਨਜੀਤ ਸਿੰਘ ਨਹੀਂ ਹੈ ਅਤੇ ਨਾ ਹੀ ਉਹ ਜਾਸੂਸੀ ਵਿਚ ਸ਼ਾਮਲ ਹੈ, ਜਦਕਿ ਅਸਲੀ ਮਨਜੀਤ ਸਿੰਘ ਵੀ ਭਾਰਤੀ ਨਾਗਰਿਕ ਹੈ ਅਤੇ 1990 ਵਿਚ ਜਦੋਂ ਬੰਬ ਬਲਾਸਟ ਹੋਏ ਸਨ, ਉਸ ਸਮੇਂ ਮਨਜੀਤ ਸਿੰਘ ਰੱਤੂ, ਜੋ ਪਾਕਿਸਤਾਨ ਵਿਚ ਆਪਣੇ ਨਕਲੀ ਨਾਂ ਮੁਹੰਮਦ ਸ਼ਰੀਫ ਨਾਲ ਰਹਿੰਦਾ ਸੀ, ਵੀ ਲਾਹੌਰ ਵਿਚ ਮੌਜੂਦ ਸੀ। ਰੱਤੂ ਇਕੱਲੇ ਭਾਰਤ ਵਿਚ ਹੀ ਨਹੀਂ, ਸਗੋਂ ਪਾਕਿਸਤਾਨ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੀ ਰਹਿੰਦਾ ਰਿਹਾ ਹੈ। ਬੰਬ ਬਲਾਸਟ ਦਾ ਮੁਕੱਦਮਾ ਵੀ ਮਨਜੀਤ ਸਿੰਘ ਰੱਤੂ ਦੇ ਨਾਂ 'ਤੇ ਦਰਜ ਕੀਤਾ ਗਿਆ ਹੈ।

ਜਨਾਬ ਸ਼ੇਖ ਨੇ ਆਪਣੀ ਨਵੀਂ ਅਪੀਲ ਵਿਚ ਅਸਲੀ ਮਨਜੀਤ ਸਿੰਘ ਦੇ ਦਸਤਾਵੇਜ਼ੀ ਸਬੂਤ ਅਪੀਲ ਨਾਲ ਜੋੜ ਦਿੱਤੇ ਹਨ।



ਇੰਟਰਨੈਟ 'ਤੇ ਚੱਲਦੇ ਇਕ ਅੰਗਰੇਜ਼ੀ ਅਖਬਾਰ ਪੰਜਾਬ ਨਿਊਜ਼ ਲਾਈਨ ਨੇ ਅਸਲੀ ਮਨਜੀਤ ਸਿੰਘ ਰੱਤੂ ਦੇ ਦਸਤਾਵੇਜ਼ੀ ਸਬੂਤ ਸਰਬਜੀਤ ਸਿੰਘ ਦੇ ਵਕੀਲ ਨੂੰ ਪਾਕਿਸਤਾਨ ਭੇਜੇ ਹਨ, ਜਿਸ ਦੇ ਆਧਾਰ 'ਤੇ ਹੀ ਵਕੀਲ ਨੇ ਨਵੀਂ ਅਪੀਲ ਦਾਖਲ ਕੀਤੀ ਹੈ। ਦੱਸਿਆ ਗਿਆ ਹੈ ਕਿ ਮਨਜੀਤ ਸਿੰਘ ਨੇ ਆਪਣੀ ਜ਼ਿੰਦਗੀ ਜਲੰਧਰ ਦੇ ਇਕ ਅਖਬਾਰ ਸਮੂਹ ਦੀ ਪੱਤਰਕਾਰੀ ਤੋਂ ਸ਼ੁਰੂ ਕੀਤੀ ਤੇ ਬਾਅਦ 'ਚ ਚੰਡੀਗੜ੍ਹ ਤੋਂ ਛਪਦੇ ਇਕ ਅਖਬਾਰ ਸਮੂਹ ਨਾਲ ਜੁੜ ਗਿਆ। 1984 ਵਿਚ ਉਸ ਦੀ ਸ਼ਾਦੀ ਬਲਬੀਰ ਕੌਰ ਨਾਲ ਹੋ ਗਈ, ਜਿਸ ਤੋਂ ਦੋ ਬੱਚੇ ਇਕ ਲੜਕਾ ਤੇ ਇਕ ਲੜਕੀ ਪੈਦਾ ਹੋਏ। ਆਪਣੀ ਪਾਕਿਸਤਾਨ ਫੇਰੀ ਤੋਂ ਪਹਿਲਾਂ ਉਸ ਨੇ ਆਪਣੀ ਪਤਨੀ ਤੇ ਬੱਚਿਆਂ ਨੂੰ ਅਲਵਿਦਾ ਕਹਿ ਦਿੱਤੀ, ਜਿਹੜੇ ਅੱਜ ਕੱਲ ਫਗਵਾੜਾ ਦੇ ਨਜ਼ਦੀਕ ਇਕ ਪਿੰਡ ਚੱਕ ਦੇਸ ਰਾਜ ਵਿਚ ਆਪਣੀ ਜ਼ਿੰਦਗੀ ਦਾ ਬਾਕੀ ਹਿੱਸਾ ਬਸਰ ਕਰ ਰਹੀ ਹਨ। ਜਦੋਂ ਪੰਜਾਬ ਵਿਚ ਅਤਿਵਾਦ ਦਾ ਪੂਰਾ ਬੋਲਬਾਲਾ ਸੀ ਤਾਂ ਰੱਤੂ ਆਪਣੇ ਪਿੰਡ ਰਾਮੂੰਵਾਲ (ਨਕੋਦਰ) ਤੋਂ ਜਲੰਧਰ ਆ ਗਿਆ। 1993 ਵਿਚ ਉਹ ਇੰਗਲੈਂਡ ਚਲਾ ਗਿਆ, ਜਿਥੋਂ 1997 ਵਿਚ ਕੈਨੇਡਾ ਜਾ ਪੁੱਜਾ। ਕੈਲਗਰੀ ਵਿਚ ਉਸ ਨੇ ਦੂਜਾ ਵਿਆਹ ਮਨਜੀਤ ਕੌਰ ਰੰਧਾਵਾ ਨਾਲ ਕਰ ਲਿਆ। 1999 ਵਿਚ ਉਹ ਇਕ ਫਰਾਡ ਦੇ ਕੇਸ ਵਿਚ ਫੜਿਆ ਗਿਆ ਅਤੇ ਸਜ਼ਾ ਪੂਰੀ ਹੋਣ ਉਪਰੰਤ ਉਸਨੂੰ ਡੀਪੋਰਟ ਕਰ ਦਿੱਤਾ ਗਿਆ। ਇਕ ਵਾਰੀ ਫਿਰ ਉਹ ਇੰਗਲੈਂਡ ਜਾਣ ਵਿਚ ਸਫਲ ਹੋ ਗਿਆ, ਜਿਥੋਂ ਉਸ ਨੂੰ 2001 ਵਿਚ ਡੀਪੋਰਟ ਕਰ ਦਿੱਤਾ ਗਿਆ। ਇਥੋਂ ਉਹ 2004 ਵਿਚ ਉਸ ਵੇਲੇ ਅਮਰੀਕਾ ਜਾ ਪੁੱਜਾ, ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਮਰੀਕਾ ਦੌਰੇ 'ਤੇ ਸਨ। 2006 ਵਿਚ ਉਹ ਕੈਨੇਡਾ ਚਲਾ ਗਿਆ, ਜਿਥੇ ਉਸ ਨੇ ਆਪਣੇ ਆਪ ਨੂੰ ਇਕ ਹੋਰ ਨਵਾਂ ਨਾਂ ਅੰਮ੍ਰਿਤ ਮਾਨ ਦੇ ਦਿੱਤਾ। ਕੈਨੇਡਾ ਵਿਚ ਹੀ ਉਸ ਨੇ ਦੋ ਪੰਜਾਬੀ ਅਖ਼ਬਾਰਾਂ ਖਾਲਸਾ ਸਮਾਚਾਰ ਅਤੇ ਆਵਾਜ਼-ਏ-ਪੰਜਾਬ ਵੀ ਕੱਢੀਆਂ।

ਰੱਤੂ ਦੀ ਕੈਨੇਡਾ ਵਿਚ ਸ਼ਰਨਾਰਥੀ ਸਟੇਟਸ ਲੈਣ ਦੀ ਸਕੀਮ ਨੇਪਰੇ ਨਾ ਚੜ੍ਹੀ। ਉਸ ਨੇ ਦਲੀਲ ਦਿੱਤੀ ਸੀ ਕਿ ਪੰਜਾਬ ਪੁਲਿਸ ਕਿਸੇ ਵੇਲੇ ਵੀ ਉਸ ਦਾ ਝੂਠਾ ਮੁਕਾਬਲਾ ਬਣਾ ਕੇ ਉਸਨੂੰ ਮਾਰ ਸਕਦੀ ਹੈ। ਪੰਜਾਬ ਪੁਲਿਸ ਨੇ ਉਸ ਨੂੰ ਕਦੇ ਵੀ ਗ੍ਰਿਫਤਾਰ ਨਹੀਂ ਕੀਤਾ ਸੀ। ਰੱਤੂ ਜਿਥੇ ਭਾਰਤੀ ਏਜੰਸੀਆਂ ਲਈ ਕੰਮ ਕਰਦਾ ਸੀ, ਉਥੇ ਉਸ ਦੇ ਪਾਕਿਸਤਾਨ ਦੇ ਅਤਿਵਾਦੀਆਂ ਨਾਲ ਵੀ ਨੇੜਲੇ ਸਬੰਧ ਸਨ। ਰੱਤੂ ਨੇ ਬ੍ਰਿਟਿਸ਼ ਏਜੰਸੀਆਂ ਨਾਲ ਵੀ ਸਬੰਧ ਬਣਾ ਲਏ ਸਨ, ਪਰ ਜਦੋਂ ਇਕ ਪੰਜਾਬੀ ਵੀਕਲੀ ਅਖ਼ਬਾਰ ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ ਦਾ ਕਤਲ ਹੋਇਆ ਤਾਂ ਨਵੇਂ ਨਾਮ ਵਾਲਾ ਮੁਹੰਮਦ ਰੱਤੂ ਦੇਸ਼ ਛੱਡ ਕੇ ਦੌੜ ਗਿਆ। ਜਦੋਂ ਰੱਤੂ ਵੈਨਕੂਵਰ ਵਿਚ ਸੀ ਤਾਂ ਇੰਡੋ-ਕੈਨੇਡੀਅਨ ਟਾਈਮਜ਼ ਦੇ ਐਡੀਟਰ ਤਾਰਾ ਸਿੰਘ ਹੇਅਰ ਦਾ ਕਤਲ ਹੋ ਗਿਆ। ਇਥੋਂ ਰੱਤੂ ਕੈਲਗਰੀ ਚਲਿਆ ਗਿਆ, ਜਿਥੋਂ ਉਹ ਫੜਿਆ ਗਿਆ। ਕੈਨੇਡੀਅਨ ਤੇ ਬ੍ਰਿਟਿਸ਼ ਪੁਲਿਸ ਰੱਤੂ ਦੀ ਦੋਹਾਂ ਕੇਸਾਂ ਵਿਚ ਸ਼ਮੂਲੀਅਤ ਹੋਣ ਦੀ ਜਾਂਚ ਕਰ ਰਹੀ ਹੈ। ਰੱਤੂ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਕੈਨੇਡਾ ਦੀ ਹੱਦ ਟੱਪ ਕੇ ਅਮਰੀਕਾ ਭੱਜਣ ਲੱਗਾ ਸੀ। ਰੱਤੂ ਦਾ ਨਾਮ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਵੀ ਬੋਲਦਾ ਸੀ। ਉਹ 1991 ਵਿਚ ਜਦੋਂ ਪਾਕਿਸਤਾਨ ਗਿਆ ਤਾਂ ਉਥੇ ਉਹ ਕਈ ਸਾਲ ਰਿਹਾ ਅਤੇ ਇਥੇ ਹੀ ਉਸ ਨੇ ਆਪਣਾ ਧਰਮ ਬਦਲੀ ਕਰਕੇ ਮੁਸਲਿਮ ਧਰਮ ਧਾਰਨ ਕਰ ਲਿਆ ਅਤੇ ਇਕ ਸਰਕਾਰੀ ਅਧਿਕਾਰੀ ਦੀ ਮੁਸਲਿਮ ਲੜਕੀ ਸਾਜਦਾ ਸੁਲਤਾਨਾ ਨਾਲ ਸ਼ਾਦੀ ਕਰ ਲਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਗੁਮਨਾਮੀ ਦੀ ਜ਼ਿੰਦਗੀ ਜਿਊ ਰਿਹਾ ਭੁਪਾਲ ਕਾਂਡ ਦਾ ਨਾਇਕ ਕਰਨਲ ਖਨੂਜਾ

**ਜੈਪੁਰ:** ਫੌਜ ਦੇ ਸੇਵਾਮੁਕਤ ਕਰਨਲ ਗੁਰਚਰਨ ਸਿੰਘ ਖਨੂਜਾ ਉਨ੍ਹਾਂ ਵਿਰਲੇ ਲੋਕਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਹੋਰਨਾਂ ਦੀ ਜ਼ਿੰਦਗੀ ਬਚਾਉਣ ਵਾਸਤੇ ਖੁਦ ਆਪਣੀ ਜ਼ਿੰਦਗੀ ਦਾ



*ਕਰਨਲ ਗੁਰਚਰਨ ਸਿੰਘ ਖਨੂਜਾ*

ਬਹੁਤ ਕੁਝ ਦਾਅ ਉਤੇ ਲਾ ਦਿੱਤਾ। ਭੁਪਾਲ ਦੇ ਯੂਨੀਅਨ ਕਾਰਬਾਈਡ ਕਾਰਖਾਨੇ ਵਿਚੋਂ ਜਦੋਂ ਰਾਤ ਨੂੰ ਗੈਸ ਲੀਕ ਹੋਈ ਸੀ, ਕਰਨਲ ਖਨੂਜਾ ਆਪਣੇ ਜਵਾਨਾਂ ਸਮੇਤ ਉਥੇ ਸਭ ਤੋਂ ਪਹਿਲਾਂ ਪਹੁੰਚਣ ਵਾਲੇ ਲੋਕਾਂ ਵਿਚ ਸ਼ਾਮਲ ਸਨ। ਉਸ ਰਾਤ ਇਸ ਫੌਜੀ ਅਫਸਰ ਅਤੇ ਉਸ ਦੇ ਸਾਥੀਆਂ ਨੇ ਕੋਈ 10 ਹਜ਼ਾਰ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਪਰ ਇਹ ਭਲਾ ਕਰਦਿਆਂ ਖੁਦ ਉਸ ਦੇ ਫੇਫੜੇ ਖਰਾਬ ਹੋ ਗਏ ਅਤੇ ਉਸ ਦੀਆਂ ਅੱਖਾਂ ਜਵਾਬ ਦੇ ਗਈਆਂ।

ਬੀ ਬੀ ਸੀ ਵਲੋਂ ਛਾਪੀ ਗਈ ਇਕ ਰਿਪੋਰਟ ਅਨੁਸਾਰ ਉਨ੍ਹਾਂ ਦਰਦਨਾਕ ਖਿਣਾਂ ਵਿਚ ਇਕ ਨਾਇਕ ਦੀ ਤਰ੍ਹਾਂ ਉਭਰੇ ਕਰਨਲ ਖਨੂਜਾ ਅੱਜ ਕੱਲ ਜੈਪੁਰ ਵਿਚ ਗੁਮਨਾਮੀ ਦੀ ਜ਼ਿੰਦਗੀ ਜਿਉ ਰਹੇ ਹਨ। ਸਰਕਾਰ ਨੇ ਉਨ੍ਹਾਂ ਨੂੰ ਕੀ ਦਿੱਤਾ-ਮਹਿਜ ਦੋ ਲੱਖ ਚਾਰ ਹਜ਼ਾਰ ਰੁਪਏ? ਪਰ ਕਰਨਲ ਖਨੂਜਾ ਨੂੰ ਆਪਣੇ ਕੰਮ ਉਤੇ ਬਹੁਤ ਫਖਰ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਰੱਬ ਨੇ ਮੇਰੇ ਤੋਂ ਇਹ ਨੇਕ ਕੰਮ ਕਰਵਾਇਆ ਅਤੇ ਮੈਂ ਰੱਬ ਦਾ ਸ਼ੁਕਰਗੁਜ਼ਾਰ ਹਾਂ। ਫੌਜ ਤੋਂ ਰਿਟਾਇਰ ਹੋਣ ਪਿਛੋਂ ਉਹ ਇਥੇ ਆ ਵੱਸੇ। ਉਨ੍ਹਾਂ ਦਾ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਫੌਜ ਵਿਚ ਹਨ ਅਤੇ ਦੇਸ਼ ਭਗਤੀ 71 ਸਾਲਾ ਕਰਨਲ ਖਨੂਜਾ ਦੀ ਰਗ ਰਗ ਵਿਚ ਸਮਾਈ ਹੋਈ ਹੈ।

ਉਸ ਖੌਫਨਾਕ ਰਾਤ ਕਰਨਲ ਖਨੂਜਾ ਨੇ ਲਾਮਿਸਾਲ ਸੂਝ-ਬੂਝ ਅਤੇ ਬਹਾਦਰੀ ਦੀ ਇਕ ਵੱਡੀ ਮਿਸਾਲ ਕਾਇਮ ਕੀਤੀ। ਗੈਸ ਕਾਰਨ ਨਿਢਾਲ ਹੋਏ ਫੇਫੜਿਆਂ ਨਾਲ ਔਖੇ ਸਾਹ ਲੈਂਦਿਆਂ ਅਤੇ ਆਪਣੀ ਉਮਰ ਦੇ ਤਕਾਜ਼ੇ ਕਾਰਨ ਕਮਜ਼ੋਰ ਸਰੀਰ ਕਰਨਲ ਖਨੂਜਾ ਨੇ ਉਸ ਖੌਫਨਾਕ ਰਾਤ ਦਾ ਕਹਿਰ ਜਦੋਂ ਬਿਆਨਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਉਸ ਗੈਸ ਹਾਦਸੇ ਦੀ ਤਸਵੀਰ ਸਾਫ ਨਜ਼ਰ ਆਉਂਦੀ ਸੀ। ਉਨ੍ਹਾਂ ਦੱਸਿਆ ਕਿ ਉਸ ਵਕਤ ਭੁਪਾਲ ਵਿਚ ਉਹ ਫੌਜ ਦੀ ਤੀਜੀ ਇਲੈਕਟ੍ਰੀਕਲ ਅਤੇ ਮਕੈਨੀਕਲ ਇੰਜੀਨੀਅਰਿੰਗ ਬਟਾਲੀਅਨ ਦੀ ਅਗਵਾਈ ਕਰ ਰਹੇ ਸਨ। ਸਾਨੂੰ ਇਤਲਾਹ ਮਿਲੀ ਕਿ ਕੋਈ ਹਾਦਸਾ ਹੋ ਗਿਆ ਹੈ, ਮਦਦ ਲਈ ਚਲਣਾ ਹੈ। ਮੈਂ ਆਪਣੀਆਂ ਤੇਰਾਂ ਗੱਡੀਆਂ ਅਤੇ ਹਰ ਗੱਡੀ ਨਾਲ ਦੋ ਦੋ ਡਰਾਈਵਰ ਲੈ ਕੇ ਨਿੰਕਲ ਪਿਆ। ਉਦੋਂ ਰਾਤ ਦੇ ਦੋ ਵੱਜੇ ਸਨ। ਕਰੀਬ ਪੰਦਰਾਂ ਮਿੰਟਾਂ ਵਿਚ ਅਸੀਂ ਉਥੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਸਾਨੂੰ ਫੈਕਟਰੀ ਗੇਟ ਤੋਂ ਲੋਕਾਂ ਨੂੰ ਕੱਢਣ ਵਾਸਤੇ ਭੇਜਿਆ ਗਿਆ ਸੀ ਪਰ ਜਦੋਂ ਅਸੀਂ ਰਾਹ ਵਿਚ ਹੀ ਸਾਂ ਤਾਂ ਇੰਦੌਰ ਅਤੇ ਸਿਹੋਰ ਜਾਣ ਵਾਲੀ ਸੜਕ ਉਤੇ ਅਸੀਂ ਲੋਕਾਂ ਨੂੰ ਬਦਹਵਾਸ ਹੋ ਕੇ ਭੱਜੇ ਜਾਂਦਿਆਂ ਦੇਖਿਆ। ਅਸੀਂ ਮੌਕੇ 'ਤੇ ਹੀ ਫੈਸਲਾ ਲੈ ਕੇ ਉਨ੍ਹਾਂ ਨੂੰ ਗੱਡੀਆਂ ਉਤੇ ਬਿਠਾਲ ਕੇ ਹਸਪਤਾਲ ਭੇਜਣਾ ਸ਼ੁਰੂ ਕਰ ਦਿੱਤਾ। ਫਿਰ ਮੇਰੇ ਪਾਸ ਫੌਜ ਦੀ ਸਿਰਫ ਇਕੋ ਹੀ ਗੱਡੀ ਰਹਿ ਗਈ। ਮੈਂ ਉਸ ਗੱਡੀ ਵਿਚ ਨਿਸ਼ਾਤਪੁਰ ਦੇ ਰੇਲਵੇ ਫਾਟਕ ਤੱਕ ਗਿਆ, ਉਹ ਸਮਾਂ ਚੇਤੇ ਕਰਕੇ ਅੱਜ ਵੀ ਦਿਲ ਕੰਬਦਾ ਹੈ। ਸਭ ਪਾਸੇ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ। ਮੈਂ ਜਿਉਂਦਿਆਂ ਨੂੰ ਬਚਾਉਣਾ ਸੀ।

ਕਰਨਲ ਖਨੂਜਾ ਨੇ ਉਸ ਰਾਤ ਦੇ ਭਿਆਨਕ ਸਮੇਂ ਨੂੰ ਚੇਤੇ ਕਰਦਿਆਂ ਦੱਸਿਆ, "ਉਦੋਂ ਹੀ ਕਿਸੇ ਨੇ ਦੱਸਿਆ ਕਿ ਇਕ ਵਾਲਵ ਖੁੱਲ੍ਹਿਆ ਹੋਇਆ ਹੈ ਅਤੇ ਗੈਸ ਲੀਕ ਹੋ ਰਹੀ ਹੈ। ਅਸੀਂ ਲੋਕਾਂ ਦੀ ਮਦਦ ਨਾਲ ਇਹ ਵਾਲਵ ਬੰਦ ਕੀਤਾ। ਮੈਂ ਨਹੀਂ ਜਾਣਦਾ ਕਿ ਵਾਹਿਗੁਰੂ ਨੇ ਕਿਸ ਤਰ੍ਹਾਂ ਮੈਨੂੰ ਇੰਨੀ ਤਾਕਤ ਦਿੱਤੀ।"

ਤੜਕੇ ਚਾਰ-ਪੰਜ ਵਜੇ ਹਮੀਦੀਆ ਹਸਪਤਾਲ ਤੋਂ ਇਤਲਾਹ ਮਿਲੀ ਕਿ ਉਥੇ ਹੋਰ ਮਰੀਜ਼ ਲੈਣ ਦੀ ਜਗ੍ਹਾ ਨਹੀਂ ਹੈ, ਇਸ ਪਿਛੋਂ ਅਸੀਂ ਹੋਰ ਮਰੀਜ਼ ਬੈਰਾਗੜ੍ਹ ਅਤੇ ਮਿਲਟਰੀ ਹਸਪਤਾਲ ਭੇਜਣੇ ਸ਼ੁਰੂ ਕੀਤੇ। ਮੇਰੇ ਪਾਸ ਜਿਹੜੇ 13 ਡਰਾਈਵਰ ਹੋਰ ਸਨ, ਉਨ੍ਹਾਂ ਨੂੰ ਮੈਂ ਕਿਹਾ ਕਿ ਜਿਹੜੀ ਵੀ ਪ੍ਰਾਈਵੇਟ ਗੱਡੀ ਲੱਭੇ, ਚੁੱਕ ਲਓ ਅਤੇ ਲੋਕਾਂ ਨੂੰ ਹਸਪਤਾਲ ਪਹੁੰਚਾਓ। ਕਰਨਲ ਖਨੂਜਾ ਨੇ ਦੱਸਿਆ ਕਿ ਬਾਅਦ ਵਿਚ ਪਤਾ ਲੱਗਾ ਕਿ ਸਾਡੇ ਯਤਨਾਂ ਨਾਲ ਕੋਈ 10 ਹਜ਼ਾਰ ਲੋਕਾਂ ਨੂੰ ਇਲਾਜ ਲਈ ਮਦਦ ਮਿਲ ਸਕੀ। ਇਸ ਤੋਂ ਅਗਲੇ ਦਿਨ ਮੈਨੂੰ ਖੁਦ ਹਸਪਤਾਲ ਦਾਖਲ ਹੋਣਾ ਪਿਆ ਅਤੇ ਦੱਸਿਆ ਗਿਆ ਕਿ ਮੇਰੇ ਫੇਫੜੇ 60 ਫੀਸਦ ਖਰਾਬ ਹੋ ਚੁਕੇ ਹਨ। ਉਸ ਪਿਛੋਂ ਮੈਨੂੰ ਲਖਨਊ ਹਸਪਤਾਲ ਭੇਜ ਦਿੱਤਾ ਗਿਆ ਅਤੇ ਉਦੋਂ ਤੋਂ ਹੀ ਮੇਰੇ ਹਸਪਤਾਲਾਂ ਦੇ ਚੱਕਰ ਲੱਗ ਰਹੇ ਹਨ।

ਭੁਪਾਲ ਗੈਸ ਤ੍ਰਾਸਦੀ ਦੇ ਇਸ ਨਾਇਕ ਦਾ ਗਿਲਾ ਹੈ ਕਿ ਸਰਕਾਰ ਨੇ ਉਸ ਦੀ ਕੋਈ ਸੁਧ-ਬੁਧ ਨਹੀਂ ਲਈ। ਕੀ ਉਸ ਨੂੰ ਕੋਈ ਮੁਆਵਜ਼ਾ



*ਭੁਪਾਲ ਗੈਸ ਤ੍ਰਾਸਦੀ ਬਾਰੇ ਦੱਸਦੇ ਹੋਏ ਕਰਨਲ ਖਨੂਜਾ*

ਮਿਲਿਆ? ਕਰਨਲ ਖਨੂਜਾ ਨੇ ਉਦਾਸ ਲਫਜ਼ਾਂ ਨਾਲ ਦੱਸਿਆ ਕਿ ਪਹਿਲਾਂ ਕਾਫੀ ਰੌਲੇ-ਗੌਲੇ ਪਿਛੋਂ 50 ਹਜ਼ਾਰ ਦਿੱਤੇ। ਫਿਰ ਅਪੀਲ ਕੀਤੀ ਤਾਂ 70 ਹਜ਼ਾਰ ਰੁਪਏ ਦੇਣ ਦਾ ਹੁਕਮ ਹੋਇਆ। ਬਾਅਦ ਵਿਚ ਘਟਾ ਕੇ 40 ਹਜ਼ਾਰ ਕਰ ਦਿੱਤਾ, ਹਾਈ ਕੋਰਟ ਵਿਚ ਅਪੀਲ ਕੀਤੀ ਤਾਂ ਇਕ ਲੱਖ ਦੋ ਹਜ਼ਾਰ ਰੁਪਏ ਮਿਲੇ। ਪਿਛੋਂ ਇੰਨੀ ਹੀ ਰਕਮ ਹੋਰ ਮਿਲੀ। ਕਰਨਲ ਖਨੂਜਾ ਨੇ ਅਫਸੋਸ ਜਾਹਰ ਕੀਤਾ ਕਿ ਉਸ ਰਾਤ ਬਚਾਓ ਕਾਰਜਾਂ ਵਿਚ ਲੱਗੇ ਜਵਾਨਾਂ ਦਾ ਵੀ ਇਹੋ ਹਾਲ ਹੈ। ਉਨ੍ਹਾਂ ਦੱਸਿਆ ਕਿ ਕਈ ਜਵਾਨਾਂ ਨੂੰ ਤਾਂ ਇਕ ਪੈਸਾ ਵੀ ਮੁਆਵਜ਼ੇ ਵਜੋਂ ਨਹੀਂ ਮਿਲਿਆ। ਮੈਂ ਬਚਾਓ ਕਾਰਜਾਂ ਵਿਚ ਰੁਝੇ ਜਵਾਨਾਂ ਨੂੰ ਹਦਾਇਤ ਕੀਤੀ ਸੀ ਕਿ ਪਾਣੀ ਪੀਂਦੇ ਰਹੋ ਅਤੇ ਗਿੱਲੇ ਕੱਪੜੇ ਨਾਲ ਅੱਖਾਂ ਸਾਫ ਕਰਦੇ ਰਹੋ, ਜਿਸ ਕਾਰਨ ਭਾਵੇਂ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਜਵਾਨਾਂ ਨੂੰ ਕੋਈ ਮੁਆਵਜ਼ਾ ਨਾ ਮਿਲਣ ਦਾ ਅਫਸੋਸ ਮੈਨੂੰ ਜ਼ਿੰਦਗੀ ਭਰ ਰਹੇਗਾ। ਉਨ੍ਹਾਂ ਮੰਨਿਆ ਕਿ ਬਾਅਦ ਵਿਚ ਉਨ੍ਹਾਂ ਦਾ ਜਵਾਨਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਕਰਨਲ ਗੁਰਚਰਨ ਸਿੰਘ ਖਨੂਜਾ ਦੀ ਜ਼ਿੰਦਗੀ ਇਕ ਦਰਦ ਭਰੀ ਦਾਸਤਾਨ ਹੈ। ਭੁਪਾਲ ਗੈਸ ਤ੍ਰਾਸਦੀ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰ ਦੇ ਸੱਤ ਜੀਆਂ ਨੂੰ ਪਲਵਲ ਦੇ ਨਜ਼ਦੀਕ ਇਕ ਜਨੂਨੀ ਭੀੜ ਨੇ ਉਸ ਵਕਤ ਜ਼ਿੰਦਾ ਜਲਾ ਦਿੱਤਾ ਸੀ ਜਦੋਂ ਉਹ ਪੰਜਾਬ ਤੋਂ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਕੇ ਪਰਤ ਰਹੇ ਸਨ। ਇਹ ਗੱਲ ਨਵੰਬਰ 1984 ਦੀ ਹੈ ਜਦੋਂ ਇੰਦਰਾ ਗਾਂਧੀ ਦੇ ਕਤਲ ਪਿਛੋਂ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ। ਕਰਨਲ ਖਨੂਜਾ ਨੇ ਦੱਸਿਆ ਕਿ ਇਸ ਕਤਲੇਆਮ ਦੀ ਭੇਟ ਉਨ੍ਹਾਂ ਦੇ ਦੋ ਸਕੇ ਭਰਾ ਅਤੇ ਪੰਜ ਹੋਰ ਰਿਸ਼ਤੇਦਾਰ ਚੜ੍ਹ ਗਏ।

ਇਸ ਮੁਲਾਕਾਤ ਦੇ ਸਮੇਂ ਕਰਨਲ ਖਨੂਜਾ ਦੀ ਪਤਨੀ ਅਤੇ ਧੀ ਇਲਾਜ ਲਈ ਪੂਣੇ ਗਏ ਹੋਏ ਸਨ ਪਰ ਕਰਨਲ ਖਨੂਜਾ ਫਰਿਸ਼ਤਾਈ ਅੰਦਾਜ਼ ਵਿਚ ਬੋਲੇ, "ਆਦਮੀ ਵਿਚ ਇਨਸਾਨੀਅਤ ਦਾ ਜਜ਼ਬਾ ਹੋਣਾ ਜ਼ਰੂਰੀ ਹੈ।" ਫਿਰ ਭਗਤ ਕਬੀਰ ਨੂੰ ਚੇਤੇ ਕਰਦਿਆਂ ਕਹਿਣ ਲੱਗੇ, "ਜਦੋਂ ਅਸੀਂ ਆਏ ਜੱਗ ਹੱਸਿਆ ਅਸੀਂ ਰੋਏ, ਜਦੋਂ ਜਾਈਏ ਤਾਂ ਕੁਝ ਐਸਾ ਕਰਕੇ ਜਾਈਏ ਕਿ ਜੱਗ ਰੋਏ ਅਸੀਂ ਹੱਸੀਏ।"


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



## Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਜਥੇਦਾਰ ਸੇਵਾ ਸਿੰਘ ਸੇਖਵਾਂ ਅਮਰੀਕਾ ਨਹੀਂ ਆ ਰਹੇ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬ ਦੇ ਕੈਬਨਿਟ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਗਲੇ ਦਿਨੀਂ ਅਮਰੀਕਾ ਨਹੀਂ ਆ ਰਹੇ ਅਤੇ ਉਨ੍ਹਾਂ ਦੇ ਅਮਰੀਕਾ ਇਸੇ ਹਫਤੇ ਆਉਣ ਬਾਰੇ ਛਪੀਆਂ ਖਬਰਾਂ ਦਾ ਖੰਡਨ ਕੀਤਾ ਗਿਆ ਹੈ। ਜਦੋਂ ਇਸ ਪੱਤਰਕਾਰ ਨੇ ਜਥੇਦਾਰ ਸੇਖਵਾਂ ਨਾਲ ਉਨ੍ਹਾਂ ਦੇ ਅਮਰੀਕਾ ਦੌਰੇ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਸਪਸ਼ਟ ਲਫਜ਼ਾਂ 'ਚ ਕਿਹਾ ਕਿ ਉਹ ਅਮਰੀਕਾ ਵਿਚ ਇਸ ਹਫਤੇ ਹੋ ਰਹੇ ਕਿਸੇ ਸਮਾਗਮ ਵਿਚ ਸ਼ਾਮਲ ਹੋਣ ਲਈ ਨਹੀਂ ਆ ਰਹੇ ਅਤੇ ਇਸ ਸਬੰਧੀ ਜੋ ਵੀ ਖਬਰ ਜਾਂ ਇਸ਼ਤਿਹਾਰ ਛਾਪਿਆ ਗਿਆ ਹੈ ਉਹ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾ ਛਪਿਆ ਹੈ।

ਜਥੇਦਾਰ ਸੇਖਵਾਂ ਨੇ ਆਖਿਆ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਸਮੂਹ ਅਕਾਲੀ ਆਗੂਆਂ ਦੀਆਂ ਸਖਤ ਡਿਊਟੀਆਂ ਲਾ ਦਿੱਤੀਆਂ ਹਨ ਇਸ ਲਈ ਇਸ ਸਮੇਂ ਮੇਰਾ ਤਾਂ ਕੀ ਕਿਸੇ ਵੀ ਸੀਨੀਅਰ ਅਕਾਲੀ ਆਗੂ ਦਾ ਪੰਜਾਬ ਤੋਂ ਬਾਹਰ ਜਾਣਾ ਬਹੁਤ ਹੀ ਮੁਸ਼ਕਿਲ ਹੈ। ਵਧੇਰੇ ਜਾਣਕਾਰੀ ਲਈ ਪੰਜਾਬ ਦੇ ਲੋਕ ਸੰਪਰਕ ਅਤੇ ਐਨ ਆਰ ਆਈ ਮੰਤਰੀ ਸ੍ਰੀ ਸੇਖਵਾਂ ਨਾਲ ਉਨ੍ਹਾਂ ਦੇ ਫੋਨ 91-97797-55552 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਮੀਟਿੰਗ 11 ਨੂੰ

**ਮਾਡੈਸਟੋ (ਮਹਿੰਦਰ ਕੰਡਾ):** ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਅਟਵਾਲ ਅਤੇ ਜਨਰਲ ਸਕੱਤਰ ਸ੍ਰੀ ਗੁਰਦਾਵਰ ਸਿੰਘ ਮਹੇੜ੍ਹ ਨੇ ਸਮੂਹ ਖੇਡ ਕਲੱਬਾਂ ਦੀ ਇਕ ਮੀਟਿੰਗ 11 ਜੁਲਾਈ ਐਤਵਾਰ ਨੂੰ ਯੂਨੀਅਨ ਸਿਟੀ ਦੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਬੁਲਾਈ ਹੈ। ਸਾਰੀਆਂ ਕਲੱਬਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ ਕਿ ਉਹ ਵੱਧ ਤੋਂ ਵੱਧ ਮੈਂਬਰ ਲੈ ਕੇ ਮੀਟਿੰਗ ਵਿਚ ਹਾਜ਼ਰ ਹੋਣ।

ਯੂ ਐਸ ਏ ਕਬੱਡੀ ਫੈਡਰੇਸ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਾਈਲਾਅਜ਼ ਬਣਾਉਣ, ਮੈਂਬਰਸ਼ਿਪ ਨਿਯਮਾਂ, ਮੈਂਬਰਸ਼ਿਪ ਫੀਸ ਅਤੇ ਸੰਵਿਧਾਨਕ ਢਾਂਚੇ ਬਾਰੇ ਕਲੱਬਾਂ ਨਾਲ ਵਿਚਾਰ ਕੀਤੀ ਜਾਏਗੀ। ਮੀਟਿੰਗ ਸੰਬੰਧੀ ਹੋਰ ਜਾਣਕਾਰੀ ਸੁਰਿੰਦਰ ਸਿੰਘ ਅਟਵਾਲ ਫੋਨ 209-321-5476 ਜਾਂ ਗੁਰਦਾਵਰ ਸਿੰਘ ਮਹੇੜ੍ਹ ਫੋਨ 510-468-9381 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਸਟੋਰਾਂ 'ਤੇ ਰੁਲਦੇ ਰੁਮਾਲੇ ਵਿਰਸਾ ਸੰਭਾਲ ਸੁਸਾਇਟੀ ਨੇ ਸੰਭਾਲੇ

**ਸੈਕਰਾਮੈਂਟੋ:** ਪੰਜਾਬ ਟਾਈਮਜ਼ ਵਿਚ ਇਥੋਂ ਦੇ ਇਕ ਥ੍ਰਿਫਟ ਸਟੋਰ ਉਤੇ ਮੇਜਪੋਸ਼ਾਂ ਵਜੋਂ ਵਿਕਦੇ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਕੀਤੇ ਗਏ ਰੁਮਾਲਿਆਂ ਦੀ ਤਸਵੀਰ ਅਤੇ ਖਬਰ ਛਪਣ ਉਪਰੰਤ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੇ ਮੈਂਬਰਾਂ ਨੇ ਇਸ ਥ੍ਰਿਫਟ ਸਟੋਰ ਤੋਂ ਸਟੋਰ ਮੁਲਾਜ਼ਮਾਂ ਨੂੰ ਰੁਮਾਲਿਆਂ ਦੀ ਪਵਿੱਤਰਤਾ ਅਤੇ ਅਹਿਮੀਅਤ ਬਾਰੇ ਦੱਸ ਕੇ ਸਾਰੇ ਰੁਮਾਲੇ ਖਰੀਦ ਲਏ। ਇਥੇ ਜ਼ਿਕਰਯੋਗ ਹੈ ਕਿ 19 ਜੂਨ ਦੇ ਪੰਜਾਬ ਟਾਈਮਜ਼ ਵਿਚ ਸੈਕਰਾਮੈਂਟੋ ਦੇ ਇਕ ਸਟੋਰ ਉਤੇ ਵਿਕਦੇ ਗੁਰੂ ਕੇ ਪੁਸ਼ਾਕਿਆਂ ਦੀ ਹੋ ਰਹੀ ਬੇਅਦਬੀ ਬਾਰੇ ਖਬਰ ਛਾਪੀ ਗਈ ਸੀ। ਇਨ੍ਹਾਂ ਰੁਮਾਲਿਆਂ ਵਿਚੋਂ ਕੁਝ ਉਤੇ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਹੋਈਆਂ ਸਨ ਅਤੇ ਇਹ ਮੇਜਪੋਸ਼ਾਂ ਵਜੋਂ ਵੇਚੇ ਜਾ ਰਹੇ ਸਨ। ਇਹ ਸਵਾਲ ਉਠਾਇਆ ਗਿਆ ਸੀ ਕਿ ਆਖਰ ਇਸ ਬੇਅਦਬੀ ਲਈ ਕੌਣ ਜ਼ਿਮੇਵਾਰ ਹੈ?

ਸੁਸਾਇਟੀ ਨੇ ਇਹ ਰੁਮਾਲੇ ਸਟੋਰ ਤੋਂ ਖਰੀਦ ਕੇ ਇਨ੍ਹਾਂ ਦੀ ਸਹੀ ਸੰਭਾਲ ਦਾ ਨਿਰਨਾ ਲਿਆ। ਸਟੋਰ ਮੁਲਾਜ਼ਮਾਂ ਨੇ ਦੱਸਿਆ ਕਿ ਗੈਰ ਭਾਰਤੀ ਹੋਣ ਕਰਕੇ ਉਨ੍ਹਾਂ ਨੂੰ ਇਨ੍ਹਾਂ ਰੁਮਾਲਿਆਂ ਦੀ ਪਵਿੱਤਰਤਾ ਬਾਰੇ ਕੁਝ ਵੀ ਪਤਾ ਨਹੀਂ ਸੀ।

# ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਵਲੋਂ ਉਘੀਆਂ ਸ਼ਖਸੀਅਤਾਂ ਦਾ ਸਨਮਾਨ

**ਸੈਕਰਾਮੈਂਟੋ:** ਪੰਜਾਬ ਦੇ ਵਿਰਸੇ ਨੂੰ ਸੰਭਾਲਣ ਦੇ ਯਤਨਾਂ ਵਿਚ ਜੁਟੀ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਵਲੋਂ ਪਿਛਲੇ ਐਤਵਾਰ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਛੋਟੇ ਛੋਟੇ ਬੱਚਿਆਂ ਨੇ ਵੱਖ ਵੱਖ ਸਾਜ਼ਾਂ ਨਾਲ ਸ਼ਬਦ ਕੀਰਤਨ ਕੀਤਾ। ਇਨ੍ਹਾਂ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਸੁਸਾਇਟੀ ਵਲੋਂ ਸਰਟੀਫਿਕੇਟ ਅਤੇ ਨਕਦ ਇਨਾਮ ਦਿੱਤੇ ਗਏ। ਸਮਾਗਮ ਵਿਚ ਏਸ਼ੀਆ ਦੀ ਫੁਟਬਾਲ ਟੀਮ ਦੇ ਕਪਤਾਨ ਰਹਿ ਚੁਕੇ ਪ੍ਰਸਿਧ ਖਿਡਾਰੀ ਅਤੇ ਅਰਜਨ ਐਵਾਰਡੀ ਸ. ਇੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਮਾਲੀ ਮਦਦ ਦਾ ਚੈਕ ਵੀ ਦਿੱਤਾ ਗਿਆ ਜੋ ਉਨ੍ਹਾਂ ਨੇ ਸਤਿਕਾਰ ਨਾਲ ਮੋੜਦਿਆਂ ਆਖਿਆ ਕਿ ਇਹ ਮਾਇਆ ਸ਼ਬਦ ਕੀਰਤਨ ਕਰ ਰਹੇ ਬੱਚਿਆਂ ਨੂੰ ਦੇ ਦਿੱਤੀ ਜਾਵੇ। ਅਮਰੀਕਾ ਵਿਚ ਜਨਮੇ ਭਾਈ ਤੇਜਵਿੰਦਰ ਸਿੰਘ ਜੋ ਅੱਜ ਕੱਲ੍ਹ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਨਿਸ਼ਕਾਮ ਸੇਵਾ ਕਰਦੇ ਹਨ, ਦੇ ਮਾਤਾ-ਪਿਤਾ ਸ. ਗੁਰਚਰਨ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦਾ ਸਨਮਾਨ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਲਈ ਕੀਤਾ ਗਿਆ।

ਸੁਸਾਇਟੀ ਵਲੋਂ ਕੈਲੀਫੋਰਨੀਆ ਦੀ ਬਾਸਕਿਟਬਾਲ ਟੀਮ ਲਈ 20 ਖਿਡਾਰੀਆਂ ਵਿਚ ਚੁਣੇ ਗਏ ਸ. ਕੁਲਵੰਤ ਸਿੰਘ ਗਿੱਲ ਦੇ 6 ਫੁੱਟ 8 ਇੰਚ ਲੰਮੇ ਨੌਜਵਾਨ ਪੁੱਤਰ ਤੇਜਵੀਰ ਸਿੰਘ ਗਿੱਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਗਦਰੀ ਬਾਬਿਆਂ ਦੇ ਪਰਿਵਾਰਾਂ ਵਿਚੋਂ ਜਥੇਦਾਰ ਪ੍ਰਤਾਪ ਸਿੰਘ ਪਿੰਡ ਮੋਇਲਾ (ਜ਼ਿਲਾ ਹੁਸ਼ਿਆਰਪੁਰ) ਦੀ ਪੋਤਰੀ ਬੀਬੀ ਪਰਮਿੰਦਰ ਕੌਰ ਚੌਹਾਨ ਦਾ ਉਚੇਚਾ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜਥੇਦਾਰ ਪ੍ਰਤਾਪ ਸਿੰਘ ਸੰਤ ਅਤਰ ਸਿੰਘ ਮਸਤੁਆਣੇ ਵਾਲਿਆਂ ਦੀ ਪ੍ਰੇਰਨਾ ਨਾਲ ਕੈਨੇਡਾ ਪੜ੍ਹਨ ਆਏ ਸਨ ਅਤੇ ਇਸੇ ਦੌਰਾਨ ਅਮਰੀਕਾ ਆ ਕੇ ਗਦਰ ਲਹਿਰ ਵਿਚ ਸ਼ਾਮਲ ਹੋ ਗਏ। ਬਾਅਦ ਵਿਚ ਉਨ੍ਹਾਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਪਹਿਲਾ ਜਥੇਦਾਰ ਵੀ ਨਿਯੁਕਤ ਕੀਤਾ ਗਿਆ।

ਸਿੱਖ ਭਾਈਚਾਰੇ ਦੀ ਲੋੜ ਵੇਲੇ ਹਰ ਸੇਵਾ ਕਰਨ ਵਾਲੇ ਡਾ. ਨਰਿੰਦਰ ਕੌਰ ਸੰਧੂ ਨੇ ਇਸ ਮੌਕੇ ਆਪਣੀ ਸਮੁੱਚੀ ਟੀਮ ਨਾਲ ਮੁਫਤ ਮੈਡੀਕਲ ਕੈਂਪ ਲਾਇਆ, ਉਨ੍ਹਾਂ ਦਾ ਵੀ ਉਚੇਚਾ ਸਨਮਾਨ ਕੀਤਾ ਗਿਆ।

ਸਮਾਗਮ ਦੀ ਸਫਲਤਾ ਲਈ ਇੰਡੋ-ਅਮੈਰਿਕਨ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਇੰਡਸ ਵੈਲੀ ਚੈਂਬਰ ਦੇ ਸੁਖਚੈਨ ਸਿੰਘ, ਪੰਜਾਬੀ ਕਲਚਰਲ ਸੁਸਾਇਟੀ ਦੇ ਰਛਪਾਲ ਸਿੰਘ ਫਰਵਾਲਾ, ਕੋਹਿਨੂਰ ਕਲੱਬ ਦੇ ਡਾ. ਪਰਮਜੀਤ ਰੰਧਾਵਾ ਅਤੇ ਨਵਤੇਜ ਰਿਆੜ ਦਾ ਦਿੱਤੇ ਗਏ ਸਹਿਯੋਗ ਲਈ ਉਚੇਚਾ ਧੰਨਵਾਦ ਕੀਤਾ ਗਿਆ। ਸਮਾਗਮ ਦੇ ਅਰੰਭ ਵਿਚ ਸੁਸਾਇਟੀ ਦੇ ਚੇਅਰਮੈਨ ਪਰਗਨ ਸਿੰਘ ਬੈਂਸ ਨੇ ਸਭ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਸੁਸਾਇਟੀ ਦੇ ਮਨੋਰਥ ਅਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਨਰਿੰਦਰਪਾਲ ਸਿੰਘ ਹੁੰਦਲ ਨੇ ਕੀਤਾ ਜਿਨ੍ਹਾਂ ਨੇ ਬੱਚਿਆਂ ਦੇ ਪ੍ਰੋਗਰਾਮ ਉਪਰੰਤ ਵੱਖ ਵੱਖ ਬੁਲਾਰਿਆਂ ਗਿਆਨੀ ਹਰਮੇਸ਼ ਸਿੰਘ ਹੈਡ ਗ੍ਰੰਥੀ, ਸੁਰਿੰਦਰ ਸਿੰਘ ਬਿੰਦਰਾ, ਡਾ. ਤਰਲੋਚਨ ਸਿੰਘ ਨਾਹਲ ਤੇ ਜਸਪ੍ਰੀਤ ਸਿੰਘ ਅਟਾਰਨੀ ਨੂੰ ਸੰਗਤਾਂ ਦੇ ਰੂਬਰੂ ਕੀਤਾ। ਅਖੀਰ ਵਿਚ ਸੁਸਾਇਟੀ ਦੇ ਪ੍ਰਧਾਨ ਸ. ਅਮਰੀਕ ਸਿੰਘ ਪਰਹਾਰ ਅਤੇ ਸਵਰਨ ਸਿੰਘ ਗਿੱਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਸਮਾਗਮ ਨੂੰ ਨੇਪਰੇ ਚਾੜਨ ਲਈ ਸੁਸਾਇਟੀ ਦੇ ਮੈਂਬਰਾਂ ਕੇਹਰ ਸਿੰਘ ਸੰਧੂ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਰੁਲਦਾ ਸਿੰਘ ਸੇਖੋਂ, ਮਨਜੀਤ ਸਿੰਘ ਵਾਲੀਆ, ਕਰਨੈਲ ਸਿੰਘ ਸੈਣੀ, ਰਾਜ ਕਪੂਰ, ਕੁਲਦੀਪ ਸਿੰਘ ਸੰਘੇੜਾ, ਮਾਸਟਰ ਹਰਭਜਨ ਰਾਏ, ਜਸਚਰਨ ਸਿੰਘ ਗਿੱਲ, ਵਿਕਰਮਜੀਤ ਸਿੰਘ ਰੰਧਾਵਾ, ਸੁਰਿੰਦਰਪਾਲ ਸਿੰਘ, ਪਿਆਰਾ ਸਿੰਘ ਪਰਹਾਰ, ਬਲਰਾਜ ਬਰਾੜ, ਜਸਬੀਰ ਸਿੰਘ, ਬਲਵੰਤ ਸਿੰਘ ਬਾਂਕਾ, ਰਮੇਸ਼ ਕੁਮਾਰ ਬੈਂਸ, ਜਸਮੇਲ ਸਿੰਘ ਚਿੱਟੀ, ਸਰਬਜੀਤ ਸਿੰਘ, ਪ੍ਰੀਤਮ ਸਿੰਘ ਗਰੇਵਾਲ, ਅਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਗਰੇਵਾਲ ਅਤੇ ਨਵਜੋਤ ਬੈਂਸ ਨੇ ਅਣਥੱਕ ਮਿਹਨਤ ਕੀਤੀ। ਫੋਟੋਗ੍ਰਾਫੀ ਮੂਨਲਾਈਟ ਸਟੂਡੀਓ ਦੇ ਜਸਵਿੰਦਰ ਸਿੰਘ ਅਤੇ ਛਬੀਲ ਦੀ ਸੇਵਾ ਟੱਰਕਰ ਵੀਰਾਂ ਨੇ ਕੀਤੀ।

## ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੈਲਮਾ, ਕੈਲੀਫੋਰਨੀਆ:** ਇਥੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਬੇਹੱਦ ਸ਼ਰਧਾ ਨਾਲ ਮਨਾਇਆ ਗਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਦੇਵਰਾਜ ਸਿੰਘ ਨੇ ਸਟੇਜ ਦਾ ਸੰਚਾਲਨ ਕਰਦਿਆਂ ਦੱਸਿਆ ਕਿ ਗੁਰੂ ਸਾਹਿਬਾਨ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਜਾਤ, ਧਰਮ, ਮਜ਼੍ਹਬ ਤੋਂ ਉਪਰ ਉਠ ਕੇ ਇਕਜੁੱਟ ਹੋ ਕੇ ਬੈਠਣ ਦੇ ਸੂਤਰ ਹਨ ਇਸੇ ਲਈ ਇਸ ਗੁਰੂ ਘਰ ਵਲੋਂ ਪਿਛਲੇ ਵਰ੍ਹੇ ਸ੍ਰੀ ਲੱਖੀ ਸ਼ਾਹ ਵਣਜਾਰਾ ਨੂੰ ਵੀ ਬੜੀ ਸ਼ਰਧਾ ਨਾਲ ਯਾਦ ਕੀਤਾ ਗਿਆ ਸੀ।

ਇਸ ਮੌਕੇ ਗਿਆਨੀ ਮੋਹਨ ਸਿੰਘ ਯੂਬਾ ਸਿਟੀ ਦੇ ਢਾਡੀ ਜਥੇ ਨੇ ਪੰਜਵੇਂ ਪਾਤਸ਼ਾਹ ਦੀ ਬਾਣੀ ਅਤੇ ਉਨ੍ਹਾਂ ਦੀ ਕੁਰਬਾਨੀ ਪ੍ਰਥਾਏ ਢਾਡੀ ਵਾਰਾਂ ਦੇ ਜ਼ਰੀਏ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜੀ ਰੱਖਿਆ। ਢਾਡੀ ਜਥੇ ਦੇ ਬੁਲਾਰੇ ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਨੇ ਬਹੁਤ ਭਾਵੁਕ ਹੋ ਕੇ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਉਤੇ ਵਿਸਥਾਰ ਨਾਲ ਚਾਨਣਾ ਪਾਇਆ ਕਿ ਕਿਵੇਂ ਉਨ੍ਹਾਂ ਤੱਤੀਆਂ ਲੋਹਾਂ ਉਤੇ ਬੈਠ ਕੇ ਵੀ ਕਦੇ ਸੀ ਨਾ ਉਚਰੀ। ਗੁਰੂ ਘਰ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੇਲ ਸਿੰਘ ਨੇ ਆਮ ਵਾਂਗ ਇਸ ਪਵਿੱਤਰ ਕਾਰਜ ਵਿਚ ਵੀ ਅਹਿਮ ਯੋਗਦਾਨ ਪਾਇਆ। ਲੰਮੇ ਸਮੇਂ ਤੋਂ ਇਸ ਗੁਰੂ ਘਰ ਦੀ ਸੇਵਾ ਵਿਚ ਲੱਗੇ ਵੰਨ ਸਟਾਪ ਵਾਲੇ ਲਖਵਿੰਦਰ ਸਿੰਘ ਸੰਧੂ ਤੋਂ ਬਿਨਾ ਰਾਜਿੰਦਰ ਸਿੰਘ, ਗੁਰੂ ਘਰ ਬਣਾਉਣ ਦਾ ਸੁਪਨਾ ਸਾਕਾਰ ਕਰਨ ਵਾਲੇ ਚੰਚਲ ਸਿੰਘ ਵੀ ਇਸ ਮੌਕੇ ਹਾਜ਼ਰ ਸਨ। ਉਥੇ ਲੇਖਕ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਸ੍ਰੀ ਐਸ ਅਸ਼ੋਕ ਭੌਰਾ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੇ ਕੇ ਮਾਣ ਬਖਸ਼ਿਆ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦਾ ਸਮਾਗਮ 3 ਨੂੰ

**ਸੰਨੀਵੇਲ, ਕੈਲੀਫੋਰਨੀਆ:** ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਵੱਲੋਂ ਇੱਥੇ ਹਿੰਦੂ ਮੰਦਰ ਦੇ ਕਮਿਊਨਿਟੀ ਹਾਲ ਵਿਚ 3 ਜੁਲਾਈ ਨੂੰ ਹੋ ਰਹੀ ਕਾਨਫਰੰਸ ਨੂੰ ਸਫਲ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ, ਮੀਤ ਪ੍ਰਧਾਨ ਸ. ਇੰਦਰਜੀਤ ਸਿੰਘ ਬੜਿੰਗ ਤੇ ਤਾਲਮੇਲ ਸਕੱਤਰ ਸ. ਸੰਤੋਖ ਸਿੰਘ ਜੱਜ ਨੇ ਇੱਥੇ ਦੱਸਿਆ ਕਿ ਲੋਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਐਸੋਸੀਏਸ਼ਨ ਦਾ ਸਮਾਗਮ ਹੁਣ 3 ਜੁਲਾਈ ਨੂੰ ਹੀ ਸ਼ਾਮ ਦੇ 4 ਵਜੇ ਤੋਂ ਰਾਤ ਦੇ 9 ਵਜੇ ਤੱਕ ਹੋਵੇਗਾ, ਜਿਸ ਵਿਚ ਜਿੱਥੇ ਨਾਰਥ ਅਮਰੀਕਾ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਭਾਰਤੀ ਅੰਬੈਸੀਆਂ ਵਿਚ ਅਤੇ ਪੰਜਾਬ ਵਿਚ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਵਿਚਾਰਾਂ ਕੀਤੀਆਂ ਜਾਣਗੀਆਂ।

ਇਕ ਬਿਆਨ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਜਿਹੜੇ ਵਿਅਕਤੀਆਂ ਨੂੰ ਸੱਦਾ ਪੱਤਰ ਕਿਸੇ ਕਾਰਨ ਨਹੀਂ ਮਿਲ ਸਕੇ, ਲੇਕਿਨ ਉਹ ਇਸ ਸਮਾਗਮ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਅਜਿਹੇ ਲੋਕ ਵੀ ਬਗੈਰ ਕਿਸੇ ਝਿਜਕ ਦੇ ਇਸ ਸਮਾਗਮ ਵਿਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਨਾਪਾ ਦਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਸੰਸਥਾ ਦਾ ਮੁੱਖ ਕੰਮ ਨਾਰਥ ਅਮਰੀਕਾ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਦੇ ਮਸਲਿਆਂ ਨੂੰ ਸੰਜੀਦਗੀ ਨਾਲ ਹੱਲ ਲਈ ਯਤਨ ਕਰਨਾ ਹੈ।

ਤਿੰਨ ਜੁਲਾਈ ਦੀ ਕਾਨਫਰੰਸ ਬਾਰੇ ਇਨ੍ਹਾਂ ਆਗੂਆਂ ਨੇ ਕਿਹਾ ਕਿ ਇਸ ਕਾਨਫਰੰਸ ਵਿਚ ਪੰਜਾਬੀ ਕਮਿਊਨਿਟੀ ਦੀ ਸੇਵਾ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਪੈਸ਼ਲ ਐਵਾਰਡ ਦੇ ਕੇ ਸਨਮਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਅੰਬੈਸੀਆਂ ਅੰਦਰ ਪੰਜਾਬੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਉਹ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਵਿਦੇਸ਼ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੂੰ ਮਿਲਣ ਜਲਦੀ ਹੀ ਭਾਰਤ ਜਾਣਗੇ। ਉਨ੍ਹਾਂ ਆਖਿਆ ਕਿ ਪੰਜਾਬ ਅੰਦਰ ਪ੍ਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਜਾਇਦਾਦਾਂ ਉਪਰ ਨਜਾਇਜ਼ ਕਬਜ਼ੇ ਛੁਡਾਉਣ ਲਈ ਉਹ ਹਰ ਪ੍ਰਭਾਵਿਤ ਪ੍ਰਵਾਸੀ ਪੰਜਾਬੀ ਦੀ ਮਦਦ ਕਰਨਗੇ। ਸੰਸਥਾ ਦੇ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਲੈਣ ਲਈ ਸ. ਦਲਵਿੰਦਰ ਸਿੰਘ ਧੂਤ 209-275-2708, ਸ. ਇੰਦਰਜੀਤ ਸਿੰਘ ਬੜਿੰਗ 209-403-6700 ਤੇ ਸ. ਸੰਤੋਖ ਸਿੰਘ ਜੱਜ ਨਾਲ 925-487-4679 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।




28 ਜੁਲਾਈ 2010 ਨੂੰ ਅਗਲੀਆਂ ਕਲਾਸਾਂ ਸ਼ੁਰੂ ਹੋਣੀਆਂ ਹਨ, ਸੀਟਾਂ ਭਰ ਜਾਣ ਤੋਂ ਪਹਿਲਾਂ ਦਾਖਲਾ ਲਓ।



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net



ਅਲਬਾਮਾ ਵਿਚ ਰੈਸਟੋਰੈਂਟ ਵਿਕਾਊ ਹੈ

ਅਲਬਾਮਾ ਵਿਚ ਬਹੁਤ ਕਾਮਯਾਬੀ ਨਾਲ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ।

*ਫਰੀ ਸਟੈਂਡਿੰਗ ਬਿਲਡਿੰਗ *ਬਹੁਤ ਵਧੀਆ ਲੋਕੇਸ਼ਨ
*ਵਾਜਬ ਰੈਂਟ *ਲੰਮੇ ਸਮੇਂ ਦੀ ਲੀਜ਼
ਮਾਸਿਕ ਆਮਦਨ 35 ਤੋਂ 40 ਹਜ਼ਾਰ ਡਾਲਰ

ਸੰਪਰਕ ਕਰੋ: ਫੋਨ 850-510-3466

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਪੰਜਾਬ ਵਿਚ ਝੋਨੇ ਦੀ ਛੜਾਈ ਰੁਕੀ, 40 ਲੱਖ ਟਨ ਝੋਨਾ ਅਜੇ ਵੀ ਖੁੱਲ੍ਹੇ ਅਸਮਾਨ ਹੇਠ ਸੜ ਰਿਹੈ**

-ਫਿਕਰ ਨਾ ਕਰੋ, ਸਰਕਾਰ ਮੀਂਹ ਪੁਆ ਕੇ ਠੰਡਾ ਕਰਕੇ ਈ ਚੁੱਕੂ।

***ਨੰਬਰਦਾਰਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਮੁੱਖ ਮੰਤਰੀ ਨੇ ਦਿੱਤਾ ਭਰੋਸਾ-ਪ੍ਰਧਾਨ ਨੰਬਰਦਾਰ ਸਭਾ**

-ਉਨਕੋ ਉਨਸੇ ਹੈ ਵਫਾ ਕੀ ਉਮੀਦ ਜੋ ਨਹੀਂ ਜਾਨਤੇ ਵਫਾ ਕਿਆ ਹੈ।

***ਮਿੱਗ-21 ਲੁਧਿਆਣਾ ਨੇੜੇ ਡਿੱਗ ਕੇ ਹਾਦਸਾਗ੍ਰਸਤ**

-ਸਿਆਣਿਆਂ ਨੇ ਪਹਿਲਾਂ ਹੀ ਸਮਝਾਇਆ, ਬਈ ਇਹਦਾ ਨਾਂ ਡਿੱਗ-21 ਰੱਖ ਲਓ!

***ਪੰਜਾਬ 'ਚ ਲੁੱਟਾਂ-ਖੋਹਾਂ ਤੇ ਡਕੈਤੀਆਂ ਦੀ ਭਰਮਾਰ**

-ਇਹ ਵੀ ਤਾਂ ਦੇਖੋ ਨਾ ਸਰਕਾਰ ਕੀਹਦੀ ਹੈ।

***ਰੇਲ ਵਿਭਾਗ ਦੀ ਜਾਂਚ ਕਦੋਂ ਖੁੱਲ੍ਹੂਗੀ?**

-ਜਦੋਂ ਰੇਲ ਗੱਡੀਆਂ ਦੀ ਆਹਮੋ-ਸਾਹਮਣੀ ਟੱਕਰ 'ਚ ਖੜਾਕ ਹੋਇਆ।

***ਪੰਜਾਬ 'ਚ ਨਸਲਵਾਦ ਨੂੰ ਸਿਰ ਨਹੀਂ ਚੁੱਕਣ ਦਿਆਂਗੇ-ਬਾਦਲ**

-ਬਾਦਲ ਸਾਬ੍ਹ, ਰੈਲੀਆਂ ਕਰਨ ਵਾਲਿਆਂ ਨੇ ਇੰਦਾਂ ਨਹੀਂ ਡਰਨਾ। 1977 ਵਾਲਾ ਫਾਰਮੂਲਾ ਅਪਨਾਓ।

***ਦਾਜ ਦੇਣ ਲਈ ਕੁੜੀ ਵਾਲੇ ਦੋਸ਼ੀ-ਅਦਾਲਤ ਦਾ ਫੈਸਲਾ**

-ਦਾਜ ਤਾਂ ਬਾਦ ਦੀ ਗੱਲ ਐ, ਪਹਿਲਾਂ ਤਾਂ ਉਹ ਕੁੜੀ ਜੰਮਣ ਦੇ ਈ ਦੋਸ਼ੀ ਐ!

# ਦੇਸ਼ ਵਿਚ ਅਨਾਜ ਦੀ ਥੁੜ, ਪਰ ਪੰਜਾਬ ਦੇ ਚੌਲ ਰੁਲ਼ੇ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਇਹ ਕਹਿ ਕੇ ਪਿਛਲੇ ਸਾਲ ਤੋਂ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਗਾ ਰਖੀ ਹੈ ਕਿ ਦੇਸ਼ ਵਿਚ ਅਨਾਜ ਦੀ ਥੁੜ ਹੈ ਕਿਉਂਕਿ ਸੋਕੇ ਕਾਰਨ ਉਤਪਾਦਨ ਘੱਟ ਹੋ ਰਿਹਾ ਹੈ ਪਰ ਦੂਜੇ ਪਾਸੇ ਭਾਰਤੀ ਖ਼ੁਰਾਕ ਨਿਗਮ ਵਲੋਂ ਪੰਜਾਬ ਦੀਆਂ ਚੌਲ ਮਿਲਾਂ ਤੋਂ ਕੇਂਦਰੀ ਪੂਲ ਲਈ ਬਣਾਇਆ ਗਿਆ ਚੌਲ ਨਹੀਂ ਚੁਕਿਆ ਜਾ ਰਿਹਾ। ਪੰਜਾਬ ਵਿਚ ਚੌਲ ਰੱਖਣ ਲਈ ਗੋਦਾਮ ਉਪਲਬਧ ਨਹੀਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿਚੋਂ ਚੌਲ ਇਸ ਕਰ ਕੇ ਦੂਜੇ ਰਾਜਾਂ ਨੂੰ ਨਹੀਂ ਭੇਜਿਆ ਜਾ ਰਿਹਾ ਕਿਉਂਕਿ ਉਥੇ ਮੰਗ ਘੱਟ ਹੋ ਗਈ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ ਸਾਉਣੀ ਦੀ ਫ਼ਸਲ ਦੀ ਖ਼ਰੀਦ ਸਮੇਂ ਝੋਨੇ ਦੇ ਉਤਪਾਦਨ ਵਿਚ 90 ਲੱਖ ਟਨ ਦੀ ਕਮੀ ਆਈ। ਇਸੇ ਤਰ੍ਹਾਂ ਇਸ ਸਾਲ ਅਪ੍ਰੈਲ-ਮਈ ਮਹੀਨੇ ਕਣਕ ਦੀ ਖ਼ਰੀਦ ਸਮੇਂ ਕਣਕ ਦੀ ਘੱਟ ਖ਼ਰੀਦ ਹੋਈ। ਪੰਜਾਬ ਦੇ ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਅੱਜ ਵੀ ਅਨਾਜ ਦੀ ਕਮੀ ਹੈ। ਜੇ ਉਤਪਾਦਨ ਜ਼ਿਆਦਾ ਹੋ ਗਿਆ ਹੈ ਤਾਂ ਸਰਕਾਰ ਆਮ ਚੌਲ ਦੀ ਬਰਾਮਦ 'ਤੇ ਲਗਾਈ ਪਾਬੰਦੀ ਖ਼ਤਮ ਕਿਉਂ ਨਹੀਂ ਕਰਦੀ ਜੋ ਅਜੇ ਵੀ ਜਾਰੀ ਹੈ। ਇਥੋਂ ਤਕ ਕਿ ਪਿਛਲੇ ਸਾਲ ਤਾਂ ਬਾਸਮਤੀ ਚੌਲ 'ਤੇ ਵੀ ਪਾਬੰਦੀ ਲਗਾ ਰੱਖੀ ਸੀ ਅਤੇ ਦੇਸ਼ ਵਿਚ ਕਿਸਾਨਾਂ ਵਲੋਂ ਰੌਲਾ ਪਾਉਣ ਪਿੱਛੋਂ ਹੀ ਬਾਸਮਤੀ ਦੀ ਬਰਾਮਦ ਖੋਲ੍ਹੀ ਗਈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਦੇਸ਼ ਵਿਚ ਅਨਾਜ ਦੀ ਖਪਤ ਸੈਂਕੜੇ ਲੱਖਾਂ ਟਨ ਹੈ ਅਤੇ ਕੇਂਦਰ ਸਰਕਾਰ ਨੂੰ ਪੁਰਾਣੀ ਨਿਸਚਿਤ ਮਾਤਰਾ ਤੋਂ ਵੀ 9-10 ਮਿਲੀਅਨ ਟਨ ਅਧਿਕ ਅਨਾਜ ਰਾਖਵਾਂ ਚਾਹੀਦਾ ਹੈ।

ਪਿਛਲੇ ਅਕਤੂਬਰ ਮਹੀਨੇ ਝੋਨੇ ਦੀ ਫ਼ਸਲ ਸਮੇਂ, ਪੰਜਾਬ ਦੀਆਂ ਮੰਡੀਆਂ ਵਿਚੋਂ 141.10 ਲੱਖ ਟਨ ਝੋਨੇ ਦੀ ਖ਼ਰੀਦ ਕੀਤੀ ਗਈ। ਇਸ ਵਿਚ ਚੌਲ ਮਿਲਾਂ ਵਲੋਂ ਖ਼ਰੀਦਿਆ 11.76 ਲੱਖ ਟਨ ਅਤੇ ਭਾਰਤੀ ਖ਼ੁਰਾਕ ਨਿਗਮ ਵਲੋਂ ਖ਼ਰੀਦਿਆ ਗਿਆ 2.6 ਲੱਖ ਟਨ ਝੋਨਾ ਵੀ ਸ਼ਾਮਲ ਹੈ। ਬਾਕੀ 127.28 ਲੱਖ ਟਨ ਝੋਨਾ ਪੰਜਾਬ ਦੀਆਂ ਸਰਕਾਰੀ ਖ਼ਰੀਦ ਏਜੰਸੀਆਂ ਨੇ ਕੇਂਦਰੀ ਪੂਲ ਵਿਚ ਚੌਲ ਦੇਣ ਲਈ ਖ਼ਰੀਦਿਆ। ਪੰਜਾਬ ਵਿਚ ਸਾਰੀਆਂ ਏਜੰਸੀਆਂ ਵਲੋਂ ਖ਼ਰੀਦੇ ਗਏ ਝੋਨੇ ਵਿਚੋਂ 94.19 ਲੱਖ ਟਨ ਚੌਲ ਬਣਨਾ ਹੈ ਪਰ ਝੋਨੇ ਦੀ ਛੜਾਈ ਵਿਚ ਦੇਰੀ ਕਾਰਨ ਸਿਰਫ਼ 62.20 ਲੱਟ ਟਨ ਚੌਲ ਹੀ ਭਾਰਤੀ ਖ਼ੁਰਾਕ ਨਿਗਮ ਦੇ ਹਵਾਲੇ ਕੀਤਾ ਜਾ ਸਕਿਆ ਹੈ ਅਤੇ ਅਜੇ ਲਗਭਗ 32 ਲੱਖ ਟਨ ਚੌਲ ਦੇਣਾ ਬਾਕੀ ਰਹਿੰਦਾ ਹੈ।

ਪਿਛਲੇ ਸਾਲ ਝੋਨੇ ਦੀ ਫ਼ਸਲ ਸਮੇਂ ਦੇਸ਼ ਵਿਚ 20 ਤੋਂ 30 ਫ਼ੀ ਸਦੀ ਤਕ ਸੋਕਾ ਪਿਆ ਜਿਸ ਨਾਲ ਝੋਨੇ ਦਾ ਉਤਪਾਦਨ 9 ਮਿਲੀਅਨ ਟਨ ਘੱਟ ਹੋਇਆ। ਉਸ ਤੋਂ ਬਾਅਦ ਇਸ ਸਾਲ ਮਾਰਚ-ਅਪ੍ਰੈਲ ਵਿਚ ਕਣਕ ਦੀ ਖ਼ਰੀਦ ਸਮੇਂ ਵੀ ਕਣਕ ਦਾ ਉਤਪਾਦਨ ਘਟਿਆ ਹੈ। ਉਪਰੋਕਤ ਅੰਕੜਿਆਂ ਅਨੁਸਾਰ ਤਾਂ ਭਾਰਤ ਵਿਚ ਅਨਾਜ ਦੀ ਅਜੇ ਵੀ ਭਾਰੀ ਕਮੀ ਹੈ ਪਰ ਕੇਂਦਰੀ ਏਜੰਸੀ ਵਲੋਂ ਪੰਜਾਬ ਵਿਚੋਂ ਚੌਲ ਫਿਰ ਵੀ ਨਹੀਂ ਚੁਕਿਆ ਜਾ ਰਿਹਾ।

# ਅਕਾਲੀ ਆਗੂ ਜੋਰਾ ਸਿੰਘ ਮਾਨ ਨਹੀਂ ਰਹੇ



**ਫਿਰੋਜ਼ਪੁਰ :** ਲੋਕ ਸਭਾ ਵਿਚ ਲਗਾਤਾਰ ਤਿੰਨ ਵਾਰ ਹਲਕਾ ਫਿਰੋਜ਼ਪੁਰ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਜੋਰਾ ਸਿੰਘ ਮਾਨ ਬੀਤੀ 27 ਜੂਨ ਨੂੰ ਸਵੇਰੇ ਅਕਾਲ ਚਲਾਣਾ ਕਰ ਗਏ। 70 ਸਾਲਾਂ ਦੇ ਸ. ਮਾਨ ਸ਼ੂਗਰ ਅਤੇ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਅਪੋਲੋ ਹਸਪਤਾਲ ਨਵੀਂ ਦਿੱਲੀ ਵਿਖੇ ਜ਼ੇਰੇ ਇਲਾਜ ਸਨ। ਇਹ ਖਬਰ ਮਿਲਦਿਆਂ ਹੀ ਇਲਾਕੇ ਭਰ ਵਿਚ ਸੋਗ ਦੀ ਲਹਿਰ ਦੌੜ ਗਈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੋਢੇ ਨਾਲ ਮੋਢਾ ਜੋੜ ਕੇ ਲੰਮਾ ਅਰਸਾ ਵਫਾਦਾਰ ਸਿਪਾਹੀ ਵਜੋਂ ਵਿਚਰਨ ਵਾਲੇ ਜੋਰਾ ਸਿੰਘ ਮਾਨ 1972 ਤੋਂ 1998 ਤਕ ਪਿੰਡ ਚੱਕ ਸੁਹੇਲੇ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਦੇ ਸਰਪੰਚ ਰਹੇ। 1996 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। 1998 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉਤਰੇ ਅਤੇ ਜਿੱਤ ਪ੍ਰਾਪਤ ਕੀਤੀ। ਇਸਤੋਂ ਬਾਅਦ 1999 ਅਤੇ 2004 ਦੀਆਂ ਲੋਕ ਸਭਾ ਚੋਣਾਂ ਵਿਚ ਲਗਾਤਾਰ ਜਿੱਤ ਪ੍ਰਾਪਤ ਕੀਤੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ. ਜੋਰਾ ਸਿੰਘ ਮਾਨ ਦੀ ਮੌਤ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਚੱਕ ਸੁਹੇਲੇ ਵਾਲਾ ਵਿਖੇ ਬੀਤੀ 28 ਜੂਨ ਨੂੰ ਸਰਕਾਰੀ ਸਨਮਾਨ ਨਾਲ ਕੀਤਾ ਗਿਆ। ਉਨ੍ਹਾਂ ਦੇ ਸਪੁੱਤਰ ਵਰਦੇਵ ਸਿੰਘ ਅਤੇ ਨਰਦੇਵ ਸਿੰਘ ਵਲੋਂ ਉਨ੍ਹਾਂ ਦਾ ਅੰਤਿਮ ਕਿਰਿਆ ਕਰਮ ਕੀਤਾ ਗਿਆ ਅਤੇ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਗਾਰਡ ਆਫ ਆਨਰ ਦਿੰਦਿਆਂ ਹਵਾਈ ਫਾਇਰ ਕੀਤੇ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਮੰਤਰੀਆਂ ਤੇ ਸੰਸਦ ਮੈਂਬਰਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## Matrimonials

### Bridegroom Wanted

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

*107-26-4*

### ਵਰ ਦੀ ਲੋੜ

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*

### Bride Wanted

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com

*105-25-4*

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

*103-22-4*

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

*101-22-4*


MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



To Advertise with us
Call: 847-359-0746
Fax:847-705-9388
e-mial:
punjabtimes1@sbcglobal.net
Visit us on the web:
punjabtimesusa.com



NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ 'ਕਰੋੜਾਂ ਦੀ ਕਬੱਡੀ' ਖੇਡ ਪ੍ਰੇਮੀਆਂ ਦੇ ਸਪੁਰਦ

**ਚੰਡੀਗੜ੍ਹ:** ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ 3 ਤੋਂ 12 ਅਪਰੈਲ ਤੱਕ ਹੋਏ ਪਲੇਠੇ ਵਿਸ਼ਵ ਕਬੱਡੀ ਕੱਪ ਦੇ ਹਰੇਕ ਪਹਿਲੂ 'ਤੇ ਝਾਤ ਪਾਉਂਦੀ ਡਾ. ਸੁਖਦਰਸ਼ਨ ਸਿੰਘ ਚਹਿਲ ਤੇ ਸੁਖਵੀਰ ਸਿੰਘ ਗਰੇਵਾਲ ਰਚਿਤ ਪੁਸਤਕ 'ਕਰੋੜਾਂ ਦੀ ਕਬੱਡੀ' ਇੱਥੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਖੇਡ ਪ੍ਰੇਮੀਆਂ ਤੇ ਸਾਹਿਤ ਰਸੀਆਂ ਦੇ ਰੂ-ਬਰੂ ਕੀਤੀ। ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਸ. ਸਿਕੰਦਰ ਸਿੰਘ ਮਾਲੂਕਾ ਦੀ ਦੇਖ-ਰੇਖ ਵਿਚ ਹੋਏ ਸਮਾਗਮ ਦੌਰਾਨ ਇਸ ਪੁਸਤਕ ਦੀ ਘੁੰਡ ਚੁਕਾਈ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਿਸੇ ਵੀ ਵੱਡੇ ਸਮਾਗਮ ਨੂੰ ਸਦੀਵੀ ਤੌਰ 'ਤੇ ਸਾਹਿਤਕ ਰੂਪ ਵਿਚ ਹੀ ਵਧੀਆ ਤਰੀਕੇ ਨਾਲ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਇਹ ਪੁਸਤਕ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਦੇ ਇਤਿਹਾਸਕ ਵਿਸ਼ਵ ਕੱਪ ਦੀਆਂ ਯਾਦਾਂ ਨੂੰ ਸੰਭਾਲ ਕੇ ਰੱਖਣ ਦਾ ਬਹੁਤ ਵੱਡਾ ਉਪਰਾਲਾ ਹੈ। ਉਨ੍ਹਾਂ ਡਾ. ਚਹਿਲ ਤੇ ਗਰੇਵਾਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਇਸ ਟੂਰਨਾਮੈਂਟ ਦੌਰਾਨ ਦੁਨੀਆਂ ਭਰ ਦੇ ਚੋਟੀ ਦੇ ਖਿਡਾਰੀਆਂ ਨੇ ਆਪਣੇ ਪਸੀਨੇ ਨਾਲ ਇੱਕ ਨਵਾਂ ਇਤਿਹਾਸ ਸਿਰਜਿਆ ਉਥੇ ਇਨ੍ਹਾਂ ਲੇਖਕਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਵੱਡਮੁੱਲੀ ਜਾਣਕਾਰੀ ਇਕੱਤਰ ਕਰਕੇ ਇਸ ਪੁਸਤਕ ਦੀ ਰਚਨਾ ਕੀਤੀ ਹੈ।

ਇਸ ਮੌਕੇ ਸ. ਸਿਕੰਦਰ ਸਿੰਘ ਮਾਲੂਕਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਨਾਲ ਹੋਏ ਪਲੇਠੇ ਵਿਸ਼ਵ ਕੱਪ ਨੂੰ ਸੰਭਾਲਣ ਲਈ ਦੋਨਾਂ ਲੇਖਕਾਂ ਦਾ ਉਪਰਾਲਾ ਖੇਡ ਜਗਤ ਲਈ ਵੱਡਾ ਤੋਹਫਾ ਹੈ। 'ਕਰੋੜਾਂ ਦੀ ਕਬੱਡੀ' ਪੁਸਤਕ ਦੇ ਲੇਖਕਾਂ ਡਾ. ਚਹਿਲ ਤੇ ਸ. ਗਰੇਵਾਲ ਨੇ ਇਸ ਮੌਕੇ ਕਿਹਾ ਕਿ ਉਹ ਉਨ੍ਹਾਂ ਲਈ ਬਹੁਤ ਹੀ ਖੁਸ਼ੀ ਦਾ ਮੌਕਾ ਹੈ ਕਿ ਇਸ ਪੁਸਤਕ ਵਿਚ ਵਿਸ਼ਵ ਕੱਪ ਦੌਰਾਨ ਖੇਡ ਮੈਦਾਨ ਦੇ ਅੰਦਰ ਤੇ ਬਾਹਰ ਵਾਪਰੀ ਹਰੇਕ ਘਟਨਾ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਯਾਦਗਾਰੀ 51 ਤਸਵੀਰਾਂ ਇਸ ਦਾ ਸ਼ਿੰਗਾਰ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਪੁਸਤਕ ਨੂੰ ਖੇਡ ਪ੍ਰੇਮੀ ਪੂਰਾ ਪਿਆਰ ਦੇਣਗੇ। ਇਸ ਮੌਕੇ ਤੇ ਲੇਖਕ ਬਲਜਿੰਦਰ ਜੌੜਕੀਆਂ, ਕਬੱਡੀ ਖਿਡਾਰੀ ਗੁਰਦੀਪ ਸਿੰਘ ਬਿੱਟੀ ਘੱਗਾ, ਹਾਕੀ ਕੋਚ ਗੁਰਮਿੰਦਰ ਸਿੰਘ ਵੀ ਮੌਜੂਦ ਸਨ।



*ਸ. ਬਾਦਲ ਪੁਸਤਕ 'ਕਰੋੜਾਂ ਦੀ ਕਬੱਡੀ' ਰਿਲੀਜ ਕਰਦੇ ਹੋਏ। ਨਾਲ ਖੜੇ ਹਨ ਸ. ਸਿਕੰਦਰ ਸਿੰਘ ਮਾਲੂਕਾ, ਲੇਖਕ ਡਾ. ਚਹਿਲ ਤੇ ਸੁਖਵੀਰ ਗਰੇਵਾਲ।*

# ਕੈਂਸਰ ਤੇ ਕਾਲੇ ਪੀਲੀਏ ਨਾਲ 6300 ਮੌਤਾਂ

**ਮੁਕਤਸਰ ਸਾਹਿਬ :** ਭਾਵੇਂ ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਨ ਦੇ ਦਾਅਵੇ ਕਰ ਰਹੀ ਹੈ ਪ੍ਰੰਤੂ ਇਕ ਕਲੱਬ ਵਲੋਂ ਮੁਕਤਸਰ ਸਾਹਿਬ ਅਧੀਨ ਪੈਂਦੇ ਹਲਕਾ ਗਿੱਦੜਬਾਹਾ ਦੇ ਲਗਪਗ 40 ਪਿੰਡਾਂ ਦੇ "ਪੌਣ, ਪਾਣੀ, ਭੂਮੀ ਤੇ ਰੁੱਖ-ਆਉ ਬਚਾਈਏ ਔਰਤ ਤੇ ਕੁੱਖ" ਮੁਹਿੰਮ ਤਹਿਤ ਕੀਤੇ ਇਕ ਸਰਵੇਖਣ ਨੇ ਦਿਲ ਡੋਬ ਦੇਣ ਵਾਲੇ ਅੰਕੜੇ ਪੇਸ਼ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਹੈਦਰਾਬਾਦ ਨਾਂ ਦੀ ਫਾਊਂਡੇਸਨ ਅਨੁਸਾਰ ਬਲਾਕ ਵਿਚ ਲਗਪਗ 22,500 ਮਕਾਨ ਮਾਲਕ ਹਨ, ਜਿਨ੍ਹਾਂ ਵਿਚੋਂ ਲਗਪਗ 12,630 ਹਰ ਰੋਜ ਆਰ ਓ ਪਲਾਂਟਾਂ ਦਾ ਸਾਫ ਪਾਣੀ ਪੀਂਦੇ ਹਨ, ਜਦਕਿ ਕਰੀਬ 32,000 ਅਜਿਹੇ ਮਕਾਨ ਮਾਲਕ ਹਨ, ਜਿਨ੍ਹਾਂ ਵਿਚੋਂ ਸਿਰਫ 7400 ਨੂੰ ਹੀ ਸਾਫ ਪਾਣੀ ਮਿਲਦਾ ਹੈ।

ਪੰਜਾਬ ਸਰਕਾਰ ਦੇ ਜਲ ਘਰਾਂ ਤੋ ਲੋਕਾਂ ਨੂੰ ਦਿੱਤੀ ਜਾਣ ਵਾਲੀ ਸਪਲਾਈ ਦਾ ਵੀ ਮਾੜਾ ਹਾਲ ਹੈ। ਜਸਪ੍ਰੀਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਹਰੇਕ ਪਿੰਡ ਦੇ ਵੱਖ ਵੱਖ 10 ਨਲਕਿਆਂ ਦੇ ਪਾਣੀ ਦਾ ਨਿੱਜੀ ਲੈਬਾਰਟਰੀ ਤੋਂ ਕੀਤੇ ਟੈਸਟ ਵਿਚ ਘੁਲੇ ਹੋਏ ਠੋਸ ਮਾਦੇ (ਟੀ ਡੀ ਐਸ) ਦੀ ਮਾਤਰਾ ਲਗਪਗ 800 ਤੋਂ 25,00 ਪੀ ਪੀ ਐਮ ਪਾਈ ਗਈ। ਹਲਕੇ ਦੇ ਦੋਦਾ, ਭੁੱਟੀਵਾਲਾ, ਖਿੜਕੀਆਂਵਾਲਾ, ਸੁਖਨਾ ਅਬਲੂ, ਚੱਕ ਗਿਲਜੇਵਾਲਾ, ਭਾਰੂ, ਲੁੰਡੇਵਾਲਾ, ਵਾਦੀਆਂ ਅਤੇ ਭਲਾਈਆਣਾ ਆਦਿ ਪਿੰਡਾਂ ਵਿਚ ਟੀ ਡੀ ਐਸ ਮਾਤਰਾ 2500 ਤੋ 4000 ਪੀ ਪੀ ਐਮ ਤਕ ਪਾਈ ਗਈ, ਜਦਕਿ ਪੀਣ ਵਾਲੇ ਪਾਣੀ ਅੰਦਰ ਇਹ ਮਾਤਰਾ ਵਧ ਤੋ ਵਧ 500 ਪੀ ਪੀ ਐਮ ਹੋਣੀ ਚਾਹੀਦੀ ਹੈ। ਜਿਲ੍ਹਾ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਸਾਲ 2001 ਤੋ 2009 ਤਕ ਕੈਂਸਰ ਨਾਲ ਜਿਲ੍ਹੇ 'ਚ 1074 ਮੌਤਾਂ ਹੋਈਆਂ ਹਨ, ਜਦਕਿ 668 ਵਿਅਕਤੀ ਕੈਂਸਰ ਤੋਂ ਪੀੜਤ ਹਨ ਪ੍ਰੰਤੂ ਗੈਰ ਸਰਕਾਰੀ ਸੂਤਰਾਂ ਅਨੁਸਾਰ ਇਕੱਲੇ ਗਿੱਦੜਬਾਹਾ ਹਲਕੇ ਅੰਦਰ ਹੀ ਇੰਨੇ ਸਮੇਂ ਦੌਰਾਨ ਅੰਦਾਜਨ 6300 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ ਤਕਰੀਬਨ 1800 ਵਿਅਕਤੀ ਕੈਂਸਰ ਅਤੇ ਕਾਲੇ ਪੀਲੀਏ ਤੋਂ ਪੀੜਤ ਹਨ। ਜ਼ਿਕਰਯੋਗ ਹੈ ਕਿ ਜਿਲ੍ਹੇ ਨਾਲ ਸਬੰਧਿਤ ਮੁੱਖ ਮੰਤਰੀ ਦੀ ਧਰਮਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਅਤੇ ਮੁਕਤਸਰ ਤੋਂ ਕਾਂਗਰਸੀ ਵਿਧਾਇਕ ਕੰਵਰਜੀਤ ਸਿੰਘ ਸੰਨੀ ਬਰਾੜ ਵੀ ਕੈਂਸਰ ਤੋਂ ਪੀੜਤ ਹੋਣ ਕਾਰਨ ਅਮਰੀਕਾ ਵਿਚ ਜੇਰੇ ਇਲਾਜ ਹਨ।

ਕਲੱਬ ਨੇ ਸਾਰੇ ਰਾਜਨੀਤਕ ਆਗੂਆਂ 'ਤੇ ਦੋਸ਼ ਲਗਾਉਦੇ ਹੋਏ ਆਖਿਆ ਕਿ ਉਹ ਦਿਨੋ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਅਤੇ ਕੈਂਸਰ ਤੇ ਕਾਲੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਵਿਰੁਧ ਕੋਈ ਠੋਸ ਉਪਰਾਲੇ ਨਹੀਂ ਕਰ ਰਹੇ। ਸ਼ਾਹੀ ਪਰਿਵਾਰ ਤਾਂ ਇਨ੍ਹਾਂ ਨਾਮੁਰਾਦ ਬਿਮਾਰੀਆਂ ਦਾ ਅਮਰੀਕਾ ਜਾ ਕੇ ਮਹਿੰਗਾ ਇਲਾਜ ਕਰਵਾ ਸਕਦੇ ਹਨ, ਪਰ ਹਜਾਰਾਂ ਗਰੀਬ ਪਰਿਵਾਰ ਕਿਧਰ ਜਾਣ?

**SUPER TRAVEL**
**847-676-9090**
*E-mail: supertravel2003@yahoo.com*
***Lowest Fares With Excellent Service***
***AMERICAN AIR,***
***JET AIRWAYS DELTA, AIR INDIA,***

***For Emergency Call anytime at***
**India $545**
***EARLY BIRD SALE!!!!***

# ਜੇ ਡਾ. ਮਨਮੋਹਨ ਸਿੰਘ ਕੈਨੇਡਾ ਜਾ ਸਕਦੇ ਹਨ ਤਾਂ ਬਾਦਲ ਪਿਓ-ਪੁੱਤਰ ਕਿਉਂ ਨਹੀਂ? ਜੱਸੀ ਖੰਗੂੜਾ

**ਚੰਡੀਗੜ੍ਹ:** ਕਿਲਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸਖਤ ਭਾਸ਼ਾ ਵਿਚ ਇਕ ਪੱਤਰ ਲਿਖ ਕੇ ਸਵਾਲ ਉਠਾਇਆ ਹੈ ਕਿ ਜੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰ ਟੋਰਾਂਟੋ ਜਾ ਸਕਦੇ ਹਨ ਤਾਂ ਫਿਰ ਸ. ਬਾਦਲ ਜਾਂ ਉਨ੍ਹਾਂ ਦਾ ਡਿਪਟੀ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਪੁੱਤਰ ਸੁਖਬੀਰ ਬਾਦਲ ਕਿਉਂ ਨਹੀਂ? ਉਨ੍ਹਾਂ ਪੁੱਛਣਾ ਚਾਹਿਆ ਹੈ ਕਿ ਕੀ ਸ. ਬਾਦਲ ਅਤੇ ਉਨ੍ਹਾਂ ਦਾ ਪੁੱਤਰ ਇਸ ਗੱਲੋਂ ਡਰਦੇ ਹਨ ਕਿ ਕੈਨੇਡਾ ਵਿਚ ਪੰਜਾਬੀ ਉਨ੍ਹਾਂ ਨੂੰ ਇਹ ਸਵਾਲ ਪੁੱਛਣਗੇ ਕਿ ਪਰਵਾਸੀਆਂ ਲਈ ਉਨ੍ਹਾਂ ਨੇ ਕੀ ਕੀਤਾ ਹੈ? ਸ੍ਰੀ ਖੰਗੂੜਾ ਨੇ ਆਖਿਆ ਹੈ ਕਿ ਸ. ਬਾਦਲ ਅਤੇ ਉਨ੍ਹਾਂ ਦਾ ਪੁੱਤਰ ਅਮਰੀਕਾ ਚੌਥੇ ਦਿਨ ਤੁਰੇ ਰਹਿੰਦੇ ਹਨ ਤਾਂ ਫਿਰ ਕੈਨੇਡਾ ਕਿਉਂ ਨਹੀਂ ਜਾ ਸਕਦੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਵੱਡੀ ਗਿਣਤੀ ਵਿਚ ਪਰਵਾਸੀ ਪੰਜਾਬੀ ਉਮੀਦਵਾਰ ਹੋਣਗੇ ਅਤੇ ਲੋਕ ਬਾਦਲ ਸਰਕਾਰ ਤੋਂ ਪੁੱਛਣਗੇ ਕਿ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਕੀ ਕੀਤਾ? ਹੇਠਾਂ ਸ੍ਰੀ ਖੰਗੂੜਾ ਦੀ ਚਿੱਠੀ ਦਾ ਮੂਲ ਪਾਠ ਦਰਜ ਹੈ:

ਸਤਿਕਾਰਯੋਗ ਬਾਦਲ ਸਾਹਿਬ,

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਉਸੇ ਕੈਨੇਡਾ ਗਏ ਹਨ ਜਿਥੇ ਤੁਹਾਡਾ ਬਾਦਲ ਪਰਿਵਾਰ ਜਾਣ ਤੋਂ ਡਰਦਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪਰਵਾਸੀ ਪੰਜਾਬੀਆਂ ਨੂੰ ਟੋਰਾਂਟੋ ਜਾ ਕੇ ਮਿਲਣ ਦਾ ਦ੍ਰਿਸ਼ ਯਕੀਨੀ ਤੌਰ 'ਤੇ ਤੁਹਾਡੀਆਂ ਅੱਖਾਂ ਖੋਲਣ ਦਾ ਕੰਮ ਕਰੇਗਾ। ਪਰਵਾਸੀ ਭਾਰਤੀ ਤੁਹਾਡੇ ਮੰਤਰੀਆਂ, ਵਿਧਾਇਕਾਂ ਅਤੇ ਹੋਰ ਨਿੱਕੇ ਕਰਮਚਾਰੀਆਂ ਦੇ ਕੈਨੇਡਾ ਦੌਰਿਆਂ ਤੋਂ ਥੱਕ ਚੁੱਕੇ ਹਨ ਅਤੇ ਤੁਹਾਨੂੰ ਪ੍ਰਸ਼ਨ ਕਰਦੇ ਹਨ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਉਨ੍ਹਾਂ ਦੇ ਮੁਲਕ ਕਿਉਂ ਨਹੀਂ ਜਾਂਦਾ?

ਮੈਨੂੰ ਹੈਰਾਨੀ ਹੁੰਦੀ ਹੈ ਕਿ ਆਪਣੇ ਵਰਤਮਾਨ ਸਾਢੇ ਤਿੰਨ ਵਰ੍ਹਿਆਂ ਦੇ ਕਾਰਜਕਾਲ ਪਿੱਛੋਂ ਵੀ ਤੁਹਾਨੂੰ ਪਰਵਾਸੀ ਭਾਰਤੀਆਂ ਦੇ ਵੱਡੇ ਭਾਈਚਾਰੇ ਨੂੰ ਕੈਨੇਡਾ ਜਾ ਕੇ ਮਿਲਣ ਦਾ ਸਮਾਂ ਨਹੀਂ ਮਿਲਿਆ। ਤੁਸੀਂ ਅਮਰੀਕਾ, ਇਜ਼ਰਾਇਲ ਅਤੇ ਕਈ ਹੋਰ ਮੁਲਕਾਂ ਵਿਚ ਜਾ ਆਏ ਹੋ ਪਰ ਕੈਨੇਡਾ ਨਹੀਂ। ਇਥੇ ਤੱਕ ਕਿ ਤੁਹਾਡੇ ਪੁੱਤਰ ਸੁਖਬੀਰ ਬਾਦਲ, ਜਿਸ ਨੂੰ ਖਰੀਦਦਾਰੀ ਅਤੇ ਨਿਵੇਸ਼ ਲਈ ਜਹਾਜ਼ਾਂ ਵਿਚ ਸੈਰ ਸਪਾਟਾ ਕਰਨਾ ਪਸੰਦ ਹੈ, ਨੇ ਵੀ ਕੈਨੇਡਾ ਜਾਣ ਤੋਂ ਪਰਹੇਜ ਕੀਤਾ ਹੈ।

ਤੁਹਾਡੇ ਪਰਿਵਾਰ ਦੀ ਕੈਨੇਡਾ ਵਿਚ ਗੈਰਹਾਜ਼ਰੀ ਕਾਰਨ ਸੱਤਾਦਾਰੀ ਗਠਜੋੜ ਦੇ ਅਣਗਿਣਤ ਮੰਤਰੀ, ਵਿਧਾਇਕ ਅਤੇ ਅਕਾਲੀ ਪਾਰਟੀ ਦੇ ਅਹੁਦੇਦਾਰਾਂ ਨੇ ਉਸ ਮੁਲਕ ਦੇ ਹਰ ਕੋਨੇ ਦਾ ਦੌਰਾ ਪਰਵਾਸੀ ਭਾਰਤੀਆਂ ਦੇ ਖਰਚੇ 'ਤੇ ਕੀਤਾ ਹੈ। ਕੀ ਤੁਹਾਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਇਹ ਲੋਕ ਤੁਹਾਡੇ ਨਾਮ 'ਤੇ ਪਾਰਟੀ ਫੰਡ ਇਕੱਠਾ ਕਰਕੇ ਆਪਣੀਆਂ ਜੇਬਾਂ ਭਰ ਰਹੇ ਹਨ ਅਤੇ ਸਭ ਤੋਂ ਵਧੀਆ ਬਰਾਂਡਾਂ ਦੀਆਂ ਚੀਜ਼ਾਂ ਇਕ ਅਜਿਹੇ ਬਜਟ ਵਿਚ ਖਰੀਦ ਰਹੇ ਹਨ ਜੋ ਉਨ੍ਹਾਂ ਦੇ ਮੇਜ਼ਬਾਨ ਵੀ ਨਹੀਂ ਖਰੀਦਦੇ।

ਪੰਜਾਬ ਦੇ ਇਤਿਹਾਸ ਵਿਚ ਪਰਵਾਸੀ ਭਾਰਤੀਆਂ ਦੀ ਸਭ ਤੋਂ ਵੱਡੀ ਲੁੱਟ ਅਤੇ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕਬਜ਼ਾ ਕਰਨ ਅਤੇ ਨਿਰਦੋਸ਼ ਭਾਰਤੀਆਂ ਦੇ ਖਿਲਾਫ਼ ਹਜ਼ਾਰਾਂ ਝੂਠੇ ਐਫ.ਆਈ.ਆਰ. ਦਰਜ ਕਰਨ ਬਾਅਦ ਮੈਨੂੰ ਹੈਰਾਨੀ ਹੁੰਦੀ ਹੈ ਕਿ ਕਿਵੇਂ ਤੁਹਾਡੇ ਨੁਮਾਇੰਦੇ ਕੈਨੇਡਾ ਦੇ ਪਰਵਾਸੀ ਭਾਰਤੀਆਂ ਨੂੰ ਮੂੰਹ ਦਿਖਾਉਣ ਦਾ ਜਿਗਰਾ ਰੱਖਦੇ ਹਨ? ਪਰ ਉਹ ਕਿਸੇ ਗਲਤਫਹਿਮੀ ਵਿਚ ਹਨ ਅਤੇ ਤੁਹਾਡੇ ਪ੍ਰਸ਼ਾਸਨ ਦੁਆਰਾ ਦਿੱਤੇ ਜਾਣ ਵਾਲੇ ਭੈਅ ਅਤੇ ਧਮਕੀਆਂ ਤੋਂ ਉਨ੍ਹਾਂ ਨੂੰ ਬਚਾਉਣਾ ਚਾਹੁੰਦੇ ਹਨ। ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਦੌਰਾਨ ਤੁਹਾਡਾ ਅਸਲੀਅਤ ਨਾਲ ਟਾਕਰਾ ਹੋਵੇਗਾ ਜਦੋਂ ਪਰਵਾਸੀ ਭਾਰਤੀ ਵੱਡੀ ਗਿਣਤੀ ਵਿਚ ਅਕਾਲੀ ਪਾਰਟੀ ਦੇ ਖਿਲਾਫ ਖੜੇ ਹੋਣਗੇ। ਸ਼ਾਇਦ ਹੁਣ ਤੁਸੀਂ ਕੈਨੇਡਾ ਵਿਚ ਵਸੇ ਪੰਜਾਬੀਆਂ ਨੂੰ ਸਮਝਾ ਸਕੋਗੇ ਕਿ ਤੁਸੀਂ ਅਤੇ ਤੁਹਾਡੇ ਪਰਿਵਾਰ ਨੇ ਉਨ੍ਹਾਂ ਦੇ ਅਪਨਾਏ ਹੋਏ ਮੁਲਕ ਤੋਂ ਹੈਜ਼ੇ ਦੀ ਤਰ੍ਹਾਂ ਕਿਉਂ ਪਰਹੇਜ ਕੀਤਾ ਹੈ? ਕੀ ਕੈਨੇਡਾ ਵਿਚ ਪਰਵਾਸੀਆਂ ਕੋਲ ਤੁਹਾਨੂੰ ਪੇਸ਼ ਕਰਨ ਲਈ ਕੋਈ ਮੁੱਦਾ ਨਹੀਂ ਹੈ ਜਾਂ ਤੁਸੀਂ ਇਨ੍ਹਾਂ ਦੇ ਪਰਿਵਾਰਾਂ ਨੂੰ ਮਿਲਣ ਤੋਂ ਸ਼ਰਮਸਾਰ ਹੋ ਕਿਉਂਕਿ ਤੁਸੀਂ ਇਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਚੁੱਕੇ ਹੋ?

ਇਹ ਨਹੀਂ ਹੋ ਸਕਦਾ ਕਿ ਤੁਸੀਂ ਪਰਵਾਸੀਆਂ ਤੋਂ ਨਿਵੇਸ਼ ਦੀ ਉਮੀਦ ਨਾ ਰੱਖੋ ਅਤੇ ਕੈਨੇਡਾ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕਿਆਂ ਦਾ ਦੌਰਾ ਨਾ ਕਰਨਾ ਚਾਹੋ।

ਸਤਿਕਾਰ ਸਹਿਤ
ਤੁਹਾਡਾ ਵਿਸ਼ਵਾਸਪਾਤਰ
ਜਸਬੀਰ ਸਿੰਘ ਖੰਗੂੜਾ
ਵਿਧਾਇਕ ਹਲਕਾ ਕਿਲਾ ਰਾਏਪੁਰ।

# ਰਿਐਕਟਰ ਬੁਆਇਲਰ ਲਈ ਨਵਾਂ ਪੁਲ

**ਸਿਰਸਾ:** ਪੰਜਾਬ ਦੀ ਰਾਮਾ ਮੰਡੀ ਦੇ ਨੇੜੇ ਖਨਕਵਾਲ ਵਿਖੇ ਉਸਾਰੀ ਅਧੀਨ ਰਿਫਾਇਨਰੀ ਲਈ ਰਿਐਕਟਰ ਬੁਆਇਲਰ ਲੈ ਕੇ ਜਾ ਰਹੇ ਤਿੰਨ ਮਹਾਂ ਟਰਾਲਿਆਂ ਲਈ ਘੱਗਰ 'ਤੇ ਨਵਾਂ ਪੁਲ ਬਣਾਇਆ ਜਾ ਰਿਹਾ ਹੈ। ਸ਼ਹਿਰ ਵਿਚ ਖੜੇ 368 ਟਾਇਰਾਂ ਵੱਲੇ ਇਨ੍ਹਾਂ ਮਹਾਂ ਟਰਾਲਿਆਂ ਨੂੰ ਦੇਖਣ ਲਈ ਲੋਕਾਂ ਦੀ ਭੀੜ ਲੱਗੀ ਹੋਈ ਹੈ। ਸਿਰਸਾ ਸ਼ਹਿਰ 'ਚੋਂ ਲੰਘਣ ਵਾਲੇ ਨੈਸ਼ਨਲ ਹਾਈ ਵੇ ਨੰਬਰ ਦਸ 'ਤੇ ਖੈਰੇਕਾਂ ਪਿੰਡ ਨੇੜੇ ਘੱਗਰ 'ਤੇ ਬਣਿਆ ਪੁਲ ਭੀੜਾ ਹੋਣ ਕਾਰਨ ਮਹਾਂ ਟਰਾਲੇ ਅੱਗੇ ਜਾਣੋਂ ਰੁੱਕ ਗਏ ਹਨ। ਘੱਗਰ ਤੋਂ ਲੰਘਾਉਣ ਲਈ ਨਵਾਂ ਰਾਹ ਬਣਾਇਆ ਜਾ ਰਿਹਾ ਹੈ ਜਿਸ 'ਤੇ 20 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਹ ਖਰਚ ਰਿਫਾਇਨਰੀ ਵੱਲੋਂ ਹੀ ਕੀਤਾ ਜਾ ਰਿਹਾ ਹੈ।

ਇਨ੍ਹਾਂ ਟਰਾਲਿਆਂ ਨੂੰ ਲੈ ਕੇ ਜਾਣ ਵਾਲੇ ਅਧਿਕਾਰੀ ਜੇ.ਪੀ. ਸਿੰਘ ਨੇ ਦੱਸਿਆ ਕਿ ਜਿਥੇ ਵੀ ਰਾਹ ਵਿਚ ਕੋਈ ਅੜਚਣ ਆਈ ਹੈ, ਉਸ ਨੂੰ ਦੂਰ ਕਰਨ ਲਈ ਪਹਿਲਾਂ ਸਰਕਾਰ ਤੋਂ ਮਨਜ਼ੂਰੀ ਲਈ ਜਾਂਦੀ ਹੈ ਅਤੇ ਇਸ ਦੇ ਬਦਲੇ ਬੈਂਕ ਗਰੰਟੀ ਦੇ ਤੌਰ 'ਤੇ ਤੈਅ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ।



**Realtor & Mortgage Specialist**
**Bay Area & Central Valley**
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
**Doing Short Sale is much better than Forclosure home.**
**RAJ SINGH**
**Cell:510-452-7370**
MISSIONPEAK
**RAJ SINGH**
**M.A., M.Ed Retd. Principal**
**Realtor & Financial Adviser**
**Lic#01776459 & OG22467**
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
**46560 Fremont Blvd.,**
**Suite #111 Fremont, CA 94538**
singhrajpaul@yahoo.com

# ਪੰਜਾਬ ਪੁਲਿਸ ਨਕਸਲੀ ਹਊਏ ਤੋਂ ਖੱਟੀ ਕਰਨ ਦੀ ਤਾਕ 'ਚ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਮਾਓਵਾਦੀ ਅਤੇ ਨਕਸਲੀ ਸਰਗਰਮੀਆਂ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਖਾਸ ਤੌਰ 'ਤੇ ਕਿਸਾਨ ਜਥੇਬੰਦੀਆਂ ਵਿਚ ਉਨ੍ਹਾਂ ਦੀ ਘੁਸਪੈਠ ਦਾ ਜ਼ਿਕਰ ਹੁੰਦਾ ਹੀ ਰਹਿੰਦਾ ਹੈ। ਬੇਸ਼ੱਕ ਕਿਸਾਨ ਆਗੂ ਸਰਕਾਰ ਵਲੋਂ ਇਸ ਤਰ੍ਹਾਂ ਦੀਆਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੂੰ ਰੱਦ ਕਰਦੇ ਹੋਏ ਆਖ ਰਹੇ ਹਨ ਕਿ ਉਨ੍ਹਾਂ ਦਾ ਮਾਓਵਾਦੀ ਸਰਗਰਮੀਆਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਸਰਕਾਰ ਜਨਤਕ ਮੁਹਿੰਮਾਂ ਨੂੰ ਦਬਾਉਣ ਲਈ ਕਈ ਤਰ੍ਹਾਂ ਦੇ ਬਹਾਨੇ ਘੜ ਰਹੀ ਹੈ।

ਚੋਟੀ ਦੇ ਪੁਲੀਸ ਅਧਿਕਾਰੀ ਦਾਅਵਾ ਕਰਦੇ ਹਨ ਕਿ ਪਾਬੰਦੀਸ਼ੁਦਾ ਸੀ.ਪੀ.ਆਈ. ਮਾਓਵਾਦੀ ਦੀਆਂ ਪੰਜਾਬ ਵਿਚ ਇਕ ਸੂਬਾਈ ਅਤੇ ਦੋ ਜ਼ੋਨਲ ਕਮੇਟੀਆਂ ਮਾਲਵਾ ਖੇਤਰ ਵਿਚ ਸਰਗਰਮ ਹਨ ਜੋ ਪਿਛਲੇ ਇਕ ਦਹਾਕੇ ਤੋਂ 17 ਖੱਬੇ-ਪੱਖੀ ਜਥੇਬੰਦੀਆਂ ਦੇ ਸਮੂਹ ਦਾ ਗੜ੍ਹ ਮੰਨਿਆ ਜਾਂਦਾ ਹੈ। ਪੁਲੀਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਫੜੇ ਗਏ ਸੰਦੇਸ਼ਾਂ ਤੋਂ ਪਤਾ ਚਲਦਾ ਹੈ ਕਿ 17 ਕਿਸਾਨ, ਮਜ਼ਦੂਰ ਅਤੇ ਵਿਦਿਆਰਥੀ ਜਥੇਬੰਦੀਆਂ ਆਪਣੇ "ਆਕਾਵਾਂ" ਤੋਂ ਫਰਮਾਨ ਲੈਂਦੀਆਂ ਹਨ। ਇਹ ਸੂਬੇ ਵਿਚ ਅਸ਼ਾਂਤੀ ਫੈਲਾ ਸਕਦੀਆਂ ਹਨ। ਸੂਬਾਈ ਪੁਲੀਸ ਇਸ 'ਚੁਣੌਤੀ' ਨਾਲ ਸਿੱਝਣ ਲਈ ਸਮਰੱਥਾ ਵਧਾਉਣਾ ਚਾਹੁੰਦੀ ਹੈ ਅਤੇ ਪਿਛਲੇ ਮਹੀਨੇ ਇਸ ਨੇ ਸਾਜ਼ੋ-ਸਾਮਾਨ ਖਰੀਦਣ ਲਈ ਕੇਂਦਰ ਤੋਂ 100 ਕਰੋੜ ਰੁਪਏ ਮੰਗੇ ਸਨ। ਪੁਲੀਸ ਨੇ ਨਕਸਲੀਆਂ ਨਾਲ ਸੰਬੰਧਿਤ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਇੰਟੈਲੀਜੈਂਸ ਵਿੰਗ ਵਿਚ ਇਕ ਵਿਸ਼ੇਸ਼ ਸੈਲ ਵੀ ਕਾਇਮ ਕੀਤਾ ਹੈ।

ਪੁਲਿਸ ਵਲੋਂ ਨਕਸਲੀ ਐਲਾਨੀਆਂ ਗਈਆਂ 17 ਜਥੇਬੰਦੀਆਂ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਉਗਰਾਹਾਂ ਤੇ ਡਕੌਂਦਾ ਧੜੇ, ਪੰਜਾਬ ਕਿਸਾਨ ਯੂਨੀਅਨ, ਦੋ ਕਿਸਾਨ ਸਭਾਵਾਂ, ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਦੋ ਗਰੁੱਪ, ਮਜ਼ਦੂਰ ਮੁਕਤੀ ਮੋਰਚਾ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਸ਼ਾਮਲ ਹਨ ਅਤੇ ਇਨ੍ਹਾਂ 'ਤੇ ਸੀ.ਪੀ.ਆਈ. ਮਾਓਵਾਦੀ ਦੇ ਕਾਰਕੁਨਾਂ ਨੂੰ ਪਨਾਹ ਦੇਣ ਦੇ ਦੋਸ਼ ਹਨ।

ਇਹ ਜਥੇਬੰਦੀਆਂ ਇਨ੍ਹਾਂ ਦੋਸ਼ਾਂ ਦਾ ਸਖਤੀ ਨਾਲ ਖੰਡਨ ਕਰਦੀਆਂ ਹਨ ਅਤੇ ਸਰਕਾਰ 'ਤੇ ਦੋਸ਼ ਲਗਾ ਰਹੀਆਂ ਹਨ ਕਿ ਉਹ ਨਕਸਲਵਾਦ ਦਾ ਹਊਆ ਵਿਖਾ ਕੇ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਤੇ ਹੋਰਨਾਂ ਵਰਗਾਂ ਦੇ ਘੋਲਾਂ ਨੂੰ ਦਬਾਉਣਾ ਚਾਹੁੰਦੀ ਹੈ। ਬੀ.ਕੇ.ਯੂ. ਉਗਰਾਹਾਂ ਦੇ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ, "ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਡੀ ਜਥੇਬੰਦੀ ਵਿਚ ਕੋਈ ਮਾਓਵਾਦੀ ਨਹੀਂ ਹੈ। ਅਸੀਂ ਇਹ ਸੰਭਾਵਨਾ ਰੱਦ ਨਹੀਂ ਕਰ ਸਕਦੇ ਪਰ ਮਾਓਵਾਦੀ ਸਾਡੇ 'ਤੇ ਕੰਟਰੋਲ ਨਹੀਂ ਕਰਦੇ।"

ਸੂਬਾਈ ਪੁਲੀਸ ਨੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਕਾਰਕੁਨ ਸੰਜੀਵ ਮਿੰਟੂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ 'ਤੇ ਦੋਸ਼ ਹੈ ਕਿ ਉਹ ਸੀ.ਪੀ.ਆਈ. ਮਾਓਵਾਦੀ ਦੀ ਜ਼ੋਨਲ ਕਮੇਟੀ ਦਾ ਮੈਂਬਰ ਹੈ। ਇਸ ਤੋਂ ਪਹਿਲਾਂ ਵੀ ਕੁਝ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਹਨ ਜਿਨ੍ਹਾਂ ਵਿਚ ਸੁਰਜੀਤ ਸਿੰਘ ਫੂਲ ਅਤੇ ਹਰਨੇਕ ਸਿੰਘ ਸ਼ਾਮਲ ਹਨ। ਪੰਜਾਬ ਵਿਚ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੀਆਂ ਲੋਕ ਲਹਿਰਾਂ ਜੋਰਦਾਰ ਰੋਸ ਮੁਜ਼ਾਹਰਿਆਂ ਰਾਹੀਂ ਪੁਲੀਸ ਨੂੰ ਭੈ-ਭੀਤ ਕਰਦੀਆਂ ਰਹੀਆਂ ਹਨ। 17 ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਜਨਤਕ ਘੋਲਾਂ ਰਾਹੀਂ ਮਾਲਵਾ ਇਲਾਕੇ ਵਿਚ ਆਪਣੀ ਪੈਂਠ ਬਣਾ ਲਈ ਹੈ। ਇਨ੍ਹਾਂ ਘੋਲਾਂ ਵਿਚ ਪੰਜਾਬ ਰਾਜ ਬਿਜਲੀ ਬੋਰਡ ਨੂੰ ਨਿਗਮਾਂ ਵਿਚ ਵੰਡਣ ਖਿਲਾਫ ਮੁਹਿੰਮ ਚਲਾਉਣ ਤੋਂ ਇਲਾਵਾ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ ਦੋ ਲੱਖ ਰੁਪਏ ਦਾ ਮੁਆਵਜ਼ਾ ਅਤੇ ਦਲਿਤਾਂ ਲਈ ਪੰਜ ਮਰਲੇ ਦੇ ਪਲਾਟ ਜਿਹੀਆਂ ਮੰਗਾਂ ਵੀ ਮਨਵਾਈਆਂ ਗਈਆਂ। ਇਨ੍ਹਾਂ ਜਥੇਬੰਦੀਆਂ ਦੇ ਸਮੂਹ ਤੋਂ ਹਮਾਇਤ ਮਿਲਣ ਕਾਰਨ ਈ.ਟੀ.ਟੀ. ਅਧਿਆਪਕਾਂ, ਨਰਸਾਂ ਅਤੇ ਲਾਈਨਮੈਨਾਂ ਦੇ ਸੰਘਰਸ਼ ਵੀ ਅੱਗੇ ਵਧਦੇ ਜਾ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਦੇ ਉਘੇ ਅਰਥ ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਮਾਲਵਾ ਇਲਾਕੇ ਵਿਚ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਰਥਿਕ ਮੰਦਹਾਲੀ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਨੱਬੇਵਿਆਂ ਵਿਚ ਕਪਾਹ ਦੀਆਂ ਕਈ ਫਸਲਾਂ ਤਬਾਹ ਹੋਣਾ, ਸਿੱਖਿਆ ਦੇ ਮੌਕਿਆਂ ਦੀ ਘਾਟ ਅਤੇ ਖਿੱਤੇ ਦੇ ਲੋਕਾਂ ਵਲੋਂ ਪਰਵਾਸ ਨਾ ਕਰ ਸਕਣ ਕਰ ਕੇ ਮੰਦਹਾਲੀ ਵਧੀ ਹੈ। ਡਾ. ਘੁੰਮਣ ਨੇ ਕਿਹਾ ਕਿ ਦੂਜਾ ਹਰਾ ਇਨਕਲਾਬ ਅਤੇ ਕਿਰਤ ਸ਼ਕਤੀ ਨੂੰ ਗੈਰ ਖੇਤੀ ਖੇਤਰ ਵਿਚ ਤਬਦੀਲ ਕਰਨਾ ਇਸ ਦਾ ਹੱਲ ਬਣ ਸਕਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਦੇ ਡਾ. ਚਮਨ ਲਾਲ ਜਿਨ੍ਹਾਂ ਪੰਜਾਬ ਵਿਚ 1967-72 ਤਕ ਨਕਸਲੀ ਲਹਿਰ ਨੂੰ ਨੇੜਿਓਂ ਦੇਖਿਆ ਹੋਇਆ ਹੈ, ਨੇ ਆਖਿਆ ਕਿ ਕਿਸੇ ਕਿਸਾਨ ਜਥੇਬੰਦੀ ਦੇ ਹਿੰਸਕ ਬਣਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਪੰਜਾਬ ਵਿਚ ਖਾਲਿਸਤਾਨੀ ਲਹਿਰ ਦੀ ਯਾਦ ਲੋਕਾਂ ਨੂੰ ਤਾਜ਼ਾ ਹੈ ਅਤੇ ਉਹ ਹਿੰਸਾ ਦੇ ਕਿਸੇ ਸੱਦੇ ਨੂੰ ਹੁੰਗਾਰਾ ਨਹੀਂ ਭਰਨਗੇ।

ਪਰ ਸੂਬਾਈ ਪੁਲੀਸ ਮਹਿਸੂਸ ਕਰਦੀ ਹੈ ਕਿ ਸੂਬੇ ਵਿਚ ਨਕਸਲੀ ਵਿਚਾਰਧਾਰਾ ਦਾ ਘੇਰਾ ਵਧਿਆ ਹੈ ਅਤੇ ਪ੍ਰਮੋਦ ਮਿਸ਼ਰਾ (ਅੱਧ 2008), ਜੈਪ੍ਰਕਾਸ਼ ਦੂਬੇ (2008 ਦੇ ਅਖੀਰ) ਅਤੇ ਕੋਬਾਦ ਗਾਂਧੀ (2009) ਜਿਹੇ ਪ੍ਰਮੁੱਖ ਨਕਸਲੀ ਆਗੂਆਂ ਦੇ ਦੌਰਿਆਂ ਨਾਲ ਇਸ ਨੂੰ ਹੁਲਾਰਾ ਮਿਲਿਆ ਹੈ। ਗਾਂਧੀ ਨੇ ਮਹੀਨਾ ਭਰ ਪੰਜਾਬ ਦੇ ਖੇਤੀ ਸੰਕਟ ਬਾਰੇ ਸਰਵੇਖਣ ਵੀ ਕੀਤਾ ਸੀ ਅਤੇ ਵਿਸ਼ਲੇਸ਼ਣ ਕੀਤਾ ਸੀ ਕਿ ਰਾਜ ਵਿਚ ਜੰਗਲ ਅਤੇ ਪਹਾੜੀ ਖੇਤਰ ਨਾ ਹੋਣ ਕਰ ਕੇ ਕਾਰਕੁਨਾਂ ਨੂੰ 'ਜਨਤਕ ਛੁਪਣਗਾਹਾਂ' ਤਿਆਰ ਕਰਨੀਆਂ ਪੈਣਗੀਆਂ।

ਇਸੇ ਸਬੰਧ ਵਿਚ ਹੀ ਬੀਤੀ 23 ਜੂਨ ਨੂੰ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਪੀ.ਐਸ. ਗਿੱਲ ਨੇ ਅਹਿਮ ਇੰਕਸ਼ਾਫ ਕਰਦੇ ਹੋਏ ਕਿਹਾ ਸੀ ਕਿ ਪੰਜਾਬ ਵਿਚ ਨਕਸਲੀ ਅਤੇ ਖਾਲਿਸਤਾਨੀ ਜਥੇਬੰਦੀਆਂ ਦੀਆਂ ਸਰਗਰਮੀਆਂ ਦੇ ਠੋਸ ਸਬੂਤ ਹਨ ਪਰ ਇਨ੍ਹਾਂ ਤੱਤਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

ਪੁਲੀਸ ਮੁਖੀ ਸ੍ਰੀ ਗਿੱਲ ਨੇ ਗੱਲਬਾਤ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਪੁਲੀਸ ਸੂਬੇ ਵਿਚ ਖਾਲਿਸਤਾਨੀ ਅਤੇ ਨਕਸਲੀ ਸਰਗਰਮੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਪੰਜਾਬ ਸਰਹੱਦੀ ਸੂਬਾ ਹੋਣ ਕਾਰਨ ਪੂਰੀ ਤਰ੍ਹਾਂ ਚੌਕਸੀ ਦੀ ਲੋੜ ਹੈ ਅਤੇ ਇਸ ਮੰਤਵ ਲਈ ਕੇਂਦਰ ਦੀ ਮਦਦ ਵੀ ਲਈ ਜਾ ਰਹੀ ਹੈ। ਇਕ ਸਵਾਲ ਦੇ ਜੁਆਬ ਵਿਚ ਸ੍ਰੀ ਗਿੱਲ ਨੇ ਕਿਹਾ ਹੈ ਕਿ ਪੰਜਾਬ ਵਿਚ ਨਕਸਲੀ ਸਰਗਰਮੀਆਂ ਦੇ ਠੋਸ ਸਬੂਤ ਹਨ ਅਤੇ ਇਨ੍ਹਾਂ ਅਨਸਰਾਂ ਦੀ ਘੁਸਪੈਠ ਕਈ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਵਿਚ ਹੈ। ਪੰਜਾਬ ਵਿਚ ਮਾਓਵਾਦੀਆਂ ਵਲੋਂ ਕੋਈ ਹਿੰਸਕ ਘਟਨਾ ਕਰਨ ਦੀ ਮਿਸਾਲ ਤਾਂ ਸਾਹਮਣੇ ਨਹੀਂ ਆਈ ਹੈ ਪਰ ਉਹ ਜਨਤਕ ਜਥੇਬੰਦੀਆਂ ਰਾਹੀਂ ਆਪਣੀ ਸਰਗਰਮੀ ਵਧਾਉਣ ਵਲ ਧਿਆਨ ਦੇ ਰਹੇ ਹਨ। ਸ੍ਰੀ ਗਿੱਲ ਨੇ ਕਿਹਾ ਹੈ ਕਿ ਅਸਲ ਵਿਚ ਪੰਜਾਬ ਨੂੰ ਨਕਸਲੀ ਸਰਗਰਮੀਆਂ ਦੇ ਨਾਲ ਖਾੜਕੂ ਸਰਗਰਮੀਆਂ ਦੀ ਵੀ ਪੂਰੀ ਚਿੰਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਪੰਜਾਬ ਵਿਚ ਖਾਲਿਸਤਾਨੀ ਮੁਹਿੰਮ ਪੂਰੀ ਤਰ੍ਹਾਂ ਦਮ ਤੋੜ ਚੁੱਕੀ ਹੈ ਪਰ ਸਰਹੱਦੋਂ ਪਾਰ ਆਈ.ਐਸ.ਆਈ. ਅਜੇ ਵੀ ਖਾਲਿਸਤਾਨੀ ਮੁਹਿੰਮ ਵਿਚ ਜਾਨ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਰਹੱਦੋਂ ਪਾਰ ਨਸ਼ੀਲੇ ਪਦਾਰਥਾਂ ਦੇ ਨਾਲ ਹਥਿਆਰ ਵੀ ਸਪਲਾਈ ਹੁੰਦੇ ਹਨ। ਪੁਲਿਸ ਮੁਖੀ ਸ੍ਰੀ ਗਿੱਲ ਨੇ ਪੰਜਾਬ ਵਿਚ ਖਾਲਿਸਤਾਨੀ ਅਨਸਰਾਂ ਦੇ ਨਿਸ਼ਾਨੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹ ਪੰਜਾਬ ਵਿਚ ਖਾੜਕੂ ਲਹਿਰ ਦੇ ਰਾਹ ਵਿਚ ਉਦਾਰ ਲੀਡਰਸ਼ਿਪ ਨੂੰ ਵੱਡੀ ਰੁਕਾਵਟ ਮੰਨਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਖਾੜਕੂ ਸੰਗਠਨਾਂ ਦੀਆਂ ਸਰਗਰਮੀਆਂ ਲਈ ਯੂਰਪ ਤੋਂ ਹੁਣ ਵੀ ਪੈਸਾ ਆਉਂਦਾ ਹੈ।

## ਜ਼ਲ੍ਹਿਆਂਵਾਲਾ ਕਾਂਡ ਦੇ ਦਸ ਪਰਿਵਾਰਾਂ ਨੂੰ ਆਜ਼ਾਦੀ ਘੁਲਾਟੀਆਂ ਵਜੋਂ ਮਾਨਤਾ

**ਅੰਮ੍ਰਿਤਸਰ:** 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਖੇ ਜਲਸਾ ਕਰ ਰਹੇ ਭਾਰਤੀਆਂ 'ਤੇ ਜਰਨਲ ਓਡਵਾਇਰ ਵਲੋਂ ਅੰਨ੍ਹੇਵਾਹ ਗੋਲੀ ਚਲਾਉਣ ਨਾਲ ਵਾਪਰੀ ਘਟਨਾ ਦੇ 91 ਸਾਲਾਂ ਬਾਅਦ ਦਸ ਪਰਿਵਾਰਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਵਜੋਂ ਪੰਜਾਬ ਸਰਕਾਰ ਵਲੋਂ ਮਾਨਤਾ ਦਿੰਦਿਆਂ ਬੀਤੀ 27 ਜੂਨ ਨੂੰ ਸਰਟੀਫਿਕੇਟ ਜਾਰੀ ਕੀਤੇ ਗਏ ਹਨ।

ਜਲ੍ਹਿਆਂਵਾਲਾ ਬਾਗ ਦੀ ਘਟਨਾ ਵਿਚ ਉਸ ਵੇਲੇ ਸੈਂਕੜੇ ਲੋਕ ਮਾਰੇ ਗਏ ਸਨ ਪਰ ਇਹ ਤ੍ਰਾਸਦੀ ਹੈ ਕਿ ਇਸ ਘਟਨਾ ਵਿਚ ਮਾਰੇ ਗਏ ਲੋਕਾਂ ਦੀ ਹੁਣ ਤਕ ਇਕ ਮਾਨਤਾ ਪ੍ਰਾਪਤ ਸੂਚੀ ਤਿਆਰ ਨਹੀਂ ਹੋ ਸਕੀ। ਇਸ ਵੇਲੇ ਵੱਖ-ਵੱਖ ਵਿਭਾਗਾਂ ਅਤੇ ਸੰਸਥਾਵਾਂ ਕੋਲ ਵੱਖ-ਵੱਖ ਸੂਚੀਆਂ ਹਨ। ਜਲ੍ਹਿਆਂਵਾਲਾ ਬਾਗ ਕਾਂਡ ਨੂੰ ਭਾਰਤ ਸਰਕਾਰ ਵਲੋਂ 19 ਦਸੰਬਰ 2008 ਨੂੰ ਆਜ਼ਾਦੀ ਸੰਗਰਾਮ ਦੀ ਲਹਿਰ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਮਾਨਤਾ ਪ੍ਰਾਪਤ ਕਰਨ ਲਈ ਲੰਮੇ ਸਮੇਂ ਤੋਂ ਜੱਦੋ-ਜਹਿਦ ਕਰ ਰਹੀ ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਨੇ ਇਸ ਵਰ੍ਹੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੱਤਰ ਸੌਂਪ ਕੇ ਅਪੀਲ ਕੀਤੀ ਸੀ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਇਸ ਸੰਬੰਧੀ ਲੋੜੀਂਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ।

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਸਬੰਧੀ ਪੱਤਰ 12 ਮਈ ਨੂੰ ਪੰਜਾਬ ਸਰਕਾਰ ਦੇ ਫਰੀਡਮ ਫਾਈਟਰ ਵਿਭਾਗ ਨੂੰ ਭੇਜਿਆ ਗਿਆ ਸੀ। ਇਸ 'ਤੇ ਕਾਰਵਾਈ ਕਰਦਿਆਂ ਹੁਣ ਪੰਜਾਬ ਸਰਕਾਰ ਦੇ ਫਰੀਡਮ ਫਾਈਟਰ ਵਿਭਾਗ ਵਲੋਂ ਦਸ ਪਰਿਵਾਰਾਂ ਨੂੰ ਸ਼ਹੀਦਾਂ ਦੇ ਵਾਰਸਾਂ ਵਜੋਂ ਸਰਟੀਫਿਕੇਟ ਜਾਰੀ ਕੀਤੇ ਗਏ ਹਨ।


Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ: 800-746-6201, 909-350-3310

ਆਪਣਾ ਕਰੈਡਿਟ ਬਚਾਉ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਅਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਐਲਾਨ ਕੀਤਾ ਕਿ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਬਾਦਲ ਬਨਾਮ ਪੰਥ' ਵਿਚਕਾਰ ਲੜੀਆਂ ਜਾਣਗੀਆਂ ਅਤੇ ਪੰਥ ਵਿਰੋਧੀ ਸ਼ਕਤੀਆਂ ਨੂੰ ਮੂੰਹ ਦੀ ਖਾਣੀ ਪਵੇਗੀ। ਬੀਤੀ 23 ਜੂਨ ਨੂੰ ਇਥੇ ਦਲ ਖ਼ਾਲਸਾ, ਖ਼ਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਪੰਥਕ ਕੌਂਸਲ, ਅਕਾਲੀ ਦਲ ਲੌਂਗੋਵਾਲ, ਅਕਾਲੀ ਦਲ ਪੰਚ ਪ੍ਰਧਾਨੀ ਅਤੇ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਨੇ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਇਹ ਵੀ ਸੰਕੇਤ ਦਿਤੇ ਕਿ ਪੰਥਕ ਦਲਾਂ ਵਿਚਾਲੇ ਏਕਤਾ ਹੋ ਜਾਵੇਗੀ।

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਅਤੇ ਕੁਝ ਹੋਰ ਅਕਾਲੀ ਧੜੇ ਕਾਂਗਰਸ ਪਾਰਟੀ ਦੇ ਹੱਥਾਂ ਵਿਚ ਖੇਡ ਰਹੇ ਹਨ।ਉਨ੍ਹਾਂ ਹੋਰ ਕਿਹਾ ਕਿ ਵੋਟਰ ਫਾਰਮ ਵਿਚ ਚੋਣਾਂ ਨੇੜੇ ਹੋਣ ਕਾਰਨ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

ਯਾਦ ਰਹੇ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਵੋਟਰ ਫਾਰਮਾਂ ਵਿਚਲੀਆਂ ਤਰੁੱਟੀਆਂ ਕਿਸੇ ਗੰਭੀਰ ਸਾਜ਼ਿਸ਼ ਦਾ ਹਿੱਸਾ ਜਾਪਦੀਆਂ ਹਨ। ਇਹ ਫਾਰਮ ਇਕ ਰਾਜਸੀ ਪਾਰਟੀ ਦੀ ਸੋਚ ਮੁਤਾਬਕ ਛਾਪੇ ਗਏ ਮਹਿਸੂਸ ਹੁੰਦੇ ਹਨ। ਉਸ ਪਾਰਟੀ ਮੁਤਾਬਕ ਸਿੱਖ ਸਾਡੇ ਕੇਸਾਧਾਰੀ ਭਰਾ ਹਨ। ਉਨ੍ਹਾਂ ਕਿਹਾ ਕਿ ਇਹ ਚੋਣਾਂ ਗੁਰਦਵਾਰਾ ਸਾਹਿਬਾਨ ਨਾਲ ਸਬੰਧਤ ਹਨ, ਇਸ ਲਈ ਇਨ੍ਹਾਂ ਚੋਣਾਂ ਨੂੰ ਮਰਯਾਦਾ ਅਤੇ ਐਕਟ ਅਨੁਸਾਰ ਕਰਵਾਉਣ ਲਈ ਛੇਤੀ ਹੀ ਇਕ ਵਫ਼ਦ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮਿਲੇਗਾ। ਵਫ਼ਦ ਦੀ ਅਗਵਾਈ ਸ. ਮਨਜੀਤ ਸਿੰਘ ਕਲਕੱਤਾ ਅਤੇ ਦਲ ਖ਼ਾਲਸਾ ਦੇ ਸ. ਕੰਵਰਪਾਲ ਸਿੰਘ ਕਰਨਗੇ। ਸ. ਸਰਨਾ ਨੇ ਕਿਹਾ ਕਿ ਉਹ ਇਸ ਮਸਲੇ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਮਿਲੇ ਸਨ।

ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਸ. ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਦੋ ਦਿਨ ਪਹਿਲਾਂ ਤਕ ਜਨਗਣਨਾ ਦੌਰਾਨ ਜਾਤ ਪੁਛਣ ਦੀ ਨਿਖੇਧੀ ਕਰਨ ਵਾਲੇ ਵੋਟਰ ਫ਼ਾਰਮਾਂ ਉਤੇ ਜਾਤ ਦਾ ਵਖਰਾ ਕਾਲਮ ਲਗਵਾ ਰਹੇ ਹਨ। ਉਨ੍ਹਾਂ ਕਿਹਾ ਕਿ ਦੂਜੀਆਂ ਰਾਜਨੀਤਕ ਪਾਰਟੀਆਂ ਨੂੰ ਚੋਣ ਪ੍ਰਕਿਰਿਆ ਤੋਂ ਲਾਂਭੇ ਰਹਿਣ ਦੀਆਂ ਸਲਾਹਾਂ ਦੇਣ ਵਾਲੇ ਅਕਾਲੀ ਦਲ ਬਾਦਲ ਨੇ ਆਪਣੀ ਪਾਰਟੀ ਨੂੰ ਮੋਗਾ ਕਾਨਫ੍ਰੰਸ ਦੌਰਾਨ ਸੈਕੂਲਰ ਪਾਰਟੀ ਐਲਾਨ ਦਿਤਾ ਸੀ, ਇਸ ਲਈ ਉਸ ਨੂੰ ਇਨ੍ਹਾਂ



ਚੋਣਾਂ ਵਿਚ ਭਾਗ ਲੈਣ ਦਾ ਕੋਈ ਹੱਕ ਨਹੀਂ। ਅਕਾਲੀ ਦਲ ਲੌਂਗੋਵਾਲ ਦੇ ਸ. ਬਲਦੇਵ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਦੇ ਹਿਤਾਂ ਦੀ ਗੱਲ ਕਰਨ ਵਾਲਿਆਂ ਨੂੰ ਇਨਸਾਫ਼ ਨਹੀਂ ਦਿਤਾ। ਉਨ੍ਹਾਂ ਦਸਿਆ ਕਿ ਕੇਂਦਰ ਪਾਸੋਂ 100 ਕਰੋੜ ਦੀ ਮਦਦ ਲੈਣ ਲਈ ਬਾਦਲ ਸਰਕਾਰ ਕਈ ਕਿਸਾਨ ਜਥੇਬੰਦੀਆਂ ਨੂੰ ਹੀ ਨਕਸਲਵਾਦ ਨਾਲ ਜੋੜ ਰਹੀ ਹੈ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਬਾਦਲ ਦਾ ਸਿੱਖ ਵਿਰੋਧੀ ਚਿਹਰਾ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਨੰਗਾ ਕੀਤਾ ਜਾਵੇਗਾ। ਮੀਟਿੰਗ ਵਿਚ ਸ. ਜਸਵੰਤ ਸਿੰਘ ਮਾਨ, ਸ. ਦਯਾ ਸਿੰਘ ਕੱਕੜ, ਸ. ਬਲਵਿੰਦਰ ਸਿੰਘ ਝਬਾਲ, ਜਸਵਿੰਦਰ ਸਿੰਘ ਬਲੀਏਵਾਲ, ਮਨਜੀਤ ਸਿੰਘ ਸਰਨਾ, ਮਨਜੀਤ ਸਿੰਘ ਤਰਨਤਾਰਨੀ, ਪ੍ਰੋ: ਮਨਜੀਤ ਸਿੰਘ, ਗੁਰਮੀਤ ਸਿੰਘ ਸੋਢੀ, ਬਾਬਾ ਸੂਰਤ ਸਿੰਘ ਖ਼ਾਲਸਾ, ਸਰਬਜੀਤ ਸਿੰਘ ਘੁਮਾਣ, ਮਨਿੰਦਰ ਸਿੰਘ ਧੂੰਨਾ, ਦਿੱਲੀ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਵੀ ਹਾਜ਼ਰ ਸਨ। ਇਸ ਦੌਰਾਨ ਬੀਤੀ 24 ਜੂਨ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਸੰਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਫਾਰਮ ਵਿਚੋਂ ਅਨੁਸੂਚਿਤ ਜਾਤੀ ਦਾ ਖਾਨਾ ਕੱਢੇ ਜਾਣ ਲਈ ਹੁਣ ਸਮਾਂ ਨਾ ਰਹਿਣ ਕਰਕੇ ਕੋਈ ਸੰਭਾਵਨਾ ਨਹੀਂ ਹੈ ਪਰ 1926 ਤੋਂ ਚੱਲੇ ਆਉਂਦੇ ਇਸ ਖਾਨੇ ਦੀ ਸਮਾਪਤੀ ਲਈ ਸ਼੍ਰੋਮਣੀ ਕਮੇਟੀ ਵਲੋਂ ਮੌਜੂਦਾ ਚੋਣਾਂ ਤੋਂ ਬਾਅਦ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਕਤ ਖ਼ਾਨਾ 1926 ਤੋਂ ਹੀ ਸ਼੍ਰੋਮਣੀ ਕਮੇਟੀ ਚੋਣਾਂ ਦੇ ਫਾਰਮ ਵਿਚ ਚਲਦਾ ਆ ਰਿਹਾ ਹੈ ਅਤੇ ਇਸਦਾ ਮਤਲਬ ਇਹ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਜਾਤ-ਪਾਤ ਨੂੰ ਉਤਸ਼ਾਹਤ ਕਰਦੀ ਹੈ। ਸ਼੍ਰੋਮਣੀ ਕਮੇਟੀ ਦੀ ਆਗਾਮੀ ਚੋਣ ਤੋਂ ਬਾਅਦ ਨਵੀਂ ਕਮੇਟੀ ਵਿਚ ਇਸ ਗੱਲ ਨੂੰ ਵਿਚਾਰਿਆ ਜਾ ਸਕਦਾ ਹੈ। ਕਾਂਗਰਸ ਦੇ ਹੱਥਾਂ ਵਿਚ ਖੇਡ ਰਹੇ ਵਿਰੋਧੀ ਅਕਾਲੀ ਦਲ ਕੇਵਲ ਚੋਣਾਂ ਦੇ ਸ਼ੁਰੂ ਹੋਏ ਅਮਲ ਨੂੰ ਰੁਕਵਾਉਣ ਲਈ ਹੀ ਇਸ ਤਰ੍ਹਾਂ ਦੀਆਂ ਮੰਗਾਂ ਉਠਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਚੋਣਾਂ 'ਚ ਆਪਣੀ ਹਾਰ ਸਾਫ ਨਜ਼ਰ ਆ ਰਹੀ ਹੈ। ਪੰਜਾਬ ਸਰਕਾਰ ਵਲੋਂ ਹਾਈਕੋਰਟ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਅੱਤਵਾਦੀ ਦੱਸੇ ਜਾਣ ਸੰਬੰਧੀ ਦਿੱਤੇ ਗਏ ਹਲਫੀਆ ਬਿਆਨ ਦੇ ਹਵਾਲੇ ਨਾਲ ਗੱਲ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਹ ਸਰਕਾਰ ਦੇ ਪੱਖ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਤ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਾਰ ਦਿੱਤਾ ਹੋਇਆ ਹੈ ਅਤੇ ਇਸ ਤਰ੍ਹਾਂ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਉਨ੍ਹਾਂ ਨੂੰ ਸ਼ਹੀਦ ਤਸਲੀਮ ਕਰਦੀ ਹੈ। ਇਸ ਮੌਕੇ ਉਨ੍ਹਾਂ ਨਾਲ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਡਾ: ਦਲਜੀਤ ਸਿੰਘ ਚੀਮਾ, ਵਿਧਾਇਕ ਸ: ਸਰਬਜੀਤ ਸਿੰਘ ਮੱਕੜ ਆਦਿ ਹਾਜ਼ਰ ਸਨ।

## ਬਸਪਾ ਵੀ ਲੜੇਗੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ

**ਅੰਮ੍ਰਿਤਸਰ :** ਬਸਪਾ ਦੀ ਪੰਜਾਬ ਇਕਾਈ ਸਿੱਖ ਮੁੱਦਿਆਂ 'ਤੇ ਅਧਾਰਿਤ ਸੂਬੇ 'ਚ ਰਾਜਨੀਤੀ ਕਰਨ ਵਲ ਕੇਂਦਰਿਤ ਹੋ ਰਹੀ ਹੈ। ਦਸੰਬਰ ਮਹੀਨੇ ਦੇ ਨੇੜੇ-ਤੇੜੇ ਹੋਣ ਜਾ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਸਪਾ ਸਿੱਖਾਂ ਦੀ ਪ੍ਰਤੀਨਿਧ ਸੰਸਥਾ 'ਚ ਸ਼ਮੂਲੀਅਤ ਕਰਨ ਬਾਰੇ ਯੋਜਨਾ ਤਿਆਰ ਕਰ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਬਸਪਾ ਇਸ ਨੀਤੀ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਕਿ ਪਾਰਟੀ 'ਚ ਸ਼ਾਮਲ ਅੰਮ੍ਰਿਤਧਾਰੀ ਗੁਰਸਿੱਖ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼ਮੂਲੀਅਤ ਕਰਨ।

ਅਨੁਮਾਨ ਹੈ ਕਿ ਬਸਪਾ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰਾਂ ਦਾ ਸਮਰਥਨ ਕਰਨਗੇ। ਚੇਤੇ ਰਹੇ ਕਿ ਬਸਪਾ ਮੁਖੀ ਕੁਮਾਰੀ ਮਾਇਆਵਤੀ ਤੇ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਵਿਚਕਾਰ ਰਾਜਸੀ ਗੰਢ-ਤੁੱਪ ਹੋ ਚੁੱਕੀ ਹੈ। ਜਦੋਂ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਮਾਝਾ ਜ਼ੋਨ ਦੇ ਇੰਚਾਰਜ ਸਾਬਕਾ ਵਿਧਾਇਕ ਐਡਵੋਕੇਟ ਹਰਗੋਪਾਲ ਸਿੰਘ ਨਾਲ ਪਾਰਟੀ ਸਫਾਂ 'ਚ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਚਲ ਰਹੀ ਗੱਲਬਾਤ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕੋਈ ਤਸੱਲੀਬਖ਼ਸ਼ ਜਵਾਬ ਨਾ ਦਿੱਤਾ ਜਦਕਿ ਅਵਤਾਰ ਸਿੰਘ ਕਰੀਮਪੁਰੀ ਚੋਣਾਂ ਨੂੰ ਲੈ ਕੇ ਸ਼ੁਰੂ ਹੋਏ ਭੰਬਲਭੂਸੇ ਕਰਕੇ ਕੋਈ ਪੱਤਾ ਖੇਡਣ ਲਈ ਅਜੇ ਤਿਆਰ ਨਹੀਂ ਹਨ।

## ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਨੂੰ ਹਟਾਉਣ ਲਈ ਵਿਚਾਰ

**ਅੰਮ੍ਰਿਤਸਰ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਵਿਚਾਲੇ ਇਕ ਗੁਪਤ ਮੀਟਿੰਗ ਬੀਤੀ 28 ਜੂਨ ਨੂੰ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਹੋਈ। ਇਕ ਘੰਟਾ ਚਲੀ ਇਸ ਮੀਟਿੰਗ ਵਿਚ ਪੰਥਕ ਮੁੱਦਿਆਂ ਬਾਰੇ ਵਿਚਾਰ ਕੀਤਾ ਗਿਆ। ਦੋਹਾਂ ਵਿਚਾਲੇ ਮੁਆਫ਼ੀ ਪੈਕੇਜ ਤੇ ਸ਼੍ਰੋਮਣੀ ਕਮੇਟੀ ਵਲੋਂ ਛਾਪੇ ਫਾਰਮਾਂ ਬਾਰੇ ਵੀ ਗੱਲਬਾਤ ਹੋਣ ਦੀ ਚਰਚਾ ਹੈ।



ਭਰੋਸੇਯੋਗ ਸੂਤਰ ਇਹ ਵੀ ਦਾਅਵਾ ਕਰਦੇ ਹਨ ਕਿ ਮੀਟਿੰਗ ਦੌਰਾਨ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਦੀ ਮੁਰੰਮਤ ਬਾਰੇ ਵੀ ਵਿਚਾਰ ਹੋਇਆ। ਸੂਤਰਾਂ ਅਨੁਸਾਰ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਨੂੰ ਹਟਾਉਣ ਤੋਂ ਬਾਅਦ ਦੇ ਹਾਲਾਤ ਬਾਰੇ ਵੀ ਵਿਚਾਰਾਂ ਹੋਈਆਂ। ਜ਼ਿਕਰਯੋਗ ਹੈ ਕਿ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਨੂੰ ਸੌਂਪੀ ਗਈ ਹੈ ਤੇ ਉਹ ਛੇਤੀ ਹੀ ਇਹ ਸੇਵਾ ਅਰੰਭ ਕਰਨ ਜਾ ਰਹੇ ਹਨ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਦੇ ਅਹੁਦੇ ਦੀ ਸੇਵਾ ਨਿਭਾਅ ਚੁੱਕੇ, ਮਾਝੇ ਦੇ ਨਿਧੜਕ ਜਰਨੈਲ ਰਘਬੀਰ ਸਿੰਘ ਰਾਜਾਸਾਂਸੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਸਲਾਹ ਦਿਤੀ ਕਿ ਦਰਵਾਜ਼ਿਆਂ ਦੀ ਇਤਿਹਾਸਕ ਮਹੱਤਤਾ ਨੂੰ ਵੇਖਦੇ ਹੋਏ ਸੇਵਾ ਦੌਰਾਨ ਜਥੇਦਾਰ ਦੇ ਨੁਮਾਇੰਦੇ ਤੋਂ ਇਲਾਵਾ, ਪ੍ਰਧਾਨ ਸ਼੍ਰੋਮਣੀ ਕਮੇਟੀ, ਸਕੱਤਰ ਸ਼੍ਰੋਮਣੀ ਕਮੇਟੀ ਆਦਿ ਦੀ ਹਾਜ਼ਰੀ ਵਿਚ ਹੀ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਕਰਵਾਈ ਜਾਵੇ। ਦਰਵਾਜ਼ਿਆਂ ਦੀ ਮੁਰੰਮਤ ਤੋਂ ਬਾਅਦ ਇਨ੍ਹਾਂ ਵਿਚ ਲੱਗਾ ਕੀਮਤੀ ਸਾਮਾਨ ਦੁਬਾਰਾ ਇਨ੍ਹਾਂ ਵਿਚ ਲਾਇਆ ਜਾਵੇ। ਅਜਿਹਾ ਨਾ ਹੋਣ ਦੀ ਹਾਲਤ ਵਿਚ ਇਹ ਸਾਮਾਨ ਖ਼ੁਰਦ ਬੁਰਦ ਹੋਣ ਦੀ ਸੰਭਾਵਨਾ ਹੈ ਜਿਸ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੋਵੇਗੀ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਤੋਂ ਭਾਈ ਸਾਹਿਬ ਦੀ ਉਪਾਧੀ ਪ੍ਰਾਪਤ ਕਰਨ ਵਾਲੇ ਭਾਈ ਮਹਿੰਦਰ ਸਿੰਘ ਨੇ 1999 ਵਿਚ ਦਰਬਾਰ ਸਾਹਿਬ ਦੀ ਸੋਨੇ ਦੀ ਮੁੜ ਸੇਵਾ ਕਰਾਉਣ ਤੋਂ ਬਾਅਦ ਇਨ੍ਹਾਂ ਦਰਵਾਜ਼ਿਆਂ ਨੂੰ ਬਦਲਾਉਣ ਦੀ ਤਜਵੀਜ਼ ਦਿਤੀ ਸੀ।

## ਕਮੇਟੀ ਚੋਣਾਂ ਦੇ ਕੰਮ ਲਈ ਪਟਵਾਰੀਆਂ ਨੂੰ 46 ਲੱਖ ਰੁਪਏ ਜਾਰੀ ਹੋਣਗੇ

***ਮਿਹਨਤਾਨਾ ਵੀ ਦੁਗਣਾ ਹੋਇਆ *ਵੋਟਾਂ ਬਣਾਉਣ ਦੇ ਕੰਮ ਦਾ ਬਾਈਕਾਟ ਵਾਪਸ**

**ਜਲੰਧਰ:** ਪੰਜਾਬ ਸਰਕਾਰ ਨੇ ਬੀਤੀ 24 ਜੂਨ ਨੂੰ ਅਹਿਮ ਫੈਸਲਾ ਲੈਂਦੇ ਹੋਏ 46 ਲੱਖ ਰੁਪਏ ਜਾਰੀ ਕਰਨ ਦਾ ਫੈਸਲਾ ਕੀਤਾ ਹੈ ਜਿਹੜਾ ਕਿ 1996 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਵੋਟਾਂ ਬਣਾਉਣ ਲਈ ਪਟਵਾਰੀਆਂ ਦਾ ਮਿਹਨਤਾਨਾ ਬਕਾਇਆ ਪਿਆ ਸੀ। ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਸ: ਗੁਰਨੇਕ ਸਿੰਘ ਸ਼ੇਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1996 ਵਿਚ 1000 ਰੁਪਏ ਪ੍ਰਤੀ ਪਟਵਾਰ ਸਰਕਲ ਦੇ ਹਿਸਾਬ ਨਾਲ 1996 ਦਾ ਵੋਟਾਂ ਬਣਾਉਣ ਦਾ ਮਿਹਨਤਾਨਾ ਨਾ ਮਿਲਣ ਕਰਕੇ ਪਟਵਾਰੀਆਂ ਨੇ ਇਸ ਵਾਰ ਵੋਟਾਂ ਬਣਾਉਣ ਦੇ ਕੰਮ ਦਾ ਬਾਈਕਾਟ ਕਰ ਦਿੱਤਾ ਸੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਪਟਵਾਰੀਆਂ ਨੂੰ ਰਾਹਤ ਦਿੰਦੇ ਹੋਏ ਵੋਟਾਂ ਬਣਾਉਣ ਦਾ ਮਿਹਨਤਾਨਾ ਪ੍ਰਤੀ ਪਟਵਾਰ ਸਰਕਲ 1000 ਰੁਪਏ ਤੋਂ 2000 ਰੁਪਏ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਨਵਾਂ ਵਧਿਆ 96 ਲੱਖ ਰੁਪਏ ਮਿਹਨਤਾਨਾ ਮਿਲੇਗਾ। ਯੂਨੀਅਨ ਦੇ ਪ੍ਰਧਾਨ ਸ: ਅਮਰੀਕ ਸਿੰਘ ਰਾਏ ਨੇ ਪੰਜਾਬ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਵੋਟਾਂ ਬਣਾਉਣ ਦੇ ਕੰਮ ਦਾ ਕੀਤਾ ਗਿਆ ਬਾਈਕਾਟ ਵਾਪਿਸ ਲੈਂਦੇ ਹੋਏ ਪਟਵਾਰੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੋਟਾਂ ਬਣਾਉਣ ਦੇ ਕੰਮ ਵਿਚ ਜੁਟ ਜਾਣ ਤੇ ਬਿਨਾਂ ਭੇਦਭਾਵ ਤੋਂ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ ਕੰਮ ਮੁਕੰਮਲ ਕੀਤਾ ਜਾਏ।

ਫੈਸਲੇ ਦਾ ਸਵਾਗਤ ਕਰਨ ਵਾਲਿਆਂ ਵਿਚ ਕੁਲਦੀਪ ਸਿੰਘ ਸੂਬਾ ਖਜ਼ਾਨਚੀ, ਗੋਬਿੰਦ ਸਿੰਘ ਕਾਨੂੰਨੀ ਸਕੱਤਰ, ਨਿਰਮਲਜੀਤ ਸਿੰਘ ਬਾਜਵਾ ਅੰਮ੍ਰਿਤਸਰ, ਦਲਬੀਰ ਸਿੰਘ ਪ੍ਰਧਾਨ ਤੇ ਗੁਰਬਖ਼ਸ਼ ਸਿੰਘ ਗੁੱਲਪੁਰ ਨਵਾਂਸ਼ਹਿਰ ਤੇ ਹੋਰ ਵੀ ਸ਼ਾਮਿਲ ਹਨ।

# ਰਾਸ਼ਟਰ ਮੰਡਲ ਖੇਡਾਂ ਲਈ ਕਰੋੜਾਂ ਦਾ ਬਜਟ ਗਰੀਬ ਲੋਕਾਂ ਦੇ ਪੇਟ 'ਤੇ ਲੱਤ

**ਬਲਜਿੰਦਰ ਕੋਟਭਾਰਾ**

3 ਅਕਤੂਬਰ ਤੋਂ 14 ਅਕਤੂਬਰ 2010 ਤੱਕ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੋਣ ਵਾਲੀਆਂ ਉਨੀਵੀਆਂ ਬ੍ਰਿਟਿਸ ਰਾਸ਼ਟਰ ਮੰਡਲ ਖੇਡਾਂ ਲਈ ਭਾਰਤ ਸਰਕਾਰ ਨੇ ਨਾ ਕੇਵਲ ਦਿਨ ਰਾਤ ਇੱਕ ਕੀਤੀ ਹੋਈ ਹੈ ਸਗੋਂ ਇਨ੍ਹਾਂ ਖਾਤਰ ਕਰੋੜਾਂ ਰੁਪਏ ਵੀ ਪਾਣੀ ਵਾਂਗ ਵਹਾ ਰਹੀ ਹੈ।

ਇਨ੍ਹਾਂ ਰਾਸ਼ਟਰ ਮੰਡਲ ਖੇਡਾਂ ਵਿਚ ਉਹ ਮੁਲਕ ਹਿੱਸਾ ਲੈਂਦੇ ਹਨ ਜੋ ਬ੍ਰਿਟਿਸ਼ ਸਾਮਰਾਜ ਦੇ ਗੁਲਾਮ ਸਨ। ਇਸ ਗਰੁਪ ਦੇ ਇਨ੍ਹਾਂ ਦੇਸ਼ਾਂ ਦੀ ਗਿਣਤੀ 71 ਹੈ ਜਦ ਕਿ ਦੁਨੀਆਂ ਵਿਚ 190 ਮੁਲਕ ਹਨ। ਇਨ੍ਹਾਂ ਖੇਡਾਂ ਦੇ ਇਤਿਹਾਸ ਦੀ ਪੜਚੋਲ ਕਰੋ ਤਾਂ ਪਤਾ ਚੱਲਦਾ ਹੈ ਕਿ ਇਨ੍ਹਾਂ ਦੀ ਸ਼ੁਰੂਆਤ 1918 ਵਿਚ ਸਾਮਰਾਜ ਦੇ ਉਤਸਵ ਦੇ ਰੂਪ ਵਿਚ ਹੋਈ। ਭਾਵੇਂ ਅੱਜ ਸਾਨੂੰ ਇਹ ਜਾਪਦਾ ਹੈ ਕਿ ਅਸੀਂ ਬ੍ਰਿਟਿਸ ਗੁਲਾਮੀ ਤੋਂ ਆਜ਼ਾਦ ਹਾਂ ਪਰ ਅਸਿੱਧੇ ਤੌਰ 'ਤੇ ਭਾਰਤ ਦੀ ਰਾਜ ਸੱਤਾ 'ਤੇ ਕਾਬਜ਼ ਜਮਾਤਾਂ ਅਜੇ ਵੀ ਆਪਣੀਆਂ ਨੀਤੀਆਂ ਇਸ ਸਾਮਰਾਜ ਦੇ ਹਿੱਤਾਂ ਮੁਤਾਬਕ ਹੀ ਘੜਦੀਆਂ ਹਨ। ਇਸ ਦੀ ਵੱਡੀ ਉਦਾਹਰਣ ਭੁਪਾਲ ਗੈਸ ਕਾਂਡ ਦੇ ਇੱਕ ਅਮਰੀਕੀ ਦੋਸ਼ੀ ਐਂਡਰਸਨ ਨੂੰ ਦੇਸ਼ ਵਿਚੋਂ ਭੱਜ ਜਾਣ ਅਤੇ ਮੁਕੱਦਮਿਆਂ ਦੀਆਂ ਚੂਲਾਂ ਢਿੱਲੀਆਂ ਕਰਨੀਆਂ ਵੀ ਸ਼ਾਮਲ ਹਨ।

ਖੇਡਾਂ ਉਤੇ ਸਿੱਧੇ ਤੌਰ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਜਿਸ ਹਿਸਾਬ ਨਾਲ ਸਰਕਾਰ ਇਨ੍ਹਾਂ 'ਤੇ ਕਰੋੜਾਂ ਰੁਪਏ ਦਾ ਬਜਟ ਖ਼ਰਚ ਕਰ ਰਹੀ ਹੈ ਅਤੇ ਦੂਜੇ ਪਾਸੇ ਆਜ਼ਾਦੀ ਦੇ 62 ਸਾਲ ਬਾਅਦ ਵੀ ਦੇਸ਼ ਦੇ ਆਮ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਉਸ ਬਾਰੇ ਸੁਚੇਤ ਨਾਗਰਿਕ ਅੱਗੇ ਕੁਝ ਸਵਾਲ ਜ਼ਰੂਰ ਪੈਦਾ ਹੁੰਦੇ ਹਨ। ਇਨ੍ਹਾਂ ਖੇਡਾਂ ਵਾਸਤੇ ਰਾਜਧਾਨੀ ਵਿਚ ਵੱਖ ਵੱਖ ਥਾਵਾਂ 'ਤੇ ਵੱਖ ਵੱਖ ਕੰਮਾਂ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਇਸ ਬਾਰੇ ਸਾਲ 2010 ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਲੱਗ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਫ਼ੀਚਰਾਂ ਦੇ ਰੂਪ ਵਿਚ ਬਹੁਤ ਕੁਝ ਸਾਹਮਣੇ ਵੀ ਆ ਚੁੱਕਿਆ ਹੈ।

ਰਿਪੋਰਟਾਂ ਮੁਤਾਬਕ ਸ਼ੁਰੂ ਵਿਚ ਇਨ੍ਹਾਂ 'ਤੇ 200 ਕਰੋੜ ਰੁਪਏ ਖ਼ਰਚ ਦੀ ਗੱਲ ਸਾਹਮਣੇ ਆਈ, ਜਦੋਂ ਮੇਜ਼ਬਾਨੀ ਭਾਰਤ ਨੂੰ ਸੌਂਪੀ ਗਈ ਤਾਂ ਇਹ ਬਜਟ 8 ਸੌ ਕਰੋੜ ਤੱਕ ਪੁੱਜ ਗਿਆ ਪਰ "ਤਹਿਲਕਾ" ਦੀ ਇੱਕ ਰਿਪੋਰਟ ਅਨੁਸਾਰ ਹੁਣ ਇਨ੍ਹਾਂ 'ਤੇ 75 ਹਜ਼ਾਰ ਕਰੋੜ ਰੁਪਏ ਖ਼ਰਚ ਹੋਣ ਦਾ ਅੰਦਾਜ਼ਾ ਹੈ। "ਇੰਡੀਆ ਟੂਡੇ" ਨੇ ਇੱਕ ਸਾਲ ਪਹਿਲਾ ਰਿਪੋਰਟ ਪੇਸ਼ ਕੀਤੀ ਸੀ ਕਿ ਇਹ ਬਜਟ 80 ਹਜ਼ਾਰ ਕਰੋੜ ਰੁਪਏ ਤੱਕ ਪੁੱਜੇਗਾ।

ਰਿਪੋਰਟਾਂ ਮੁਤਾਬਕ ਦਿੱਲੀ ਹੋ ਰਹੀਆਂ ਇਹ ਖੇਡਾਂ ਹੁਣ ਤੱਕ ਦੀਆਂ ਸਭ ਤੋਂ ਮਹਿੰਗੀਆਂ ਖੇਡਾਂ ਹਨ। ਦੂਜੇ ਪਾਸੇ ਦੇਸ਼ ਦੀ ਹੀਰੇ ਤੇ ਸੋਨਾ ਉਗਲਣ ਵਾਲੀ ਮਹਾਨ ਧਰਤੀ ਭਾਰਤ ਦੀ ਬਹੁਗਿਣਤੀ ਜਨਤਾ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ। ਸੰਯੁਕਤ ਰਾਸ਼ਟਰ ਸੰਘ ਦੇ ਅਨਾਜ ਅਤੇ ਖੇਤੀ ਸੰਗਠਨ ਦੀ ਇੱਕ ਰਿਪੋਰਟ ਮੁਤਾਬਕ ਪੂਰੇ ਸੰਸਾਰ ਵਿਚ 85 ਕਰੋੜ 50 ਲੱਖ ਲੋਕ ਭੁੱਖਮਰੀ ਅਤੇ ਕੁਪੋਸ਼ਣ ਦੇ ਸ਼ਿਕਾਰ ਹਨ। ਇਸ ਵਿਚੋਂ 35 ਕਰੋੜ ਦੇ ਕਰੀਬ ਆਬਾਦੀ ਭਾਰਤ ਵਿਚ ਹੈ। ਇਸ ਮੁਤਾਬਕ ਤੀਜਾ ਹਿੱਸਾ ਭਾਵ 35 ਕਰੋੜ ਭਾਰਤੀਆਂ ਨੂੰ ਭੁੱਖੇ ਢਿੱਡ ਹੀ ਸੌਣਾ ਪੈਂਦਾ ਹੈ। ਅਨਾਜ ਦੀ ਕੋਈ ਕਮੀ ਨਹੀਂ ਸਗੋਂ ਅਨਾਜ ਤਾਂ ਗੁਦਾਮਾਂ ਵਿਚ ਗਲ ਰਿਹਾ ਹੈ, ਪਰ ਵਧਦੀ ਮਹਿੰਗਾਈ ਨੇ ਗਰੀਬ ਦੀ ਅਨਾਜ ਖਰੀਦਣ ਦੇ ਹੱਕ 'ਤੇ ਵੀ ਡਾਕਾ ਮਾਰਿਆ ਹੋਇਆ ਹੈ। ਰਿਪੋਰਟਾਂ ਮੁਤਾਬਕ ਇੱਕ ਆਦਮੀ ਨੂੰ ਰੋਜ਼ਾਨਾਂ ਔਸਤ 50 ਗ੍ਰਾਮ ਦਾਲ ਦੀ ਜ਼ਰੂਰਤ ਹੈ ਭਾਰਤ ਦੀ ਹੇਠਲੀ ਆਬਾਦੀ ਨੂੰ ਪ੍ਰਤੀ ਵਿਅਕਤੀ ਪ੍ਰਤੀ ਦਿਨ ਕੇਵਲ 13 ਗ੍ਰਾਮ ਦਾਲ ਹੀ ਨਸੀਬ ਹੋ ਰਹੀ ਹੈ। ਦਾਲ ਦੀਆਂ ਕੀਮਤਾਂ ਵਿਚ ਪਿਛਲੇ ਤਿੰਨ ਸਾਲਾਂ



ਵਿਚ ਸੌ ਫੀਸਦੀ ਤੋਂ ਵੀ ਵੱਧ ਦਾ ਵਾਧਾ ਹੋਇਆ ਹੈ। ਇੱਕ ਹੋਰ ਤੱਥ ਅਨੁਸਾਰ ਦੇਸ਼ ਦੇ 84 ਕਰੋੜ ਲੋਕ ਕੇਵਲ 20 ਰੁਪਏ 'ਤੇ ਰੋਜ਼ਾਨਾ ਗੁਜ਼ਾਰਾ ਕਰਨ ਲਈ ਮਜਬੂਰ ਹਨ ਜਿਨ੍ਹਾਂ ਵਿਚੋਂ ਇੱਕ ਤਿਹਾਈ ਆਬਾਦੀ ਕੇਵਲ 11 ਰੁਪਏ 'ਤੇ ਰੋਜ਼ਾਨਾ ਪਲਦੀ ਹੈ। ਪਰ ਫਿਰ ਵੀ ਇਨ੍ਹਾਂ ਖੇਡਾਂ ਲਈ 'ਦਾ ਹਿੰਦੂ' ਦੀ ਇੱਕ ਰਿਪੋਰਟ ਮੁਤਾਬਕ ਅਸ਼ੋਕ ਲੀਲੈਂਡ ਕੰਪਨੀ ਨੂੰ 85 ਬੱਸਾਂ ਬਣਾਉਣ ਖਾਤਰ 119 ਕਰੋੜ ਰੁਪਏ ਦਾ ਆਰਡਰ ਦਿੱਤਾ ਗਿਆ ਹੈ, ਭਾਵ ਇੱਕ ਬੱਸ ਸਵਾ ਕਰੋੜ ਰੁਪਏ ਤੋਂ ਵੀ ਵੱਧ ਦੀ ਹੋਵੇਗੀ।

"ਦਾ ਟਾਈਮਜ ਆਫ ਇੰਡੀਆ" ਦੀ ਰਿਪੋਰਟ ਮੁਤਾਬਕ ਇਨ੍ਹਾਂ ਖੇਡਾਂ ਦੇ ਮੱਦੇਨਜ਼ਰ ਉਤਰ ਰੇਲਵੇ ਨੇ ਦਿੱਲੀ ਮੰਡਲ ਦੇ 10 ਸਟੇਸ਼ਨਾਂ ਦੇ ਆਧੁਨਿਕੀਕਰਨ ਅਤੇ ਹੋਰ ਸਹੂਲਤਾਂ ਲਈ 170 ਕਰੋੜ ਰੁਪਏ ਖ਼ਰਚਣ ਦਾ ਫੈਸਲਾ ਲਿਆ ਹੈ ਪਰ ਤਸਵੀਰ ਦਾ ਦੂਜਾ ਪਾਸਾ, ਬੱਚੇ ਦੇਸ਼ ਦਾ ਭਵਿੱਖ ਮੰਨੇ ਜਾਂਦੇ ਹਨ, ਭਾਰਤ ਦਾ ਭਵਿੱਖ ਭਾਵ ਬੱਚੇ ਭਾਰਤ ਦੇ ਗਰੀਬ ਅੱਧੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਰਿਪੋਰਟਾਂ ਮੁਤਾਬਕ ਗਰੀਬ ਅਤੇ ਹੋਰ ਕਾਰਨਾਂ ਕਰਕੇ ਭਾਰਤ ਵਿਚ ਹਰ ਤਿੰਨ ਸੈਕਿੰਡਾਂ ਵਿਚ ਇੱਕ ਮਾਸੂਮ ਬੱਚੇ ਦੀ ਮੌਤ ਹੋ ਜਾਂਦੀ ਹੈ। ਪੇਟ ਦੀਆਂ ਬਿਮਾਰੀਆਂ ਕਾਰਨ ਰੋਜ਼ਾਨਾ ਇੱਕ ਹਜ਼ਾਰ ਬੱਚਿਆਂ ਦੀ ਮੌਤ ਹੋ ਜਾਂਦੀ ਹੈ ਅਤੇ ਹਰੇਕ ਇੱਕ ਹਜ਼ਾਰ ਵਿਚੋਂ 57 ਬੱਚੇ ਜਨਮ ਲੈਂਦੇ ਸਾਰ ਹੀ ਮੌਤ ਦੇ ਜਾਲਮ ਪੰਜੇ ਨੋਚ ਲੈਂਦੇ ਹਨ।

"ਦਾ ਹਿੰਦੂ" ਅਤੇ "ਟਾਈਮਜ਼ ਆਫ਼ ਇੰਡੀਆ" ਦੀਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਖੇਡਾਂ ਲਈ ਵਿਸ਼ੇਸ਼ ਤੌਰ 'ਤੇ ਦਿੱਲੀ ਨਗਰ ਨਿਗਮ ਦੇ ਸਿੰਗਾਪੁਰ ਸਟਾਈਲ ਦੇ ਅਤਿ ਆਧੁਨਿਕ ਬਹੁ ਮੰਜ਼ਲੀ ਪਾਰਕਿੰਗ ਲਾਟ ਬਣਾ ਰਹੀ ਹੈ, ਜਿਨ੍ਹਾਂ ਵਿਚ ਤਾਕਤਵਰ ਲਿਫ਼ਟਾਂ ਰਾਹੀਂ ਕਾਰਾਂ ਨੂੰ ਹੇਠਾਂ/ਉਤੇ ਅਤੇ ਸੱਜੇ/ਖੱਬੇ ਪਹੁੰਚਾਇਆ ਅਤੇ ਘੁਮਾਇਆ ਜਾ ਸਕਦਾ ਹੈ। ਤਸਵੀਰ ਦੇ ਦੂਜੇ ਪਾਸੇ ਦੀ ਝਲਕ ਵੀ ਵੇਖ ਲਓ। ਕੌਮਾਂਤਰੀ ਸਿਹਤ ਸੰਗਠਨ ਯੂਨੀਸੇਫ, ਯੂ. ਐਨ. ਐਫ. ਪੀ. ਏ. ਅਤੇ ਵਿਸ਼ਵ ਬੈਂਕ ਦੀ ਰਿਪੋਰਟ 2007 ਦੇ ਅਨੁਸਾਰ ਸੰਸਾਰ ਵਿਚ ਗਰਭ ਅਵਸਥਾ ਜਾਂ ਜਨਮ ਦੇਣ ਸਮੇਂ 5 ਲੱਖ 36 ਹਜ਼ਾਰ ਔਰਤਾਂ ਦੀ ਮੌਤ ਹੋ ਜਾਂਦੀ ਹੈ। ਕੇਵਲ ਭਾਰਤ ਵਿਚ ਬੱਚੇ ਨੂੰ ਜਨਮ ਦੇਣ ਸਮੇਂ 1.17 ਲੱਖ ਮੌਤਾਂ ਹੋ ਜਾਂਦੀਆਂ ਹਨ, ਇਸ ਦਾ ਕਾਰਨ ਗਰੀਬੀ ਕਰਕੇ ਪੌਸਟਿਕ ਖ਼ੁਰਾਕ ਅਤੇ ਸਹੀ ਇਲਾਜ਼ ਨਾ ਹੋਣਾ ਦੱਸਿਆ ਗਿਆ ਹੈ। ਇਨ੍ਹਾਂ ਖੇਡਾਂ ਦੌਰਾਨ ਮਿਹਨਤਕਸ਼ ਲੋਕਾਂ ਨਾਲ ਧੱਕੇਸ਼ਾਹੀ ਦੀਆਂ ਰਿਪੋਰਟਾਂ ਵੀ ਮਿਲ ਰਹੀਆਂ ਹਨ। ਕੇਵਲ ਦਿਖਾਵੇ ਦੇ ਤੌਰ 'ਤੇ ਨਵਾਂ ਬੁਨਿਆਦੀ ਢਾਂਚਾ ਅਤੇ ਆਧੁਨਿਕਤਾ ਦੇ ਨਾਂ ਹੇਠ ਹਜ਼ਾਰਾਂ ਗਰੀਬਾਂ ਨੂੰ ਉਜਾੜਿਆ ਜਾ ਰਿਹਾ ਹੈ। ਹੱਥ-ਰੇਹੜੀ/ਫੜੀ ਦਾ ਕੰਮ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਣ ਵਾਲੇ ਹਜ਼ਾਰਾਂ ਲੋਕਾਂ ਨੂੰ ਉਜਾੜ ਦਿੱਤਾ ਗਿਆ ਹੈ ਅਤੇ ਝੁੱਗੀਆਂ ਝੌਂਪੜੀਆਂ 'ਤੇ ਵੀ ਬੁਲਡੋਜ਼ਰ ਚੱਲ ਰਹੇ ਹਨ।

ਦੂਜੇ ਪਾਸੇ ਸਟੇਡੀਅਮ ਅਤੇ ਹੋਰ ਨਿਰਮਾਣ ਲਈ ਕੰਮ ਕਰ ਰਹੇ ਮਜ਼ਦੂਰਾਂ ਨੂੰ ਮਜ਼ਦੂਰੀ ਨਾ ਮਿਲਣ ਅਤੇ ਠੇਕੇਦਾਰ ਮਾਲਕਾਂ ਦੀਆਂ ਨਾ ਮੁਆਫ਼ ਕਰਨ ਯੋਗ ਗਲਤੀਆਂ ਕਾਰਨ ਮਜ਼ਦੂਰਾਂ ਦੇ ਮਰਨ ਦੀਆਂ ਖ਼ਬਰਾਂ ਵੀ ਨਸ਼ਰ ਹੋ ਰਹੀਆਂ ਹਨ। "ਆਊਟਲੁਕ" ਮੈਗਜੀਨ ਅਨੁਸਾਰ ਮਨੁੱਖੀ ਅਧਿਕਾਰ ਸੰਸਥਾ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਇਟਸ ਨੇ ਦੱਸਿਆ ਹੈ ਕਿ ਖੇਡ ਪਿੰਡ ਵਿਚ ਕੰਮ ਕਰਦੇ ਮੌਕੇ ਹੁਣ ਤੱਕ 70 ਤੋਂ 2 ਸੌ ਤੱਕ ਮਜ਼ਦੂਰ ਮਾਰੇ ਜਾ ਚੁੱਕੇ ਹਨ। ਮਜ਼ਦੂਰਾਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਤਾਂ ਆਮ ਗੱਲ ਹੈ। ਦਿੱਲੀ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਸ਼ਿਖਾ ਨੇ ਤਾਂ ਹੈਰਾਨੀਜਨਕ ਤੱਥਾਂ ਦਾ ਖੁਲਾਸਾ ਕਰ ਦਿੱਤਾ ਹੈ ਕਿ ਠੇਕੇਦਾਰਾਂ ਨੇ ਕੁਝ ਮਜ਼ਦੂਰਾਂ ਨੂੰ ਤਾਂ ਫੁੱਟੀ ਕੌਡੀ ਤੱਕ ਨਹੀਂ ਦਿੱਤੀ ਅਤੇ ਉਹ ਆਪਣੇ ਬਰਤਨ ਤੱਕ ਵੇਚ ਕੇ ਵਾਪਸ ਪਰਤ ਗਏ। ਇਸ ਤੋਂ ਸਾਫ਼ ਜਾਹਿਰ ਹੈ ਕਿ ਭਾਰਤ ਨੂੰ ਚਾਕਰੀ ਦਾ ਫ਼ਿਕਰ ਹੈ ਜਾਂ ਭੁੱਖ ਨਾਲ ਮਰ ਰਹੇ ਲੋਕਾਂ ਦਾ।

# ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?

**ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:**

**ਰਵੀ ਗੋਂਡਲ**
**ਫੋਨ: 916-812-1044**
**ਮਨੀ ਗੋਂਡਲ**
**ਫੋਨ: 775-224-6076**

ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

**ਅਤੇ ਲਾਈਫ ਇੰਸ਼ੋਰੈਂਸ**


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Cell: 916-337-1683**
**Off : 661-369-4865**
**Off : 916-983-4890**
**Fax : 916-984-0110**
**Fax : 888-327-6115**

**Major Singh Chauhan**
**AGENT**
CA Ins. Lic #0D36632
New York Life Insurance Company

**mc101048@gmail.com**


THE COMPANY YOU KEEP

# JAGDEEP SINGH

## INSURANCE AGENCY

**ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ**

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ



*Jagdeep Singh*
CA Lic #0E42884

***We Can Beat Any Rates***

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ

**Ph : 559.277.5580**
**Fax : (888) 227-6988**
email: jagdeep@jsinghagency.com
www.jsinghagency.com

**Fresno Location : 4491 W. Shaw Ave. #300A Fresno CA 93722**

**Our New Location : GOLD RIVER**

**Ph : 916-220-2128**

**2377 Gold Meadow, Ste #157, Gold River CA 95670**

# ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

**ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।**

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*



**ਫੋਨ:(510) 881-8008**
**ਸੈਲ:408-896-4518**

**Email:** cctransinc@gmail.com

# C and C Trans Inc.

**Hayward, CA**

# ਪੰਜਾਬ ਟਾਈਮਜ਼

ਸਨਿਚਰਵਾਰ, 3 ਜੁਲਾਈ 2010

ਮਨੁੱਖ ਦੀ ਮਨੁੱਖ ਪ੍ਰਤੀ ਕਰੂਰਤਾ ਅਣਗਿਣਤ ਲੋਕਾਂ ਨੂੰ ਰੁਆਉਂਦੀ ਹੈ।


## ਮਹਿੰਗਾਈ ਹੋਰ ਵਧਣ ਦੇ ਆਸਾਰ

ਕੇਂਦਰ ਸਰਕਾਰ ਨੇ ਬੀਤੀ 25 ਜੂਨ ਨੂੰ ਲਏ ਇਕ ਫੈਸਲੇ ਵਿਚ ਤੇਲ ਦੀਆਂ ਕੀਮਤਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਦੇਸ਼ ਵਿਚ ਪੈਟਰੋਲ 3.50 ਰੁਪਏ, ਡੀਜ਼ਲ 2 ਰੁਪਏ, ਰਸੋਈ ਗੈਸ 35 ਰੁਪਏ ਅਤੇ ਮਿੱਟੀ ਦਾ ਤੇਲ 3 ਰੁਪਏ ਮਹਿੰਗਾ ਹੋ ਗਿਆ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ 'ਤੇ ਜਿਥੇ ਉਸ ਦੀਆਂ ਭਾਈਵਾਲ ਪਾਰਟੀਆਂ ਤ੍ਰਿਣਮੂਲ ਕਾਂਗਰਸ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਨੇ ਨਾਰਾਜ਼ਗੀ ਜਤਾਈ ਹੈ, ਉਥੇ ਖੱਬੀਆਂ ਪਾਰਟੀਆਂ ਅਤੇ ਭਾਰਤੀ ਜਨਤਾ ਪਾਰਟੀ ਨੇ ਵੀ ਸਰਕਾਰ ਦੇ ਕੀਮਤਾਂ ਵਿਚ ਵਾਧੇ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਉਧਰ ਸਰਕਾਰ ਦਾ ਕਹਿਣਾ ਹੈ ਕਿ ਵਧਦੇ ਬਜਟ ਘਾਟੇ ਨੂੰ ਰੋਕਣ ਲਈ ਉਸ ਪਾਸ ਇਹ ਫੈਸਲਾ ਲੈਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਇਹ ਮੰਨਦਿਆਂ ਕਿ ਇਸ ਫੈਸਲੇ ਨਾਲ ਸ਼ੁਰੂ ਵਿਚ ਮਹਿੰਗਾਈ ਵਧੇਗੀ, ਸਰਕਾਰ ਨੇ ਦਾਅਵਾ ਕੀਤਾ ਹੈ ਕਿ 6 ਤੋਂ 9 ਮਹੀਨਿਆਂ ਬਾਅਦ ਬਜਟ ਘਾਟਾ ਘਟਣ ਦੇ ਨਤੀਜੇ ਵਜੋਂ ਮਹਿੰਗਾਈ ਆਪਣੇ ਆਪ ਘਟਣ ਲੱਗੇਗੀ। ਇਸ ਫੈਸਲੇ ਨੂੰ ਉਦਾਰੀਕਰਨ ਵੱਲ ਇਕ ਬਹੁਤ ਅਹਿਮ ਕਦਮ ਵੀ ਦੱਸਿਆ ਗਿਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਤੇਲ ਕੀਮਤਾਂ ਉਪਰ ਸਰਕਾਰੀ ਕੰਟਰੋਲ ਅਤੇ ਸਬਸਿਡੀ ਕਾਰਨ ਜਨਤਕ ਖੇਤਰ ਨਾਲ ਸੰਬੰਧਤ ਤੇਲ ਕੰਪਨੀਆਂ ਭਾਰੀ ਘਾਟੇ ਵਿਚ ਸਨ। ਇਨ੍ਹਾਂ ਤੇਲ ਕੰਪਨੀਆਂ ਦਾ ਸਰਕਾਰ ਉਪਰ ਭਾਰੀ ਦਬਾਅ ਸੀ ਕਿ ਤੇਲ ਕੀਮਤਾਂ ਨੂੰ ਕੰਟਰੋਲ ਮੁਕਤ ਕੀਤਾ ਜਾਵੇ। ਇਸ ਫੈਸਲਾ ਨਾਲ ਤੇਲ ਕੀਮਤਾਂ ਨੂੰ ਕੌਮਾਂਤਰੀ ਮੰਡੀ ਵਿਚ ਵਧਦੀਆਂ/ਘਟਦੀਆਂ ਕੀਮਤਾਂ ਨਾਲ ਜੋੜ ਦਿੱਤਾ ਹੈ।

ਇਸ ਫੈਸਲੇ ਦੇ ਨਾਲ ਹੀ ਸਰਕਾਰ ਦੇ ਭਾਈਵਾਲਾਂ ਅਤੇ ਵਿਰੋਧੀ ਪਾਰਟੀਆਂ ਵਲੋਂ ਸਿਆਸਤ ਵੀ ਸ਼ੁਰੂ ਹੋ ਗਈ ਹੈ। ਭਾਜਪਾ ਨੇ ਤੇਲ ਦੀਆਂ ਕੀਮਤਾਂ ਬਾਰੇ ਫੈਸਲਾ ਵਾਪਸ ਲੈਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਸਾਂਝਾ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਨੇ ਇਸ ਕਦਮ ਨਾਲ ਉਨ੍ਹਾਂ ਲੋਕਾਂ ਦੀ ਖਿੱਲੀ ਉਡਾਈ ਹੈ, ਜਿਨ੍ਹਾਂ ਨੇ ਯੂ.ਪੀ.ਏ. ਦੀ ਸਰਕਾਰ ਵਿਚ ਵਿਸ਼ਵਾਸ ਪ੍ਰਗਟ ਕਰਕੇ ਇਸ ਨੂੰ ਸੱਤਾ ਸੌਂਪੀ ਸੀ। ਭਾਜਪਾ ਬੁਲਾਰੇ ਪ੍ਰਕਾਸ਼ ਜਾਵੇਡਕਰ ਨੇ ਕਿਹਾ ਹੈ ਕਿ ਸਰਕਾਰ ਦੀ ਆਪਣੀ ਵੀ ਕੋਈ ਭੂਮਿਕਾ ਹੁੰਦੀ ਹੈ ਅਤੇ ਵਧਦੀ ਮਹਿੰਗਾਈ ਵਿਚ ਸਰਕਾਰ ਨੂੰ ਆਮ ਲੋਕਾਂ ਦੀ ਦ੍ਰਿਸ਼ਟੀ ਤੋਂ ਦਖਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਤੇਲ ਕੀਮਤਾਂ ਅੰਤਰਰਾਸ਼ਟਰੀ ਮੰਡੀ ਨੇ ਹੀ ਨਿਰਧਾਰਤ ਕਰਨੀਆਂ ਹਨ ਤਾਂ ਸਰਕਾਰ ਭਲਾ ਕਿਸ ਕੰਮ ਦੀ ਸ਼ੈਅ ਹੈ। ਭਾਜਪਾ ਵਾਂਗ ਹੀ ਚਾਰ ਖੱਬੇਪੱਖੀ ਪਾਰਟੀਆਂ ਸੀ.ਪੀ.ਆਈ., ਮਾਰਕਸਵਾਦੀ ਪਾਰਟੀ, ਫਾਰਵਰਡ ਬਲਾਕ ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਤੇਲ ਦੀਆਂ ਕੀਮਤਾਂ ਵਿਚ ਵਾਧਾ ਆਮ ਆਦਮੀ ਨਾਲ ਜ਼ਾਲਮਾਨਾ ਧੱਕਾ ਹੈ। ਯਾਦ ਰਹੇ ਸਿਰਫ ਤਿੰਨ ਕੁ ਮਹੀਨੇ ਪਹਿਲਾਂ ਹੀ ਕੇਂਦਰ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਸੀ। ਵਿਰੋਧੀ ਪਾਰਟੀਆਂ ਵਾਂਗ ਹੀ ਸਰਕਾਰ ਵਿਚ ਭਾਈਵਾਲ, ਰੇਲ ਮੰਤਰੀ ਮਮਤਾ ਬੈਨਰਜੀ ਨੇ ਵੀ ਧੀਮੀ ਸੁਰ 'ਚ ਕੀਮਤਾਂ ਦੇ ਵਾਧੇ ਦਾ ਵਿਰੋਧ ਕੀਤਾ ਹੈ। ਮਮਤਾ ਨੇ ਕਿਹਾ ਹੈ ਕਿ ਤੇਲ ਕੀਮਤਾਂ ਵਿਚ ਵਾਧੇ ਨਾਲ ਮਹਿੰਗਾਈ ਹੋਰ ਵਧੇਗੀ ਅਤੇ ਇਹ ਲੋਕਾਂ ਲਈ ਦੁਖਦਾਈ ਹੋਵੇਗਾ। ਯਾਦ ਰਹੇ ਪੱਛਮੀ ਬੰਗਾਲ ਵਿਚ ਛੇਤੀ ਹੀ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਇਸ ਦ੍ਰਿਸ਼ਟੀ ਤੋਂ ਮਮਤਾ ਬੈਨਰਜੀ ਕੇਂਦਰ ਸਰਕਾਰ ਦਾ ਕੀਮਤਾਂ ਦੇ ਵਾਧੇ ਦੇ ਮੁੱਦੇ 'ਤੇ ਵਿਰੋਧ ਕਰ ਰਹੀ ਹੈ। ਉਧਰ ਤੇਲ ਕੀਮਤਾਂ 'ਚ ਵਾਧੇ ਦੇ ਮੁੱਦੇ 'ਤੇ ਕਾਂਗਰਸ ਪਾਰਟੀ ਨੇ ਆਪਣੀਆਂ ਮਜਬੂਰੀਆਂ ਦੱਸੀਆਂ ਹਨ। ਕਾਂਗਰਸੀ ਆਗੂ ਜੈਅੰਤੀ ਨਟਰਾਜਨ ਨੇ ਕਿਹਾ ਹੈ ਕਿ ਸਰਕਾਰ ਇਸ ਫੈਸਲੇ ਲਈ ਮਜਬੂਰ ਹੋ ਗਈ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਗਰੀਬ ਲੋਕਾਂ 'ਤੇ ਫੈਸਲੇ ਦਾ ਬਹੁਤਾ ਪ੍ਰਭਾਵ ਨਾ ਪਵੇ। ਉਨ੍ਹਾਂ ਤ੍ਰਿਣਮੂਲ ਕਾਂਗਰਸ ਦੇ ਵਿਰੋਧ ਨੂੰ ਨਜ਼ਰਅੰਦਾਜ਼ ਕਰਦਿਆਂ ਕਿਹਾ ਕਿ ਪੱਛਮੀ ਬੰਗਾਲ ਦੀ ਆਗੂ ਅਤੇ ਰੇਲ ਮੰਤਰੀ ਮਮਤਾ ਬੈਨਰਜੀ ਵੀ ਇਸ ਫੈਸਲੇ ਵਿਚ ਸ਼ਾਮਲ ਹੈ ਕਿਉਂਕਿ ਸਰਕਾਰ ਵਲੋਂ ਫੈਸਲੇ ਸਮੂਹਿਕ ਤੌਰ 'ਤੇ ਲਏ ਜਾਂਦੇ ਹਨ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਵਾਧੇ ਦਾ ਵਿਰੋਧ ਕੀਤਾ ਹੈ। ਸ. ਬਾਦਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਕ ਪਾਸੇ ਕੇਂਦਰ ਵਲੋਂ ਦੇਸ਼ ਦੀ ਆਰਥਿਕਤਾ ਵਿਚ ਵੱਡੇ ਉਗਾਸੇ ਦੇ ਦਾਅਵੇ ਕੀਤੇ ਜਾ ਰਹੇ ਹਨ ਜਦਕਿ ਦੂਜੇ ਪਾਸੇ ਆਮ ਆਦਮੀ ਉਪਰ ਵਧੇਰੇ ਬੋਝ ਪਾਇਆ ਜਾ ਰਿਹਾ ਹੈ।

ਸਮੁੱਚੇ ਰੂਪ ਵਿਚ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਮੁਕਤ ਕਰਨ ਦਾ ਅਸਰ ਦੇਸ਼ ਦੀ ਸਮੁੱਚੀ ਆਰਥਿਕਤਾ ਉਪਰ ਜ਼ਰੂਰ ਪਵੇਗਾ। ਕੇਂਦਰ ਵਿਚ ਰਾਜ ਕਰ ਰਹੀਆਂ ਪਾਰਟੀਆਂ ਸਮੇਤ ਸਮੁੱਚੀਆਂ ਸਿਆਸੀ ਪਾਰਟੀਆਂ ਵੀ ਇਸ ਹਕੀਕਤ ਤੋਂ ਵਾਕਫ਼ ਹਨ। ਇਸ ਦਾ ਸਾਹਮਣਾ ਕਰਨ ਲਈ ਉਹ ਆਪਣੇ ਆਪ ਨੂੰ ਤਿਆਰ ਕਰ ਰਹੀਆਂ ਹਨ। ਇਹ ਪਾਰਟੀਆਂ ਇਕ ਪਾਸੇ ਤਾਂ ਆਪਣੇ-ਆਪ ਨੂੰ ਆਮ ਲੋਕਾਂ ਦੀਆਂ ਖੈਰ-ਖਵਾਹ ਸਮਝਦੀਆਂ ਹਨ ਅਤੇ ਦੂਜੇ ਪਾਸੇ ਕੀਮਤਾਂ ਵਿਚ ਵਾਧੇ ਦੇ ਲੋਕ-ਵਿਰੋਧੀ ਫੈਸਲਿਆਂ ਵਿਚ ਵੀ ਸ਼ਾਮਲ ਹਨ। ਤੇਲ ਦੀਆਂ ਕੀਮਤਾਂ ਵਿਚ ਹੋਏ ਵਾਧੇ ਨਾਲ ਆਮ ਵਸਤਾਂ ਅਤੇ ਕਿਰਾਏ-ਭਾੜੇ ਦਾ ਵਧਣਾ ਲਾਜ਼ਮੀ ਹੈ। ਇਸ ਨਾਲ ਲੋਕਾਂ ਦੇ ਜ਼ਰੂਰੀ ਵਰਤੋਂ ਅਤੇ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਵੇਗਾ। ਜ਼ਰੂਰੀ ਵਸਤਾਂ ਦੀ ਢੋਆ-ਢੁਆਈ ਅਤੇ ਟਰਾਂਸਪੋਰਟ ਵੀ ਮਹਿੰਗੀ ਹੋ ਜਾਵੇਗੀ। ਮਹਿੰਗਾਈ ਹੋਰ ਵਧੇਗੀ। ਪਿਛਲੇ ਕੁਝ ਹੀ ਸਮੇਂ ਵਿਚ ਦੇਸ਼ ਵਿਚ ਮਹਿੰਗਾਈ 17 ਫੀਸਦੀ ਵਧੀ ਹੈ ਅਤੇ ਆਉਣ ਵਾਲੇ ਕੁਝ ਹੀ ਦਿਨਾਂ ਵਿਚ ਇਸ ਨੇ ਹੋਰ ਵਧਣਾ ਹੈ। ਜਿਵੇਂ ਕਿ ਅਸੀਂ ਉਪਰ ਸਿਆਸੀ ਪਾਰਟੀਆਂ ਦੀ ਨਕਲੋ-ਹਰਕਤ ਤੋਂ ਵੇਖਿਆ ਹੈ, ਇਸ ਮੁੱਦੇ ਦਾ ਇਕ ਸਿਆਸੀ ਮੁੱਦੇ ਵਿਚ ਪਲਟਣਾ ਲਾਜ਼ਮੀ ਹੈ ਅਤੇ ਜਾਪਦਾ ਇੰਜ ਵੀ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਅਤੇ ਕੁਝ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮਹਿੰਗਾਈ ਦਾ ਮੁੱਦਾ ਪ੍ਰਮੁੱਖ ਮੁੱਦਾ ਬਣੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜਠੇਰਿਆਂ ਦੀ ਪੂਜਾ?

ਟੂਣੇ-ਟਾਮਣ ਵਿਚ ਜੋ ਫਸੇ ਰਹਿੰਦੇ, ਹੁੰਦੇ ਅਸਲ ਸੁਦਾਗਰ ਹਨੇਰਿਆਂ ਦੇ।<br>
ਜਿੰਨ ਭੂਤਨੇ ਜਿਨ੍ਹਾਂ ਨੂੰ ਨਜ਼ਰ ਆਵਣ, ਨਹੀਂਓਂ ਜਾਣਦੇ ਅਰਥ ਸਵੇਰਿਆਂ ਦੇ।<br>
ਧੀਆਂ-ਭੈਣਾਂ ਨੂੰ ਭੇਜਦੇ ਡੇਰਿਆਂ ਵਿਚ, ਜਾਈਏ ਸਦਕੇ ਉਨ੍ਹਾਂ ਦੇ ਜੇਰਿਆਂ ਦੇ।<br>
ਹਸ਼ਰ ਦੇਖ ਕੇ ਲੋਕ ਨਾ ਸਬਕ ਲੈਂਦੇ, ਝੁੱਗੇ ਚੌੜ ਨੇ ਹੋਏ ਬਥੇਰਿਆਂ ਦੇ।<br>
ਘਰ 'ਚੋਂ ਕਲਾਹ-ਕਲੇਸ਼ ਨਾ ਮੁੱਕਦਾ ਏ, ਕਾਲੇ ਇਲਮ ਦੇ ਭਰਮ ਨੇ ਘੇਰਿਆਂ ਦੇ।<br>
ਜਿਉਂਦੇ ਬਾਪ ਦੀ ਸਾਰ ਨਾ ਮੂਲ ਲੈਂਦੇ, ਮੱਥੇ ਰਗੜਦੇ ਅੱਗੇ ਜਠੇਰਿਆਂ ਦੇ!

# ਦਰ ਖੁੱਲ੍ਹਾ ਹਸ਼ਰ ਅਜਾਬ ਦਾ, ਬੁਰਾ ਹਾਲ ਪੰਜਾਬ ਦਾ

**ਬੀ.ਐਸ. ਥੋਰ**

ਗਾਥਾ ਬਹੁਤ ਲੰਬੀ ਹੈ। ਸ਼ਾਇਦ ਹਿੰਦੋਸਤਾਨ ਤੋਂ ਵੀ ਲੰਮੇਰੀ ਅਤੇ ਹੈ ਬੜੀ ਸੰਵੇਦਨਸ਼ੀਲ ਤੇ ਵਿਲੱਖਣ, ਪਰ ਹੱਥਲੇ ਲੇਖ ਦੀ ਚਰਚਾ ਵਧੇਰੇ ਕਰਕੇ ਪੰਜਾਬ ਦੀ ਅਜੋਕੀ ਦਿਸ਼ਾ ਅਤੇ ਦਸ਼ਾ ਨੂੰ ਮੁਖਾਤਿਬ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵਾਲੇ ਪੰਜਾਬ ਦੇ ਵਿਸ਼ਾਲ ਰਕਬੇ ਨੂੰ ਜੇ ਅੱਖੋਂ-ਪਰੋਖੇ ਵੀ ਕਰ ਦੇਈਏ ਤਾਂ ਵੀ 1966 ਤਕ ਇਸ ਦੀਆਂ ਹੱਦਾਂ ਉਤਰ ਵਿਚ ਜੰਮੂ-ਕਸ਼ਮੀਰ ਦੀਆਂ ਬਰੂਹਾਂ ਅਤੇ ਇਧਰ ਦਿੱਲੀ ਦੀਆਂ ਜੂਹਾਂ ਨੂੰ ਅੱਪੜਦੀਆਂ ਸਨ। ਸੰਨ 1966 ਵਿਚ ਇਸ ਵਿਸ਼ਾਲ ਸੂਬੇ ਦਾ ਵਢਾਂਗਾ ਕਰਕੇ ਦੋ ਹੋਰ ਨਵੇਂ ਸੂਬੇ ਹਰਿਆਣਾ ਅਤੇ ਹਿਮਾਚਲ ਰੂਪਮਾਨ ਕਰ ਦਿੱਤੇ ਗਏ ਅਤੇ ਪੰਜਾਬ ਸੂਬਾ ਨਾ ਰਹਿ ਕੇ 'ਸੂਬੀ' ਬਣ ਗਈ। ਪੰਜਾਬ ਦੀ ਕੋਈ ਰਾਜਧਾਨੀ ਨਾ ਰਹੀ। ਪੰਜਾਬ ਦੀ ਧਰਤੀ 'ਤੇ ਪੰਜਾਬੀਆਂ ਨੇ ਰਾਜਧਾਨੀ ਵਜੋਂ ਉਸਾਰਿਆ ਬੇਨਜ਼ੀਰ ਸ਼ਹਿਰ ਚੰਡੀਗੜ੍ਹ ਕੇਂਦਰ ਸਰਕਾਰ ਦਾ ਹੋ ਗਿਆ ਅਤੇ ਪੰਜਾਬ ਆਪਣੇ ਹੀ ਘਰ ਵਿਚ ਕਿਰਾਏਦਾਰ ਬਣ ਗਿਆ।

ਸੰਨ 1952 ਵਿਚ ਬੋਲੀ ਦੇ ਆਧਾਰ 'ਤੇ ਸੂਬਿਆਂ ਦਾ ਪੁਨਰਗਠਨ ਕਰਨ ਲਈ ਦੇਸ਼ ਭਰ ਵਿਚ ਗੱਲ ਚੱਲੀ। ਪੰਜਾਬ 'ਚ ਵੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਉਠੀ। ਪੰਜਾਬੀ ਸੂਬੇ ਲਈ ਪਹਿਲੀ ਕਾਨਫਰੰਸ ਅੰਬਾਲਾ ਸ਼ਹਿਰ 'ਚ ਹੋਈ। ਇਸ ਦੇ ਅਲੰਬਰਦਾਰ ਪੰਜਾਬ ਦੇ ਅਗਾਂਹਵਧੂ ਵਰਗ 'ਚੋਂ ਸਨ। ਤਾਰਾ ਚੰਦ ਗੁਪਤਾ, ਰਾਜਿੰਦਰ ਸਿੰਘ ਊਘੇ ਜਰਨਲਿਸਟ ਅਤੇ ਅਮਰ ਸਿੰਘ ਅੰਬਾਲਵੀ ਜਿਹੇ ਆਗੂ ਸਨ। ਸਹਿਜੇ-ਸਹਿਜੇ ਹੋਰ ਸੂਬਿਆਂ ਦਾ ਪੁਨਰਗਠਨ ਹੁੰਦਾ ਗਿਆ, ਪਰ ਪੰਜਾਬੀ ਸੂਬੇ ਦੀ ਮੰਗ ਕੇਂਦਰ ਸਰਕਾਰ ਦੇ ਗਲੇ 'ਚ ਅਜਿਹੀ ਫਸੀ ਕਿ ਨਿਰੰਤਰ 14 ਸਾਲ ਸੰਘਰਸ਼ ਚਲਦਾ ਰਿਹਾ ਤਾਂ ਜਾ ਕੇ 1966 ਵਿਚ ਪੰਜਾਬ ਦਾ ਪੁਨਰਗਠਨ ਬੋਲੀ ਦੇ ਆਧਾਰ 'ਤੇ ਹੋਇਆ, ਉਹ ਵੀ ਬੇਤੁਕਾ, ਬੇਸੁਰਾ ਤੇ ਤਰੁੱਟੀਆਂ ਭਰਪੂਰ। ਕਈ ਪੰਜਾਬੀ ਬੋਲਦੇ ਖੇਤਰ ਹਿਮਾਚਲ ਅਤੇ ਹਰਿਆਣਾ ਨੂੰ ਦੇ ਦਿੱਤੇ। ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਅਤੇ ਭਾਖੜਾ ਪ੍ਰਾਜੈਕਟ ਕੇਂਦਰ ਨੇ ਆਪਣੇ ਹੱਥ ਲੈ ਲਿਆ। ਇਸ ਸੂਬੇ ਦੀ ਹੋਰ ਤ੍ਰਾਸਦੀ ਦੇਖੋ, ਜਿਸ ਬੋਲੀ ਦੇ ਆਧਾਰ 'ਤੇ ਇਸਦਾ ਪੁਨਰਗਠਨ ਹੋਇਆ ਹੈ, ਅੱਜ 44 ਸਾਲ ਬਾਅਦ ਵੀ ਉਸ ਬੋਲੀ, ਭਾਵ ਪੰਜਾਬੀ ਭਾਸ਼ਾ ਨੂੰ ਸਰਕਾਰੇ-ਦਰਬਾਰੇ ਬਣਦਾ ਸਥਾਨ ਨਹੀਂ ਮਿਲ ਸਕਿਆ। ਸਿਆਸਤਦਾਨਾਂ ਦੀਆਂ ਚਾਲਾਂ ਦੇਖੋ, ਪੰਜਾਬੀ ਸੂਬੇ ਦੀ ਮੰਗ ਨੂੰ ਭੰਬਲਭੂਸੇ ਪਾਉਣ ਲਈ 'ਮਹਾਂ-ਪੰਜਾਬ' ਦੀ ਮੰਗ ਖੜੀ ਕਰਵਾ ਦਿੱਤੀ ਕਿ ਦਿੱਲੀ ਤੋਂ ਉਰ੍ਹੇ ਜੰਮੂ-ਕਸ਼ਮੀਰ ਤੱਕ ਇਕ ਹੀ ਸੂਬਾ ਬਣਾਇਆ ਜਾਏ। ਨਾਲ ਹੀ ਪੰਜਾਬ 'ਚੋਂ ਇਕ ਵਿਸ਼ੇਸ਼ ਵਰਗ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਦੱਸਣੀ ਸ਼ੁਰੂ ਕਰ ਦਿੱਤੀ। ਪੰਜਾਬੀ ਅਤੇ ਹਿੰਦੀ ਭਾਸ਼ਾਈ ਖੇਤਰਾਂ ਦੀ ਸਹੂਲਤ ਲਈ ਦੋ ਰਿਜਨ-ਹਿੰਦੀ ਅਤੇ ਪੰਜਾਬੀ ਬਣਾ ਦਿੱਤੇ। ਇਹ ਰਿਜਨਲ ਫਾਰਮੂਲਾ ਵੀ ਫੇਲ੍ਹ ਹੋ ਗਿਆ ਅਤੇ ਵਿਤਕਰੇ ਵਧਦੇ ਹੀ ਗਏ। ਹਰਿਆਣਾ (ਹਿੰਦੀ ਰਿਜਨ) ਦੇ ਆਗੂਆਂ ਨੂੰ ਸਮਝ ਆ ਗਈ ਕਿ ਜਦੋਂ ਤਕ ਉਹ ਪੰਜਾਬ 'ਚ ਰਹਿਣਗੇ, ਉਨ੍ਹਾਂ ਦਾ ਖੇਤਰ ਵਿਕਸਤ ਨਹੀਂ ਹੋ ਸਕੇਗਾ। ਉਨ੍ਹਾਂ ਨੇ ਵੱਖਰਾ ਸੂਬਾ ਹਰਿਆਣਾ ਬਣਾਉਣ ਲਈ ਅੰਦੋਲਨ ਅਰੰਭ ਦਿੱਤਾ। ਪੰਜਾਬੀ ਸੂਬੇ ਲਈ ਅੰਦੋਲਨ ਪਹਿਲਾਂ ਹੀ ਤੇਜ਼ੀ ਨਾਲ ਚੱਲ ਰਿਹਾ ਸੀ। ਹਰਿਆਣਵੀਆਂ ਵਲੋਂ ਹਰਿਆਣਾ ਦੀ ਮੰਗ ਨਾਲ ਪੰਜਾਬੀ ਸੂਬੇ ਦੀ ਮੰਗ ਨੂੰ ਬਲ ਮਿਲ ਗਿਆ। ਪੰਜਾਬੀ ਸੂਬੇ ਦੀ ਮੰਗ ਨੂੰ ਫਿਰਕੂ ਰੰਗ ਵੀ ਦੇ ਦਿੱਤਾ ਗਿਆ ਕਿ ਪੰਜਾਬੀ ਬੋਲੀ ਦੇ ਆਧਾਰ ਵਾਲੇ ਖੇਤਰ ਵਿਚ ਸਿੱਖਾਂ ਦੀ ਬਹੁਗਿਣਤੀ ਹੋ ਜਾਏਗੀ। ਸਿੱਖ ਅਕਾਲੀ ਦਲ ਨਾਲ ਹਨ, ਇਉਂ ਨਵੇਂ ਸੂਬੇ 'ਚ ਸਿਆਸੀ ਤਾਕਤ ਸਦਾ ਅਕਾਲੀ ਦਲ ਕੋਲ ਰਹੇਗੀ। ਇਸ ਤਰ੍ਹਾਂ ਪੰਜਾਬੀ ਸੂਬੇ ਲਈ ਸੰਘਰਸ਼ ਕੇਵਲ ਸਿੱਖਾਂ ਦੇ, ਉਹ ਵੀ ਅਕਾਲੀਆਂ ਦੇ, ਗਲ਼ ਪੈ ਗਿਆ।

ਸਬੱਬ ਨਾਲ ਅਸਲੀ ਸੰਕਟ ਤਾਂ ਪੰਜਾਬੀ ਸੂਬਾ ਬਣ ਜਾਣ ਬਾਅਦ ਸ਼ੁਰੂ ਹੋਇਆ। ਪੰਜਾਬੀ ਸੂਬੇ 'ਚ ਜਿਹੜੀਆਂ ਊਣਤਾਈਆਂ ਰੱਖ ਦਿੱਤੀਆਂ ਗਈਆਂ ਸਨ, ਉਨ੍ਹਾਂ ਦੀ ਭਰਪਾਈ ਲਈ ਸੰਘਰਸ਼ ਸ਼ੁਰੂ ਕੀਤਾ ਗਿਆ ਅਤੇ ਇਸ ਸੰਘਰਸ਼ ਦਾ ਸਰਬਰਾਹ ਅਕਾਲੀ ਦਲ ਹੀ ਬਣਿਆ। ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ, ਹਰਿਆਣਾ ਅਤੇ ਹਿਮਾਚਲ 'ਚ ਚਲੇ ਗਏ ਪੰਜਾਬੀ ਬੋਲਦੇ ਖੇਤਰ ਮੁੜ ਪੰਜਾਬ ਨੂੰ ਦਿੱਤੇ ਜਾਣ, ਭਾਖੜਾ ਕੰਪਲੈਕਸ ਪੰਜਾਬ ਦੇ ਕੰਟਰੋਲ 'ਚ ਹੋਵੇ, ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੇਵਲ ਪੰਜਾਬ ਦਾ ਅਧਿਕਾਰ ਹੋਵੇ ਆਦਿ ਮੰਗਾਂ ਨੂੰ ਲੈ ਕੇ ਜ਼ੋਰਦਾਰ ਸੰਘਰਸ਼ ਕੀਤਾ ਗਿਆ।

ਉਧਰ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰ ਦਿੱਤਾ, ਜਿਹੜਾ ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕਰਦਾ ਸੀ, ਪਰ ਵਿਰੋਧੀਆਂ ਨੇ ਇਸ ਨੂੰ ਵੱਖਵਾਦੀ ਗਰਦਾਨਿਆ, ਜਿਸ ਨਾਲ ਸਿੱਖਾਂ ਦੀ ਕੇਂਦਰ ਵਿਰੁਧ ਮਾਨਸਿਕਤਾ ਉਤੇਜਿਤ ਹੋਈ। ਅਕਾਲੀ ਦਲ ਦੇ ਸਿਰਕੱਢ ਆਗੂਆਂ ਨੇ ਆਪਣੇ-ਆਪ ਨੂੰ ਪੰਜਾਬ ਦੀ ਤੇਜ਼ੀ ਨਾਲ ਬਦਲਦੀ ਸਿਆਸੀ ਸਥਿਤੀ 'ਚ ਪ੍ਰਸੰਗਕ ਰੱਖ ਕੇ ਬਾਜ਼ੀ ਮਾਰਨ ਲਈ ਚੰਡੀਗੜ੍ਹ ਵਿਚ ਭਾਰਤੀ ਸੰਵਿਧਾਨ ਦੀਆਂ ਕਾਪੀਆਂ ਪਾੜੀਆਂ। ਨਿਰੰਕਾਰੀਆਂ ਨਾਲ ਝਗੜੇ ਨੇ ਤਾਂ ਪੰਜਾਬ ਦੇ ਸਿਆਸੀ ਮਾਹੌਲ ਨੂੰ ਵਿਸਫੋਟਕ ਬਣਾ ਦਿੱਤਾ। ਵੱਖਵਾਦੀ ਸੁਰ ਤਿੱਖੀ ਹੋ ਗਈ। ਇਸ ਵਿਚ ਕਾਂਗਰਸੀ ਅਤੇ ਅਕਾਲੀ ਆਗੂ ਆਪਣੀਆਂ ਸਿਆਸੀ ਲਾਲਸਾਵਾਂ ਦੀ ਪੂਰਤੀ ਲਈ ਚਾਲਾਂ ਚਲਦੇ ਰਹੇ, ਕਰੀਬ ਜਨਤਾ ਦੀ ਅਤੇ ਪੰਜਾਬ ਦੀ ਹੁੰਦੀ ਰਹੀ। ਪੂਰੇ 12 ਸਾਲ ਇਹ ਤਾਂਡਵ ਨਾਚ ਜਾਰੀ ਰਿਹਾ।

ਅੱਜ ਵੀ ਸਥਿਤੀ ਕੋਈ ਸੁਧਰੀ ਨਹੀਂ, ਸਗੋਂ ਵਿਗੜੀ ਹੈ। ਕਿਸੇ ਪੱਖ ਨੂੰ ਘੋਖ ਲਓ, ਪੰਜਾਬ ਨਿਘਰਦਾ ਹੀ ਜਾ ਰਿਹਾ ਹੈ। ਸੂਬੇ ਦੀ ਆਰਥਿਕ ਹਾਲਤ ਇੰਨੀ ਪਤਲੀ ਹੋ ਗਈ ਹੈ ਕਿ 63,000 ਕਰੋੜ ਰੁਪਏ ਦਾ ਕਰਜ਼ਾਈ ਹੈ ਅਤੇ ਇਸ ਕਰਜ਼ੇ ਦਾ ਵਿਆਜ ਦੇਣ ਲਈ ਆਏ ਸਾਲ ਹੋਰ ਕਰਜ਼ਾ ਲੈਣਾ ਪੈਂਦਾ ਹੈ। ਪੰਜਾਬ ਦੇ ਕਿਸਾਨਾਂ ਸਿਰ 32,000 ਕਰੋੜ ਰੁਪਏ ਕਰਜ਼ਾ ਹੈ। ਕਿਸਾਨ ਖ਼ੁਦਕੁਸ਼ੀਆਂ ਤਾਂ ਜਿਵੇਂ ਆਮ ਜਿਹਾ ਵਰਤਾਰਾ ਹੋ ਗਿਆ ਹੈ। ਲੋਕਾਂ ਦੀ ਸਿਹਤ ਤੇ ਸਿੱਖਿਆ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਹੁੰਦੀ ਹੈ। ਪੰਜਾਬ 'ਚ ਇਹ ਦੋਵੇਂ ਸੇਵਾਵਾਂ ਹਿੱਲੀਆਂ ਪਈਆਂ ਹਨ। ਰਹੀ ਗੱਲ ਬੇਰੁਜ਼ਗਾਰੀ ਦੀ, ਪੰਜਾਬ ਦੀ ਬੇਰੁਜ਼ਗਾਰ ਜਵਾਨੀ ਪਹਿਲੋਂ ਅਤਿਵਾਦ ਨੇ ਨਿਗਲ ਲਈ, ਕੁਝ ਵਿਦੇਸ਼ਾਂ 'ਚ ਉਡਾਰੀ ਮਾਰ ਗਏ, ਜਿਹੜੇ ਰਹਿ ਗਏ, ਉਹ ਨਸ਼ਿਆਂ ਨੇ ਗ੍ਰਸ ਲਏ। ਬੇਰੁਜ਼ਗਾਰਾਂ ਨਾਲ ਖਿਲਵਾੜ ਹੋ ਰਿਹਾ ਹੈ। 2002-2007 'ਚ ਕਾਂਗਰਸ ਸਰਕਾਰ 20 ਲੱਖ ਨੌਕਰੀਆਂ ਦਾ ਭਰੋਸਾ ਦਿੰਦੀ ਹੀ ਲੰਘ ਗਈ। ਹੁਣ ਅਕਾਲੀ-ਭਾਜਪਾ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ, ਬੇਰੁਜ਼ਗਾਰੀ ਦਾ ਫਲੂਾ ਉਥੇ ਹੀ ਰਿੜਕ ਰਿਹਾ ਹੈ। ਸੂਬੇ 'ਚ ਨਵੇਂ ਰੁਜ਼ਗਾਰ ਦੇ ਵਸੀਲੇ ਬਣ ਨਹੀਂ ਰਹੇ। ਵਿਸ਼ਵ-ਮੰਦੇ ਕਾਰਨ ਵਿਦੇਸ਼ਾਂ 'ਚ ਵਸੀਲੇ ਠੱਪ ਹੋ ਗਏ ਹਨ। ਭ੍ਰਿਸ਼ਟਾਚਾਰ ਦਾ ਪੂਰਾ ਬੋਲਬਾਲਾ ਹੈ।

ਇਥੇ ਇਹ ਕਹਿਣਾ ਬਣਦਾ ਹੈ ਕਿ ਜਿਨ੍ਹਾਂ ਆਗੂਆਂ ਅਤੇ ਪਾਰਟੀਆਂ ਦੀ ਰਾਜਨੀਤੀ ਕਾਰਨ ਪੰਜਾਬ ਇਕ ਵਿਸ਼ਾਲ ਸੂਬੇ ਦੀ ਥਾਂ ਬੌਣਾ ਅਤੇ ਸਰਵ-ਸੰਪੰਨ ਸੂਬੇ ਦੀ ਥਾਂ ਥੁੜਾਂ-ਮਾਰਿਆ ਸੂਬਾ ਬਣ ਗਿਆ ਹੈ, ਕੀ ਲੋਕਾਂ ਨੂੰ ਅਜਿਹੇ ਆਗੂਆਂ ਦਾ ਤ੍ਰਿਸਕਾਰ ਨਹੀਂ ਕਰ ਦੇਣਾ ਚਾਹੀਦਾ। ਅਗਾਂਹਵਧੂ, ਪੜ੍ਹੇ ਲਿਖੇ, ਲੋਕ ਪ੍ਰਸਤ ਅਤੇ ਪੰਜਾਬ ਪ੍ਰਸਤ ਆਗੂਆਂ ਨੂੰ ਮੌਕਾ ਦੇਣਾ ਚਾਹੀਦਾ ਹੈ।

# ਕੇਂਦਰ ਨੂੰ ਪੰਜਾਬੀ ਕਿਸਾਨਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦੈ

**ਏ.ਐਸ. ਪਰਾਸ਼ਰ**

ਕੇਂਦਰੀ ਯੋਜਨਾ ਕਮਿਸ਼ਨ ਦੇ ਉਪ-ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਨੇ ਇਹ ਕਹਿ ਕੇ ਪੰਜਾਬ ਦੀ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਹੈ ਕਿ ਬਾਦਲ ਸਰਕਾਰ ਵਲੋਂ ਖੇਤੀ ਖੇਤਰ ਨੂੰ ਦਿੱਤੀ ਜਾਣ ਵਾਲੀ ਮੁਫਤ ਬਿਜਲੀ-ਪਾਣੀ ਦੀ ਸਹੂਲਤ ਹੀ ਸੂਬੇ ਦੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ 'ਚ ਭਾਰੀ ਗਿਰਾਵਟ ਦਾ ਮੁੱਖ ਕਾਰਨ ਹੈ, ਜਿਸ ਨਾਲ ਦੇਸ਼ ਦਾ ਅੰਨ ਭੰਡਾਰ ਕਹੇ ਜਾਣ ਵਾਲੇ ਸੂਬੇ 'ਚ ਖੇਤੀ ਉਤਪਾਦਨ ਲਈ ਵੀ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ।

ਸ. ਆਹਲੂਵਾਲੀਆ ਨੇ ਇਹ ਸਭ ਹੁਣੇ-ਹੁਣੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੇ ਇਕ ਪੱਤਰ 'ਚ ਕਿਹਾ ਹੈ। ਸ. ਆਹਲੂਵਾਲੀਆ ਦਾ ਮੰਨਣਾ ਹੈ ਕਿ ਮੁਫਤ ਬਿਜਲੀ-ਪਾਣੀ ਦੀ ਸਹੂਲਤ ਮਿਲਣ ਕਾਰਨ ਕਿਸਾਨ ਆਪਣੇ ਖੇਤਾਂ ਦੀ ਸਿੰਚਾਈ ਲਈ ਬਿਜਲੀ ਤੇ ਪਾਣੀ ਦਾ ਬੜੀ ਬੇਦਰਦੀ ਨਾਲ ਇਸਤੇਮਾਲ ਕਰਦੇ ਹਨ, ਇਸ ਲਈ ਸੂਬੇ 'ਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ 'ਚ ਲਗਾਤਾਰ ਗਿਰਾਵਟ ਆ ਰਹੀ ਹੈ ਕਿਉਂਕਿ ਕੁਦਰਤੀ ਤੌਰ 'ਤੇ ਮੀਂਹ ਆਦਿ ਨਾਲ ਪਾਣੀ ਦੇ ਪੱਧਰ ਦੀ ਰੀਚਾਰਜ਼ਿੰਗ ਦੇ ਮੁਕਾਬਲੇ ਜ਼ਮੀਨ 'ਚੋਂ ਕਿਤੇ ਜ਼ਿਆਦਾ ਪਾਣੀ ਲੱਖਾਂ ਟਿਊਬਵੈਲਾਂ ਜ਼ਰੀਏ ਕੱਢਿਆ ਜਾ ਰਿਹਾ ਹੈ। ਕੇਂਦਰੀ ਯੋਜਨਾ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਜ਼ਮੀਨ ਹੇਠੋਂ (ਰੀਚਾਰਜਿੰਗ ਦੇ ਮੁਕਾਬਲੇ) 145 ਪ੍ਰਤੀਸ਼ਤ ਪਾਣੀ ਕੱਢਿਆ ਜਾ ਰਿਹਾ ਹੈ। ਸਿੱਟੇ ਵਜੋਂ ਪੰਜਾਬ ਦੇ ਕੁੱਲ 141 ਵਿਕਾਸ ਬਲਾਕਾਂ 'ਚੋਂ 111 'ਚ ਪਾਣੀ ਦੇ ਪੱਧਰ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ, ਜੋ ਕਿ ਸੂਬੇ ਦੇ ਅਨਾਜ ਉਤਪਾਦਨ ਦੀ ਸਮਰੱਥਾ ਲਈ ਖ਼ਤਰੇ ਦੀ ਘੰਟੀ ਹੈ।

ਇਨਾ ਹੀ ਨਹੀਂ, ਖੇਤੀ ਉਤਪਾਦਨ ਵਧਾਉਣ ਦੀ ਤਾਕ 'ਚ ਕਿਸਾਨ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਤੇ ਕਈ ਹੋਰ ਜ਼ਹਿਰੀਲੇ ਰਸਾਇਣਾਂ ਦੀ ਬੇਹਿਸਾਬੀ ਵਰਤੋਂ ਕਰ ਰਹੇ ਹਨ। ਸਿੱਟੇ ਵਜੋਂ ਪੰਜਾਬ ਦੇ ਨਦੀਆਂ-ਨਾਲਿਆਂ ਤੇ ਜਲ ਭੰਡਾਰਾਂ 'ਚ ਜ਼ਹਿਰੀਲੇ ਰਸਾਇਣਾਂ ਦੀ ਮੌਜੂਦਗੀ ਖ਼ਤਰੇ ਦਾ ਨਿਸ਼ਾਨ ਪਾਰ ਕਰ ਗਈ ਹੈ। ਇਹੋ ਕਾਰਨ ਹੈ ਕਿ ਬਠਿੰਡਾ, ਫਰੀਦਕੋਟ, ਲੁਧਿਆਣਾ ਤੇ ਇਸਦੇ ਆਸਪਾਸ ਦੇ ਇਲਾਕਿਆਂ 'ਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ। ਸ. ਆਹਲੂਵਾਲੀਆ ਦਾ ਕਹਿਣਾ ਹੈ ਕਿ ਰਾਜ ਸਰਕਾਰ ਨੂੰ ਇਸ ਸਥਿਤੀ ਨਾਲ ਨਜਿੱਠਣ ਲਈ ਨਾ ਸਿਰਫ ਨਵੇਂ ਕਾਨੂੰਨ ਬਣਾਉਣੇ ਪੈਣਗੇ ਬਲਕਿ ਉਨ੍ਹਾਂ ਨੂੰ ਪੂਰੀ ਮੁਸਤੈਦੀ ਨਾਲ ਲਾਗੂ ਵੀ ਕਰਨਾ ਪਵੇਗਾ।

ਸ. ਆਹਲੂਵਾਲੀਆ ਦੇ ਇਸ ਪੱਤਰ ਨਾਲ ਪੰਜਾਬ ਸਰਕਾਰ ਘਬਰਾ ਗਈ ਹੈ। ਉਸਦਾ ਕਹਿਣਾ ਹੈ ਕਿ ਕੇਂਦਰ ਨੂੰ ਉਪਦੇਸ਼ ਦੇਣ ਦੀ ਬਜਾਏ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਦੇ ਉਪਾਅ ਵੀ ਸੁਝਾਉਣੇ ਚਾਹੀਦੇ ਹਨ। ਸੱਚ ਤਾਂ ਇਹ ਹੈ ਕਿ ਸੂਬੇ 'ਚ ਲਗਾਤਾਰ ਡਿਗ ਰਹੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ, ਕਿਸਾਨਾਂ ਵਲੋਂ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਤੇ ਇਸ ਤੋਂ ਪੈਦਾ ਹੋਏ ਕੈਂਸਰ ਵਰਗੇ ਭਿਅੰਕਰ ਰੋਗਾਂ ਦੀ ਸਮੱਸਿਆ ਤੋਂ ਰਾਜ ਸਰਕਾਰ ਪੂਰੀ ਤਰ੍ਹਾਂ ਜਾਣੂ ਹੈ ਪਰ ਇਸਦੀ ਰੋਕਥਾਮ ਕਿਵੇਂ ਕੀਤੀ ਜਾਵੇ, ਇਸ ਸੰਬੰਧੀ ਉਹ ਕੁਝ ਕਹਿਣ ਦੀ ਸਥਿਤੀ 'ਚ ਨਹੀਂ ਹੈ। ਹੁਣ ਤਕ ਪੰਜਾਬ ਨੇ ਅੱਖਾਂ ਮੀਚ ਕੇ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਦੇਸ਼ ਦੀ ਜਨਤਾ ਦੀ ਭੁੱਖ ਮਿਟਾਉਣ ਲਈ ਅੰਨ ਦਾ ਉਤਪਾਦਨ ਵਧਾਉਣ ਦੇ ਯਤਨਾਂ 'ਚ ਸੂਬੇ ਦੇ ਨਦੀਆਂ-ਨਾਲਿਆਂ, ਜ਼ਮੀਨ ਹੇਠਲੇ ਜਲ ਭੰਡਾਰਾਂ ਤੇ ਕੁਦਰਤੀ ਸੋਮਿਆਂ ਦੀ ਡਟ ਕੇ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਜ਼ਮੀਨ ਨੂੰ ਹੋਰ ਜ਼ਿਆਦਾ ਉਪਜਾਊ ਬਣਾਉਣ ਲਈ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਆਦਿ ਦੀ ਵੀ ਖੂਬ ਵਰਤੋਂ ਕੀਤੀ ਹੈ। ਇਹ ਗੱਲ ਵੱਖਰੀ ਹੈ ਕਿ ਇਸਦੇ ਬੁਰੇ ਨਤੀਜੇ ਵੀ ਹੁਣ ਦੇਸ਼ ਸਾਹਮਣੇ ਆਉਣ ਲੱਗੇ ਹਨ। ਜਿਥੇ ਇਕ ਪਾਸੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ 'ਚ ਭਾਰੀ ਗਿਰਾਵਟ ਦਰਜ ਕੀਤੀ ਜਾ ਰਹੀ ਹੈ, ਉਥੇ ਹੀ ਦੂਸਰੇ ਪਾਸੇ ਪੰਜਾਬ ਦੇ ਨਦੀ-ਨਾਲੇ ਤੇ ਹੋਰ ਜਲ ਭੰਡਾਰ ਦੂਸ਼ਿਤ ਹੋ ਗਏ ਹਨ ਤੇ ਇਥੋਂ ਦੇ ਨਾਗਰਿਕਾਂ ਦੀ ਸਿਹਤ ਲਈ ਵੱਡੀ ਚੁਣੌਤੀ ਬਣ ਗਏ ਹਨ। ਸਭ ਕੁਝ ਜਾਣਦੇ ਹੋਏ ਵੀ ਪੰਜਾਬ ਦਾ ਕਿਸਾਨ ਕਣਕ-ਝੋਨੇ ਦੇ ਉਤਪਾਦਨ ਚੱਕਰ 'ਚੋਂ ਨਿਕਲਣ 'ਚ ਅਸਫਲ ਰਿਹਾ ਹੈ। ਸਰਕਾਰ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਫਸਲਾਂ ਦੀ ਵੰਨ-ਸੁਵੰਨਤਾ ਦਾ ਪ੍ਰੋਗਰਾਮ ਅਜੇ ਤਕ ਜ਼ਿਆਦਾ ਕਾਮਯਾਬ ਨਹੀਂ ਹੋ ਸਕਿਆ। ਹਾਲਾਂਕਿ ਸਰਕਾਰ ਕਿਸਾਨਾਂ ਨੂੰ ਦਾਲਾਂ ਤੇ ਮੱਕੀ ਵਰਗੀਆਂ ਫਸਲਾਂ ਬੀਜਣ ਲਈ ਪ੍ਰੇਰਿਤ ਕਰ ਰਹੀ ਹੈ ਪਰ ਇਨ੍ਹਾਂ 'ਚੋਂ ਕੋਈ ਵੀ ਫਸਲ ਝੋਨੇ ਜਿੰਨੀ ਲਾਹੇਵੰਦ ਨਹੀਂ ਹੈ। ਇਸੇ ਲਈ ਕਿਸਾਨ ਇਨ੍ਹਾਂ ਵਲ ਆਕਰਸ਼ਿਤ ਨਹੀਂ ਹੋ ਰਹੇ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਖੇਤੀ ਲਾਹੇਵੰਦ ਕਿੱਤਾ ਨਹੀਂ ਰਿਹਾ, ਇਸ ਲਈ ਕਿਸਾਨ ਕਰਜ਼ੇ ਦੇ ਬੋਝ ਥੱਲੇ ਦੱਬ ਹੁੰਦੇ ਜਾ ਰਹੇ ਹਨ ਤੇ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਖੇਤੀ ਖੇਤਰ ਨੂੰ ਮੁਫਤ ਬਿਜਲੀ ਪਾਣੀ ਦੀ ਸਹੂਲਤ ਇਸ ਲਈ ਦਿੱਤੀ ਜਾ ਰਹੀ ਹੈ ਕਿ ਕਿਸਾਨਾਂ ਨੂੰ ਕਰਜ਼ਿਆਂ ਤੋਂ ਕੁਝ ਰਾਹਤ ਪ੍ਰਦਾਨ ਕੀਤੀ ਜਾ ਸਕੇ ਪਰ ਇਹ ਸਹੂਲਤ ਵਾਪਸ ਲੈ ਲਈ ਗਈ ਤਾਂ ਖੇਤੀ ਖੇਤਰ ਦਾ ਬਿਲਕੁਲ ਹੀ ਭੱਠਾ ਬੈਠ ਜਾਵੇਗਾ। ਕੇਂਦਰ ਨੂੰ ਪੰਜਾਬ ਦੇ ਕਿਸਾਨਾਂ ਨੂੰ ਉਪਦੇਸ਼ ਦੇਣ ਦੀ ਬਜਾਏ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹ ਦਿਨ-ਰਾਤ ਮਿਹਨਤ ਕਰਕੇ ਜਨਤਾ ਦਾ ਪੇਟ ਭਰ ਰਹੇ ਹਨ ਤੇ ਦੇਸ਼ ਨੂੰ ਹੋਰਨਾਂ ਰਾਸ਼ਟਰਾਂ ਅੱਗੇ ਹੱਥ ਫੈਲਾਉਣ ਤੋਂ ਬਚਾ ਰਹੇ ਹਨ।

# ਭੁਪਾਲ ਗੈਸ ਦੁਖਾਂਤ ਤੇ ਪ੍ਰਮਾਣੂ ਹਾਦਸਾ ਦੇਣਦਾਰੀ ਬਿੱਲ ਦਾ ਮਸਲਾ

**ਪ੍ਰਕਾਸ਼ ਕਾਰਤ**

ਭੁਪਾਲ ਗੈਸ ਦੁਖਾਂਤ ਬਾਰੇ ਆਏ ਅਦਾਲਤੀ ਫੈਸਲੇ ਨੇ ਨਿਆਂ ਦੇ ਨਾਂ 'ਤੇ ਕੀਤੇ ਗਏ ਸਾਂਗ ਵਿਰੁਧ ਲੋਕਾਂ 'ਚ ਗੁਸੇ ਤੇ ਰੋਸ ਦੀ ਲਹਿਰ ਚਲਾ ਦਿੱਤੀ। ਯੂਨੀਅਨ ਕਾਰਬਾਈਡ ਦੀ ਕੀਤੀ ਗਈ ਹਿਫਾਜ਼ਤ ਅਤੇ ਉਸ ਢੰਗ ਵਿਰੁਧ ਲੋਕਾਂ ਦਾ ਗੁੱਸਾ ਜਾਇਜ਼ ਹੈ ਜਿਸ ਨਾਲ ਚੇਅਰਮੈਨ ਵਾਰੇਨ ਐਂਡਰਸਨ ਨੂੰ ਦੇਸ਼ ਤੋਂ ਜਾਣ ਦੀ ਇਜਾਜ਼ਤ ਦਿੱਤੀ ਗਈ। 26 ਸਾਲ ਤੋਂ ਲਟਕਦੇ ਆ ਰਹੇ ਇਸ ਦੁਖਾਂਤ ਨੇ ਕੁਝ ਜਮਾਤੀ ਸੱਚਾਈਆਂ ਨੂੰ ਉਜਾਗਰ ਕੀਤਾ ਹੈ। ਪਹਿਲੀ ਇਹ ਹੈ ਕਿ ਉਸ ਸਮੇਂ ਦੀ ਕੇਂਦਰ ਦੀ ਸਰਕਾਰ ਅਤੇ ਬਾਅਦ ਦੀਆਂ ਸਰਕਾਰਾਂ ਨੇ ਵੱਡੇ ਪੂੰਜੀਪਤੀਆਂ ਤੇ ਅਮਰੀਕਾ ਅਤੇ ਭਾਰਤ ਦੇ ਕਾਰਪੋਰੇਟ ਖੇਤਰ ਦੇ ਹਿੱਤ ਸਾਧੇ ਹਨ। ਦੂਸਰਾ ਇਹ ਕਿ ਮਰਨ ਵਾਲੇ 20 ਹਜ਼ਾਰ ਅਤੇ ਰੋਗਗ੍ਰਸਤ ਹੋਏ ਲੱਖਾਂ ਲੋਕ ਗਰੀਬ ਸਨ ਜੋ ਭੁਪਾਲ ਦੀਆਂ ਬਸਤੀਆਂ ਵਿਚ ਰਹਿੰਦੇ ਸਨ, ਜਿਨ੍ਹਾਂ ਨੂੰ ਹੁਕਮਰਾਨ ਜਮਾਤਾਂ ਅਤੇ ਉਨ੍ਹਾਂ ਦੇ ਸਿਆਸੀ ਨੁਮਾਇੰਦੇ ਵਰਤੋਂਯੋਗ ਸਮਝਦੇ ਸਨ। ਨਿਆਂਪਾਲਿਕਾ ਨੇ ਵੀ ਜਮਾਤੀ ਉਲਾਰ ਦਿਖਾਇਆ ਹੈ। ਤੀਸਰਾ ਪੱਖ ਇਹ ਹੈ ਕਿ ਕੇਂਦਰ ਦੀ ਸਰਕਾਰ ਦੇ ਜਮਾਤੀ ਦ੍ਰਿਸ਼ਟੀਕੋਣ ਵਿਚ ਕੋਈ ਤਬਦੀਲੀ ਨਹੀਂ ਆਈ ਹੈ ਜਿਵੇਂ ਕਿ ਪ੍ਰਮਾਣੂ ਹਾਦਸਾ ਦੇਣਦਾਰੀ ਬਿੱਲ ਤੋਂ ਵੇਖਿਆ ਜਾ ਸਕਦਾ ਹੈ।

ਪਾਰਲੀਮੈਂਟ ਵਿਚ ਰੱਖਿਆ ਗਿਆ ਇਹ ਬਿੱਲ ਭੁਪਾਲ ਗੈਸ ਦੇ ਅਦਾਲਤੀ ਫੈਸਲੇ ਨਾਲ ਸਿੱਧੇ ਤੌਰ 'ਤੇ ਸੰਬੰਧ ਰੱਖਦਾ ਹੈ। ਫੈਸਲੇ ਦੇ ਦੋ ਦਿਨ ਬਾਅਦ ਹੀ ਇਸ ਬਿੱਲ ਨੂੰ ਪਰਖਣ ਵਾਲੀ ਪਾਰਲੀਮੈਂਟ ਦੀ ਸਥਾਈ ਕਮੇਟੀ ਦੀ ਪਹਿਲੀ ਮੀਟਿੰਗ ਹੋਈ। ਇਸ ਬਿੱਲ ਦਾ ਸੀ ਪੀ ਆਈ (ਐਮ) ਨੇ ਉਸ ਸਮੇਂ ਹੀ ਵਿਰੋਧ ਕੀਤਾ ਸੀ, ਜਦੋਂ ਇਹ ਸਰਕਾਰ ਵਲੋਂ ਤਿਆਰ ਕੀਤਾ ਜਾ ਰਿਹਾ ਸੀ। ਇਹ ਕਾਨੂੰਨ ਭਾਰਤ ਸਰਕਾਰ ਦੁਆਰਾ ਅਮਰੀਕਾ ਨਾਲ ਕੀਤੇ ਪ੍ਰਮਾਣੂ ਸਮਝੌਤੇ ਸਮੇਂ ਦਿੱਤੇ ਗਏ ਵਚਨ ਨੂੰ ਪੂਰਾ ਕਰਨ ਲਈ ਬਣਾਇਆ ਜਾ ਰਿਹਾ ਹੈ। ਸੀ.ਪੀ.ਆਈ. (ਐਮ) ਦੀ ਪੋਲਿਟ ਬਿਊਰੋ ਨੇ 2 ਅਕਤੂਬਰ 2008 ਨੂੰ ਸਰਕਾਰ ਨੂੰ 123 ਸਮਝੌਤੇ ਨਾ ਕਰਨ ਲਈ ਆਖਦਿਆਂ ਕਿਹਾ ਸੀ ਕਿ "ਭਾਰਤ ਅਮਰੀਕਾ ਦੀ ਮਰ ਰਹੀ ਪ੍ਰਮਾਣੂ ਸਨਅਤ, ਜਿਸ ਨੂੰ ਪਿਛਲੇ 30 ਸਾਲ ਤੋਂ ਕੋਈ ਖਰੀਦਦਾਰ ਨਹੀਂ ਮਿਲਿਆ, ਤੋਂ ਘੱਟੋ-ਘੱਟ 10 ਹਜ਼ਾਰ ਮੈਗਾਵਾਟ ਖਰੀਦਣ ਦਾ ਵਚਨ ਦੇ ਰਿਹਾ ਹੈ।" ਇਹ ਵਚਨ ਉਸ ਸਮੇਂ ਦੇ ਵਿਦੇਸ਼ ਸਕੱਤਰ ਨੇ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਵਿਲੀਅਮ ਬਰਨਜ਼ ਨੂੰ ਲਿਖੇ ਖਤ ਵਿਚ ਦਿੱਤਾ ਹੈ। ਪਾਰਲੀਮੈਂਟ ਵਿਚ ਰੱਖਿਆ ਗਿਆ ਇਹ ਬਿੱਲ ਭਾਰਤ ਪ੍ਰਮਾਣੂ ਰਿਐਕਟਰ ਸਪਲਾਈ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਸਾਧਨ ਹੈ। ਜੇ ਕੋਈ ਪ੍ਰਮਾਣੂ ਹਾਦਸਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਕੀਤੇ ਨੁਕਸਾਨ ਲਈ ਮੁਆਵਜ਼ਾ ਭਰਨ ਤੋਂ ਮੁਕਤ ਕੀਤਾ ਜਾ ਰਿਹਾ ਹੈ। ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਹੈਰਾਨੀਜਨਕ ਬਿਲ ਲਿਆ ਕੇ ਅਮਰੀਕਾ ਨੂੰ ਖੁਸ਼ ਕਰਨ ਦਾ ਯਤਨ ਕੀਤਾ ਹੈ ਜਿਸ ਨਾਲ ਵਿਦੇਸ਼ੀ ਸਪਲਾਇਰਾਂ ਤੋਂ ਹਰਜ਼ਾਨੇ ਵਜੋਂ ਕੁਝ ਵੀ ਪ੍ਰਾਪਤ ਕਰਨਾ ਅਸੰਭਵ ਜਾਪਦਾ ਹੈ।




ਸਰਕਾਰ ਨੇ ਇਹ ਦਲੀਲ ਦਿੰਦਿਆਂ ਕਿ ਓਪਰੇਟਰ ਅਤੇ ਸਪਲਾਇਰ ਦਰਮਿਆਨ ਸਮਝੌਤੇ ਰਾਹੀਂ ਸਪਲਾਇਰ ਨੂੰ ਜਵਾਬਦੇਹ ਬਣਾਇਆ ਜਾ ਸਕਦਾ ਹੈ, ਮੁੱਦੇ ਨੂੰ ਧੁੰਦਲਾਉਣ ਦੀ ਕੋਸ਼ਿਸ਼ ਕੀਤੀ ਹੈ। ਜੋ ਇਹ ਦੱਸ ਨਹੀਂ ਰਹੀ, ਉਹ ਇਹ ਹੈ ਕਿ ਨਾ ਤਾਂ ਭਾਰਤੀ ਓਪਰੇਟਰ, ਜੋ ਕਿ ਜਨਤਕ ਖੇਤਰ ਦਾ ਨਿਯੁਕਲੀਅਰ ਪਾਵਰ ਕਾਰਪੋਰੇਸ਼ਨ ਆਫ ਇੰਡੀਆ ਹੀ ਹੋਵੇਗਾ, ਅਤੇ ਨਾ ਹੀ ਅਮਰੀਕਨ ਕੰਪਨੀ, ਜੋ ਕਿ ਸਪਲਾਇਰ ਹੋਵੇਗੀ, ਆਪਸੀ ਸਮਝੌਤੇ ਵਿਚ ਜਵਾਬਦੇਹੀ ਦੀ ਮੱਦ ਨਹੀਂ ਪਾਉਣਗੇ। ਇਹ ਇਸ ਤਰ੍ਹਾਂ ਦਾ ਕਾਨੂੰਨ ਬਣਦਾ ਹੈ ਕਿ ਜੇਕਰ ਅਮਰੀਕੀ ਕੰਪਨੀ ਵਲੋਂ ਸਪਲਾਈ ਕੀਤੇ ਗਏ ਰਿਐਕਟਰ ਦੇ ਕਿਸੇ ਨੁਕਸ ਕਾਰਨ ਕੋਈ ਹਾਦਸਾ ਵਾਪਰਦਾ ਹੈ ਤਾਂ ਓਪਰੇਟਰ ਜਾਂ ਹਾਦਸੇ ਦੇ ਸ਼ਿਕਾਰ ਲੋਕਾਂ ਨੂੰ ਸਪਲਾਇਰ ਤੋਂ ਹਰਜਾਨਾ ਲੈਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਇਸ ਦੇ ਨਾਲ ਹੀ ਇਹ ਸਾਬਿਤ ਕਰਨਾ ਬੇਹੱਦ ਔਖਾ ਹੈ ਕਿ ਹਾਦਸਾ ਪ੍ਰਮਾਣੂ ਰਿਐਕਟਰ ਦੇ ਨੁਕਸ ਕਾਰਨ ਵਾਪਰਿਆ।

ਇਸ ਤਰ੍ਹਾਂ ਹੀ ਪ੍ਰਮਾਣੂ ਹਾਦਸੇ ਦੀ ਸੂਰਤ ਵਿਚ ਓਪਰੇਟਰ ਦੀ ਦੇਣਦਾਰੀ 500 ਕਰੋੜ ਰੁਪਏ ਦੀ ਤੈਅ ਕੀਤੀ ਗਈ ਹੈ ਅਤੇ ਕੁੱਲ ਦੇਣਦਾਰੀ 2140 ਕਰੋੜ ਰੁਪਏ ਦੀ ਰੱਖੀ ਗਈ ਹੈ। ਸਰਕਾਰ ਨਿੱਜੀ ਓਪਰੇਟਰਾਂ ਨੂੰ ਪ੍ਰਮਾਣੂ ਖੇਤਰ ਵਿਚ ਲਿਆਉਣਾ ਚਾਹੁੰਦੀ ਹੈ। ਸਰਕਾਰ ਦਾ ਜਮਾਤੀ ਨਜ਼ਰੀਆ ਸਪੱਸ਼ਟ ਹੈ। ਪ੍ਰਮਾਣੂ ਹਾਦਸੇ ਦੀ ਹਾਲਤ 'ਚ ਲੋਕਾਂ ਨੂੰ ਜਾਨਾਂ ਗੁਆਣੀਆਂ ਪੈਣਗੀਆਂ ਪਰ ਅਮਰੀਕਨ ਕੰਪਨੀਆਂ ਅਤੇ ਭਾਰਤ ਦੇ ਨਿਗਮੀ ਖੇਤਰ ਦੇ ਮੁਨਾਫੇ ਬਚੇ ਰਹਿਣਗੇ। ਅਮਰੀਕਾ ਨਾਲ ਆਪਣਾ ਵਚਨ ਪੁਗਾਉਣ ਲਈ ਮਨਮੋਹਨ ਸਿੰਘ ਸਰਕਾਰ ਕਿੰਨੀ ਉਤਾਵਲੀ ਹੈ, ਇਸ ਦਾ ਪਤਾ ਪਾਰਲੀਮੈਂਟ ਵਿਚ ਇਸ ਬਿੱਲ ਨੂੰ ਲਿਆਉਣ ਲਈ ਕੀਤੀ ਗਈ ਚੱਕ-ਥੱਲ ਤੋਂ ਲਗਦਾ ਹੈ। ਲੋਕ ਸਭਾ 'ਚ ਬਜਟ ਇਜਲਾਸ ਇਹ ਬਿੱਲ ਰੱਖਣ ਤੋਂ ਰੋਕ ਦਿੱਤੇ ਜਾਣ ਤੋਂ ਬਾਅਦ ਸਰਕਾਰ ਨੇ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਜਿਹੀਆਂ ਪਾਰਟੀਆਂ ਨਾਲ ਬਜਟ ਇਜਲਾਸ ਦੇ ਆਖਰੀ ਦਿਨਾਂ 'ਚ ਸੌਦੇ ਕੀਤੇ। ਆਮ ਤੌਰ 'ਤੇ ਅਜਿਹਾ ਬਿੱਲ ਊਰਜਾ ਬਾਰੇ ਸਥਾਈ ਕਮੇਟੀ ਕੋਲ ਜਾਣਾ ਚਾਹੀਦਾ ਹੈ ਪਰ ਸਰਕਾਰ ਨੇ ਇਸ ਨੂੰ ਵਿਗਿਆਨ ਅਤੇ ਤਕਨਾਲੋਜੀ ਦੀ ਸਥਾਈ ਕਮੇਟੀ ਕੋਲ ਭੇਜਿਆ ਜਿਸ ਦਾ ਚੇਅਰਮੈਨ ਕਾਂਗਰਸ ਦਾ ਐਮ.ਪੀ. ਹੈ। ਇਸ ਤਰ੍ਹਾਂ ਦੀਆਂ ਵੀ ਕੁਝ ਰਿਪੋਰਟਾਂ ਮਿਲੀਆਂ ਹਨ ਕਿ ਸਰਕਾਰ ਉਸ ਮੱਦ ਨੂੰ ਵੀ ਖਤਮ ਕਰਨਾ ਚਾਹੁੰਦੀ ਹੈ ਜੋ ਇਕ ਓਪਰੇਟਰ ਨੂੰ ਸਪਲਾਇਰ ਤੋਂ ਹਰਜਾਨਾ ਲੈਣ ਦਾ ਸੀਮਿਤ ਅਧਿਕਾਰ ਦਿੰਦੀ ਹੈ। ਅਮਰੀਕਾ ਦੀ ਪ੍ਰਮਾਣੂ ਸਨਅਤ ਦੀ ਲਾਬੀ ਨੇ ਇਸ ਮੱਦ 'ਤੇ ਵੀ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਉਹ ਇਸ ਨੂੰ ਹਟਾਉਣਾ ਚਾਹੁੰਦੀ ਹੈ।

ਆਪਣਾ ਵਚਨ ਪੂਰਾ ਕਰਨ ਲਈ ਮਨਮੋਹਨ ਸਿੰਘ ਸਰਕਾਰ 'ਤੇ ਭਾਰੀ ਦਬਾਅ ਪਾਇਆ ਜਾ ਰਿਹਾ ਹੈ। ਅਮਰੀਕਾ ਦੇ ਸਿਆਸੀ ਮਾਮਲਿਆਂ ਦੇ ਉਪ ਮੰਤਰੀ ਵਿਲੀਅਮ ਬਰਨਜ਼ ਨੇ 1 ਜੂਨ 2010 ਨੂੰ "ਭਾਰਤ ਦੀ ਚੜ੍ਹਤ ਅਤੇ ਅਮਰੀਕੀ-ਭਾਰਤੀ ਭਾਈਵਾਲੀ ਦੇ ਵਚਨ" ਵਿਸ਼ੇ 'ਤੇ ਤਕਰੀਰ ਦਿੰਦਿਆਂ ਪ੍ਰਮਾਣੂ ਹਾਦਸਾ ਦੇਣਦਾਰੀ ਬਿੱਲ ਦੀ ਲੋੜ ਦਾ ਜ਼ਿਕਰ ਕੀਤਾ ਸੀ। ਉਸ ਨੇ ਕਿਹਾ ਕਿ "ਅਮਰੀਕਨ ਕੰਪਨੀਆਂ ਪਹਿਲਾਂ ਤੋਂ ਹੀ ਸ਼ਨਾਖਤ ਕੀਤੇ ਗਏ 2 ਰਿਐਕਟਰ ਪਾਰਕਾਂ 'ਚ ਭਾਰਤ ਦਾ ਪ੍ਰਮਾਣੂ ਬੁਨਿਆਦੀ ਢਾਂਚਾ ਵਿਸਥਾਰਨ 'ਚ ਸਹਾਇਤਾ ਕਰਨ ਲਈ ਤਿਆਰ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਿਛਲੇ ਹਫਤੇ ਜਨਤਕ ਤੌਰ 'ਤੇ ਸਹੀ ਕਿਹਾ ਸੀ ਕਿ ਪ੍ਰਮਾਣੂ ਹਾਦਸਾ ਦੇਣਦਾਰੀ ਬਿੱਲ ਜਿਹਾ ਕਾਨੂੰਨ ਬਣਾਉਣਾ ਪੂਰੇ ਤੌਰ 'ਤੇ ਭਾਰਤ ਦੇ ਆਪਣੇ ਹਿੱਤ ਵਿਚ ਹੈ।" ਇਸ ਤੋਂ ਬਾਅਦ ਹੋਈ ਭਾਰਤ-ਅਮਰੀਕਾ ਯੁੱਧਨੀਤੀ ਵਾਰਤਾ 'ਚ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਅਮਰੀਕਾ ਨੂੰ ਯਕੀਨ ਦੁਆਇਆ ਕਿ ਪ੍ਰਮਾਣੂ ਹਾਦਸਾ ਦੇਣਦਾਰੀ ਬਿੱਲ ਨੂੰ ਜਲਦ ਹੀ ਕਾਨੂੰਨ ਵਿਚ ਬਦਲ ਦਿੱਤਾ ਜਾਵੇਗਾ।

ਭੁਪਾਲ ਅਤੇ ਐਂਡਰਸਨ ਵਾਲੇ ਹੋਰ ਕਿੱਸੇ ਮੁੜ ਨਹੀਂ ਵਾਪਰਨੇ ਚਾਹੀਦੇ। ਇਸ ਲਈ ਯੂਨੀਅਨ ਕਾਰਬਾਈਡ ਨੂੰ ਆਪਣਾ ਹਿੱਸਾ ਬਣਾ ਲੈਣ ਵਾਲੇ ਡਾਓ ਕੈਮੀਕਲਜ਼ ਤੋਂ ਭੁਪਾਲ ਫੈਕਟਰੀ ਵਾਲੀ ਥਾਂ ਅਤੇ ਵਾਤਾਵਰਨ ਨੂੰ ਸਾਫ ਕਰਨ ਲਈ ਹੋਣ ਵਾਲੇ ਖਰਚ ਓਟਣੇ ਚਾਹੀਦੇ ਹਨ ਪਰ ਸਰਕਾਰ ਦੁਆਰਾ ਬਣਾਏ ਗਏ ਮੰਤਰੀ ਸਮੂਹ ਵਿਚ ਅਜਿਹੇ ਮੰਤਰੀ ਹਨ ਜਿਹੜੇ ਡਾਓ ਕੈਮੀਕਲਜ਼ ਨੂੰ ਅਜਿਹੀ ਜ਼ਿੰਮੇਵਾਰੀ ਤੋਂ ਮੁਕਤ ਕਰ ਰਹੇ ਹਨ। ਇਹ ਸਰਕਾਰ ਦੇ ਮਨਸ਼ਿਆਂ ਲਈ ਅਗਨ ਪ੍ਰੀਖਿਆ ਹੋਵੇਗੀ।

# ਮੈਕਸੀਕੋ ਦੀ ਖਾੜੀ ਵਿਚਲਾ ਤੇਲ ਲੀਕ ਮਾਮਲਾ ਤੇ ਭੁਪਾਲ ਗੈਸ ਕਾਂਡ

**ਕਲਿਆਣੀ ਸ਼ੰਕਰ**

ਭੁਪਾਲ 'ਚ 1984 ਵਿਚ ਹੋਈ ਗੈਸ ਤ੍ਰਾਸਦੀ ਅਤੇ ਬ੍ਰਿਟਿਸ਼ ਪੈਟਰੋਲੀਅਮ ਦੇ 2010 ਵਿਚ ਮੈਕਸੀਕੋ ਦੀ ਖਾੜੀ ਵਿਚ ਕੀਤੇ ਗਏ ਤੇਲ ਲੀਕੇਜ ਵਿਚ ਕੀ ਫਰਕ ਹੈ? ਇਨ੍ਹਾਂ ਦੋਹਾਂ ਵਿਚ ਸਭ ਤੋਂ ਵੱਡਾ ਫਰਕ ਇਨ੍ਹਾਂ ਦੋਹਾਂ ਨਾਲ ਨਜਿੱਠਣ ਵਿਚ ਪੱਛਮੀ ਦੇਸ਼ਾਂ ਦਾ ਨਜ਼ਰੀਆ ਹੈ।

ਜਿਥੇ ਭੁਪਾਲ ਗੈਸ ਕਾਂਡ ਵਿਚ ਤਕਰੀਬਨ 15000 ਲੋਕਾਂ ਦੀ ਮੌਤ ਹੋ ਗਈ ਤੇ ਲੱਖਾਂ ਲੋਕ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ, ਉਥੇ ਬ੍ਰਿਟਿਸ਼ ਪੈਟਰੋਲੀਅਮ ਦੀਆਂ ਤੇਲ ਲੀਕੇਜ ਦੀਆਂ ਖ਼ਬਰਾਂ ਵਿਆਪਕ ਤੌਰ 'ਤੇ ਪ੍ਰਕਾਸ਼ਤ ਹੋ ਰਹੀਆਂ ਹਨ ਹਾਲਾਂਕਿ ਇਸ ਤੇਲ ਲੀਕੇਜ ਨਾਲ ਹੁਣ ਤਕ ਸਿਰਫ 11 ਲੋਕਾਂ ਦੀ ਹੀ ਜਾਨ ਗਈ ਹੈ ਪਰ ਤੇਲ ਲੀਕੇਜ ਨਾਲ ਇਸ ਖੇਤਰ ਵਿਚ ਬਨਸਪਤੀ ਤੇ ਪਾਣੀ ਦੇ ਜੀਵਾਂ ਲਈ ਵਿਆਪਕ ਖਤਰਾ ਪੈਦਾ ਹੋ ਗਿਆ ਹੈ। ਇਸ ਤੋਂ ਇਲਾਵਾ ਇਸ ਖੇਤਰ ਵਿਚ ਕਈ ਲੋਕਾਂ ਦਾ ਰੋਜ਼ਗਾਰ ਵੀ ਖ਼ਤਰੇ ਵਿਚ ਪੈ ਗਿਆ ਹੈ। ਲੋਕਾਂ ਵਲੋਂ ਰੌਲਾ ਪਾਉਣ 'ਤੇ ਓਬਾਮਾ ਸਰਕਾਰ ਨੇ ਹੁਣ ਬ੍ਰਿਟਿਸ਼ ਪੈਟਰੋਲੀਅਮ ਦੇ ਅਧਿਕਾਰੀਆਂ ਨੂੰ ਇਸ ਦੇ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਹ ਸਪੱਸ਼ਟ ਹੈ ਕਿ ਉਹ ਉਸ ਤਰ੍ਹਾਂ ਬਚ ਨਹੀਂ ਸਕਣਗੇ, ਜਿਸ ਤਰ੍ਹਾਂ ਯੂਨੀਅਨ ਕਾਰਬਾਈਡ ਦੇ ਅਧਿਕਾਰੀ ਭੁਪਾਲ ਗੈਸ ਹਾਦਸੇ ਦੇ ਮਾਮਲੇ 'ਚ ਬਚ ਗਏ ਸਨ। ਜਨਤਾ ਤੇ ਮੀਡੀਆ ਦੀ ਆਲੋਚਨਾ ਦਾ ਨਿਸ਼ਾਨਾ ਬਣੇ ਰਾਸ਼ਟਰਪਤੀ ਓਬਾਮਾ ਨੇ ਇਸ ਸੰਬੰਧ ਵਿਚ ਹੁਣ ਸਖ਼ਤ ਰਵੱਈਆ ਅਪਨਾ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਤੇਲ ਲੀਕੇਜ ਲਈ ਬ੍ਰਿਟਿਸ਼ ਪੈਟਰੋਲੀਅਮ ਦੇ ਸੀ. ਈ. ਓ. ਨੂੰ ਤੁਰੰਤ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਤਰ੍ਹਾਂ ਦੀ ਘਟਨਾ ਦਾ ਸਥਾਈ ਹੱਲ ਲੱਭਣ ਦਾ ਭਰੋਸਾ ਦਿੰਦੇ ਹੋਏ ਜਨਤਾ ਨੂੰ ਕਿਹਾ, "ਮੈਂ ਤੁਹਾਡੇ ਨਾਲ ਹਾਂ ਤੇ ਮੇਰਾ ਪ੍ਰਸ਼ਾਸਨ ਇਸ ਸੰਕਟ ਦਾ ਹੱਲ ਕੱਢਣ ਵਿਚ ਤੁਹਾਡੇ ਨਾਲ ਹੈ।"

ਹੁਣ ਜੇ ਇਨ੍ਹਾਂ ਦੋਵਾਂ ਘਟਨਾਵਾਂ ਦੀ ਤੁਲਨਾ ਕੀਤੀ ਜਾਵੇ ਤਾਂ ਭਾਰਤ ਦੇ ਸੱਤਾਧਾਰੀਆਂ ਨੇ ਯੂਨੀਅਨ ਕਾਰਬਾਈਡ ਪ੍ਰਤੀ ਸਖ਼ਤ ਰਵੱਈਆ ਨਹੀਂ ਅਪਨਾਇਆ ਤੇ ਨਾ ਹੀ ਉਨ੍ਹਾਂ ਨੂੰ ਮੀਡੀਆ ਤੇ ਜਨਤਾ ਵਲੋਂ ਕੀਤੀ ਜਾਣ ਵਾਲੀ ਆਲੋਚਨਾ ਦਾ ਕੋਈ ਡਰ ਸੀ। 1984 ਤੋਂ ਸੂਬੇ ਵਿਚ ਅਤੇ ਕੇਂਦਰ ਵਿਚ ਸੱਤਾ ਵਿਚ ਆਉਣ ਵਾਲੀਆਂ ਸਰਕਾਰਾਂ ਨੇ ਭੁਪਾਲ ਗੈਸ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕੁਝ ਵੀ ਨਹੀਂ ਕੀਤਾ। ਇਸ ਦੇ ਉਲਟ ਉਨ੍ਹਾਂ ਨੇ ਭੁਪਾਲ ਗੈਸ ਕਾਂਡ ਲਈ ਜ਼ਿੰਮੇਵਾਰ ਐਂਡਰਸਨ ਨੂੰ ਦੇਸ਼ ਤੋਂ ਬਾਹਰ ਚਲੇ ਜਾਣ ਲਈ ਸਹਾਇਤਾ ਦਿੱਤੀ।

ਇਨ੍ਹਾਂ ਦੋਹਾਂ ਹੀ ਲੀਕੇਜ ਦੀਆਂ ਘਟਨਾਵਾਂ ਵਿਚ ਕਾਫੀ ਸਮਾਨਤਾਵਾਂ ਹਨ। ਸਭ ਤੋਂ ਪਹਿਲੀ ਇਹ ਕਿ ਇਹ ਦੋਵੇਂ ਹੀ ਮਨੁੱਖ ਵਲੋਂ ਕੀਤੀਆਂ ਗਈਆਂ ਹਨ। ਜੇ ਭੁਪਾਲ ਵਿਚ ਗੈਸ ਲੀਕੇਜ ਲਈ ਯੂਨੀਅਨ ਕਾਰਬਾਈਡ ਜ਼ਿੰਮੇਵਾਰ ਹੈ ਤਾਂ ਅਮਰੀਕਾ ਨੇ ਮੈਕਸੀਕੋ ਦੀ ਖਾੜੀ ਵਿਚ ਤੇਲ ਦੀ ਲੀਕੇਜ ਲਈ ਬ੍ਰਿਟਿਸ਼ ਪੈਟਰੋਲੀਅਮ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸਿੱਧੀ ਜਿਹੀ ਗੱਲ ਹੈ ਕਿ ਅਮਰੀਕਾ ਵਿਚ ਸਨਅਤੀ ਤੇ ਹੋਰ ਖੇਤਰਾਂ ਵਿਚ ਸੁਰੱਖਿਆ ਨੂੰ ਸਭ ਤੋਂ ਵਧ ਅਹਿਮੀਅਤ ਦਿੱਤੀ ਜਾਂਦੀ ਹੈ। ਉਥੇ ਤੇਲ ਦੀ ਲੀਕੇਜ ਨਾਲ ਸਮੁੰਦਰੀ ਜੀਵਾਂ ਤੇ ਪੰਛੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਇਸ ਨਾਲ ਇਸ ਖਾੜੀ ਖੇਤਰ ਦੇ ਤੱਟੀ ਇਲਾਕਿਆਂ ਵਿਚ ਕਈ ਲੋਕਾਂ ਦੇ ਵੱਖ-ਵੱਖ ਰੋਜ਼ਗਾਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਇਸ ਨਾਲ ਅਮਰੀਕਾ ਦੇ ਲੂਸੀਆਨਾ, ਮਿਸੀਸਿੱਪੀ, ਅਲਬਾਮਾ ਤੇ ਫਲੋਰੀਡਾ ਸੂਬੇ ਕਾਫੀ ਪ੍ਰਭਾਵਤ ਹੋਏ ਹਨ।



ਭੁਪਾਲ ਗੈਸ ਤ੍ਰਾਸਦੀ ਦੇ ਮਾਮਲੇ ਵਿਚ ਇਕ ਚੌਥਾਈ ਸਦੀ ਬੀਤ ਜਾਣ ਦੇ ਬਾਅਦ ਵੀ ਇਸ ਮਾਮਲੇ ਵਿਚ ਅਜੇ ਕਾਫੀ ਕੁਝ ਕੀਤੇ ਜਾਣ ਦੀ ਲੋੜ ਹੈ। ਉਥੋਂ ਦੀ ਜ਼ਮੀਨ ਤੇ ਪਾਣੀ ਵਿਚ ਅਜੇ ਤਕ ਜ਼ਹਿਰੀਲੇ ਰਸਾਇਣਾਂ ਦੀ ਮੌਜੂਦਗੀ ਪਾਈ ਜਾ ਰਹੀ ਹੈ। ਗੈਸ ਲੀਕ ਨਾਲ ਹੋਏ ਭਾਰੀ ਨੁਕਸਾਨ ਨਾਲ ਨਜਿੱਠਣ ਲਈ ਭਾਰੀ ਰਕਮ ਦੀ ਤੁਰੰਤ ਲੋੜ ਹੈ। ਇਸ ਖੇਤਰ ਵਿਚ ਚੌਗਿਰਦਾ ਸੁਰੱਖਿਆ ਤੇ ਚੌਗਿਰਦਾ ਪ੍ਰਦੂਸ਼ਣ ਤੋਂ ਹੋਣ ਵਾਲੇ ਖ਼ਤਰਿਆਂ ਪ੍ਰਤੀ ਵਿਆਪਕ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਹੁਣ ਵੇਖੋ ਇਨ੍ਹਾਂ ਦੋਹਾਂ ਲੀਕੇਜ ਤੋਂ ਹੋਏ ਨੁਕਸਾਨ ਦੇ ਮੁਆਵਜ਼ੇ ਬਾਰੇ ਭਾਰਤ ਤੇ ਅਮਰੀਕੀ ਸਰਕਾਰਾਂ ਦੇ ਪ੍ਰਤੀਕਰਮ ਵਿਚ ਕਿਸ ਤਰ੍ਹਾਂ ਦਾ ਫਰਕ ਹੈ?

ਬ੍ਰਿਟਿਸ਼ ਪੈਟਰੋਲੀਅਮ ਨੇ ਪਹਿਲਾਂ ਹੀ ਨੁਕਸਾਨ ਦੇ ਮੁਆਵਜ਼ੇ ਦੀ ਪਹਿਲੀ ਕਿਸ਼ਤ ਦੇ ਰੂਪ ਵਿਚ 6 ਕਰੋੜ ਡਾਲਰ ਚੁਕਾ ਦਿੱਤੇ ਹਨ ਪਰ ਓਬਾਮਾ ਇਸ ਤੋਂ ਸੰਤੁਸ਼ਟ ਨਹੀਂ ਹੋਏ ਤੇ ਉਨ੍ਹਾਂ ਨੇ ਹੁਕਮ ਦਿੱਤਾ ਕਿ ਬ੍ਰਿਟਿਸ਼ ਪੈਟਰੋਲੀਅਮ ਨੂੰ ਪ੍ਰਤੀ ਬੈਰਲ 4300 ਡਾਲਰ ਜੁਰਮਾਨਾ ਦੇਣਾ ਪਵੇਗਾ। ਹੁਣ ਬ੍ਰਿਟਿਸ਼ ਪੈਟਰੋਲੀਅਮ ਦੀ ਕਿੰਨੀ ਜ਼ਿੰਮੇਵਾਰੀ ਤੈਅ ਹੁੰਦੀ ਹੈ, ਇਸ ਦਾ ਜਾਇਜ਼ਾ ਨੇੜ ਭਵਿੱਖ ਵਿਚ ਲਿਆ ਜਾਵੇਗਾ ਪਰ ਇੰਨਾ ਯਕੀਨੀ ਹੈ ਕਿ ਇਹ ਅਰਬਾਂ ਡਾਲਰ ਵਿਚ ਹੋਵੇਗਾ।

ਇਸ ਦੇ ਉਲਟ ਯੂਨੀਅਨ ਕਾਰਬਾਈਡ ਨੇ ਭੁਪਾਲ ਵਿਚ ਹੋਏ ਭਾਰੀ ਕਤਲੇਆਮ ਦੇ ਬਾਵਜੂਦ 47 ਕਰੋੜ ਰੁਪਏ ਮੁਆਵਜ਼ਾ ਦੇ ਕੇ ਖਹਿੜਾ ਛੁਡਾ ਲਿਆ। ਸਰਕਾਰੀ ਸੂਤਰਾਂ ਅਨੁਸਾਰ ਗੈਸ ਕਾਂਡ ਤੋਂ ਪੀੜਤ 10000 ਲੋਕਾਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ ਹੈ। ਕਈ ਲੋਕ ਅਜੇ ਵੀ ਵੱਖ-ਵੱਖ ਹਸਪਤਾਲਾਂ ਵਿਚ ਆਊਟਡੋਰ ਮਰੀਜ਼ਾਂ ਦੇ ਰੂਪ ਵਿਚ ਆਪਣਾ ਇਲਾਜ ਕਰਵਾ ਰਹੇ ਹਨ। ਭੁਪਾਲ ਵਿਚ ਕੁੱਲ 8.4 ਲੱਖ ਲੋਕ ਯੂਨੀਅਨ ਕਾਰਬਾਈਡ ਤੋਂ ਰਿਸਣ ਵਾਲੀ ਮਾਰੂ 'ਮਿਕ' ਗੈਸ ਤੋਂ ਪ੍ਰਭਾਵਤ ਦੱਸੇ ਗਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਇਨ੍ਹਾਂ ਮਰੀਜ਼ਾਂ ਦੇ ਇਲਾਜ, ਆਰਥਿਕ ਤੇ ਹੋਰ ਪੁਨਰਵਾਸ 'ਤੇ 2009 ਤਕ 512 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਭੁਪਾਲ ਗੈਸ ਤ੍ਰਾਸਦੀ 'ਦੇਰ ਨਾਲ ਮਿਲਿਆ ਨਿਆਂ ਨਹੀਂ ਹੁੰਦਾ' ਦੀ ਕਹਾਵਤ ਦੀ ਸਪੱਸ਼ਟ ਉਦਾਹਰਣ ਹੈ। ਇਸ ਨੇ ਸਾਡੀ ਨਿਆਂ ਵਿਵਸਥਾ ਦੀ ਕਾਰਜਪ੍ਰਣਾਲੀ 'ਤੇ ਜਲਦੀ ਨਿਆਂ ਦੇਣ ਦੀ ਵਿਵਸਥਾ ਵਲ ਸਭ ਦਾ ਧਿਆਨ ਕੇਂਦਰਿਤ ਕੀਤਾ ਹੈ। ਅਦਾਲਤ ਨੇ ਗੈਸ ਕਾਂਡ ਦੇ 7 ਦੋਸ਼ੀਆਂ ਨੂੰ 2-2 ਸਾਲ ਕੈਦ ਤੇ 2100 ਡਾਲਰ ਜੁਰਮਾਨਾ ਕੀਤਾ ਹੈ। 8ਵੇਂ ਮੁਜਰਿਮ ਦੀ ਮੌਤ ਹੋ ਗਈ ਸੀ। ਇਨ੍ਹਾਂ ਸਜ਼ਾ ਪ੍ਰਾਪਤ ਲੋਕਾਂ ਨੂੰ ਵੀ ਆਪਣੀ ਸਜ਼ਾ ਵਿਰੁਧ ਅਪੀਲ ਕਰਨ ਲਈ ਤੁਰੰਤ ਬਾਅਦ ਹੀ ਜ਼ਮਾਨਤ 'ਤੇ ਰਿਹਾਈ ਮਿਲ ਗਈ। ਯੂਨੀਅਨ ਕਾਰਬਾਈਡ ਇੰਡੀਆ ਨਿਮਟਿਡ, ਜਿਸ ਦੀ ਹੁਣ ਭਾਰਤ ਵਿਚ ਹੋਂਦ ਨਹੀਂ ਰਹਿ ਗਈ, ਨੂੰ ਸਿਰਫ 11000 ਡਾਲਰ ਜੁਰਮਾਨਾ ਕੀਤਾ ਗਿਆ। ਤ੍ਰਾਸਦੀ ਇਹ ਰਹੀ ਕਿ ਸ਼ੁਰੂ ਵਿਚ ਦੋਸ਼ੀਆਂ ਵਿਰੁਧ ਹੱਤਿਆ ਸੰਬੰਧੀ ਧਾਰਵਾਂ ਲਗਾਈਆਂ ਸਨ, ਉਥੇ ਸੁਪਰੀਮ ਕੋਰਟ ਨੇ 2006 ਵਿਚ ਇਨ੍ਹਾਂ ਧਾਰਾਵਾਂ ਨੂੰ ਹਟਾ ਕੇ ਲਾਪ੍ਰਵਾਹੀ ਕਾਰਨ ਹੋਈ ਮੌਤ ਦੇ ਦੋਸ਼ਾਂ ਵਿਚ ਤਬਦੀਲ ਕਰ ਦਿੱਤਾ, ਜਿਸ ਵਿਚ ਵਧ ਤੋਂ ਵਧ 2 ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਦੂਜੀ ਗੱਲ ਸਾਡੀ ਸਿਆਸੀ ਪ੍ਰਣਾਲੀ ਦੀਆਂ ਖਾਮੀਆਂ ਤੇ ਜਨਤਾ ਪ੍ਰਤੀ ਨਜ਼ਰਅੰਦਾਜ਼ੀ ਦੀ ਭਾਵਨਾ ਸਾਹਮਣੇ ਆਈ ਹੈ। ਪਿਛਲੇ 2 ਦਹਾਕਿਆਂ ਵਿਚ ਕੇਂਦਰ ਵਿਚ ਸੱਤਾਧਾਰੀ ਗਠਜੋੜ ਸਰਕਾਰਾਂ ਵਿਚ ਸਾਰੀਆਂ ਪਾਰਟੀਆਂ ਸੱਤਾ ਵਿਚ ਰਹਿ ਚੁੱਕੀਆਂ ਹਨ। ਭਾਜਪਾ ਤੇ ਕਾਂਗਰਸ ਦੋਵੇਂ ਹੀ ਵਾਰੀ-ਵਾਰੀ ਮੱਧ ਪ੍ਰਦੇਸ਼ ਵਿਚ ਸੱਤਾ ਵਿਚ ਆਉਂਦੀਆਂ ਰਹੀਆਂ ਹਨ। ਹੁਣ ਸਾਰੀਆਂ ਸਿਆਸੀ ਪਾਰਟੀਆਂ ਕਾਂਗਰਸ 'ਤੇ ਦੋਸ਼ ਲਗਾ ਰਹੀਆਂ ਹਨ, ਪਰ ਉਨ੍ਹਾਂ ਦੀ ਆਪਣੀ ਭੂਮਿਕਾ ਕੀ ਰਹੀ? ਕੀ ਕਾਂਗਰਸ ਵਿਰੋਧੀ ਪਾਰਟੀਆਂ ਨੇ ਇਸ ਮਾਮਲੇ ਵਿਚ ਜ਼ਰਾ ਜਿੰਨਾ ਵੀ ਕਦਮ ਚੁੱਕਿਆ?

ਮੀਡੀਆ ਤੇ ਚੌਗਿਰਦਾ ਮਾਹਿਰਾਂ ਨੇ ਵੀ ਇੰਨੇ ਸਾਲ ਤਕ ਇਸ ਪਾਸਿਓਂ ਲਾਪ੍ਰਵਾਹੀ ਹੀ ਦਿਖਾਈ ਜਦਕਿ ਉਨ੍ਹਾਂ ਨੂੰ ਇਸ ਮਾਮਲੇ ਵਲ ਲਗਾਤਾਰ ਦੇਸ਼ ਦਾ ਧਿਆਨ ਕੇਂਦਰਿਤ ਕਰਦੇ ਰਹਿਣਾ ਚਾਹੀਦਾ ਸੀ। ਜਨਤਾ ਨੇ ਵੀ ਇਸ ਮਾਮਲੇ ਵਿਚ ਆਪਣੇ ਸਿਆਸੀ ਆਗੂਆਂ ਨੂੰ ਜ਼ਿੰਮੇਵਾਰ ਬਣਾਉਣ ਲਈ ਕੋਈ ਦਿਲਚਸਪੀ ਨਹੀਂ ਲਈ।

ਸਾਡੀਆਂ ਜਾਂਚ ਏਜੰਸੀਆਂ ਵੀ ਇਸ ਮਾਮਲੇ ਵਿਚ ਅਸਫਲ ਰਹੀਆਂ। ਸੀ.ਬੀ.ਆਈ. ਨੇ ਹੁਣ ਇਸ ਗੱਲ ਨੂੰ ਮੰਨਿਆ ਹੈ ਕਿ ਉਸ ਨੇ ਅਦਾਲਤ ਵਿਚ ਇਸ ਮਾਮਲੇ ਵਿਚ ਜੋ ਕੇਸ ਪੇਸ਼ ਕੀਤਾ ਸੀ, ਉਹ ਕਮਜ਼ੋਰ ਸੀ।

ਭਾਰਤੀ ਅਧਿਕਾਰੀਆਂ ਨੇ ਵਾਰੇਨ ਐਂਡਰਸਨ ਨੂੰ ਭੁਪਾਲ ਗੈਸ ਕਾਂਡ ਦੇ ਸਮੇਂ ਗ੍ਰਿਫ਼ਤਾਰ ਕੀਤਾ ਸੀ ਪਰ ਬਾਅਦ ਵਿਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਯੂਨੀਅਨ ਕਾਰਬਾਈਡ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਅਦਾਰੇ ਦਾ ਭਾਰਤ ਸਥਿਤ ਭੁਪਾਲ ਪਲਾਂਟ ਦੇ ਸੰਚਾਲਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਯੂਨੀਅਨ ਕਾਰਬਾਈਡ ਦੇ ਅਮਰੀਕੀ ਅਧਿਕਾਰੀ ਭਾਰਤੀ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੇ। ਕੀ ਹੁਣ ਨਵੀਂ ਦਿੱਲੀ ਐਂਡਰਸਨ ਨੂੰ ਭਾਰਤ ਮੰਗਵਾਉਣ ਲਈ ਅਮਰੀਕੀ ਸਰਕਾਰ 'ਤੇ ਦਬਾਅ ਪਾਵੇਗੀ? ਐਂਡਰਸਨ ਇਸ ਵੇਲੇ ਨਿਊ ਯਾਰਕ ਵਿਚ ਆਪਣੇ ਘਰ ਰਹਿ ਰਿਹਾ ਹੈ। ਅਮਰੀਕੀ ਸਹਾਇਕ ਵਿਦੇਸ਼ ਮੰਤਰੀ ਰਾਬਰਟ ਬਲੇਕ ਨੇ ਇਸ ਮਾਮਲੇ ਨੂੰ ਮੁੜ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਨਾਲ ਦਿੱਲੀ ਸਰਕਾਰ ਦੀ ਸਥਿਤੀ ਉਲਝਣ ਭਰੀ ਹੋ ਗਈ ਹੈ।

# ਦਰਿਆਈ ਪਾਣੀ 'ਤੇ ਰਾਇਲਟੀ ਪੰਜਾਬ ਦਾ ਹੱਕ

**-ਪ੍ਰੀਤਮ ਸਿੰਘ ਕੁਮੇਦਾਨ**

ਦਰਿਆਈ ਪਾਣੀਆਂ ਦੇ ਝਗੜੇ 'ਤੇ ਪੰਜਾਬ ਦਾ ਬੁਨਿਆਦੀ ਪੱਖ ਇਹ ਹੈ ਕਿ ਸੰਵਿਧਾਨ ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਦਾ ਹੱਕਦਾਰ ਕੇਵਲ ਪੰਜਾਬ ਹੈ ਤੇ ਹਰਿਆਣਾ ਤੇ ਰਾਜਸਥਾਨ ਜਿਹੀਆਂ ਗੈਰ-ਰਿਪੇਰੀਅਨ ਸਟੇਟਾਂ ਦਾ ਇਸ 'ਤੇ ਕੋਈ ਅਧਿਕਾਰ ਨਹੀਂ। ਵੰਡ ਵੇਲੇ ਇਨ੍ਹਾਂ ਦਰਿਆਵਾਂ ਵਿਚ ਪਾਣੀ ਦਾ ਸਾਲਾਨਾ ਵਹਾਅ 325 ਲੱਖ ਏਕੜ ਫੁੱਟ ਸੀ (ਜਿਹੜਾ ਹਰ ਵਰ੍ਹੇ ਬਦਲਦਾ ਰਿਹਾ ਹੈ)। ਇਸ ਵਿਚੋਂ ਰਾਜਸਥਾਨ ਨੂੰ 112 ਲੱਖ ਏਕੜ ਫੁੱਟ, ਹਰਿਆਣਾ ਨੂੰ 78 ਲੱਖ ਏਕੜ ਫੁੱਟ (43 ਲੱਖ ਏਕੜ ਫੁੱਟ ਬੀਕਾਨੇਰ ਨਹਿਰ, 35 ਲੱਖ ਏਕੜ ਫੁੱਟ ਐਸ ਵਾਈ ਐਲ ਨਹਿਰ) ਅਲਾਟ ਕੀਤਾ ਗਿਆ। 35 ਲੱਖ ਏਕੜ ਫੁੱਟ ਪਾਣੀ ਜਿਹੜਾ ਐਸ ਵਾਈ ਐਲ ਨਹਿਰ ਰਾਹੀਂ ਹਰਿਆਣਾ ਨੂੰ ਦਿੱਤਾ ਜਾਣਾ ਸੀ, ਹਰਿਆਣਾ ਵਲੋਂ ਪਹਿਲਾਂ ਹੀ ਭਾਖੜਾ ਨਹਿਰ ਰਾਹੀਂ ਇਸ ਵਿਚੋਂ 16.2 ਲੱਖ ਏਕੜ ਫੁੱਟ ਵਰਤਿਆ ਜਾ ਰਿਹਾ ਹੈ। ਇੰਝ ਕੁੱਲ ਮਿਲਾ ਕੇ ਝਗੜਾ 18.8 ਲੱਖ ਏਕੜ ਫੁੱਟ ਪਾਣੀ ਦਾ ਹੈ। ਪਰ ਨਵੀਂ ਦਿੱਲੀ ਵਿਚ ਹੋਈ ਜਨਵਰੀ 29, 1955 ਦੀ ਮੀਟਿੰਗ (ਜਿਹਨੂੰ ਬਾਅਦ ਵਿਚ ਸਮਝੌਤਾ ਕਿਹਾ ਗਿਆ) ਅਨੁਸਾਰ ਗੁਲਜ਼ਾਰੀ ਲਾਲ ਨੰਦਾ ਦੀ ਚੇਅਰਮੈਨੀ ਅਧੀਨ ਪੰਜਾਬ ਅਤੇ ਪੈਪਸੂ ਨੂੰ 72 ਲੱਖ ਏਕੜ ਫੁੱਟ ਪਾਣੀ ਦਿੱਤਾ ਗਿਆ। ਜਦਕਿ ਰਾਜਸਥਾਨ ਨੂੰ 80 ਲੱਖ ਫੁੱਟ ਪਾਣੀ ਅਲਾਟ ਕੀਤਾ ਗਿਆ। ਗੁਲਜ਼ਾਰੀ ਲਾਲ ਨੰਦਾ ਉਸ ਸਮੇਂ ਕੇਂਦਰੀ ਸਿੰਚਾਈ ਮੰਤਰੀ ਸੀ। ਕੁਝ ਦਿਨ ਪਿੱਛੋਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਪਾਣੀ ਦੀ ਵਰਤੋਂ ਦੀਆਂ ਸਕੀਮਾਂ ਤਿਆਰ ਕਰਨ ਲਈ ਲਿਖਿਆ ਅਤੇ ਪੰਜਾਬ ਨੇ ਇਨ੍ਹਾਂ ਸਕੀਮਾਂ ਅਨੁਸਾਰ ਸਾਰਾ ਹੀ ਪਾਣੀ 1 ਨਵੰਬਰ 1966 ਤੋਂ ਪਹਿਲਾਂ ਵਰਤੋਂ ਵਿਚ ਲੈ ਆਂਦਾ ਸੀ। ਇਸ ਸਾਲ ਹਰਿਆਣਾ ਕਾਇਮ ਕੀਤਾ ਗਿਆ ਸੀ ਅਤੇ ਇੰਝ ਇਸ ਮੌਕੇ ਪੰਜਾਬ ਕੋਲ ਕੋਈ ਵੀ ਵਾਧੂ ਪਾਣੀ ਨਹੀਂ ਸੀ। ਪੰਜਾਬ ਅਤੇ ਹਰਿਆਣਾ ਵਿਚ ਵਾਧੂ ਪਾਣੀ ਦੀ ਵੰਡ ਇਕ ਮਿੱਥ ਵਾਂਗ ਹੈ। ਕਿਉਂਕਿ ਪੰਜਾਬ ਕੋਲ ਉਸ ਸਮੇਂ ਵਾਧੂ ਪਾਣੀ ਹੈ ਹੀ ਨਹੀਂ ਸੀ।

ਸੰਵਿਧਾਨ ਅਨੁਸਾਰ ਜਦੋਂ ਵੀ ਸਟੇਟਾਂ ਦੀ ਮੁੜ ਵੰਡ ਹੋਈ ਤਾਂ ਪਾਣੀ ਕਦੇ ਵੀ ਵੰਡਿਆ ਨਹੀਂ ਗਿਆ। ਕਿਉਂਕਿ ਪਾਣੀ ਵੰਡੇ ਜਾਣ ਵਾਲੀ ਚੀਜ਼ ਨਹੀਂ ਹੈ ਅਤੇ ਇਹ ਜ਼ਮੀਨ ਦੇ ਨਾਲ ਹੀ ਚਲਾ ਜਾਂਦਾ ਹੈ। 1953 ਤੋਂ ਪਹਿਲਾਂ ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ ਦਰਿਆ ਸਾਂਝੀ ਮਦਰਾਸ ਸਟੇਟ ਵਿਚੋਂ ਵਗਦੇ ਸਨ। 1953 ਵਿਚ ਆਂਧਰਾ ਪ੍ਰਦੇਸ਼ ਦੀ ਕਾਇਮੀ ਵੇਲੇ ਮਦਰਾਸ ਨੂੰ ਗੋਦਾਵਰੀ ਅਤੇ ਕ੍ਰਿਸ਼ਨਾ ਵਿਚੋਂ ਇਕ ਤੁਪਕਾ ਵੀ ਪਾਣੀ ਦਾ ਨਹੀਂ ਦਿੱਤਾ ਗਿਆ। ਕਿਉਂਕਿ ਹੁਣ ਇਹ ਸਟੇਟ ਇਨ੍ਹਾਂ ਦੋਵਾਂ ਦਰਿਆਵਾਂ ਦਾ ਰਿਪੇਰੀਅਨ ਖੇਤਰ ਨਹੀਂ ਰਹੀ ਸੀ। ਇੰਝ ਹੀ ਆਂਧਰਾ ਪ੍ਰਦੇਸ਼ ਨੂੰ ਕਾਵੇਰੀ ਵਿਚੋਂ ਪਾਣੀ ਨਹੀਂ ਸੀ ਦਿੱਤਾ ਗਿਆ ਕਿਉਂਕਿ ਆਂਧਰਾ ਪ੍ਰਦੇਸ਼ ਹੁਣ ਇਸ ਦਰਿਆ ਦਾ ਰਾਏਪੇਰੀਅਨ ਖਿੱਤਾ ਨਹੀਂ ਸੀ ਰਿਹਾ। ਇੰਝ ਕਾਨੂੰਨ ਅਤੇ ਸੰਵਿਧਾਨ ਅਨੁਸਾਰ ਸਿਰਫ ਰਿਪੇਰੀਅਨ ਸਟੇਟ ਹੀ ਪਾਣੀ ਦੀ ਮਾਲਕੀ ਦਾ ਅਧਿਕਾਰ ਰੱਖਦੀ ਹੈ। ਜਦੋਂ 1874 ਵਿਚ ਆਸਾਮ ਨੂੰ ਬੰਗਾਲ ਤੋਂ ਵੱਖ ਕੀਤਾ ਗਿਆ ਤਾਂ ਪਾਣੀ ਦੀ ਵੰਡ ਨਹੀਂ ਸੀ ਕੀਤੀ ਗਈ। 1901 ਵਿਚ ਜਦੋਂ ਉਤਰ ਪੱਛਮੀ ਸਰਹੱਦੀ ਸੂਬੇ ਨੂੰ ਪੰਜਾਬ ਨਾਲੋਂ ਅਲੱਗ ਕੀਤਾ ਗਿਆ ਤਦ ਵੀ ਇਹੋ ਅਸੂਲ ਵਰਤਿਆ ਗਿਆ ਸੀ। ਇਸੇ ਤਰ੍ਹਾਂ ਜਦੋਂ ਬੰਗਾਲ ਦੀ 1905 ਵਿਚ ਵੰਡ ਹੋਈ ਅਤੇ 1912 ਵਿਚ ਇਨ੍ਹਾਂ ਨੂੰ ਮੁੜ ਇਕੱਠੇ ਕੀਤਾ ਗਿਆ, ਬਿਹਾਰ ਅਤੇ ਉੜੀਸਾ ਨੂੰ 1912 ਵਿਚ ਬੰਗਾਲ ਤੋਂ ਵੱਖ ਕੀਤਾ ਗਿਆ, 1936 ਵਿਚ ਉੜੀਸਾ ਨੂੰ ਬਿਹਾਰ ਤੋਂ ਅਲੱਗ ਕੀਤਾ ਗਿਆ, 1936 ਵਿਚ ਹੀ ਬੰਬਈ ਨੂੰ ਸਿੰਧ ਤੋਂ ਅਲੱਗ ਕੀਤਾ ਗਿਆ ਜਾਂ ਆਂਧਰਾ ਪ੍ਰਦੇਸ 1953 ਵਿਚ ਕਾਇਮ ਕੀਤਾ ਗਿਆ, ਗੁਜਰਾਤ ਅਤੇ ਮਹਾਂਰਾਸ਼ਟਰ 1960 ਵਿਚ ਬੰਬਈ ਵਿਚੋਂ ਕਾਇਮ ਕੀਤੇ ਗਏ। 1972 ਵਿਚ ਉਤਰ ਪੂਰਬੀ ਸਟੇਟਾਂ ਨੂੰ ਕਾਇਮ ਕੀਤਾ ਗਿਆ ਅਤੇ 2000 ਵਿਚ ਝਾਰਖੰਡ, ਉਤਰਾਖੰਡ ਅਤੇ ਛਤੀਸ਼ਗੜ੍ਹ ਕਾਇਮ ਕੀਤੇ ਗਏ। ਸਾਰਿਆਂ ਮੌਕਿਆਂ 'ਤੇ ਰਾਏਪੀਰੀਅਨ ਅਸੂਲਾਂ ਨੂੰ ਹੀ ਆਧਾਰ ਬਣਾਇਆ ਗਿਆ। ਅਪਵਾਦ ਸਿਰਫ ਉਥੇ ਹੀ ਮੌਜੂਦ ਹੈ ਜਿਥੇ ਦਰਿਆਈ ਪਾਣੀਆਂ ਉਪਰ ਸਾਂਝੇ ਪ੍ਰਾਜੈਕਟ ਕਾਇਮ ਕੀਤੇ ਗਏ ਅਤੇ ਇਹ ਵੀ ਉਥੇ ਹੀ ਜਿਥੇ ਦੋਵੇਂ ਸਟੇਟਾਂ ਰਿਪੇਰੀਅਨ ਬਣਦੀਆਂ ਹਨ। ਹਰਿਆਣਾ ਦਾ ਰਾਵੀ ਤੇ ਬਿਆਸ ਦੇ ਪਾਣੀਆਂ ਦਾ ਦਾਅਵਾ ਦੋ ਤੱਥਾਂ ਉਪਰ ਆਧਾਰਿਤ ਹੈ। ਪਹਿਲਾਂ ਇਹ ਕਿ ਉਹ ਪੰਜਾਬ ਦਾ ਹਿੱਸਾ ਰਿਹਾ ਹੈ ਅਤੇ ਇਸ ਆਧਾਰ 'ਤੇ ਉਹ ਪੰਜਾਬ ਵਿਚ ਮੌਜੂਦ ਹਰ ਚੀਜ਼ ਵਿਚੋਂ ਹਿੱਸਾ ਵੰਡਾ ਸਕਦਾ ਹੈ। ਹਰਿਆਣਾ ਦੇ ਇਸ ਦਾਅਵੇ ਨੂੰ ਪੰਜਾਬ ਦਾ ਉਤਰ ਇਹ ਹੈ ਕਿ ਮੌਜੂਦਾ ਹਰਿਆਣੇ ਦੇ 6 ਜ਼ਿਲ੍ਹੇ ਪੰਜਾਬ ਨਾਲ ਮਾਰਚ 1859 ਵਿਚ ਜੋੜੇ ਗਏ ਸਨ। ਹਰਿਆਣਾ ਉਸ ਸਮੇਂ ਜੋ ਕੁਝ ਲੈ ਕੇ ਆਇਆ ਸੀ, ਵਾਪਸ ਲੈ ਸਕਦਾ ਹੈ। ਦੂਜਾ ਇਹ ਕਿ ਰਾਜ ਨੂੰ ਮੁੜ ਜਥੇਬੰਦ ਕਰਦਿਆਂ ਦੋ ਚੀਜ਼ਾਂ ਵੰਡੀਆਂ ਗਈਆਂ ਸਨ ਜਿਨ੍ਹਾਂ ਵਿਚ ਚੱਲ ਅਤੇ ਅਚੱਲ ਸੰਪਤੀ ਤੇ ਵਸਤਾਂ ਸ਼ਾਮਿਲ ਹਨ। ਜਿਵੇਂ ਤੁਰਦੀ ਫਿਰਦੀ ਜਾਇਦਾਦ, ਕੈਸ਼ ਅਤੇ ਕਰਜ਼ਾ ਆਦਿ। ਹਰਿਆਣਾ ਦੇ ਦਾਅਵੇ ਦਾ ਦੂਜਾ ਆਧਾਰ ਪੰਜਾਬ ਮੁੜ ਜਥੇਬੰਦੀ ਐਕਟ 1966 ਦੀ ਧਾਰਾ 78 ਹੈ। ਪੰਜਾਬ ਵਿਸ਼ਵਾਸ ਕਰਦਾ ਹੈ ਕਿ ਇਹ ਧਾਰਾ ਸੰਵਿਧਾਨ ਵਿਰੋਧੀ ਹੈ। ਕਿਉਂਕਿ ਪਾਰਲੀਮੈਂਟ ਅਜਿਹੀ ਧਾਰਾ ਬਣਾਉਣ ਦੀ ਤਾਕਤ ਨਹੀਂ ਰੱਖਦੀ ਅਤੇ ਕੇਂਦਰ ਕੋਲ ਪਾਣੀ ਨੂੰ ਵੰਡਣ ਦੀਆਂ ਕਾਨੂੰਨੀ ਸ਼ਕਤੀਆਂ ਨਹੀਂ ਹਨ।

ਰਾਵੀ ਅਤੇ ਬਿਆਸ ਦੇ ਪਾਣੀਆਂ 'ਤੇ ਰਾਜਸਥਾਨ ਦਾ ਦਾਅਵਾ (1) ਸਤੰਬਰ 1920 ਦੇ ਬੀਕਾਨੇਰ ਨਹਿਰ ਸਬੰਧੀ ਸਮਝੌਤੇ (2) ਜਨਵਰੀ 29, 1955 ਦੇ ਰਾਜਸਥਾਨ ਨਹਿਰ ਸਬੰਧੀ ਸਮਝੌਤੇ ਅਤੇ (3) 1959 ਦੇ ਬੀਕਾਨੇਰ ਪਾਣੀਆਂ ਵਿਚ ਹਿੱਸੇ ਉਪਰ ਆਧਾਰਿਤ ਹੈ। ਇਸ ਮਾਮਲੇ ਉਤੇ ਪੰਜਾਬ ਦਾ ਉਤਰ ਇਹ ਹੈ ਕਿ ਸਤੰਬਰ 1920 ਦੇ ਸਮਝੌਤੇ ਅਨੁਸਾਰ ਰਾਜਸਥਾਨ ਵਲੋਂ 1946 ਤੋਂ ਬਾਅਦ ਕੋਈ ਰਾਇਲਿਟੀ ਨਹੀਂ ਦਿੱਤੀ ਗਈ। ਇਸ ਲਈ ਜਨਵਰੀ, 29, 1955 ਦਾ ਸਮਝੌਤਾ ਕਾਨੂੰਨ ਅਨੁਸਾਰ ਜਾਇਜ਼ ਨਹੀਂ ਹੈ, ਕਿਉਂਕਿ ਪੰਜਾਬ ਨੂੰ ਕੋਈ ਅਦਾਇਗੀ ਨਹੀਂ ਕੀਤੀ ਜਾ ਰਹੀ। ਇੰਡੀਅਨ ਕੰਟਰੈਕਟ ਐਕਟ 1872 ਦੀ ਧਾਰਾ 25 ਆਖਦੀ ਹੈ ਕਿ ਦੋਵਾਂ ਧਿਰਾਂ ਦੇ ਪੂਰੇ ਉਤਰਨ ਤੋਂ ਬਿਨਾਂ ਸਮਝੌਤਾ ਖਾਲੀ ਲਿਫਾਫੇ ਵਾਂਗ ਹੈ ਅਤੇ ਇਹ ਸੰਵਿਧਾਨ ਦੀ ਧਾਰਾ 299 'ਤੇ ਪੂਰਾ ਉਤਰਨਾ ਚਾਹੀਦਾ ਹੈ। ਇੰਝ ਸੰਵਿਧਾਨ ਦੀ ਸਬ ਧਾਰਾ 25 ਦੇ ਕੁਝ ਪੱਖ 1959 ਵਾਲੇ ਸਮਝੌਤੇ 'ਤੇ ਵੀ ਲਾਗੂ ਹੁੰਦੇ ਹਨ। 1955 ਦੇ ਸਮਝੌਤੇ ਦੀ ਧਾਰਾ 5 ਅਨੁਸਾਰ ਪਾਣੀ ਦੀ ਕੀਮਤ ਅੰਕੀ ਜਾਵੇਗੀ।

ਇੰਜ ਪੰਜਾਬ ਗੈਰ ਰਿਪੇਰੀਅਨ ਸਟੇਟਾਂ ਨੂੰ ਜਿੰਨਾ ਪਾਣੀ ਦੇਵੇਗਾ ਉਸ ਦੇ ਹਿਸਾਬ ਨਾਲ ਉਸ ਨੂੰ ਪੈਣ ਵਾਲੇ ਘਾਟੇ ਦੀ ਪੂਰਤੀ ਕੀਤੀ ਜਾਵੇਗੀ।

ਪੰਜਾਬ ਦਾ ਪੱਖ ਇਹ ਵੀ ਹੈ ਕਿ ਗੈਰ ਰਿਪੇਰੀਅਨ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੇਣ ਨਾਲ ਇਸ ਦਾ ਧਰਤੀ ਹੇਠਲਾ ਪਾਣੀ ਖਤਰੇ ਦੀ ਹੱਦ ਤੋਂ ਵੀ ਹੇਠਾਂ ਚਲੇ ਗਿਆ ਹੈ। ਇਸ ਲਈ ਇਸ ਨੂੰ ਗੁਆਂਢੀ ਰਾਜਾਂ ਨੂੰ ਦਿੱਤੇ ਗਏ ਪਾਣੀ ਦੀ ਸਮੁੱਚੀ ਅਦਾਇਗੀ ਕੀਤੀ ਜਾਣੀ ਚਾਹੀਦੀ ਹੈ।

# ਰਾਇਲਟੀ ਮਸਲਾ ਬਾਦਲ ਦਾ ਸਿਆਸੀ ਸਟੰਟ

**-ਪ੍ਰੋ: ਸੰਪਤ ਸਿੰਘ**

*ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਦਿੱਤੇ ਗਏ ਇਸ ਬਿਆਨ ਨਾਲ ਕਿ ਗੁਆਂਢੀ ਰਾਜਾਂ ਵਲੋਂ ਵਰਤੇ ਜਾ ਰਹੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਬਦਲੇ ਰਾਜ ਨੂੰ ਰਾਇਲਟੀ ਮਿਲਣੀ ਚਾਹੀਦੀ ਹੈ, ਦਰਿਆਈ ਪਾਣੀਆਂ ਦੀ ਵੰਡ ਦੇ ਮੁੱਦੇ 'ਤੇ ਇਕ ਵਾਰ ਫਿਰ ਬਹਿਸ ਛਿੜ ਪਈ ਹੈ। ਇਸ ਮੁੱਦੇ ਨੂੰ ਲੈ ਕੇ ਬੀਤੀ 26 ਜੂਨ ਨੂੰ ਮੁਖ ਮੰਤਰੀ ਵਲੋਂ ਸਰਬ ਪਾਰਟੀ ਮੀਟਿੰਗ ਬੁਲਾਈ ਗਈ ਅਤੇ ਇਸ ਮੀਟਿੰਗ ਵਿਚ ਸੰਬੰਧਤ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਇਸ ਮੁੱਦੇ ਨੂੰ ਲੈ ਕੇ ਅਸੀਂ ਦੋਹਾਂ ਧਿਰਾਂ ਦਾ ਪੱਖ ਪੇਸ਼ ਕਰਨ ਲਈ ਇਹ ਦੋ ਲੇਖ ਇਥੇ ਛਾਪ ਰਹੇ ਹਾਂ। -ਸੰਪਾਦਕ*

ਹਾਲ ਹੀ ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਅਤੇ ਰਾਜਸਥਾਨ ਨੂੰ ਜਾ ਰਹੇ ਰਾਵੀ ਬਿਆਸ ਦੇ ਪਾਣੀਆਂ 'ਤੇ ਰਾਇਲਟੀ ਦੀ ਮੰਗ ਕੀਤੀ ਹੈ। ਬਾਦਲ ਦਾ ਇਹ ਯਤਨ ਬਿਨਾ ਕਿਸੇ ਦਲੀਲ ਦੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣ ਦੀ ਬੇਸ਼ਰਮੀ ਹੈ। ਰਾਇਲਟੀ ਉਹ ਅਦਾਇਗੀ ਹੈ ਜਿਹੜੀ ਉਨ੍ਹਾਂ ਲੋਕਾਂ ਜਾਂ ਸਟੇਟ ਨੂੰ ਦਿੱਤੀ ਜਾਂਦੀ ਹੈ, ਜਿਸ ਨੇ ਇਸ ਬਦਲੇ ਸੰਬੰਧਿਤ ਚੀਜ਼ਾਂ ਪੈਦਾ ਕੀਤੀਆਂ ਹੋਣ ਜਾਂ ਉਹ ਜਾਇਦਾਦ, ਜ਼ਮੀਨ ਅਤੇ ਸੰਦ ਸੰਦੇਸ਼ਾ ਜਿਸ ਦੀ ਸੰਬੰਧਿਤ ਸਟੇਟ ਮਾਲਕ ਹੋਵੇ ਅਤੇ ਕਿਸੇ ਹੋਰ ਵਲੋਂ ਇਸ ਦੀ ਵਰਤੋਂ ਕੀਤੀ ਜਾ ਰਹੀ ਹੋਵੇ ਜਾਂ ਇਹ ਰੋਇਲ ਅਧਿਕਾਰ ਹੁੰਦਾ ਹੈ, ਜਿਹੜਾ ਪ੍ਰਭੂਤਾ ਸੰਪਨ ਵਲੋਂ ਆਪਣੇ ਖੇਤਰ ਵਿਚ ਕਿਸੇ ਖਣਿਜ ਜਾਂ ਹੋਰ ਵਸਤੂ ਉਪਰ ਕਿਸੇ ਕਾਰਪੋਰੇਸ਼ਨ ਜਾਂ ਵਿਅਕਤੀ ਨੂੰ ਦਿੱਤਾ ਜਾਂਦਾ ਹੈ। ਅਜਿਹੇ ਅਧਿਕਾਰ ਵਾਲੇ ਵਿਅਕਤੀ ਨੂੰ ਖਣਿਜਾਂ, ਤੇਲ ਅਤੇ ਪੇਟੈਂਟ ਪਦਾਰਥਾਂ ਉਪਰ ਮੁਆਵਜ਼ਾ ਜਾਂ ਰਾਇਲਟੀ ਦਿੱਤੀ ਜਾਂਦੀ ਹੈ। ਅਜਿਹੇ ਅਧਿਕਾਰਾਂ ਹੇਠ ਆਉਣ ਵਾਲੇ ਸੋਮੇ ਸਥੂਲ ਹੁੰਦੇ ਹਨ। ਪੱਥਰ, ਧਾਤ ਅਤੇ ਰੇਤ ਅਜਿਹੇ ਹੀ ਸੋਮਿਆਂ ਵਿਚ ਆਉਂਦੇ ਹਨ। ਕੋਈ ਵੀ ਵਸਤੂ ਕਿਹੜੀ ਕੁਦਰਤੀ ਤਾਕਤਾਂ ਦੀ ਧੱਕ ਨਾਲ ਇਕ ਥਾਂ ਤੋਂ ਦੂਜੀ ਵਲ ਵਗਦੀ ਹੈ, ਉਹ ਰਾਇਲਟੀ ਦੇ ਘੇਰੇ ਵਿਚ ਨਹੀਂ ਆਉਂਦੀ। ਹਵਾ ਅਤੇ ਪਾਣੀ ਇਸ ਕੋਟੀ ਵਿਚ ਹੀ ਰੱਖੀਆਂ ਜਾ ਸਕਦੀਆਂ ਹਨ। ਪਾਣੀ ਧਰਤੀ ਦੀ ਗੁਰੂਤਾ ਸ਼ਕਤੀ ਦੇ ਅਧੀਨ ਵਗਦਾ ਹੈ ਜਦਕਿ ਹਵਾ ਤਾਪਮਾਨ ਦੇ ਵਧਣ ਘਟਣ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ ਦਬਾਅ ਦੇ ਸਿੱਟੇ ਵਜੋਂ ਵਗਦੀ ਹੈ। ਇੰਜ ਪਾਣੀ ਦਾ ਧਰਤੀ ਹੇਠੋਂ ਨਿਕਲਣ ਵਾਲੇ ਕਿਸੇ ਹੋਰ ਖਣਿਜ ਪਦਾਰਥ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਪਾਣੀ ਕੁਦਰਤ ਦਾ ਤੋਹਫਾ ਹੈ ਇਹ ਕਿਸੇ ਸਟੇਟ ਵਿਅਕਤੀ ਜਾਂ ਕਾਰੋਬਾਰੀ ਵਲੋਂ ਬਣਾਇਆ ਨਹੀਂ ਜਾ ਸਕਦਾ। ਇਸ ਤੋਂ ਵੀ ਅੱਗੇ ਪਾਣੀ ਅਤੇ ਹਵਾ ਕਿਸੇ ਖਾਸ ਖੇਤਰ ਵਿਚ ਕਿਸੇ ਖਾਸ ਮਾਤਰਾ ਵਿਚ ਮੌਜੂਦਾ ਨਹੀਂ ਹਨ, ਜਿਵੇਂ ਕਿ ਇਹ ਕੋਲੇ ਅਤੇ ਖਣਿਜ ਪਦਾਰਥਾਂ ਦੇ ਮਾਮਲੇ ਵਿਚ ਹੈ। ਸਗੋਂ ਇਹ ਦੋਨੋਂ ਸਿਰਫ ਕੁਦਰਤ ਵਲੋਂ ਪੈਦਾ ਕੀਤੇ ਜਾਂਦੇ ਹਨ ਅਤੇ ਮਨੁੱਖ ਤੋਂ ਬਿਨਾਂ ਬਾਕੀ ਜੀਵ ਜੰਤੂਆਂ ਦੇ ਜਿਉਂਦੇ ਰਹਿਣ ਲਈ ਵੀ ਅਤਿ ਲੋੜੀਂਦੇ ਹਨ।

ਪਾਣੀ ਦੀ ਸਾਂਭ ਸੰਭਾਲ, ਟਰਾਂਸਪੋਰਟ ਅਤੇ ਵੰਡ ਇਸ ਤੇ ਖਰਚ ਹੋਣ ਦੀ ਅਨੁਪਾਤ ਵਿਚ ਅਦਾ ਕੀਤੀ ਜਾਣੀ ਚਾਹੀਦੀ ਹੈ। ਪਰ ਪਾਣੀ ਦੇ ਕੁਦਰਤੀ ਰੂਪ ਵਿਚ ਵਹਾਅ ਨੂੰ ਵੇਚਿਆ ਨਹੀਂ ਜਾ ਸਕਦਾ, ਸੋ ਸਿਰਫ ਇਸ ਕਰਕੇ ਹੀ ਪਾਣੀ 'ਤੇ ਰਾਇਲਟੀ ਨਹੀਂ ਮੰਗੀ ਜਾ ਸਕਦੀ ਕਿ ਇਹ ਜ਼ਮੀਨ ਦੇ ਕਿਸੇ ਵਿਸ਼ੇਸ਼ ਟੁਕੜੇ ਦੇ ਵਿਚ ਦੀ ਵਗਦਾ ਹੈ। ਜਿਥੋਂ ਤਕ ਪੰਜਾਬ ਦਾ ਮਾਮਲਾ ਹੈ, ਕੋਈ ਵੀ ਦਰਿਆ ਜਿਹੜਾ ਇਹਦੇ ਵਿਚ ਵੀ ਵਗਦਾ ਹੈ, ਇਸ ਦੇ ਆਪਣੇ ਖੇਤਰ ਵਿਚ ਆਰੰਭ ਨਹੀਂ ਹੁੰਦਾ। ਇਥੋਂ ਤਕ ਕਿ ਡੈਮ, ਝੀਲਾਂ, ਕੈਚਮੈਂਟ ਖੇਤਰ ਅਤੇ ਸਤਲੁਜ ਤੇ ਬਿਆਸ ਦੀਆਂ ਸ਼ਾਖਾਵਾਂ (ਟਰਾਈਬਿਊਟਰੀਜ਼) ਵੀ ਪੰਜਾਬ ਵਿਚ ਨਹੀਂ ਪੈਂਦੀਆਂ। ਰਣਜੀਤ ਸਾਗਰ ਡੈਮ ਦਾ ਸਿਰਫ ਕੁਝ ਹਿੱਸਾ ਹੀ ਪੰਜਾਬ ਵਿਚ ਪੈਂਦਾ ਹੈ।

**ਸਤਲੁਜ ਦਰਿਆ :** ਸਤਲੁਜ ਦਰਿਆ ਤਿੱਬਤ ਵਿਚ ਪੈਂਦੀ ਮਾਨਸਰੋਵਰ ਝੀਲ ਤੋਂ ਸ਼ੁਰੂ ਹੁੰਦਾ ਹੈ। ਤਿੱਬਤ ਦੇ ਪਹਾੜੀ ਖੇਤਰ ਨੂੰ ਪਾਰ ਕਰਦਾ ਹੈ, ਚੀਨ ਦੀ ਸਰਹੱਦ 'ਤੇ ਮੌਜੂਦ ਚੌਂਕੀ ਸ਼ਿਪਨੀ ਕੋਲੋਂ ਗੁਜ਼ਰਦਾ ਹੈ। ਸਪਿਤੀ ਦੇ ਦਰਿਆ ਦਾ ਪਾਣੀ ਆਪਣੇ ਅੰਦਰ ਸਮਾਉਂਦਾ ਹੋਇਆ ਇਹ ਹਿਮਾਚਲ ਵਿਚ ਦਾਖਲ ਹੁੰਦਾ ਹੈ। ਬਿਲਾਸਪੁਰ ਜ਼ਿਲ੍ਹੇ ਵਿਚ ਭਾਖੜਾ ਵਿਚ ਪਹੁੰਚਦਾ ਹੈ, ਜਿਥੇ ਇਕ ਵੱਡਾ ਡੈਮ ਬਣਾਇਆ ਗਿਆ ਹੈ। ਸਤਲੁਜ ਦਰਿਆ ਦਾ ਕੈਚਮੈਂਟ ਖੇਤਰ 56980 ਸਕਿਉਰ ਕਿਲੋਮੀਟਰ ਹੈ, ਜਿਸ ਵਿਚੋਂ 12280 ਸਕਿਉਰ ਕਿਲੋਮੀਟਰ ਹਿਮਾਚਲ ਵਿਚ ਅਤੇ ਬਾਕੀ ਤਿੱਬਤ ਵਿਚ ਪੈਂਦਾ ਹੈ।

**ਬਿਆਸ:** ਰੋਹਤਾਂਗ ਪਾਸ ਦੱਰੇ ਦੇ ਦੱਖਣੀ ਪਾਸੇ ਤੋਂ ਸ਼ੁਰੂ ਹੋ ਕੇ ਬਿਆਸ ਦਰਿਆ ਹਿਮਾਚਲ ਦੇ ਮਨਾਲੀ, ਕੁੱਲੂ ਅਤੇ ਮੰਡੀ ਖੇਤਰ ਵਿਚੋਂ ਲੰਘਦਾ ਹੈ। ਇਸ ਦਰਿਆ 'ਤੇ ਤਲਵਾੜਾ ਵਿਖੇ 1974 ਵਿਚ ਪੌਂਗ ਡੈਮ ਬਣਾਇਆ ਗਿਆ। ਇਸ ਡੈਮ ਤੋਂ ਥੋੜ੍ਹਾ ਜਿਹਾ ਉਪਰ ਇਕ ਸਤਲੁਜ ਬਿਆਸ ਲਿੰਕ ਕਾਇਮ ਕੀਤਾ ਗਿਆ ਹੈ। ਇਸ ਲਿੰਕ ਰਾਹੀਂ ਬਿਆਸ ਦਰਿਆ ਦਾ 7500 ਕਿਊਸਿਕ ਪਾਣੀ ਸਤਲੁਜ ਦਰਿਆ ਵਿਚ ਸੁੱਟਿਆ ਗਿਆ ਹੈ। ਬਿਆਸ ਦਰਿਆ ਦਾ ਮੁਕੰਮਲ ਕੈਚਮੈਂਟ ਖੇਤਰ 12560 ਸਕਿਉਰ ਕਿਲੋਮੀਟਰ ਹੈ। ਇਹ ਡੈਮ ਅਤੇ ਸਾਰਾ ਕੈਚਮੈਂਟ ਖੇਤਰ ਹਿਮਾਚਲ ਵਿਚ ਪੈਂਦਾ ਹੈ।

**ਰਾਵੀ:** ਰੋਹਤਾਂਗ ਪਾਸ ਦੇ ਉਤਰੀ ਹਿੱਸੇ ਵਲੋਂ ਸ਼ੁਰੂ ਹੋ ਕੇ ਰਾਵੀ ਦਰਿਆ ਧੌਲਧਾਰ ਅਤੇ ਪੀਰ ਪੰਜਾਲ ਪਹਾੜੀ ਖੇਤਰ ਵਿਚੋਂ ਗੁਜ਼ਰਦਾ ਹੈ। ਪਿੱਛੋਂ ਇਹ ਦਰਿਆ ਜੰਮੂ ਅਤੇ ਕਸ਼ਮੀਰ ਦੀ ਹਿਮਾਚਲ ਅਤੇ ਪੰਜਾਬ ਨਾਲ ਸਰਹੱਦ ਬਣਾਉਂਦਾ ਹੈ। ਇਹ ਸ਼ਾਹਪੁਰ ਵਿਖੇ ਪਹਾੜੀਆਂ ਤੋਂ ਬਾਹਰ ਨਿਕਲਦਾ ਹੈ, ਜਿਥੇ ਨਜ਼ਦੀਕ ਥੀਨ ਪਿੰਡ ਵਿਖੇ ਰਣਜੀਤ ਸਾਗਰ ਡੈਮ ਬਣਾਇਆ ਗਿਆ ਹੈ। ਦਰਿਆ ਦਾ 6080 ਸਕੇਅਰ ਕਿਲੋਮੀਟਰ ਕੈਚਮੈਂਟ ਖੇਤਰ ਜੰਮੂ ਕਸ਼ਮੀਰ, ਹਿਮਾਚਲ ਤੇ ਪੰਜਾਬ 'ਚ ਪੈਂਦਾ ਹੈ।

ਇੰਜ ਕੋਈ ਵੀ ਦਰਿਆ ਪੰਜਾਬ ਵਿਚੋਂ ਸ਼ੁਰੂ ਨਹੀਂ ਹੁੰਦਾ। ਇਥੋਂ ਤੱਕ ਕਿ ਭਾਰਤ ਨੇ 1960 ਵਿਚ ਪਾਕਿਸਤਾਨ ਨਾਲ ਸਮਝੌਤੇ ਰਾਹੀਂ ਤਿੰਨਾਂ ਹੀ ਪੂਰਬੀ ਦਰਿਆਵਾਂ 'ਤੇ ਪ੍ਰਭੂਸੱਤਾ ਸੰਪੰਨ ਅਧਿਕਾਰ ਹਾਸਲ ਕੀਤਾ ਅਤੇ ਪਾਕਿਸਤਾਨ ਨੂੰ ਪੱਛਮੀ ਦਰਿਆਵਾਂ ਤੇ ਨਵੇਂ ਢਾਂਚੇ ਉਸਾਰਨ ਲਈ 62.06 ਮਿਲੀਅਨ ਪੌਂਡ ਅਦਾ ਕੀਤੇ। ਬਾਦਲ ਦੀ ਰਾਇਲਟੀ ਲਈ ਮੰਗ ਅਸਲ ਵਿਚ ਪਲਾਨਿੰਗ ਕਮਿਸ਼ਨ ਵਲੋਂ ਰਾਜ ਦੁਆਰਾ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਦੀ ਸਹੂਲਤ ਤੇ ਕੀਤੀ ਗਈ ਪੁੱਛ ਪੜਤਾਲ ਹੈ। ਇਸ ਦੇ ਬਾਵਜੂਦ ਕਿ ਦਰਿਆ ਹਿਮਾਚਲ ਵਿਚੋਂ ਸ਼ੁਰੂ ਹੁੰਦੇ ਹਨ ਅਤੇ ਇਨ੍ਹਾਂ ਤੇ ਡੈਮ ਤੇ ਝੀਲਾਂ ਵੀ ਇਥੇ ਹੀ ਬਣਾਈਆਂ ਗਈਆਂ ਹਨ, ਹਿਮਾਚਲ ਨੇ ਕਦੀ ਵੀ ਰਾਇਲਟੀ ਦੀ ਮੰਗ ਨਹੀਂ ਕੀਤੀ। ਇਸ ਦੇ ਉਲਟ ਐਸ ਵਾਈ ਐਲ ਨਹਿਰ ਨੂੰ ਪੂਰਾ ਨਾ ਕਰਨ ਦੇ ਸਿੱਟੇ ਵਜੋਂ ਪੰਜਾਬ ਹਰਿਆਣਾ ਦੇ ਹਿੱਸੇ ਦਾ ਪਾਣੀ ਆਪਣੀ ਵਰਤੋਂ ਵਿਚ ਲਿਆ ਰਿਹਾ ਹੈ। ਇਸ ਲਈ ਪੰਜਾਬ ਵਲੋਂ ਗੈਰਕਾਨੂੰਨੀ ਰੂਪ ਵਿਚ ਵਰਤੇ ਜਾ ਰਹੇ ਇਸ ਪਾਣੀ ਦਾ ਮੁਆਵਜ਼ਾ ਹਰਿਆਣਾ ਨੂੰ ਦੇਣਾ ਚਾਹੀਦਾ ਹੈ।

# ਦਰਿਆਈ ਪਾਣੀਆਂ ਦੇ ਮੁਦੇ 'ਤੇ ਸਿਆਸੀ ਪਾਰਟੀਆਂ 'ਚ ਮੱਤਭੇਦ

**-ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ :** ਬੀਤੀ 26 ਜੂਨ ਨੂੰ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਚੰਡੀਗੜ੍ਹ ਵਿਚ ਹੋਈ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਸਰਬ ਪਾਰਟੀ ਮੀਟਿੰਗ ਵਿਚ ਆਮ ਸਹਿਮਤੀ ਨਹੀਂ ਹੋ ਸਕੀ। ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰ ਕੇ ਪਾਣੀਆਂ ਦੇ ਸਾਰੇ ਕੇਸ ਤੋਂ ਅਤੇ ਪੰਜਾਬ ਦੀ ਹਾਲਤ ਤੋਂ ਪੂਰੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਕਾਂਗਰਸ ਇਸ ਨਾਲ ਸਹਿਮਤ ਨਹੀਂ ਹੋਈ ਅਤੇ ਕਿਹਾ ਕਿ ਉਹ ਪਾਰਟੀ ਨਾਲ ਵਿਚਾਰ ਕਰ ਕੇ ਜਾਣੂ ਕਰਵਾਉਣਗੇ। ਅਸਲੀਅਤ ਇਹ ਹੈ ਕਿ ਪੰਜਾਬ ਦੇ ਦਰਿਆਈ ਪਾਣੀ ਜੋ ਹਰਿਆਣਾ ਤੇ ਰਾਜਸਥਾਨ ਨੂੰ ਦਿਤੇ ਗਏ ਹਨ, ਉਹ ਵਾਪਸ ਲੈਣ ਜਾਂ ਉਸ 'ਤੇ ਰਾਇਲਟੀ ਲੈਣ ਲਈ ਨਾ ਤਾਂ ਦੋਵੇਂ ਕਮਿਊਨਿਸਟ ਪਾਰਟੀਆਂ ਤੇ ਨਾ ਹੀ ਕਾਂਗਰਸ ਸਹਿਮਤ ਸੀ। ਸਿਰਫ਼ ਭਾਜਪਾ ਰਾਇਲਟੀ ਦੇ ਮੁੱਦੇ ਦੀ ਹਮਾਇਤ ਕਰਦੀ ਹੈ। ਇਸ ਕਾਰਨ ਮੀਟਿੰਗ ਵਿਚ ਕੋਈ ਅਹਿਮ ਗੱਲ ਨਾ ਹੋ ਸਕੀ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਦੱਸਿਆ ਕਿ ਮੀਟਿੰਗ 'ਚ ਮੁੱਖ ਮੁੱਦਾ ਪੰਜਾਬ ਦੇ ਦਰਿਆਈ ਪਾਣੀਆਂ ਦੇ ਸੁਪਰੀਮ ਕੋਰਟ 'ਚ ਪਏ ਕੇਸਾਂ ਨਾਲ ਸਬੰਧਤ ਹੀ ਸੀ। ਇਸ ਤੋਂ ਇਲਾਵਾ ਗ਼ੈਰ ਰਿਪੇਰੀਅਨ ਰਾਜਾਂ ਤੋਂ ਰਾਇਲਟੀ ਵਸੂਲਣ ਜਾਂ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦੇ ਐਕਟ ਦੀ ਧਾਰਾ 5 ਨੂੰ ਖ਼ਤਮ ਕਰਨ ਬਾਰੇ ਕੋਈ ਗੱਲ ਨਹੀਂ ਹੋਈ। ਐਕਟ ਦੀ ਧਾਰਾ 5 ਕਹਿੰਦੀ ਹੈ ਕਿ ਜਿਨ੍ਹਾਂ ਗ਼ੈਰ ਰਿਪੇਰੀਅਨ ਰਾਜਾਂ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਮਿਲ ਰਿਹਾ ਹੈ, ਇਹ ਉਸੇ ਤਰ੍ਹਾਂ ਜਾਰੀ ਰਹੇਗਾ। ਮੀਟਿੰਗ ਵਿਚ ਇਸ ਮੁੱਦੇ ਉਤੇ ਸਾਰੀਆਂ ਪਾਰਟੀਆਂ ਦੇ ਇੱਕ ਸਾਂਝੇ ਵਫਦ ਵਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਪ੍ਰਧਾਨ ਮੰਤਰੀ ਨੂੰ ਮਿਲਣ ਦੇ ਕੀਤੇ ਗਏ ਇਸ ਫੈਸਲੇ ਦੇ ਸਿਰੇ ਚੜ੍ਹ ਸਕਣ ਬਾਰੇ ਵੀ ਅਜੇ ਸ਼ੱਕ ਬਣਿਆ ਹੋਇਆ ਹੈ। ਇਸ ਸ਼ੱਕ ਦਾ ਆਧਾਰ ਇਹ ਹੈ ਕਿ ਪਾਣੀਆਂ ਦੇ ਮੁੱਦੇ ਨੂੰ ਕਿਸ ਦਿਸ਼ਾ ਅਤੇ ਕਿਸ ਚੌਖਟੇ ਵਿਚ ਹੱਲ ਕੀਤਾ ਜਾਣਾ ਹੈ, ਇਸ ਬਾਰੇ ਪਾਰਟੀਆਂ ਦੀ ਅਜੇ ਤਕ ਕੋਈ ਸਾਂਝੀ ਰਾਇ ਨਹੀਂ ਹੈ।

ਪੰਜਾਬ ਦੀ ਪ੍ਰਮੁੱਖ ਰਾਜਸੀ ਧਿਰ ਤੇ ਵਿਧਾਨ ਸਭਾ ਵਿਚ ਵਿਰੋਧੀ ਪਾਰਟੀ ਕਾਂਗਰਸ ਅਜੇ ਜੱਕੋ-ਤੱਕੀ ਵਿਚ ਹੈ ਅਤੇ ਸੰਭਾਵਨਾ ਹੈ ਕਿ ਸ਼ਾਇਦ ਉਹ ਇਸ ਸਰਬ ਪਾਰਟੀ ਵਫ਼ਦ ਵਿਚ ਸ਼ਾਮਲ ਹੀ ਨਾ ਹੋਵੇ। ਮੀਟਿੰਗ 'ਚ ਸ਼ਾਮਲ ਹੋਏ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਦਾ ਕਹਿਣਾ ਹੈ ਕਿ ਜਦੋਂ ਪਿਛਲੀ ਵਿਧਾਨ ਸਭਾ ਵਲੋਂ ਪਾਣੀਆਂ ਉਤੇ ਹੋਏ ਹੁਣ ਤਕ ਦੇ ਸਮਝੌਤਿਆਂ ਨੂੰ ਰੱਦ ਕਰਨ ਵਾਲੇ ਕਾਨੂੰਨ ਉਤੇ ਆਉਂਦੀ 13 ਜੁਲਾਈ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਸ਼ੁਰੂ ਹੋ ਰਹੀ ਹੈ ਤਾਂ ਤੁਰੰਤ ਕਰਨ ਵਾਲਾ ਕੰਮ ਇਹ ਹੈ ਕਿ ਇਸ ਕਾਨੂੰਨ ਨੂੰ ਬਚਾਉਣ ਲਈ ਮੁਲਕ ਵਿਚ ਉਪਲਬਧ ਉਚ ਕੋਟੀ ਦੇ ਕਾਨੂੰਨਦਾਨਾਂ ਦੀਆਂ ਸੇਵਾਵਾਂ ਲਈਆਂ ਜਾਣ। ਸੀ ਪੀ ਆਈ (ਐਮ) ਦੀ ਪੰਜਾਬ ਇਕਾਈ ਦੇ ਆਗੂ ਵੀ ਇਹ ਮਹਿਸੂਸ ਕਰਦੇ ਹਨ ਕਿ ਇਸ ਮੁੱਦੇ ਉਤੇ ਪ੍ਰਧਾਨ ਮੰਤਰੀ ਨੂੰ ਮਿਲਣ ਦੇ ਕੀਤੇ ਗਏ ਫੈਸਲੇ ਦਾ ਕੋਈ ਠੋਸ ਆਧਾਰ ਨਹੀਂ ਮਿਥਿਆ ਗਿਆ। ਪ੍ਰਧਾਨ ਮੰਤਰੀ ਨੂੰ ਸੌਂਪੇ ਜਾਣ ਵਾਲੇ ਮੈਮੋਰੰਡਮ ਦੇ ਮੁੱਢਲੇ ਆਧਾਰਾਂ ਬਾਰੇ ਮੁੱਢਲਾ ਵਿਚਾਰ-ਵਟਾਂਦਰਾ ਵੀ ਨਹੀਂ ਹੋਇਆ। ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਹੁਣ ਇਸ ਉਡੀਕ ਵਿਚ ਹਨ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਇਸ ਮੁੱਦੇ ਉਤੇ ਕੀ ਰੁਖ ਅਖਤਿਆਰ ਕਰਦੀ ਹੈ ਅਤੇ ਕਿਹੜੇ ਕਿਹੜੇ ਠੋਸ ਕਦਮ ਚੁਕਦੀ ਹੈ। ਇਸੇ ਤੋਂ ਹੀ ਪੰਜਾਬ ਸਰਕਾਰ ਦੀ ਇਸ ਮੁੱਦੇ ਬਾਰੇ ਪ੍ਰਤੀਬੱਧਤਾ ਅਤੇ ਸੁਹਿਰਦਤਾ ਦਾ ਪ੍ਰਗਟਾਵਾ ਹੋਣਾ ਹੈ।

## ਕਟੌਤੀ ਦੇ ਅਧਿਕਾਰ ਭਾਖੜਾ ਬੋਰਡ ਨੂੰ ਸੌਂਪੇ

**ਨਵੀਂ ਦਿੱਲੀ :** ਇਸ ਸੀਜ਼ਨ ਲਈ ਝੋਨੇ ਦੀ ਲੁਆਈ ਮੌਕੇ ਪਾਣੀਆਂ ਦੇ ਸੰਕਟ ਦੇ ਮੁੱਦੇ 'ਤੇ ਬੀਤੀ 25 ਜੂਨ ਨੂੰ ਇਥੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਲੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਬੁਲਾਈ ਸਾਂਝੀ ਮੀਟਿੰਗ ਵਿਚ ਕਿਸੇ ਵੀ ਸੰਕਟ ਵਾਲੀ ਸਥਿਤੀ ਦਾ ਟਾਕਰਾ ਕਰਨ ਲਈ ਸਾਰੀਆਂ ਧਿਰਾਂ ਨੇ ਪਾਣੀ ਵਿਚ ਕਟੌਤੀ ਕਰਨ ਦੇ ਅਧਿਕਾਰ ਭਾਖੜਾ ਬੋਰਡ ਨੂੰ ਦੇ ਦਿੱਤੇ ਹਨ। 10 ਜੁਲਾਈ ਤਕ ਇਨ੍ਹਾਂ ਰਾਜਾਂ ਲਈ ਪਾਣੀਆਂ ਦੀ ਵੰਡ ਦਾ ਮੌਜੂਦਾ ਪ੍ਰਬੰਧ ਜਾਰੀ ਰਹੇਗਾ।


## ਭਾਜਪਾ ਵਲੋਂ ਪੰਜਾਬ ਨੂੰ ਰਾਇਲਟੀ ਦੀ ਹਮਾਇਤ

**ਜਲੰਧਰ :** ਭਾਜਪਾ ਹਾਈ ਕਮਾਂਡ ਦਰਿਆਈ ਪਾਣੀਆਂ ਨੂੰ ਕੌਮੀ ਮਲਕੀਅਤ ਦੱਸ ਕੇ ਜਿਥੇ ਮੁਲਕ ਵਿਚ ਦਰਿਆਵਾਂ ਨੂੰ ਜੋੜਨ 'ਤੇ ਜ਼ੋਰ ਦੇ ਰਹੀ ਹੈ ਉਥੇ ਪੰਜਾਬ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਰਿਪੇਰੀਅਨ ਨਿਯਮਾਂ ਮੁਤਾਬਕ ਪਾਣੀਆਂ ਬਦਲੇ ਰਾਇਲਟੀ ਦੀ ਕੀਤੀ ਜਾ ਰਹੀ ਮੰਗ ਦੀ ਹਮਾਇਤ ਕੀਤੀ ਹੈ। ਦਰਿਆਣੀ ਪਾਣੀਆਂ ਉਤੇ ਭਾਜਪਾ ਦੀ ਨੀਤੀ ਬਾਰੇ ਨਵਾਂ ਪਹਿਲੂ ਅੱਗੇ ਲਿਆਉਂਦਿਆਂ ਪੰਜਾਬ ਭਾਜਪਾ ਨੇ ਇਥੋਂ ਤਕ ਕਿਹਾ ਹੈ ਕਿ ਜੇਕਰ ਦਰਿਆ ਜੋੜੇ ਜਾਂਦੇ ਹਨ ਤਾਂ ਵੀ ਇਸ ਬਦਲੇ ਪੰਜਾਬ ਨੂੰ ਰਾਇਲਟੀ ਮਿਲਣੀ ਚਾਹੀਦੀ ਹੈ ਤੇ ਸੂਬਾ ਯੂਨਿਟ ਪੂਰੀ ਤਰ੍ਹਾਂ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਸਟੈਂਡ ਦਾ ਸਮਰਥਨ ਕਰਦਾ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਆਪਣੇ ਚੰਡੀਗੜ੍ਹ ਫੇਰੀ ਦੌਰਾਨ ਵਿਚਾਰ ਰੱਖਿਆ ਸੀ ਕਿ ਦਰਿਆਣੀ ਪਾਣੀ ਮੁਲਕ ਦੀ ਸਾਂਝੀ ਮਲਕੀਅਤ ਹਨ ਤੇ ਦਰਿਆਵਾਂ ਨੂੰ ਜੋੜਨਾ ਚਾਹੀਦਾ ਹੈ ਜਿਸ 'ਤੇ ਅਕਾਲੀ ਦਲ ਨੂੰ ਘੂਰੀ ਵੱਟੀ ਸੀ।

ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਇਸ ਦਲੀਲ ਨਾਲ ਆਖਿਆ ਸੀ ਕਿ ਜਿਵੇਂ ਮੁਲਕ ਦੇ ਕੋਲਾ ਤੇ ਖਣਿਜ ਪੈਦਾ ਕਰਨ ਵਾਲੇ ਰਾਜਾਂ ਨੂੰ ਰਾਇਲਟੀ ਮਿਲਦੀ ਹੈ ਉਸੇ ਤਰਜ਼ 'ਤੇ ਪੰਜਾਬ ਨੂੰ ਦਰਿਆਈ ਪਾਣੀ ਬਦਲੇ ਗੁਆਂਢੀ ਰਾਜਾਂ ਤੋਂ ਰਾਇਲਟੀ ਮਿਲੇ। ਰਾਇਲਟੀ ਦੇ ਮੁੱਦੇ 'ਤੇ ਭਾਜਪਾ ਦਾ ਪੱਖ ਪੁੱਛਣ 'ਤੇ ਪੰਜਾਬ ਮਾਮਲਿਆਂ ਦੇ ਪਾਰਟੀ ਇੰਚਾਰਜ ਬਲਬੀਰ ਪੁੰਜ ਨੇ ਕਿਹਾ ਕਿ ਪੰਜਾਬ ਭਾਜਪਾ ਸੂਬੇ ਦੇ ਹਿੱਤ ਵਿਚ ਅਕਾਲੀ ਦਲ ਦੇ ਨਾਲ ਹੈ।


# ਪੀਰ ਗਾਲੜ ਸ਼ਾਹ ਦੇ ਪੁਜਾਰੀ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕੋਈ ਚਿੱਤਰਕਾਰ ਦਿਲ ਵਿਚ ਚਿਤਵੇ ਹੋਏ ਰੰਗਾਂ ਦੀ ਮੂਰਤ ਦਾ ਚਿਤਰਨ ਕਰਨ ਤੋਂ ਪਹਿਲਾਂ, ਜ਼ਮੀਨ ਤਿਆਰ ਕਰਨ ਲਈ ਚਿੱਟੇ ਕਾਗਜ਼ 'ਤੇ ਕਿਸੇ ਢੁਕਵੇਂ ਰੰਗ ਦੀ ਹਲਕੀ ਜਿਹੀ ਸ਼ੇਡ ਮਾਰਦਾ ਹੈ ਤਾਂ ਜੋ ਤਿਆਰ ਹੋ ਚੁੱਕੀ ਉਹ ਤਸਵੀਰ ਦੇਖਣ ਵਾਲਿਆਂ ਨੂੰ ਜ਼ਿਆਦਾ ਆਕਰਸ਼ਕ ਲੱਗ ਸਕੇ।



ਇਵੇਂ ਹੀ ਮੈਂ ਆਪਣੇ ਮਨ ਵਿਚ ਕਿਆਸੇ ਹੋਏ ਮਸੌਦੇ ਨੂੰ ਕਾਗਜ਼ 'ਤੇ ਉਤਾਰਨ ਤੋਂ ਪਹਿਲਾਂ ਕੁਝ ਇਕ ਕਹਾਣੀਆਂ ਨੂੰ ਸ਼ੇਡ ਮਾਰਨ ਵਜੋਂ ਹੀ ਪੇਸ਼ ਕਰਨ ਲੱਗਾ ਹਾਂ।

ਇਕ ਨੌਜਵਾਨ ਆਪਣੇ ਘਰ ਤੋਂ ਦੂਰ-ਦੁਰਾਡੇ ਇਲਾਕੇ ਦੇ ਕਿਸੇ ਸਕੂਲ ਵਿਚ ਟੀਚਰ ਲੱਗਾ ਹੋਇਆ ਸੀ। ਸਕੂਲ ਦੇ ਲਾਗਲੇ ਕਸਬੇ ਵਿਚ ਹੀ ਉਸਨੇ ਇਕ ਕਮਰਾ ਰਿਹਾਇਸ਼ ਲਈ ਕਿਰਾਏ 'ਤੇ ਲਿਆ ਹੋਇਆ ਸੀ। ਦੇਖਦਿਆਂ-ਦੇਖਦਿਆਂ ਉਸ ਕਸਬੇ ਦਾ ਵਿਕਾਸ ਹੁੰਦਾ ਗਿਆ। ਉਸ ਟੀਚਰ ਦੇ ਕਮਰੇ ਮੋਹਰਲੇ ਖੁੱਲ੍ਹੇ ਵਿਹੜੇ ਦੀ ਚਾਰਦੀਵਾਰੀ ਦੇ ਬਾਹਰਵਾਰ ਬੱਸ ਅੱਡਾ ਬਣ ਗਿਆ ਜਿਥੋਂ ਮਿੰਨੀ ਬੱਸਾਂ ਤੇ ਟੈਂਪੂ ਆਦਿ ਆਲੇ-ਦੁਆਲੇ ਦੇ ਪਿੰਡਾਂ ਵਲ ਨੂੰ ਚੱਲਦੇ ਸਨ। ਹੌਲੀ-ਹੌਲੀ ਇਥੇ ਛੋਟੀਆਂ ਮੋਟੀਆਂ ਦੁਕਾਨਾਂ ਤੇ ਖੋਖੇ ਵਗੈਰਾ ਖੁੱਲ੍ਹ ਗਏ। ਟੀਚਰ ਦੀ ਰਿਹਾਇਸ਼ ਕੋਲ ਰੌਣਕ ਮੇਲਾ ਤਾਂ ਹੋ ਗਿਆ, ਪਰ ਇਹਦੇ ਨਾਲ ਹੀ ਇਕ ਵੱਡੀ ਸਮੱਸਿਆ ਪੈਦਾ ਹੋ ਗਈ। ਉਹ ਇਹ ਕਿ ਚਾਰਦੀਵਾਰੀ ਦੇ ਬਾਹਰਲੇ ਪਾਸੇ ਇਕਤਰਫ ਕੁਝ ਝਾੜ ਝੁੰਡੇ ਦਾ ਓਹਲਾ ਜਿਹਾ ਹੋਣ ਕਰਕੇ ਦੁਕਾਨਦਾਰ, ਖੋਖਿਆਂ ਵਾਲੇ ਤੇ ਹੋਰ ਆਉਂਦੇ-ਜਾਂਦੇ ਰਾਹੀ, ਮੁਸਾਫਿਰ ਕੰਧ ਨਾਲ ਪਿਸ਼ਾਬ ਕਰਨ ਲੱਗ ਪਏ। ਉਥੋਂ ਉਠਦੀ ਗੰਦੀ ਬਦਬੂ ਨੇ ਟੀਚਰ ਦਾ ਜਿਊਣਾ ਦੁੱਭਰ ਕਰ ਦਿੱਤਾ। ਨਵੀਂ ਪੈਦਾ ਹੋਈ ਇਸ ਬਿਪਤਾ ਤੋਂ ਇਲਾਵਾ ਮਾਸਟਰ ਲਈ ਇਹ ਰਿਹਾਇਸ਼ ਸਾਰੀਆਂ ਸੁੱਖ-ਸਹੂਲਤਾਂ ਵਾਲੀ ਸੀ। ਇਸ ਕਰਕੇ ਮਕਾਨ ਬਦਲੀ ਕਰਨ ਦੀ ਸੋਚਣ ਦੀ ਬਜਾਏ, ਉਸ ਨੇ ਲੋਕਾਂ ਨੂੰ ਉਸ ਥਾਂ ਪਿਸ਼ਾਬ ਕਰਨੋਂ ਹਟਾਉਣ ਦੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਪਹਿਲਾਂ ਉਸਨੇ ਨਰਮ ਜਿਹੀ ਭਾਸ਼ਾ ਵਿਚ ਬੋਰਡ ਲਿਖ ਕੇ ਟੰਗਿਆ, 'ਇਥੇ ਪਿਸ਼ਾਬ ਕਰਨਾ ਸਖ਼ਤ ਮਨ੍ਹਾ ਹੈ।' ਕਿਸੇ ਨੇ ਬੋਰਡ ਦਾ ਕੋਈ ਨੋਟਿਸ ਨਾ ਲਿਆ। ਖਿਝ ਕੇ ਫਿਰ ਉਸਨੇ 'ਕੁੱਤੇ ਦਾ ਪੁੱਤ ਪਿਸ਼ਾਬ ਕਰ ਕਰ ਰਿਹਾ ਹੈ।', 'ਗਧੇ ਕੇ ਪੂਤ, ਇਥੇ ਨਾ ਮੂਤ' ਵਰਗੇ ਅਸੱਭਿਅਕ ਭਾਸ਼ਾ ਵਾਲੇ ਬੋਰਡ ਵੀ ਟੰਗੇ। ਪਰ ਇਨ੍ਹਾਂ ਦਾ ਵੀ ਕੋਈ ਅਸਰ ਨਾ ਹੋਇਆ। ਵਿਹਲੇ ਸਮੇਂ ਕੰਧ ਕੋਲ ਖਲੋ ਕੇ ਉਸਨੇ ਪਿਸ਼ਾਬ ਕਰਨ ਆਉਣ ਵਾਲਿਆਂ ਮੋਹਰੇ ਹੱਥ ਬੰਨ੍ਹ ਕੇ ਵੀ ਦੇਖ ਲਏ। ਉਸਦੀ ਸਮੱਸਿਆ ਹੱਲ ਨਾ ਹੋਈ। ਗੰਦੀ ਸੜਿਆਂਦ ਉਸਦਾ ਨੱਕ ਸਾੜਦੀ ਰਹਿੰਦੀ।

ਇਸੇ ਪ੍ਰੇਸ਼ਾਨੀ ਦੇ ਚੱਲਦਿਆਂ ਇਕ ਦਿਨ ਉਸਦਾ ਕੋਈ ਦੋਸਤ ਉਹਦੇ ਕੋਲ ਰਾਤ ਰਹਿਣ ਲਈ ਆ ਗਿਆ। ਰਾਤ ਨੂੰ ਚੱਲ ਪਈ ਉਸ ਪਾਸਿਓਂ ਹਵਾ। ਦੋਸਤ ਦੇ ਪੁੱਛਣ 'ਤੇ ਮਾਸਟਰ ਨੇ ਪਿਸ਼ਾਬ ਕਰਨ ਵਾਲਿਆਂ ਨੂੰ ਹਟਾਉਣ ਦੀਆਂ ਫੇਲ੍ਹ ਹੋ ਚੁੱਕੀਆਂ ਸਾਰੀਆਂ ਸਕੀਮਾਂ ਦੇ ਵੇਰਵੇ ਸੁਣਾਏ। ਇੱਕਲੇ ਪਿਸ਼ਾਬ ਦੀ ਹੀ ਬਦਬੂ ਨਹੀਂ, ਅੱਜ ਤਾਂ ਕੋਈ ਹੋਰ ਵੀ ਭਾਣਾ ਵਾਪਰਿਆ ਜਾਪਦਾ ਸੀ। ਲਗਦਾ ਸੀ ਉਧਰ ਕੋਈ ਜਾਨਵਰ ਮਰਿਆ ਪਿਆ ਹੈ, ਜਿਸ ਦੀ ਭੈੜੀ ਦੁਰਗੰਧ ਸਦਕਾ ਉਥੇ ਸਾਹ ਲੈਣਾ ਵੀ ਔਖਾ ਹੋਇਆ ਪਿਆ ਸੀ। ਰੋਣ ਹਾਕੇ ਹੋਏ ਦੋਹਾਂ ਜਣਿਆਂ ਨੇ ਹਿੰਮਤ ਕੀਤੀ। ਟੌਰਚ ਲੈ ਕੇ ਕੰਧ ਉਤੋਂ ਦੀ ਦੇਖਿਆ, ਉਥੇ ਸੱਚਮੁਚ ਇਕ ਗਾਲੜ ਮਰੀ ਪਈ ਸੀ। ਰੰਬਾ ਕਹੀ ਲੈ ਕੇ ਉਨ੍ਹਾਂ ਨੇ ਬਾਹਰਲੇ ਪਾਸੇ, ਕੰਧ ਦੇ ਕੋਲ ਹੀ ਟੋਆ ਪੁੱਟਣਾ ਸ਼ੁਰੂ ਕੀਤਾ ਤਾਂ ਕਿ ਮੁਰਦਾ ਗਾਲੜ ਨੂੰ ਦੱਬਿਆ ਜਾ ਸਕੇ। ਰਾਤ ਵੇਲੇ ਇਹ ਦੁਕੰਮਣ ਕਰਦਿਆਂ ਟੀਚਰ ਦੇ ਦੋਸਤ ਨੂੰ ਅਚਾਨਕ ਇਕ ਫੁਰਨਾ ਫੁਰਿਆ। ਉਸਨੇ ਮੁਸਕੜੀਏ ਹਸਦਿਆਂ ਹੋਇਆਂ ਮਾਸਟਰ ਨੂੰ ਆਖਿਆ, "ਲੈ ਮਿੱਤਰਾ, ਤੇਰੇ ਸਾਰੇ ਦੁੱਖ ਕੱਟੇ ਗਏ। ਹੁਣ ਇਥੇ ਕੋਈ ਪਿਸ਼ਾਬ ਨਹੀਂ ਕਰੇਗਾ।" ਮਾਸਟਰ ਨੇ ਅਚੰਭੇ ਨਾਲ ਪੁੱਛਿਆ, "ਉਹ ਕਿਵੇਂ?"

ਬੱਸ ਜਿਵੇਂ-ਜਿਵੇਂ ਮੈਂ ਕਹਿ ਰਿਹਾ ਹਾਂ, ਕਰੀ ਜਾਹ, ਫਿਰ ਦੇਖੀਂ ਮਜ਼ਾ। ਦੋਸਤ ਦੀ ਦੱਸੀ ਹੋਈ ਜੁਗਤ ਅਨੁਸਾਰ ਸਾਰੀ ਕਾਰਵਾਈ ਮੁਕੰਮਲ ਕਰਕੇ ਦੋਵੇਂ ਦੋਸਤ ਸੌਂ ਗਏ। ਦੋ ਕੁ ਦਿਨ ਮਗਰੋਂ ਇਕ ਸ਼ਾਮ ਨੂੰ ਟੀਚਰ ਤੇ ਉਸਦਾ ਦੋਸਤ ਆਪਣੇ ਵਿਹੜੇ 'ਚ ਕੁਰਸੀਆਂ ਡਾਹ ਕੇ ਬੈਠੇ ਸਨ। ਉਦੋਂ ਮਾਸਟਰ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ ਜਦ ਪਿਸ਼ਾਬ ਦੀ ਬਦਬੂ ਵਾਲੇ ਪਾਸਿਓਂ ਸੁਗੰਧੀਦਾਰ ਅਗਰਬੱਤੀਆਂ ਦੀ ਖੁਸ਼ਬੂ ਆਉਣ ਲੱਗੀ। ਖੁਸ਼ੀ ਨਾਲ ਚਹਿਕ ਉਠੇ ਟੀਚਰ ਨੇ ਕੰਧ ਉਤੋਂ ਦੀ ਬਾਹਰ ਨੂੰ ਝਾਕਿਆ, ਉਥੇ ਇਕ ਬੀਬੀ ਚਿਰਾਗ ਬਾਲ ਕੇ ਧੂਫ ਧੁਖਾਉਂਦੀ ਹੋਈ ਮੱਥਾ ਟੇਕ ਰਹੀ ਸੀ।

ਪਤਾ ਜੇ ਉਥੇ ਦੋਹਾਂ ਜਣਿਆਂ ਨੇ ਰਾਤ ਨੂੰ ਕਿਹੜੀ 'ਕਲਾ ਵਰਤਾਈ' ਸੀ? ਮਰੀ ਹੋਈ ਗਾਲੜ ਨੂੰ ਦੱਬਦਿਆਂ-ਦੱਬਦਿਆਂ ਟੀਚਰ ਦੇ ਦੋਸਤ ਨੂੰ ਸਕੀਮ ਫੁਰ ਗਈ। ਗਾਲੜ ਦੱਬ ਕੇ ਉਹਦੇ ਉਪਰ ਉਨ੍ਹਾਂ ਨੇ ਪੰਜ-ਸੱਤ ਇੱਟਾਂ ਦਾ ਚੁੱਲ੍ਹਾ ਜਿਹਾ ਬਣਾ ਕੇ ਉਤੇ ਦੇ ਦਿੱਤਾ ਹਰਾ ਕੱਪੜਾ। ਗਾਰਾ ਮਿੱਟੀ ਬਣਾ ਕੇ ਆਲੇ-ਦੁਆਲੇ ਦੋਹ ਕੁ ਮੰਜਿਆਂ ਦਾ ਥਾਂ ਲਿੰਪ ਦਿੱਤਾ। ਚਿੱਟੇ ਪੇਂਟ ਨਾਲ ਕੰਧ ਉਪਰ ਮੋਟੇ ਅੱਖਰਾਂ 'ਚ ਲਿਖ ਦਿੱਤਾ, "ਜੈ ਬਾਬਾ ਗਾਲੜ ਪੀਰ ਜੀ।" ਕੁਝ ਦਿਨ ਲੰਘਣ ਬਾਅਦ ਹੀ ਇਸੇ ਗਾਲੜ ਪੀਰ ਦੀ ਪੂਜਾ ਹੋਣ ਲੱਗ ਪਈ। 'ਬਾਹਰ ਜਾਣ' ਲਈ ਤਰਲੋਮੱਛੀ ਹੋ ਰਹੇ ਕਿਸੇ ਖਰਦਿਮਾਗ ਮੁੰਡੇ ਨੇ ਇਥੇ ਆਪਣਾ ਪਾਸਪੋਰਟ ਰੱਖ ਕੇ ਮੱਥਾ ਰਗੜਿਆ। ਅਚਾਨਕ ਉਹ ਵਿਦੇਸ਼ ਚਲਾ ਗਿਆ। ਚਾਰੇ ਪਾਸੇ ਧੁੰਮਾਂ ਪੈ ਗਈਆਂ ਬਾਬਾ ਗਾਲੜ ਪੀਰ ਦੀਆਂ। ਅਕਲ ਦਿਆਂ ਅੰਨ੍ਹਿਆਂ ਨੇ ਇਥੇ ਪਾਸਪੋਰਟਾਂ ਦੀਆਂ ਢੇਰੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲੀ 'ਸੁੱਖਣਾ' ਨਾਲ ਵਿਦੇਸ਼ ਗਿਆ ਮਹਾਂਮੂਰਖ ਜਦ ਦੋ ਕੁ ਸਾਲ ਬਾਅਦ ਪਰਤਿਆ ਤਾਂ ਇਸ 'ਅਸਥਾਨ' ਦੀ 'ਸੇਵਾ ਸੰਭਾਲ' ਵਾਸਤੇ ਲਾਗਲੇ ਪਿੰਡ ਦਾ ਇਕ ਭੰਗੀ-ਪੋਸਤੀ ਇਥੇ 'ਸ੍ਰੀ ਮਹੰਤ' ਬਣਿਆ ਬੈਠਾ ਸੀ। ਬੱਸ ਫਿਰ ਕੀ ਸੀ, ਜੇਬ 'ਬਾਹਰੋਂ ਆਏ' ਮੂਰਖ ਦੀ, ਮਸ਼ਹੂਰੀ ਬਾਬੇ ਗਾਲੜ ਪੀਰ ਅਤੇ ਉਥੇ ਬਾਬਾ ਜੀ ਬਣੀ ਬੈਠੇ ਵਿਹਲੜ ਨਸ਼ੇੜੀ ਦੀ। ਮੱਤ ਹੀਣੇ, ਅੰਧ-ਵਿਸ਼ਵਾਸੀ ਅਤੇ ਬੇਗੁਰੇ ਲੋਕਾਂ ਲਈ ਇਕ ਨਵਾਂ ਪੀਰ ਪ੍ਰਗਟ ਹੋ ਗਿਆ।



ਇਥੋਂ ਤਕ ਸੱਚੀ ਕਹਾਣੀ ਸੁਣਾ ਕੇ ਉਚੀ-ਉਚੀ ਹੱਸ ਰਹੇ ਮਾਸਟਰ ਦੇ ਨਾਲ ਮੈਂ ਨਾ ਹੱਸ ਸਕਿਆ। ਸੋਚ ਰਿਹਾ ਸਾਂ ਕਿ ਇਕ ਵਿਅਕਤੀ ਨੇ ਨਿੱਜੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸੈਂਕੜੇ ਲੋਕਾਂ ਨੂੰ ਮੂਰਖ-ਮੰਡਲੀ ਬਣਾ ਦਿੱਤਾ। ਹਿਰਖ ਵਜੋਂ ਜਦੋਂ ਮੈਂ ਟੀਚਰ ਨੂੰ ਆਖਿਆ ਕਿ ਲੋਕਾਂ ਦਾ ਝੱਲਪੁਣਾ ਦੇਖ ਕੇ ਤੈਨੂੰ ਅਸਲੀਅਤ ਪ੍ਰਗਟ ਕਰ ਦੇਣੀ ਚਾਹੀਦੀ ਸੀ, ਤਾਂ ਉਹ ਤੌਬਾ ਕਰਨ ਦੀ ਮੁਦਰਾ ਵਿਚ ਕੰਨ ਪਕੜ ਕੇ ਕਹਿੰਦਾ:

"ਉਥੇ ਲਗਦੇ ਸੱਭਿਆਚਾਰਕ ਮੇਲਿਆਂ 'ਚ ਜੁੜਦੇ ਇਕੱਠਾਂ ਵਲ ਦੇਖ ਕੇ ਦਿਲ ਕਰਦਾ ਸੀ ਕਿ 'ਸਭ ਕੁਝ' ਦੱਸ ਦਿਆਂ। ਪਰ ਮੇਰੀ ਉਸ ਨਗਾਰਖਾਨੇ 'ਚ ਸੁਣਨੀ ਕਿਹਨੇ ਸੀ? ਲੋਕਾਂ ਆਖਣਾ ਸੀ ਕਿ ਇਹ ਪਾਗਲ ਮਾਸਟਰ ਸਾਡੇ ਪੀਰਾਂ ਦੀ ਹੇਠੀ ਕਰ ਰਿਹਾ ਹੈ। ਜਾਂ ਤਾਂ ਉਨ੍ਹਾਂ ਮੈਨੂੰ ਕੁੱਟ ਕੁੱਟ ਅਧਮੋਇਆ ਕਰ ਛੱਡਣਾ ਸੀ ਜਾਂ ਫਿਰ ਧਾਰਮਿਕ ਭਾਵਨਾਵਾਂ ਨੂੰ 'ਠੇਸ ਪਹੁੰਚਾਉਣ' ਦਾ ਕੇਸ ਬਣਾ ਮੈਨੂੰ ਅੰਦਰ ਕਰਵਾ ਦੇਣਾ ਸੀ।

'ਉਜੜੇ ਬਾਗਾਂ ਦੇ ਗਾਲੜ ਪਟਵਾਰੀ' ਵਾਲੀ ਮਸ਼ਹੂਰ ਕਹਾਵਤ ਤਾਂ ਸਭ ਨੇ ਸੁਣੀ ਹੋਵੇਗੀ, ਪਰ ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੇ ਪੈਤਰਿਕ ਪ੍ਰਾਂਤ ਪੰਜਾਬ ਵਿਚ ਐਸੀ ਕਲਜੋਗਣ ਹਵਾ ਚੱਲੀ ਕਿ ਉਥੇ ਹੁਣ ਗਾਲੜ ਨਿਰੇ ਪਟਵਾਰੀ ਹੀ ਨਹੀਂ ਸਗੋਂ ਪੀਰ ਜਾਂ ਬਾਬੇ ਵੀ ਬਣ ਚੁੱਕੇ ਹਨ। ਉਂਜ ਤਾਂ ਸਾਰੇ ਪੰਜਾਬ ਵਿਚ ਹੀ, ਪਰ ਖਾਸ ਤੌਰ 'ਤੇ ਦੁਆਬੇ ਵਿਚ ਪੈਰ-ਪੈਰ 'ਤੇ, ਹਰੇਕ ਮੋੜ 'ਤੇ, ਹਰੇਕ ਚੁਰਸਤੇ ਉਪਰ ਬੇ-ਆਬਾਦ ਪਈਆਂ ਕਬਰਾਂ, ਮਟੀਆਂ ਉਪਰ ਗੱਡੇ ਹੋਏ ਲਾਲ ਹਰੇ ਝੰਡੇ, ਉਕਤ ਗੱਲ ਦਾ ਸੰਕੇਤ ਦਿੰਦੇ ਹਨ। ਜੇ ਸਾਰੇ ਨਹੀਂ ਤਾਂ ਇਨ੍ਹਾਂ 'ਚੋਂ ਬਹੁਤੇ ਪੀਰ-ਬਾਬਿਆਂ ਦੀ ਪੈਦਾਇਸ਼ ਪਿੱਛੇ ਗਾਲੜ ਪੀਰ ਵਰਗੀਆਂ ਕਹਾਣੀਆਂ ਹੀ ਹੋਣਗੀਆਂ। ਚਾਰ ਇੱਟਾਂ ਗੱਡੀਆਂ, ਚਿੱਟੀ ਕਲੀ ਫੇਰੀ, ਝੰਡਾ ਗੱਡਿਆ, ਕਿਸੇ ਨਿਗੁਰੇ ਦੀ ਮੰਨਤ ਪੂਰੀ ਹੋਈ ਤੇ ਬੱਸ 'ਕਰਣੀ ਜਗ੍ਹਾ' ਵਾਲਾ ਬਾਬਾ ਬਣ ਗਿਆ।

ਆਹ ਤੱਕਿਓ ਜ਼ਰਾ ਬਾਬਿਆਂ ਦੇ ਨਾਵਾਂ ਦੀ 'ਵਰਾਇਟੀ': ਬਾਬਾ ਝੁੰਡਾਂ ਵਾਲਾ, ਬਾਬਾ ਕੀਕੋ ਸ਼ਾਹ, ਬਾਬਾ ਭੰਗਗਿਰੀ, ਬਾਬਾ ਫਲਾਹੀ ਵਾਲਾ, ਬਾਬਾ ਸੁੱਕਰ ਨਾਥ, ਬਾਬਾ ਅੰਬਾ ਬੂਲੀ, ਬਾਬਾ ਰਾਉ, ਬਾਬਾ ਸ਼ਾਹ ਫਤੇ ਅਲੀ, ਬਾਬਾ ਕਰੀਮ ਮੂਰੇ, ਬਾਬਾ ਹਾਕਮ ਨੌਸ਼ਾਹੀ, ਬਾਬਾ ਬੁੱਲ੍ਹਣ, ਬਾਬਾ ਸਿਰਲੀ, ਪੀਰ ਫਾਜ਼ਲ, ਬਾਬਾ ਲੱਖੂ ਤੇ ਬਾਬਾ ਪ੍ਰੀਤੇ ਸ਼ਾਹ। ਪਾਠਕ ਸੋਚਦੇ ਹੋਣਗੇ ਕਿ ਸ਼ਾਇਦ ਇਹ ਲਿਸਟ ਮਨਘੜਤ ਹੋਵੇਗੀ। ਜੀ ਨਹੀਂ, ਇਹ ਅਸਲ ਹੈ। ਸੱਚ ਪੁੱਛੋ ਤਾਂ ਇਸੇ 'ਪੀਰ ਫਹਿਰਿਸਤ' ਨੂੰ ਪੜ੍ਹ ਕੇ ਹੀ ਮੈਨੂੰ ਹਥਲਾ ਲੇਖ ਲਿਖਣ ਦੀ ਸੁੱਝੀ। ਆਪਣੇ ਪਿਆਰੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਆ ਕੇ ਵੀ ਦਿਲ ਦੀ ਤਾਰ ਹਮੇਸ਼ਾ ਉਥੇ ਹੀ ਵਜਦੀ ਰਹਿੰਦੀ ਹੈ। ਅਖ਼ਬਾਰਾਂ ਵਿਚ ਆਪਣੇ ਇਲਾਕੇ ਦੀਆਂ ਸਰਗਰਮੀਆਂ ਬਾਰੇ ਗਹੁ ਨਾਲ ਦੇਖਣ ਦੀ ਰੋਜ਼ ਦੀ ਆਦਤ ਅਨੁਸਾਰ ਜਲੰਧਰੋਂ ਛਪਦੀ ਪੰਜਾਬੀ ਦੀ ਇਕ ਪ੍ਰਸਿੱਧ ਅਖ਼ਬਾਰ ਦਾ 22 ਜੂਨ 2010 ਦਿਨ ਮੰਗਲਵਾਰ ਵਾਲਾ 'ਨਵਾਂ ਸ਼ਹਿਰ ਅਡੀਸ਼ਨ' ਪੜ੍ਹਨਾ ਸ਼ੁਰੂ ਕੀਤਾ। ਪੰਜਾਂ ਸਫ਼ਿਆਂ ਦੇ ਇਸ ਐਡੀਸ਼ਨ ਵਿਚ ਪੂਰੀਆਂ ਪੰਦਰਾਂ ਖ਼ਬਰਾਂ ਗਾਲੜ ਮਾਰਕਾ ਪੀਰਾਂ ਦੀਆਂ ਸਨ। ਦੁਆਬੇ ਦੇ ਹੀ ਵੱਖ-ਵੱਖ ਪਿੰਡਾਂ ਵਿਚ ਈਜਾਦ ਕੀਤੇ ਹੋਏ ਇਨ੍ਹਾਂ ਪੀਰਾਂ ਦੇ ਅਸਥਾਨਾਂ 'ਤੇ ਜੁੜਨ ਵਾਲੇ ਮਨਮਤੀਆਂ ਦੀਆਂ ਭੀੜਾਂ ਨੂੰ 'ਜੋੜ ਮੇਲਾ' ਲਿਖ ਕੇ, ਖ਼ਬਰਾਂ ਬਣਾਉਣ ਵਾਲੇ ਪੱਤਰਕਾਰਾਂ ਨੇ ਸਿੱਖ ਧਾਰਮਿਕ ਸ਼ਬਦਾਵਲੀ ਦਾ ਰੱਜ ਕੇ ਮਖੌਲ ਉਡਾਇਆ ਹੋਇਆ ਸੀ। ਇਨ੍ਹਾਂ ਸਾਰੀਆਂ 'ਖ਼ਬਰਾਂ' ਦੀ ਇਬਾਰਤ ਵੀ ਤਕਰੀਬਨ ਇਕੋ ਜਿਹੀ ਹੀ ਸੀ-'ਬਾਬੇ ਗਰਾੜੇ ਦੇ ਸਥਾਨ 'ਤੇ ਫਲਾਣੇ ਗਾਇਕ ਨੇ ਮੇਲਾ ਲੁੱਟਿਆ, ਢਿਮਕੇ ਨੇ ਬਹਿ ਜਾ ਬਹਿ ਜਾ ਕਰਵਾਈ।'

ਮੌਜੂਦਾ ਪੰਜਾਬ ਸਰਕਾਰ ਨੇ ਨਵਾਂ ਸ਼ਹਿਰ ਦਾ ਨਾਮ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਇਹ ਸੋਚ ਕੇ ਰੱਖਿਆ ਹੋਵੇਗਾ ਕਿ ਇਸ ਜ਼ਿਲ੍ਹੇ ਦੀ ਨੌਜਵਾਨ ਪੀੜ੍ਹੀ ਦੇ ਦਿਲਾਂ 'ਚ ਦੇਸ਼ ਭਗਤੀ ਦਾ ਜਜ਼ਬਾ ਪ੍ਰਚੰਡ ਹੋਵੇਗਾ ਪਰ 22 ਜੂਨ ਵਾਲੇ ਉਕਤ ਪੰਜ ਸਫੇ ਪੜ੍ਹ ਕੇ ਤਾਂ ਇੰਜ ਜਾਪਦਾ ਹੈ ਕਿ ਇਹ ਜ਼ਿਲ੍ਹਾ ਕਬਰ-ਪੂਜਕਾਂ ਦਾ ਜ਼ਿਲ੍ਹਾ ਬਣ ਚੁੱਕਾ ਹੈ। ਕਿਸੇ ਸਮੇਂ ਡਿੰਗੀਆਂ-ਢੱਠੀਆਂ ਤੇ ਜਾਨਵਰਾਂ ਦੀਆਂ ਬਿੱਠਾਂ ਨਾਲ ਲਿਬੜੀਆਂ-ਤਿਬੜੀਆਂ ਦਿਖਾਈ ਦੇਣ ਵਾਲੀਆਂ ਥੇਹ ਬਣੀਆਂ ਕਬਰਾਂ 'ਤੇ ਗੁੰਬਦਾਂ ਵਾਲੀਆਂ ਮੜ੍ਹੀਆਂ ਤਾਮੀਰ ਕਰਵਾਉਣ ਵਾਲੇ, ਕੀ ਇਹ ਦੱਸ ਸਕਦੇ ਹਨ ਕਿ ਉਨ੍ਹਾਂ ਨੇ ਕਿਹੜੇ ਇਤਿਹਾਸ ਦੇ ਗ੍ਰੰਥ ਫੋਲ ਕੇ ਇਨ੍ਹਾਂ ਅਖੌਤੀ ਪੀਰਾਂ ਦੇ ਵੰਨ-ਸੁਵੰਨੇ ਨਾਂ ਰੱਖੇ ਹੋਏ ਨੇ?

ਜਿੰਨੀ ਕੁ ਮੈਨੂੰ ਇਸਲਾਮ ਦੀ ਵਾਕਫ਼ੀਅਤ ਹੈ, ਉਹਦੇ ਮੁਤਾਬਕ ਪੱਥਰਾਂ, ਮੜ੍ਹੀਆਂ ਜਾਂ ਮੂਰਤੀਆਂ ਅੱਗੇ ਸਿਰ ਝੁਕਾਉਣ ਦੀ ਮੁਕੰਮਲ ਮਨਾਹੀ ਹੈ। ਸਿੱਖਾਂ ਨੂੰ ਤਾਂ ਗੁਰੂ ਬਾਬਾ ਜੀ ਦੀ ਇਹ ਸਖ਼ਤ ਹਦਾਇਤ ਹੈ ਕਿ ਗੁਰੂ ਦਾ ਸਿੱਖ ਭੁੱਲ ਕੇ ਵੀ ਮੜ੍ਹੀਆਂ-ਮਸਾਣਾਂ 'ਤੇ ਸਿਰ ਨਾ ਨਿਵਾਵੇ ਪਰੰਤੂ ਗਿਆਨੀ ਦਿੱਤ ਸਿੰਘ ਦੇ ਕਹਿਣ ਅਨੁਸਾਰ 'ਝੁੰਡੂ ਦੇਸ ਦੁਆਬਾ ਮੁੱਢੋਂ ਕਬਰਾਂ ਨੂੰ 'ਚਾ ਪੂਜੇ' ਕੀ ਅਸੀਂ ਮੁੜ ਗਿਆਨੀ ਜੀ ਦੇ ਕਥਨ ਨੂੰ ਸਹੀ ਠਹਿਰਾਉਣ ਲੱਗੇ ਹੋਏ ਹਾਂ? ਗੁਰਾਂ ਦੇ ਨਾਂ 'ਤੇ ਜੀਣ ਵਾਲਾ ਪੰਜਾਬ ਗਾਲੜ ਪੀਰਾਂ ਦਾ ਪੁਜਾਰੀ ਕਿਉਂ ਬਣਦਾ ਜਾ ਰਿਹਾ ਹੈ? ਇਹ ਸਵਾਲ ਸਮੂਹ ਪੰਜਾਬੀਆਂ ਦੇ ਦਿਲੋ-ਦਿਮਾਗ 'ਤੇ ਛਾ ਜਾਣਾ ਚਾਹੀਦਾ ਹੈ।

## ਪਹਿਲਵਾਨ ਚੰਦਗੀ ਰਾਮ ਦੇ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

**ਫਰੀਮਾਂਟ:** ਕੁਸ਼ਤੀ ਦੀ ਦੁਨੀਆਂ ਵਿਚ ਮੰਨੇ ਪ੍ਰਮੰਨੇ ਹਿੰਦ ਕੇਸਰੀ, ਭਾਰਤ ਕੇਸਰੀ, ਅਰਜੁਨਾ ਖਿਤਾਬ ਜੇਤੂ ਅਤੇ ਏਸ਼ੀਅਨ ਚੈਂਪੀਅਨ ਪਹਿਲਵਾਨ ਪਦਮਸ਼੍ਰੀ ਚੰਦਗੀ ਰਾਮ ਦਾ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਉਨ੍ਹਾਂ ਦੇ ਚਲਾਣੇ 'ਤੇ ਸਿੱਖ ਸਪੋਰਟਸ ਐਸੋਸੀਏਸ਼ਨ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਪਹਿਲਵਾਨ ਦੀ ਉਮਰ ਤਕਰੀਬਨ 72 ਸਾਲ ਸੀ।

ਪਹਿਲਵਾਨ ਚੰਦਗੀ ਰਾਮ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਸਿਸਾਏ, ਜ਼ਿਲਾ ਹਿਸਾਰ ਵਿਖੇ 1937 ਵਿਚ ਇਕ ਜਾਟ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਨੇ ਪੰਜਾਬ ਦੇ ਕੁਝ ਥਾਂਵਾਂ 'ਤੇ ਅਧਿਆਪਕੀ ਵੀ ਕੀਤੀ। ਇਸ ਕਰਕੇ ਉਹ ਮਾਸਟਰ ਚੰਦਗੀ ਰਾਮ ਦੇ ਨਾਮ ਨਾਲ ਵੀ ਜਾਣੇ ਜਾਂਦੇ ਸਨ। ਪਹਿਲਵਾਨੀ ਉਨ੍ਹਾਂ ਦੇ ਖਾਨਦਾਨ ਵਿਚ ਸੀ, ਪਰ ਉਨ੍ਹਾਂ ਨੇ ਪਹਿਲਵਾਨੀ ਕਾਫੀ ਲੇਟ ਉਮਰ (21 ਸਾਲ) ਵਿਚ ਸ਼ੁਰੂ ਕੀਤੀ ਸੀ ਅਤੇ ਕੁਝ ਹੀ ਸਾਲਾਂ ਵਿਚ ਅਜਮੇਰ ਵਿਖੇ ਗੋਰੇ ਰੰਗ ਦੇ ਇਸ ਛੇ ਫੁਟ ਚਾਰ ਇੰਚ ਲੰਮੇ ਪਹਿਲਵਾਨ ਨੇ ਕੁਸ਼ਤੀ ਦੇ ਮੁਕਾਬਲਿਆਂ ਵਿਚ ਚੈਂਪੀਅਨਸ਼ਿਪ ਜਿੱਤ ਕੇ ਆਪਣੀ ਤਾਕਤ ਦਾ ਲੋਹਾ ਮੰਨਵਾ ਲਿਆ। ਚੰਦਗੀ ਰਾਮ ਨੇ ਪੰਜਾਬ ਦੇ ਨਾਮੀ ਪਹਿਲਵਾਨ ਮੇਹਰਦੀਨ, ਅੰਮ੍ਰਿਤਸਰੀਏ ਪਹਿਲਵਾਨ ਸੰਤੋਖੇ ਸਮੇਤ ਵੱਡੇ ਵੱਡੇ ਮਹਾਂਬਲੀਆਂ ਨੂੰ ਵੀ ਹਰਾ ਦਿੱਤਾ ਸੀ ਅਤੇ ਉਸ ਸਮੇਂ ਹਿੰਦੋਸਤਾਨ ਵਿਚ ਕੁਸ਼ਤੀ ਦਾ ਕੋਈ ਵੀ ਅਜਿਹਾ ਇਨਾਮ ਨਹੀਂ ਸੀ ਜੋ ਚੰਦਗੀ ਰਾਮ ਨੇ ਨਾ ਜਿੱਤਿਆ ਹੋਵੇ।

1970 ਵਿਚ ਬੈਂਕਾਕ ਵਿਚ ਹੋਈਆਂ ਏਸ਼ੀਅਨ ਖੇਡਾਂ ਵਿਚ ਉਨ੍ਹਾਂ ਨੇ ਈਰਾਨ ਦੇ ਵਿਸ਼ਵ ਚੈਂਪੀਅਨ ਪਹਿਲਵਾਨ ਅਮਵਾਨੀ ਅਬੂਫੈਜ਼ੀ ਨੂੰ 100 ਕਿਲੋਗ੍ਰਾਮ ਦੇ ਵਜ਼ਨ ਵਿਚ ਹਾਰ ਦਿੱਤੀ ਸੀ



ਅਤੇ ਸੋਨੇ ਦਾ ਤਮਗਾ ਜਿੱਤ ਕੇ ਏਸ਼ੀਆ ਅਤੇ ਸਾਰੀ ਦੁਨੀਆਂ ਵਿਚ ਧਾਂਕ ਜਮਾ ਦਿੱਤੀ ਸੀ। ਇਸ ਤੋਂ ਇਲਾਵਾ ਚੰਦਗੀ ਰਾਮ ਨੇ 1972 ਵਿਚ ਮਿਊਨਿਕ ਦੀਆਂ ਓਲੰਪਿਕ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ ਕੈਨੇਡਾ ਦੇ ਪਹਿਲਵਾਨ ਸਾਂਡਰਜ਼ ਅਤੇ ਸੋਵੀਅਤ ਯੂਨੀਅਨ ਦੇ ਪਹਿਲਵਾਨ ਸਟਾਰਕੋਵ ਨਾਲ ਵੀ ਲੋਹਾ ਲਿਆ।

ਪਹਿਲਵਾਨ ਚੰਦਗੀ ਰਾਮ ਨੇ ਇੰਡੀਆ ਵਿਚ ਲੜਕੀਆਂ ਦੇ ਕੁਸ਼ਤੀ ਮੁਕਾਬਲਿਆਂ ਦੀ ਪਿਰਤ ਪਾਈ ਅਤੇ ਬਾਕਾਇਦਾ ਅਖਾੜਾ ਬਣਾ ਕੇ ਬੜੀ ਮਿਹਨਤ ਅਤੇ ਲਗਨ ਨਾਲ ਭਾਰਤੀ ਲੜਕੀਆਂ ਨੂੰ ਵੀ ਵਿਸ਼ਵ ਪੱਧਰ ਦੇ ਕੁਸ਼ਤੀ ਦੇ ਮੁਕਾਬਲੇ ਕਰਨ ਦੀ ਦਿਖਲਾਈ ਦਿੱਤੀ। ਉਨ੍ਹਾਂ ਦੀ ਲੜਕੀ ਸੋਨਿਕਾ ਕਾਲੀਚਰਨ ਅਤੇ ਲੜਕੇ ਜਗਦੀਸ਼ ਕਾਲੀਚਰਨ ਦੋਹਾਂ ਨੇ ਭਾਰਤ ਕੇਸਰੀ ਖਿਤਾਬ ਜਿੱਤੇ।

ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ ਐਸ ਏ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪਹਿਲਵਾਨ ਚੰਦਗੀ ਰਾਮ ਦੇ ਅਕਾਲ ਚਲਾਣੇ ਨਾਲ ਭਾਰਤ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆ ਵਿਚ ਕੁਸ਼ਤੀ ਦੀ ਖੇਡ ਨੂੰ ਬਹੁਤ ਘਾਟਾ ਪਿਆ ਹੈ ਅਤੇ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵਲੋਂ ਪਹਿਲਵਾਨ ਚੰਦਗੀ ਰਾਮ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ।

## ਪਾਕਿ 'ਚ 5 ਅਮਰੀਕੀਆਂ ਨੂੰ 10-10 ਸਾਲ ਦੀ ਸਜ਼ਾ

**ਲਾਹੌਰ:** ਭਾਰੀ ਪੁਲਸ ਸੁਰੱਖਿਆ ਤਹਿਤ ਚੱਲੀ ਕਾਰਵਾਈ ਦੌਰਾਨ ਪਾਕਿਸਤਾਨ ਦੀ ਅਦਾਲਤ ਵਲੋਂ ਅੱਤਵਾਦ ਦੇ ਦੋਸ਼ਾਂ 'ਚ ਅਮਰੀਕਾ ਦੇ ਪੰਜ ਮੁਸਲਿਮ ਨੌਜਵਾਨਾਂ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਵਾਸ਼ਿੰਗਟਨ ਡੀ ਸੀ ਦੇ ਰਹਿਣ ਵਾਲੇ 19 ਤੋਂ 25 ਸਾਲ ਦੇ ਇਨ੍ਹਾਂ ਪੰਜ ਅਮਰੀਕੀ ਸ਼ਹਿਰੀਆਂ ਨੂੰ ਮੁਜ਼ਰਮਾਨਾ ਸਾਜ਼ਿਸ਼ ਅਤੇ ਅੱਤਵਾਦੀ ਜਥੇਬੰਦੀ ਨੂੰ ਪੈਸਾ ਮੁਹੱਈਆ ਕਰਾਉਣ ਦਾ ਦੋਸ਼ੀ ਪਾਇਆ ਗਿਆ, ਜਦਕਿ ਤਿੰਨ ਹੋਰ ਦੋਸ਼ਾਂ 'ਚ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ ਇਨ੍ਹਾਂ ਨੌਜਵਾਨਾਂ ਦੀ ਯੋਜਨਾ ਪਾਕਿਸਤਾਨ 'ਚ ਅੱਤਵਾਦੀ ਹਮਲੇ ਕਰਨ ਦੀ ਸੀ। ਉਨ੍ਹਾਂ ਨੂੰ ਪਿਛਲੇ ਸਾਲ ਦਸੰਬਰ 'ਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਨੌਜਵਾਨ ਮਿਸਰ, ਯਮਨ ਅਤੇ ਪਾਕਿਸਤਾਨੀ ਮੂਲ ਦੇ ਸਨ ਅਤੇ ਉਨ੍ਹਾਂ ਸਾਰਿਆਂ ਨੂੰ ਦੋਹਾਂ ਦੋਸ਼ਾਂ 'ਚ ਕ੍ਰਮਵਾਰ 10 ਸਾਲ ਅਤੇ 5 ਸਾਲ ਦੀ ਸਜ਼ਾ ਅਤੇ 70-70 ਹਜ਼ਾਰ ਰੁਪਏ ਜ਼ੁਰਮਾਨਾ ਕੀਤਾ ਗਿਆ। ਸਰਗੋਧਾ ਦੀ ਅੱਤਵਾਦੀ ਵਿਰੋਧੀ ਅਦਾਲਤ ਦੇ ਜੱਜ ਮੀਆਂ ਅਨਵਰ ਨਾਜ਼ਿਰ ਨੇ ਇਸ ਮਾਮਲੇ 'ਚ ਇਕ ਦਿਨ ਪਹਿਲਾਂ ਸੁਣਵਾਈ ਮੁਕੰਮਲ ਕਰ ਲਈ ਸੀ ਅਤੇ ਆਪਣਾ ਫੈਸਲਾ ਬੀਤੀ 24 ਜੂਨ ਨੂੰ ਸੁਣਾਇਆ।

# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ

4640 E. Woodward Ave, Manteca, CA 95337, Ph: (209) 824-4433, (209) 321-1733, (209) 640-7541



ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥



# ਬਰਸੀ ਸਮਾਗਮ

## ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ



*ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ*

ਸ੍ਰੀਮਾਨ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਗੁਰਮਤਿ ਪ੍ਰਚਾਰ ਅਤੇ ਕਥਾ ਦੁਆਰਾ ਦਮਦਮੀ ਟਕਸਾਲ ਨੂੰ ਚਲਦੀ ਫਿਰਦੀ ਧਾਰਮਿਕ ਯੂਨੀਵਰਸਿਟੀ ਹੋਣ ਦਾ ਮਾਣ ਦਿਵਾਇਆ ਅਤੇ ਹਜਾਰਾਂ ਸ਼ੁਧ ਪਾਠੀ, ਸੈਂਕੜੇ ਕਥਾਕਾਰ ਅਤੇ ਗੁਰਮੁਖ ਸਿੰਘ ਪੰਥ ਦੀ ਸੇਵਾ ਵਿਚ ਦਿਤੇ, ਜਿਨ੍ਹਾਂ ਨੇ ਸਾਰੇ ਤਖ਼ਤ ਸਾਹਿਬਾਂ ਅਤੇ ਗੁਰਧਾਮਾਂ ਵਿਚ ਸੇਵਾਵਾਂ ਨਿਭਾਈਆਂ ਅਤੇ ਸਿੱਖੀ ਦਾ ਡਟ ਕੇ ਪ੍ਰਚਾਰ ਕੀਤਾ। ਸੋ, ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਬਰਸੀ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।


## ਐਤਵਾਰ, 4 ਜੁਲਾਈ 2010

ਸਤਿਕਾਰਯੋਗ ਗੁਰੂ ਰੂਪ ਖ਼ਾਲਸਾ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਬਾਬਾ ਠਾਕੁਰ ਸਿੰਘ ਜੀ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ ਵਲੋਂ ਸ੍ਰੀਮਾਨ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਾਲਾਨਾ ਬਰਸੀ 2 ਜੁਲਾਈ ਤੋਂ 4 ਜੁਲਾਈ ਤੱਕ ਗੁਰੂ ਘਰ ਵਿਖੇ ਮਨਾਈ ਜਾ ਰਹੀ ਹੈ। ਇਸ ਸਮਾਗਮ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਪਾਲ ਸਿੰਘ ਜੀ (ਦਮਦਮੀ ਟਕਸਾਲ), ਗਿਆਨੀ ਭਾਈ ਅਮਰਬੀਰ ਸਿੰਘ ਜੀ (ਦਮਦਮੀ ਟਕਸਾਲ) ਅਤੇ ਹੋਰ ਗੁਰਮੁਖ ਰਾਗੀ ਢਾਡੀ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਨਗੇ।

ਨੋਟ: ਇਸ ਸਮਾਗਮ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ ਤੇ ਭਾਈ ਹਰਵਿੰਦਰ ਸਿੰਘ ਜੀ ਦਿੱਲੀ ਵਾਲਿਆਂ ਦਾ ਕੀਰਤਨੀ ਜਥਾ ਵਿਸ਼ੇਸ਼ ਤੌਰ 'ਤੇ ਇੰਡੀਆ ਤੋਂ ਪਹੁੰਚ ਰਿਹਾ ਹੈ ਜੋ ਪਹਿਲੀ ਜੁਲਾਈ ਤੋਂ ਲੈ ਕੇ 4 ਜੁਲਾਈ ਤੱਕ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰੇਗਾ।





*ਬਾਬਾ ਠਾਕੁਰ ਸਿੰਘ ਜੀ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ*

ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੀ ਉਸਾਰੀ ਦਮਦਮੀ ਟਕਸਾਲ ਦੇ ਮਹਾਂਪੁਰਖ ਸੰਤ ਬਾਬਾ ਠਾਕੁਰ ਸਿੰਘ ਜੀ ਦੀ ਮਿੱਠੀ ਯਾਦ ਵਿਚ ਕੀਤੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਟਕਸਾਲ ਅਤੇ ਆਪਣੇ ਅਸਥਾਨ ਦੀ ਸਦਾ ਵਾਸਤੇ ਚੜ੍ਹਦੀ ਕਲਾ ਕਰਨ, ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸਦਾ ਵਾਸਤੇ ਚੜ੍ਹਦੀ ਕਲਾ ਕਰਨ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਅੰਮ੍ਰਿਤ ਛਕੋ, ਰਹਿਤ ਰਖੋ, ਗੁਰੂ ਵਾਲੇ ਬਣੋ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਧੰਨਵਾਦ ਸਹਿਤ, ਗੁਰੂ ਪੰਥ ਦੇ ਦਾਸ, ਸਮੂਹ ਪ੍ਰਬੰਧਕ ਸੇਵਾਦਾਰ



## Manteca Independence Day Parade-July 3, 2010

ਸਮੂਹ ਸਿਖ ਸੰਗਤਾਂ ਨੂੰ ਬੇਨਤੀ ਹੈ ਕਿ 3 ਜੁਲਾਈ, 2010 ਨੂੰ ਮਨਟੀਕਾ ਵਿਚ ਅਮਰੀਕਾ ਦੇ ਆਜ਼ਾਦੀ ਦਿਨ ਦੀ ਪਰੇਡ ਹੋ ਰਹੀ ਹੈ ਜਿਸ ਵਿਚ ਗੁਰੂ ਪਿਆਰਾ ਖਾਲਸਾ ਗਤਕੇ ਦੇ ਜੌਹਰ ਵਿਖਾਵੇਗਾ। ਸੋ, ਆਪ ਸਰਬਤ ਸੰਗਤਾਂ ਨੇ ਇਸ ਪਰੇਡ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ ਤਾਂ ਕਿ ਸਿੱਖ ਕੌਮ ਦੀ ਪਛਾਣ ਹੋਰ ਵਧੇ। ਸਾਰੇ ਪਰਿਵਾਰ ਬੱਚਿਆਂ ਸਮੇਤ ਇਸ ਪਰੇਡ ਵਿਚ ਹਾਜਰ ਹੋਵੋ ਜੀ। ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ।

Location: Western High School (Main St. & Louise Ave) – Starts at 9:00am

***ਸੰਗਤਾਂ ਦੇ ਦਾਸ:ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ, ਦਮਦਮੀ ਟਕਸਾਲ ਜਥਾ ਭਿੰਡਰਾਂ, ਮਨਟੀਕਾ***



ਆਪਣੇ ਵੇਲੇ ਦੇ ਪ੍ਰਸਿਧ ਕਬੱਡੀ ਖਿਡਾਰੀ ਸਰਬਜੀਤ ਸਿੰਘ ਮਾਹਿਲ ਜੋ ਕਿ ਇਸ ਵੇਲੇ ਪੰਜਾਬੀ ਗੀਤਕਾਰੀ 'ਚ ਵੀ ਸਰਗਰਮ ਹਨ, ਦੇ ਭਤੀਜੇ ਇੰਜੀਨੀਅਰ ਜਸਪਾਲ ਸਿੰਘ ਮਾਹਿਲ (ਸਪੁੱਤਰ ਸਵਰਗੀ ਕਸ਼ਮੀਰ ਸਿੰਘ ਮਾਹਿਲ ਤੇ ਸ੍ਰੀਮਤੀ ਸੁਰਿੰਦਰ ਕੌਰ ਮਾਹਿਲ) ਦਾ ਵਿਆਹ ਬੀਤੇ ਦਿਨੀਂ ਲਿਵਿੰਗਸਟਨ ਗੁਰੂ ਘਰ ਵਿਚ ਸ. ਅਜੀਤ ਸਿੰਘ ਤੇ ਦਵਿੰਦਰ ਕੌਰ ਢੇਸੀ ਦੀ ਸਪੁਤਰੀ ਕੁਲਵਿੰਦਰ ਕੌਰ ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ। ਇਸ ਮੌਕੇ ਦਾਦੀ ਮਹਿੰਦਰ ਕੌਰ, ਚਾਚੇ-ਚਾਚੀਆਂ, ਭੈਣਾਂ ਪ੍ਰਵੀਨ ਕੌਰ ਬਡਿਆਲ, ਮਨਵੀਰ ਬਡਿਆਲ, ਜਸਵਿੰਦਰ ਕੌਰ ਤੋਂ ਇਲਾਵਾ ਮਾਹਿਲ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਜੋਗਿੰਦਰ ਮਾਹਿਲ, ਜਗਵਿੰਦਰ ਸਿੰਘ, ਜੋਗਾ ਸਿੰਘ ਮਾਹਿਲ ਆਦਿ ਹਸਤੀਆਂ ਵੀ ਹਾਜ਼ਰ ਸਨ। ਸੁਭਾਗ ਜੋੜੀ ਦੀ ਤਸਵੀਰ।



*ਪੰਜਾਬ ਪੁਲਿਸ ਦੇ ਜਲੰਧਰ ਜੋਨ ਦੇ ਆਈ ਜੀ ਸ੍ਰੀ ਸੰਜੀਵ ਕਾਲੜਾ ਆਪਣੇ ਅਮਰੀਕਾ ਦੌਰੇ ਦੌਰਾਨ ਪਿਛਲੇ ਦਿਨੀਂ ਨਿਊ ਯਾਰਕ ਪਹੁੰਚੇ ਤਾਂ ਉਨ੍ਹਾਂ ਦੇ ਮਾਣ-ਸਨਮਾਨ ਵਿਚ ਸ. ਸੁਬੇਗ ਸਿੰਘ ਜਹੂਰਾ ਵਲੋਂ ਵਿਸ਼ੇਸ਼ ਸਨਮਾਨ ਸਮਾਗਮ ਕੀਤਾ ਗਿਆ। ਇਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ ਜਿਨ੍ਹਾਂ ਵਿਚ ਜਸਮੇਰ ਸਿੰਘ ਜਹੂਰਾ, ਸੁਖਰਾਜ ਸਿੰਘ ਜਹੂਰਾ, ਕਮਲਜੀਤ ਸਿੰਘ ਜਲੰਧਰ, ਲੰਬੜਦਾਰ ਬਲਜੀਤ ਸਿੰਘ ਡੱਡੀਆਂ, ਸੁਖਰਾਜ ਸਿੰਘ ਮੰਡ ਕੂਲਾਂ, ਲਖਵਿੰਦਰ ਸਿੰਘ ਜਲਾਲਪੁਰ, ਲਾਡਾ ਬੇਗੋਵਾਲ ਅਤੇ ਗੈਰੀ ਖਲੀਲ ਸ਼ਾਮਲ ਸਨ। ਸੁਬੇਗ ਸਿੰਘ ਨਾਲ ਸੰਪਰਕ ਫੋਨ 718-820-2693 'ਤੇ ਕੀਤਾ ਜਾ ਸਕਦਾ ਹੈ।*













# 'ਅਪਨਾ ਹੀ ਜਬ ਦਿਲ ਧੜਕਾ ਤੋ ਹਮ ਸਮਝੇ ਵੋ ਆਏ ਹੈਂ'




**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਸਥਾਨਕ ਤਾਜ ਇੰਡੀਆ ਰੈਸਟੋਰੈਂਟ ਵਿਚ ਲੰਘੇ ਐਤਵਾਰ ਹੋਈ ਇਕ ਪ੍ਰਭਾਵਸ਼ਾਲੀ ਕਲਾਸੀਕਲ ਸੰਗੀਤਕ ਸ਼ਾਮ ਵਿਚ ਮੁੰਨੀ ਬੇਗਮ ਨੇ ਕਰੀਬ ਢਾਈ ਘੰਟੇ ਕਲਾਸੀਕਲ ਸੰਗੀਤ ਦਾ ਉਹ ਰੰਗ ਬੰਨਿਆ ਕਿ ਸਰੋਤਿਆਂ ਦੇ ਮੂੰਹੋਂ ਸੁਤੇ ਸਿਧ ਹੀ ਨਿਕਲ ਰਿਹਾ ਸੀ, ਵਾਹ! ਮੁੰਨੀ ਬੇਗਮ ਵਾਹ!


ਅਸ਼ੋਕ ਭੌਰਾ

ਸਬ ਫਾਊਂਡੇਸ਼ਨ ਦੇ ਡਾ. ਹਰਮੇਸ਼ ਕੁਮਾਰ ਦੇ ਯਤਨਾਂ ਨਾਲ ਬਜ਼ੁਰਗ ਲੋਕਾਂ ਦੀ ਦੇਖ ਭਾਲ ਲਈ ਬਣਾਏ ਜਾ ਰਹੇ ਕੇਂਦਰ ਵਾਸਤੇ ਫੰਡਰੇਜ਼ਿੰਗ ਲਈ ਕੀਤੀ ਗਈ ਇਸ ਮਹਿਫਲ ਵਿਚ ਡਾਕਟਰੀ ਪੇਸ਼ੇ ਨਾਲ ਜੁੜੀਆਂ ਭਾਰਤੀ, ਪੰਜਾਬੀ ਅਤੇ ਪਾਕਿਸਤਾਨੀ ਭਾਈਚਾਰੇ ਦੀਆਂ ਉਘੀਆਂ ਹਸਤੀਆਂ ਦੀ ਸ਼ਮੂਲੀਅਤ ਇਸ ਸ਼ਾਨਦਾਰ ਸ਼ਾਮ ਦਾ ਧੰਨਭਾਗ ਬਣੀ। ਡਾ. ਕੁਮਾਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮਨੋਵਿਗਿਆਨੀ ਹੋਣ ਕਾਰਨ ਉਹ ਮਾਨਸਿਕ ਪੀੜਾ ਨੂੰ ਸਮਝਦੇ ਹਨ ਅਤੇ ਬਜ਼ੁਰਗਾਂ ਦੀ ਸੇਵਾ ਰੁਝੇਵਿਆਂ ਵਾਲੇ ਸਮੇਂ ਵਿਚ ਕਿਵੇਂ ਕੀਤੀ ਜਾ ਸਕਦੀ ਹੈ, ਇਸੇ ਅਨੁਭਵ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਆਪਣੀ ਹੀ ਕਿਸਮ ਦੇ ਸੀਨੀਅਰ ਸਿਟੀਜ਼ਨ ਕੇਂਦਰ ਬਣਾਉਣ ਦਾ ਸੁਪਨਾ ਲਿਆ ਹੈ।

'ਝੂਮ ਬਰਾਬਰ ਝੂਮ ਸ਼ਰਾਬੀ' ਫੇਮ ਵਾਲੀ ਮੁੰਨੀ ਬੇਗਮ ਜਿਸ ਨੂੰ ਪਾਕਿਸਤਾਨ ਸਰਕਾਰ ਨੇ 2008 ਵਿਚ ਸੁਹਿਰਦ ਗਾਇਕੀ ਦੀ ਪੇਸ਼ਕਾਰੀ ਲਈ ਪੁਰਸਕਾਰ ਨਾਲ ਨਿਵਾਜਿਆ ਸੀ, ਨੇ ਇਸ ਸ਼ਾਮ-ਏ-ਗਜ਼ਲ ਵਿਚ ਆਪਣੇ ਸੁਰੀਲੇ ਗਲੇ ਰਾਹੀਂ ਸ਼ਬਦਾਂ ਨੂੰ ਸੁਰ ਪ੍ਰਦਾਨ ਕਰਕੇ ਸੰਗੀਤ ਦੀਆਂ ਕੁਝ ਘੜੀਆਂ ਨੂੰ ਜਿਵੇਂ ਰੋਕ ਹੀ ਲਿਆ ਹੋਵੇ। ਮਜ਼ਰੂਹ ਸੁਲਤਾਨਪੁਰੀ ਤੇ ਸ਼ਕੀਲ ਬਦਾਯੂੰਨੀ ਦੀ ਸ਼ਾਇਰੀ ਤੋਂ ਬਿਨਾ ਅਨੇਕਾਂ ਹਿੰਦੀ ਤੇ ਉਰਦੂ ਸ਼ਾਇਰਾਂ ਨੂੰ ਪੇਸ਼ ਕਰਕੇ ਮੁੰਨੀ ਬੇਗਮ ਨੇ ਸੁਰ ਅਤੇ ਸੰਗੀਤ ਦਾ ਯਾਦਗਾਰੀ ਸੁਮੇਲ ਕਰ ਵਿਖਾਇਆ:

ਇਧਰ ਜ਼ਿੰਦਗੀ ਕਾ ਜਨਾਜ਼ਾ ਉਠੇਗਾ
ਉਧਰ ਜ਼ਿੰਦਗੀ ਕੀ ਦੁਲਹਨ ਬਨੇਗੀ
ਇਧਰ ਮੇਰੇ ਦਿਲ ਦਾ ਜਨਾਜ਼ਾ ਉਠੇਗਾ
ਉਧਰ ਮੇਰੇ ਦਿਲ ਕੀ ਡੋਲੀ ਚਲੇਗੀ

—

ਰਾਤ ਕੇ ਸੰਨਾਟੇ ਮੇ
ਹਮ ਕਿਆ ਕਿਆ ਧੋਖੇ ਖਾਏ ਹੈਂ
ਅਪਨਾ ਹੀ ਜਬ ਦਿਲ ਧੜਕਾ
ਤੋ ਹਮ ਸਮਝੇ, ਵੋ ਆਏ ਹੈਂ।

—

ਅਫਸੋਸ ਅਪਨੇ ਘਰ ਕਾ ਪਤਾ
ਹਮ ਸੇ ਖੋ ਗਯਾ,
ਅਬ ਸੋਚਨਾ ਹੈ
ਕਿ ਕਿਧਰ ਜਾਨਾ ਚਾਹੀਏ...।

—

ਮੇਰਾ ਦਾਮਨ ਬੜਾ ਸਾਫ ਹੈ
ਕੋਈ ਤੋਹਮਤ ਲਗਾ ਦੀਜੀਏ।
ਏਕ ਸਮੰਦਰ ਨੇ ਆਵਾਜ਼ ਦੀ,
ਮੁਝ ਕੋ ਪਾਨੀ ਪਿਲਾ ਦੀਜੀਏ।

ਅਤੇ 'ਦਮਾ ਦਮ ਮਸਤ ਕਲੰਦਰ, ' 'ਲਾ ਪਿਲਾ ਦੇ ਸਾਕੀਆ, ' 'ਤੁਮਹਾਰੇ ਸ਼ਹਿਰ ਕਾ ਮੌਸਮ ਬੜਾ ਸੁਹਾਨਾ ਹੈ, ' ਆਦਿ ਵੰਨਗੀਆਂ ਨਾਲ ਗਾਇਕ ਤੇ ਸਰੋਤਿਆਂ ਵਿਚ ਦੂਰੀ ਪੈਦਾ ਨਹੀਂ ਹੋਣ ਦਿੱਤੀ। ਇਸ ਸੰਗੀਤਕ ਸ਼ਾਮ ਮੌਕੇ ਡਾ. ਕੁਲਦੀਪ ਬੁਸੂ, ਸ੍ਰੀਮਤੀ ਕਾਜੋਰੀ ਬੁਸੂ, ਡਾ. ਨਾਜ, ਡਾ. ਪਰਮਜੀਤ ਸੰਧੂ, ਜਸਵੀਰ ਲੁਹਾਨ, ਪਾਲ ਧਾਲੀਵਾਲ, ਬੂਟਾ ਸਿੰਘ ਜੋਸ਼ੀ, ਗੈਬੀ ਕੌਰ, ਸੁੱਖੀ ਗਿੱਲ, ਦਿਲਬਾਗ ਬੰਗੜ ਆਦਿ ਉਘੀਆਂ ਹਸਤੀਆਂ ਸ਼ਾਮਲ ਸਨ। ਅਖੀਰ ਵਿਚ ਡਾ. ਕੁਮਾਰ ਨੇ ਸੰਗੀਤਕ ਸ਼ਾਮ ਲਈ ਸਹਿਯੋਗੀ ਹਸਤੀਆਂ ਦਾ ਧੰਨਵਾਦ ਕੀਤਾ।



# ਅਕਾਲੀ ਦਲ (ਅ) ਦੇ ਉਮੀਦਵਾਰਾਂ ਦੀ ਦੂਜੀ ਸੂਚੀ

**ਅਬੋਹਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬੀਤੀ 29 ਜੂਨ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ 27 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ।

ਇਨ੍ਹਾਂ ਵਿਚ ਅਬੋਹਰ ਹਲਕੇ ਤੋਂ ਬਲਬੀਰ ਸਿੰਘ ਫੌਜੀ, ਫਾਜ਼ਿਲਕਾ ਤੋਂ ਨਵਪ੍ਰੀਤ ਸਿੰਘ ਐਡਵੋਕੇਟ ਚਿਮਨੇਵਾਲਾ, ਜਲਾਲਾਬਾਦ ਤੋਂ ਇਕਬਾਲ ਸਿੰਘ ਗੁਰੂਹਰਸਹਾਏ, ਨਿਹਾਲ ਸਿੰਘ ਵਾਲਾ ਤੋਂ ਜਗਜੀਤ ਸਿੰਘ ਖਾਈ, ਮੋਗਾ ਤੋਂ ਪਾਲ ਸਿੰਘ ਤਤਾਰੀਏ ਵਾਲਾ, ਬਾਘਾ ਪੁਰਾਣਾ ਤੋਂ ਬਾਬਾ ਗੁਰਨਾਮ ਸਿੰਘ ਸਮਾਲਸਰ, ਧੂਰੀ ਤੋਂ ਸੁਰਜੀਤ ਸਿੰਘ ਕਾਲਾਬੂਲਾ, ਧੂਰੀ (ਇਸਤਰੀ ਐਸ ਸੀ) ਤੋਂ ਬੀਬੀ ਸੁਰਨਜੀਤ ਕੌਰ ਕਿਲਾ ਹਕੀਮਾਂ, ਦਿੜਬਾ ਜਨਰਲ ਤੋਂ ਗੁਰਦੀਪ ਸਿੰਘ ਫੱਗੂਵਾਲਾ, ਦਿੜਬਾ (ਇਸਤਰੀ) ਤੋਂ ਰਾਜਬੀਰ ਕੌਰ ਦਿਆਲਗੜ੍ਹ ਜੇਜੀਆ, ਸੰਗਰੂਰ ਤੋਂ ਗੁਰਨੈਬ ਸਿੰਘ ਰਾਮਪੁਰਾ ਅਤੇ ਲੌਂਗੋਵਾਲ ਤੋਂ ਅਵਤਾਰ ਸਿਘ ਕੁਲਾਰ, ਨਾਭਾ ਤੋਂ ਭਾਈ ਮੁਖਤਿਆਰ ਸਿੰਘ ਟੋਡਰਵਾਲ, ਨਾਭਾ (ਇਸਤਰੀ) ਤੋਂ ਕਰਮਜੀਤ ਕੌਰ ਛੰਨਾ, ਭਾਦਸੋਂ ਤੋਂ ਮਲਕੀਤ ਸਿੰਘ ਪੈਧਨ, ਡੇਰਾ ਬੱਸੀ ਤੋਂ ਪਾਖਰ ਸਿੰਘ ਵੇਹੜਾ, ਪਾਇਲ ਤੋਂ ਸੁਰਜੀਤ ਸਿੰਘ ਧਮੋਟ, ਫਿਲੌਰ ਹਲਕੇ ਤੋਂ ਸੂਬੇਦਾਰ ਮੇਜਰ ਸਿੰਘ, ਬਾਬਾ ਬਕਾਲਾ ਤੋਂ ਸੁੱਚਾ ਸਿੰਘ ਗੱਗੜਭਾਣਾ, ਅਜਨਾਲਾ ਤੋਂ ਅਮਰੀਕ ਸਿੰਘ ਨੰਗਲ, ਸ਼ਾਮ ਚੁਰਾਸੀ ਹਲਕੇ ਤੋਂ ਅਵਤਾਰ ਸਿੰਘ ਖੱਖ, ਮੁਕੇਰੀਆ ਤੋਂ ਅਮਰਜੀਤ ਸਿੰਘ ਭਾਨਾ, ਰੋਪੜ ਹਲਕੇ ਤੋਂ ਕੁਲਦੀਪ ਸਿੰਘ ਭਾਗੋਵਾਲ, ਮੋਰਿੰਡਾ ਤੋਂ ਰਣਜੀਤ ਸਿੰਘ ਸੰਤੋਖਗੜ੍ਹ, ਭਗਤਾ ਤੋਂ ਮੁਕੰਦ ਸਿੰਘ ਕੋਠਾ ਗੁਰੂ ਕਾ, ਮੁਕਤਸਰ ਤੋਂ ਬਾਬਾ ਸੁਰਿੰਦਰ ਸਿੰਘ ਅਤੇ ਬੁਢਲਾਡਾ ਹਲਕੇ ਤੋਂ ਬੀਬੀ ਸੁਰਜੀਤ ਕੌਰ ਬੱਲੂਆਣਾ ਨੂੰ ਉਮੀਦਵਾਰ ਬਣਾਇਆ ਗਿਆ ਹੈ।

# ਯੂਨਾਈਟਿਡ ਸਿੱਖਸ ਵਲੋਂ ਲਿਵਿੰਗਸਟਨ 'ਚ ਕਿਰਪਾਨ ਤੇ ਦਸਤਾਰ ਬਾਰੇ ਟਰੇਨਿੰਗ

**ਲਿਵਿੰਗਸਟਨ, ਕੈਲੀਫੋਰਨੀਆ:** ਮਨੁੱਖੀ ਅਧਿਕਾਰ ਜਥੇਬੰਦੀ ਯੂਨਾਈਟਿਡ ਸਿੱਖਸ ਦੇ ਵਾਲੰਟੀਅਰਾਂ ਨੇ ਇਥੇ 30 ਪੁਲਿਸ ਅਫਸਰਾਂ ਨੂੰ ਸਿੱਖ ਧਰਮ ਵਿਚ ਦਸਤਾਰ ਅਤੇ ਕਿਰਪਾਨ ਦੀ ਅਹਿਮੀਅਤ ਬਾਰੇ 4 ਘੰਟੇ ਦੀ ਟਰੇਨਿੰਗ ਦਿੱਤੀ। ਲਿਵਿੰਗਸਟਨ ਦੇ ਪੁਲਿਸ ਮੁਖੀ ਰਗ ਡਨਫੋਰਡ ਨੇ ਯੂਨਾਈਟਿਡ ਸਿੱਖਸ ਦੇ ਕੋਆਰਡੀਨੇਟਰਾਂ ਨਾਲ ਸੰਪਰਕ ਕੀਤਾ ਸੀ ਕਿ ਉਹ ਸਿੱਖਾਂ ਦੇ ਕਕਾਰਾਂ, ਦਸਤਾਰ ਅਤੇ ਹੋਰ ਸਿੱਖ ਰਵਾਇਤਾਂ ਬਾਰੇ ਖੁਦ ਅਤੇ ਆਪਣੇ ਪੁਲਿਸ ਅਫਸਰਾਂ ਲਈ ਟਰੇਨਿੰਗ ਹਾਸਲ ਕਰਨਾ ਚਾਹੁੰਦੇ ਹਨ। ਪੁਲਿਸ ਮੁਖੀ ਨੇ ਇਹ ਟਰੇਨਿੰਗ ਇਸ ਕਰਕੇ ਜ਼ਰੂਰੀ ਸਮਝੀ ਕਿ ਇਸ ਸ਼ਹਿਰ ਵਿਚ ਵਸੋਂ ਦਾ 20 ਫੀਸਦੀ ਸਿੱਖ ਹਨ।




ਪੁਲਿਸ ਮੁਖੀ ਦੇ ਇਸ ਸੱਦੇ ਦੇ ਹੁੰਗਾਰੇ ਵਜੋਂ 16 ਜੂਨ ਨੂੰ ਯੂਨਾਈਟਿਡ ਸਿੱਖਸ ਦੀ ਟੀਮ ਜਿਸ ਵਿਚ ਕੈਲੀਫੋਰਨੀਆ ਦੇ ਡਾਇਰੈਕਟਰ ਕਸ਼ਮੀਰ ਸਿੰਘ, ਕੋਆਰਡੀਨੇਟਰ ਮੋਹਨੀ ਕੌਰ, ਵਾਲੰਟੀਅਰ ਜਪਨੀਤ ਕੌਰ ਅਤੇ ਕੁਝ ਹੋਰ ਸਿੱਖ ਸ਼ਾਮਲ ਸਨ, ਪੁਲਿਸ ਹੈਡ ਕੁਆਰਟਰ ਪਹੁੰਚੀ ਜਿਥੇ ਪੁਲਿਸ ਮੁਖੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪੁਲਿਸ ਅਫਸਰਾਂ ਨੇ ਇਸ ਟੀਮ ਤੋਂ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਦਸਤਾਰ ਅਤੇ ਕਕਾਰਾਂ ਦੀ ਮਹੱਤਤਾ ਬਾਰੇ ਜਾਣਕਾਰੀ ਹਾਸਲ ਕੀਤੀ। ਪੁਲਿਸ ਅਫਸਰਾਂ ਨੇ ਕਈ ਸਵਾਲ ਵੀ ਪੁੱਛੇ ਜਿਨ੍ਹਾਂ ਦਾ ਜਵਾਬ ਵਾਲੰਟੀਅਰਾਂ ਨੇ ਤਸੱਲੀਬਖ਼ਸ਼ ਦਿੱਤਾ।

9/11 ਦੇ ਹਮਲਿਆਂ ਬਾਅਦ ਸਿੱਖਾਂ ਦੀ ਪਹਿਚਾਣ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਖੜ੍ਹੇ ਹੋਣ ਕਾਰਨ ਉਨ੍ਹਾਂ ਨੂੰ ਨਸਲੀ ਨਫਰਤ ਦਾ ਸ਼ਿਕਾਰ ਹੋਣਾ ਪਿਆ। ਇਸੇ ਨੂੰ ਮੁੱਖ ਰੱਖ ਕੇ ਵੱਖ ਵੱਖ ਸ਼ਹਿਰਾਂ ਦੀ ਪੁਲਿਸ ਸਿੱਖ ਭਾਈਚਾਰੇ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਵਿਚ ਹੈ। ਪੁਲਿਸ ਮੁਖੀ ਨੇ ਇਸ ਟਰੇਨਿੰਗ ਲਈ ਯੂਨਾਈਟਿਡ ਸਿੱਖਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਹੋਰਨਾਂ ਸ਼ਹਿਰਾਂ ਦੀ ਪੁਲਿਸ ਲਈ ਵੀ ਅਜਿਹੀ ਟਰੇਨਿੰਗ ਦੀ ਸਿਫਾਰਸ਼ ਕਰਨਗੇ। ਇਸ ਮੌਕੇ ਇਕ ਸਥਾਨਕ ਸਿੱਖ ਬੂਟਾ ਸਿੰਘ ਨੇ ਵਾਲੰਟੀਅਰਾਂ ਅਤੇ ਸਿੱਖ ਅਫਸਰਾਂ ਨੂੰ ਲੰਗਰ ਛਕਾਇਆ।

# ਗੁਰਦੁਆਰਾ ਫੇਅਰਫੀਲਡ 'ਚ ਸ਼ਹੀਦੀ ਸਮਾਗਮ

**ਫੇਅਰਫੀਲਡ:** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਸਿੱਖ ਟੈਂਪਲ ਵਿਖੇ ਸੰਗਤਾਂ ਵਲੋਂ ਬੇਹੱਦ ਸ਼ਰਧਾ ਨਾਲ ਮਨਾਇਆ ਗਿਆ ਜਿਸ ਵਿਚ 2 ਹਜ਼ਾਰ ਤੋਂ ਵੀ ਵੱਧ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕੀਤੇ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਜੀਤ ਸਿੰਘ, ਅਮਰਜੀਤ ਸਿੰਘ ਅਤੇ ਹਰਿੰਦਰ ਸਿੰਘ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਸਾਹਿਬ ਅੰਗਰੇਜ ਸਿੰਘ ਨੇ ਗੁਰੂ ਅਰਜਨ ਪਾਤਸ਼ਾਹ ਦੇ ਜੀਵਨ ਅਤੇ ਸ਼ਹੀਦੀ ਬਾਰੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਕਿ ਕਿਵੇਂ ਸਤਿਗੁਰਾਂ ਨੇ ਆਪਣੀ ਸ਼ਹੀਦੀ ਦੇ ਕੇ ਸਿੱਖਾਂ ਨੂੰ "ਤੇਰਾ ਭਾਣਾ ਮੀਠਾ ਲਾਗੇ" ਦਾ ਸੁਨੇਹਾ ਦਿੱਤਾ। ਇੰਡੀਆ ਗਾਰਡਨ ਐਂਡ ਸਵੀਟਸ ਵਾਲੇਹੋ, ਬੰਬੇ ਪੈਲੇਸ ਫੇਅਰਫੀਲਡ ਅਤੇ ਪੰਜਾਬੀ ਢਾਬਾ ਡਿਕਸਨ ਵਾਲਿਆਂ ਨੇ ਅਲੱਗ ਅਲੱਗ ਤਰ੍ਹਾਂ ਦੇ ਪਕਵਾਨਾਂ ਨਾਲ ਸੰਗਤਾਂ ਦੀ ਭਰਪੂਰ ਸੇਵਾ ਕੀਤੀ।

ਗੁਰੂ ਮਹਾਰਾਜ ਦੇ ਪ੍ਰਕਾਸ਼ ਲਈ ਤਿਆਰ ਕੀਤੀ ਗਈ ਨਵੀਂ ਸੁੰਦਰ ਪਾਲਕੀ ਸੰਗਤਾਂ ਨੇ ਅਰਦਾਸ ਕਰਕੇ ਫੁੱਲਾਂ ਦੀ ਬਰਖਾ ਕਰਦਿਆਂ ਗੁਰੂ ਨੂੰ ਭੇਟ ਕੀਤੀ। ਇਸ ਮੌਕੇ ਸੰਗਤਾਂ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਸੀ। ਤੇਰੀ ਸਿੱਖੀ ਸੰਸਥਾ ਵਲੋਂ ਕਰਤਾਰਪੁਰ ਲਾਂਘੇ ਬਾਰੇ ਇਕ ਡਾਕੂਮੈਂਟਰੀ ਫਿਲਮ ਸੰਗਤਾਂ ਨੂੰ ਦਿਖਾਈ ਗਈ। ਇਸ ਮੌਕੇ ਸੁਰਿੰਦਰ ਸਿੰਘ ਧਨੋਆ, ਜਸਪਾਲ ਸਿੰਘ ਸੰਧੂ, ਬਲਬੀਰ ਸਿੰਘ ਐਮ ਏ, ਅਜੀਤ ਸਿੰਘ ਸੰਧੂ ਅਤੇ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਸਾਹਿਬ, ਡੇਰਾ ਬਾਬਾ ਨਾਨਕ ਤੋਂ ਗੁਰੂ ਨਾਨਕ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਵਾਲੇ ਨਗਰ ਵਿਚ ਬਣੇ ਗੁਰੂ ਘਰ ਕਰਤਾਰਪੁਰ ਸਾਹਿਬ ਲਈ ਲਾਂਘੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਗੁਰਦੁਆਰਾ ਸਾਹਿਬ ਵਿਚ ਜੁਲਾਈ ਮਹੀਨੇ ਲੱਗਣ ਵਾਲੇ ਬੱਚਿਆਂ ਦੇ ਗੁਰਮਤਿ ਕੈਂਪ ਲਈ ਰਜਿਸਟਰੇਸ਼ਨ ਵੀ ਕੀਤੀ ਗਈ ਜਿਸ ਵਿਚ ਸੌ ਤੋਂ ਵੱਧ ਬੱਚਿਆਂ ਨੇ ਆਪਣੇ ਨਾਂ ਦਰਜ ਕਰਵਾਏ। ਗੁਰੂ ਘਰ ਦੇ ਪ੍ਰਧਾਨ ਭਾਈ ਸਤਿੰਦਰਪਾਲ ਸਿੰਘ ਹੇਅਰ ਅਤੇ ਮੀਤ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੇ ਸਹਿਯੋਗ ਲਈ ਸੰਗਤਾਂ ਦਾ ਦਿਲੀ ਧੰਨਵਾਦ ਕੀਤਾ।






GHADAR MEMORIAL
FOUNDATION OF AMERICA
SACRAMENTO.CA
Presents
ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ
ਅਤੇ 10ਵਾਂ ਸੱਭਿਆਚਾਰਕ ਮੇਲਾ
10 ਜੁਲਾਈ 2010 ਦਿਨ ਸ਼ਨਿਵਾਰ ਨੂੰ ਸਵੇਰੇ 11 ਵਜੋਂ ਤੋਂ ਸ਼ਾਮ 7 ਵਜੇ ਤੱਕ
ਸਥਾਨ: Performing Art Center, Sheldon High School, 8333 Kingsbridge Dr., Sacramento CA 95829
Directions :- From hwy 99, Exit (289) Calvin Road, Left at Kingsbridge Rd, Performing Art Center on right
ਮੁੱਖ ਮਹਿਮਾਨ
ਸ.ਇਕਬਾਲ ਸਿੰਘ,
Lt. Governor of Puducherry, India
ਮੁੱਖ ਭਾਸ਼ਨ
ਕੁਲਦੀਪ ਨਈਅਰ
ਪੱਤਰਕਾਰ
ਸਾਬਕਾ ਰਾਜਦੂਤ ਯੂ.ਕੇ
ਉਦਘਾਟਨ ਕਾਨਫਰੰਸ
ਡਾਕਟਰ ਮਨਜੀਤ ਸਿੰਘ ਕੰਗ,
ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
ਬਹਿਸ ਦਾ ਆਰੰਭ (ਵਿਸ਼ੇਸ਼ ਮਹਿਮਾਨ)
ਪ੍ਰੋਫੈਸਰ ਗੁਰਭਜਨ ਸਿੰਘ ਗਿੱਲ
ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
ਪੇਪਰ ਪੇਸ਼ ਕਰਨਗੇ
ਪ੍ਰੋਫੈਸਰ ਸੁੱਚਾ ਸਿੰਘ ਗਿੱਲ
ਆਰਥਿਕ ਵਿਦਵਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਬਹਿਸ ਵਿਚ ਭਾਗ ਲੈਣਗੇ
ਡਾਕਟਰ ਪ੍ਰਿਥੀਪਾਲ ਸਿੰਘ ਸੋਹੀ
ਪ੍ਰੋਫੈਸਰ ਰਾਜਨੀਤਕ ਸ਼ਾਸਤਰ, ਗੌਰਮਿੰਟ ਕਾਲਜ, ਲੁਧਿਆਣਾ
ਕਾਨਫਰੰਸ ਦਾ ਵਿਸ਼ਾ : "ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਅਤੇ ਪੰਜਾਬ"
ਸੱਭਿਆਚਾਰਕ ਮੇਲਾ
Free Entry, Parking, Food and Tea!
ਦੇਸ਼ ਭਗਤ ਵਿਰਾਸਤ ਦਾ ਪੇਸ਼ਕਾਰ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਝੰਡਾ ਬਰਦਾਰ
ਪੰਜਾਬੀ ਲੋਕ ਗਾਇਕ ਸਰਬਜੀਤ ਚੀਮਾ
ਗੀਤ, ਸੰਗੀਤ ਪੇਸ਼ ਕਰਨਗੇ।
ਆਪ ਜੀ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕ ਕਮੇਟੀ ਦੇ ਹੇਠ ਲਿਖੇ ਮੈਂਬਰਾਂ ਨਾਲ ਸੰਪਰਕ ਕਰੋ
ਗੁਲਿੰਦਰ ਸਿੰਘ ਗਿੱਲ 916-844-5310
ਬਲਵਿੰਦਰ ਸਿੰਘ ਝੁਲਕੂ 916-289-5956
ਜਰਨੈਲ ਸਿੰਘ ਮੰਡੇਰ 916-698-4245
ਕੁਲਦੀਪ ਸਿੰਘ ਅਟਵਾਲ 209-769-4784
ਜਨਕ ਰਾਜ ਸਿੱਧਰਾ 916-607-9287
ਗੁਰਦੀਪ ਸਿੰਘ ਗਿੱਲ 916-862-5123
ਜਗਜੀਤ ਸਿੰਘ ਕੰਦੋਲਾ 916-968-0901
ਚਰਨ ਸਿੰਘ ਜੱਜ 916-256-5367
ਕੁਲਦੀਪ ਸਿੰਘ ਧਾਲੀਵਾਲ 916-320-1414



ਪਰਵਾਸੀ ਸਿੱਖਾਂ ਦੀਆਂ ਯਾਰੀਆਂ ਦੇ ਨਵੇਂ ਦਿਸਹੱਦੇ:ਸ. ਹਰਦਿਆਲ ਸਿੰਘ ਧਮੜੈਤ ਸਾਬਕਾ ਕੌਂਸਲਰ ਡਰਬੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰਾਨ ਨਾਲ

# ਗਦਰ ਇਤਿਹਾਸਕ ਸਮੂਹ ਵਲੋਂ ਸਭਿਆਚਾਰਕ ਪ੍ਰੋਗਰਾਮ

**ਹੇਵਰਡ, ਕੈਲੀਫੋਰਨੀਆ:** ਗਦਰ ਲਹਿਰ ਦੇ ਦੇਸ਼ ਭਗਤਾਂ ਨੂੰ ਸਮਰਪਿਤ ਜਥੇਬੰਦੀ ਅੰਤਰਰਾਸ਼ਟਰੀ ਗਦਰ ਇਤਿਹਾਸਕ ਸਮੂਹ ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਬੀਤੇ ਦਿਨੀਂ ਇਥੇ ਕਰਵਾਇਆ ਗਿਆ ਜਿਸ ਦੀ ਸਦਾਰਤ ਗੁਰਮੀਤ ਸਿੰਘ (ਭਾਰਤ ਤੋਂ), ਡਾ. ਮਹਿੰਦਰ ਸਿੰਘ ਮਦਾਨ, ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਪਰਮਜੀਤ ਸਿੰਘ ਨਾਮਧਾਰੀ ਅਤੇ ਸਰਬਜੀਤ ਸਿੰਘ ਤੂਰ ਨੇ ਕੀਤੀ। ਮੰਚ ਸੰਚਾਲਕ ਸਨ ਪ੍ਰਮਿੰਦਰ ਸਿੰਘ ਪਰਵਾਨਾ।

ਇਸ ਮੌਕੇ ਗਦਰ ਸਮੂਹ ਦਾ ਮਨੋਰਥ ਵਿਸਥਾਰ ਨਾਲ ਦੱਸਿਆ ਗਿਆ ਅਤੇ ਇਸ ਦੇ ਲੋਕ ਭਲਾਈ ਕੰਮ ਕਰਕੇ ਗਦਰ ਲਹਿਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਪ੍ਰੋਗਰਾਮ ਉਪਰ ਚਾਨਣਾ ਪਾਇਆ ਗਿਆ। ਸਮੂਹ ਦੇ ਮੋਢੀ ਮੈਂਬਰਾਂ ਜੋ ਕਿ ਗਦਰ ਲਹਿਰ ਦੇ ਦੇਸ਼ ਭਗਤਾਂ ਦੇ ਪਰਿਵਾਰਾਂ ਵਿਚੋਂ ਹਨ, ਨੂੰ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ। ਇਨ੍ਹਾਂ ਵਿਚ ਨਿਰਮਲ ਸਿੰਘ (ਚਾਰਲੀ ਚੀਮਾ), ਸੁਦੇਸ਼ ਸਿੰਘ ਅਟਵਾਲ ਅਤੇ ਹਰਭਜਨ ਸਿੰਘ ਸ਼ਾਮਲ ਸਨ ਜਿਨ੍ਹਾਂ ਨੇ ਕ੍ਰਮਵਾਰ ਬਾਬਾ ਕਰਮ ਸਿੰਘ ਚੀਮਾ, ਬਾਬਾ ਲਛਮਣ ਸਿੰਘ ਕੈਨੇਡੀਅਨ, ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਕਾਹਰੀ-ਸਾਹਰੀ ਬਾਰੇ ਯਾਦਾਂ ਸਾਂਝੀਆਂ ਕੀਤੀਆਂ।

ਸੰਸਥਾ ਦੇ ਸਕੱਤਰ ਸੁਖਦੇਵ ਸਿੰਘ ਮੁੰਡੀਆਂ ਨੇ ਇਸ ਦੀਆਂ ਪ੍ਰਾਪਤੀਆਂ ਅਤੇ ਇਸ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਜਿਨ੍ਹਾਂ ਵਿਚ ਭਾਈਚਾਰੇ ਦੇ ਮੈਂਬਰਾਂ ਨੂੰ ਘੱਟ ਆਮਦਨੀ ਹੋਣ 'ਤੇ ਅਪਾਰਟਮੈਂਟ ਦਿਵਾਉਣਾ, ਮੈਡੀਕਲ ਸਹੂਲਤ ਅਤੇ ਹੇਤੀ ਭੁਚਾਲ ਲਈ ਮਾਲੀ ਸਹਾਇਤਾ ਸ਼ਾਮਲ ਹਨ। ਸੰਸਥਾ ਨੇ ਮਸ਼ਹੂਰ ਫਨਕਾਰ ਸੁਲਤਾਨ ਅਖਤਰ ਨੂੰ 500 ਡਾਲਰ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਜਿਨ੍ਹਾਂ ਦੇ ਘਰ ਨੂੰ ਅੱਗ ਲੱਗ ਗਈ ਸੀ।

ਸ੍ਰੀ ਗੁਰਮੀਤ ਸਿੰਘ ਨੇ ਗਦਰ ਲਹਿਰ ਦੀ ਗੱਲ ਕਰਦਿਆਂ ਆਜ਼ਾਦੀ ਸੰਗਰਾਮ ਵਿਚ ਵੱਖ ਵੱਖ ਸੂਰਬੀਰਾਂ-ਦੇਸ਼ ਭਗਤਾਂ ਦੀ ਘਾਲਣਾ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਆਜ਼ਾਦੀ ਸੰਗਰਾਮ ਦੇ ਅਣਗੌਲੇ ਯੋਧਿਆਂ ਦਾ ਇਤਿਹਾਸ ਲਿਖਣ ਦੀ ਲੋੜ ਹੈ। ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਨੇ ਇਕ ਸ਼ੇਅਰ ਬੋਲਦਿਆਂ ਕਿਹਾ ਕਿ ਉਹੀ ਕੌਮਾਂ ਤਰੱਕੀ ਕਰਦੀਆਂ ਹਨ ਜੋ ਇਤਿਹਾਸ ਤੋਂ ਸਿੱਖ ਕੇ ਅੱਗੇ ਤੁਰਦੀਆਂ ਹਨ। ਮਹਿੰਦਰ ਸਿੰਘ ਮਦਾਨ ਨੇ ਅਜੋਕੀ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਗੱਲ ਕੀਤੀ ਅਤੇ ਕਿਹਾ ਕਿ ਗਦਰ ਸਮੂਹ ਦੇ ਵਰਕਰ ਵਧਾਈ ਦੇ ਪਾਤਰ ਹਨ। ਸ਼ਾਇਰ ਜਸ ਫਿਜ਼ਾ ਨੇ ਆਖਿਆ ਕਿ ਸਮੂਹ ਦਾ ਕੰਮ ਕਰਨ ਦਾ ਤਰੀਕਾ ਵੱਖਰਾ ਹੈ ਜਿਸ ਰਾਹੀਂ ਲੋਕਾਂ ਤੱਕ ਗਦਰ ਦਾ ਸੰਦੇਸ਼ ਪਹੁੰਚ ਰਿਹਾ ਹੈ। ਹਰਦੀਪ ਸਿੰਘ ਨਾਮਧਾਰੀ ਨੇ ਆਜ਼ਾਦੀ ਦੀ ਜੰਗ ਵਿਚ ਨਾਮਧਾਰੀ ਲਹਿਰ ਵਲੋਂ ਪਾਏ ਗਏ ਯੋਗਦਾਨ ਦੀ ਗੱਲ ਕੀਤੀ।





ਇਸ ਮੌਕੇ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਸ਼ਾਇਰ ਕਮਲ ਬੰਗਾ ਦੀ ਪੁਸਤਕ 'ਹਵਾ ਦੇ ਰੰਗ' ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਨੇ ਰਿਲੀਜ਼ ਕੀਤੀ ਜਦੋਂਕਿ ਦੂਜੀ ਪੁਸਤਕ ਸੁਲਤਾਨ ਅਖਤਰ ਅਤੇ ਨਿਰਵੈਰ ਸਿੰਘ ਮਾਲ੍ਹਪੁਰੀ ਦੇ ਸਾਂਝੇ ਉਦਮ ਨਾਲ ਤਿਆਰ ਹੋਈ 'ਵਤਨ ਪਿਆਰੇ ਲਈ' ਬਿਜਨਸਮੈਨ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕ) ਨੇ ਰਿਲੀਜ਼ ਕੀਤੀ।


ਗਿੱਧਾ ਮੁਟਿਆਰਾਂ ਦਾ ਗਰੁਪ ਦੀਆਂ ਬੱਚੀਆਂ ਨੇ ਗਿੱਧਾ ਪੇਸ਼ ਕਰਕੇ ਸਰੋਤਿਆਂ ਦਾ ਮਨੋਰੰਜਨ ਕੀਤਾ ਜਦੋਂਕਿ ਕੁਝ ਬੱਚੀਆਂ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਸੁਲਤਾਨ ਅਖਤਰ ਦੇ ਗਰੁਪ, ਦਰਸ਼ਨ ਸਿੰਘ ਔਜਲਾ ਅਤੇ ਕਲਾਸੀਕਲ ਗਾਇਕ ਹਰਜਿੰਦਰ ਸਿੰਘ ਨੇ ਗਦਰ ਲਹਿਰ ਨੂੰ ਸਮਰਪਿਤ ਸਭਿਆਚਾਰਕ ਗੀਤ ਪੇਸ਼ ਕੀਤੇ। ਗਾਇਕ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਬਾਬਾ ਜੀ ਸ. ਤਾਰਾ ਸਿੰਘ ਇਕ ਸੁਤੰਤਰਤਾ ਸੰਗਰਾਮੀ ਸਨ ਜਿਨ੍ਹਾਂ ਨੇ ਜੈਤੋ ਦੇ ਮੋਰਚੇ ਵਿਚ ਸ਼ਹੀਦੀ ਪਾਈ।

ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਆ ਗਿਆ। ਇਕ ਪੁਸਤਕ ਪ੍ਰਦਰਸ਼ਨੀ ਵੀ ਇਸ ਮੌਕੇ ਲਾਈ ਗਈ। ਇਕ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਹਿੰਮਤ ਸਿੰਘ ਹਿੰਮਤ, ਨੀਲਮ ਸੈਣੀ, ਜੱਸ ਫਿਜ਼ਾ, ਕਮਲ ਬੰਗਾ, ਜੋਗਿੰਦਰ ਸਿੰਘ ਨਾਮਧਾਰੀ, ਦਵਿੰਦਰ ਸਿੰਘ ਨਾਮਧਾਰੀ, ਪ੍ਰਮਿੰਦਰ ਸਿੰਘ ਪਰਵਾਨਾ, ਭੁਜੰਗੀ ਕਰਤਾਰ ਸਿੰਘ, ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਅਤੇ ਮਾਸਟਰ ਡੀ ਪੀ ਨਰ ਰੈਂਕੋ ਨੇ ਹਿੱਸਾ ਲਿਆ।



# ਕੁਲਦੀਪ ਨਈਅਰ ਵਲੋਂ ਗਦਰ ਲਹਿਰ ਦਾ ਸੁਨੇਹਾ ਵੰਡਣ ਲਈ ਮੁਹਿੰਮ ਵਿੱਢਣ ਦਾ ਸੱਦਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** "ਇਹ ਸੱਚ ਹੈ ਕਿ ਭਾਰਤ ਦੇ ਸਾਰੇ ਹਾਕਮਾਂ ਅਤੇ ਹੁਕਮਰਾਨ ਪਾਰਟੀਆਂ ਨੇ ਭਾਰਤ ਦੀ ਆਜ਼ਾਦੀ ਵਿਚ ਜਾਨਾਂ ਵਾਰਨ ਵਾਲੇ ਦੇਸ਼ ਭਗਤ ਗਦਰੀ ਬਾਬਿਆਂ ਦੇ ਸੁਨੇਹੇ ਨੂੰ ਦੇਸ਼ ਵਾਸੀਆਂ ਤੱਕ ਪਹੁੰਚਦੇ ਕਰਨ ਲਈ ਅਵੇਸਲਾਪਨ ਹੀ ਨਹੀਂ ਦਿਖਾਇਆ ਬਲਕਿ ਜਾਣ-ਬੁੱਝ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਪਾਇਆ। ਇਹੋ ਕਾਰਨ ਹੈ ਕਿ ਅੱਜ ਬਹੁਤ ਸਾਰੇ ਭਾਰਤੀ ਅਤੇ ਪੰਜਾਬੀ ਆਪਣੇ ਇਨ੍ਹਾਂ ਮਹਿਬੂਬ ਦੇਸ਼ ਭਗਤਾਂ ਦੇ ਵਿਚਾਰਾਂ ਤੋਂ ਕੋਰੇ ਹਨ।" ਇਹ ਵਿਚਾਰ ਉਘੇ ਪੱਤਰਕਾਰ ਅਤੇ ਇੰਗਲੈਂਡ ਵਿਚ ਸਾਬਕਾ ਰਾਜਦੂਤ ਸ੍ਰੀ ਕੁਲਦੀਪ ਨਈਅਰ ਨੇ ਇਕ ਪੰਜਾਬੀ ਟੀ ਵੀ ਚੈਨਲ ਨਾਲ ਮੁਲਾਕਾਤ ਦੌਰਾਨ ਪ੍ਰਗਟਾਏ। ਸ੍ਰੀ ਨਈਅਰ ਆਉਂਦੀ 10 ਜੁਲਾਈ ਨੂੰ ਇਥੇ ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਕਰਵਾਈ ਜਾ ਰਹੀ ਪੰਜਾਬੀ ਕਾਨਫਰੰਸ ਵਿਚ ਮੁੱਖ ਭਾਸ਼ਣ ਦੇਣ ਲਈ ਪਹੁੰਚ ਰਹੇ ਹਨ।



ਕੁਲਦੀਪ ਨਈਅਰ

ਸ੍ਰੀ ਨਈਅਰ ਨੇ ਆਖਿਆ ਕਿ ਮੈਂ ਇਸ ਕਾਨਫਰੰਸ ਵਿਚ ਸ਼ਰੀਕ ਹੋਣ ਲਈ ਇਸ ਕਰਕੇ ਆ ਰਿਹਾ ਹਾਂ ਤਾਂ ਜੋ ਜਿਸ ਸ਼ਹਿਰ ਸੈਕਰਾਮੈਂਟੋ ਤੋਂ ਗਦਰੀ ਬਾਬਿਆਂ ਨੇ ਭਾਰਤ ਦੀ ਆਜ਼ਾਦੀ ਦਾ ਬਿਗਲ ਵਜਾਇਆ ਸੀ, ਉਸੇ ਸ਼ਹਿਰ ਤੋਂ ਗਦਰ ਲਹਿਰ ਦੇ ਸੁਨੇਹੇ ਨੂੰ ਭਾਰਤੀਆਂ ਤੱਕ ਪੁਜਦਾ ਕਰਨ ਲਈ 10 ਜੁਲਾਈ ਤੋਂ ਇਕ ਮੁਹਿੰਮ ਵਿੱਢੀ ਜਾ ਸਕੇ। ਮੈਂ ਚਾਹੁੰਦਾ ਹਾਂ ਕਿ ਗਦਰ ਲਹਿਰ ਦੇ ਸੁਨੇਹੇ ਲਈ 10 ਜੁਲਾਈ ਨੂੰ ਇਕ ਕੌਮਾਂਤਰੀ ਮੁਹਿੰਮ ਸ਼ੁਰੂ ਕੀਤੀ ਜਾਏ।


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com





ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ



# ਧਾਰਮਿਕ ਫਿਲਮ 'ਗੁਰੂ ਮਾਨਿਓ ਗ੍ਰੰਥ' ਦੀ ਸ਼ੂਟਿੰਗ ਮੁਕੰਮਲ

**ਸੈਨ ਹੋਜ਼ੇ:** ਉਘੇ ਵਕੀਲ ਸ੍ਰੀ ਜਸਪ੍ਰੀਤ ਸਿੰਘ ਵਲੋਂ ਬਣਾਈ ਜਾ ਰਹੀ ਫਿਲਮ 'ਗੁਰੂ ਮਾਨਿਓ ਗ੍ਰੰਥ' ਦੀ ਆਖਰੀ ਪੜਾਅ ਦੀ ਸ਼ੂਟਿੰਗ ਪਿਛਲੇ ਦਿਨੀਂ ਇਥੇ ਸਫਲਤਾ ਨਾਲ ਮੁਕੰਮਲ ਹੋਈ। ਫਿਲਮ ਦੇ ਨਿਰਮਾਤਾ ਸ੍ਰੀ ਜਸਪ੍ਰੀਤ ਸਿੰਘ ਅਨੁਸਾਰ ਇਸ ਫਿਲਮ ਦਾ ਮਨੋਰਥ ਨੌਜਵਾਨ ਪੀੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਹੈ ਅਤੇ ਇਸ ਵਿਚ ਪਖੰਡੀ ਬਾਬਿਆਂ ਦਾ ਪਰਦਾ ਫਾਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ।

ਫਿਲਮ ਦੇ ਆਖਰੀ ਪੜਾਅ ਦੀ ਸ਼ੂਟਿੰਗ ਇਥੇ ਉਘੇ ਬਿਜਨਸਮੈਨ ਸ. ਪ੍ਰੀਤਮ ਸਿੰਘ ਗਰੇਵਾਲ ਦੇ ਘਰ ਵਿਚ ਕੀਤੀ ਗਈ। ਫਿਲਮ ਦਾ ਨਿਰਦੇਸ਼ਨ ਬਲਜੀਵਨ ਨੇ ਕੀਤਾ ਹੈ। ਸ. ਪ੍ਰੀਤਮ ਸਿੰਘ ਗਰੇਵਾਲ ਨੇ ਵੀ ਇਸ ਫਿਲਮ ਵਿਚ ਭੂਮਿਕਾ ਨਿਭਾਈ ਹੈ। ਸ਼ੂਟਿੰਗ ਵਿਚ ਜਿਹੜੇ ਹੋਰ ਕਲਾਕਾਰਾਂ ਨੇ ਹਿੱਸਾ ਲਿਆ ਉਨ੍ਹਾਂ ਵਿਚ ਜਸਪ੍ਰੀਤ ਸਿੰਘ, ਬਲਜੀਵਨ, ਇੰਦਰਜੀਤ ਸਿੰਘ ਬੱਲੂ, ਗੁਰਮੁਖ ਸਿੰਘ ਭੁੱਲਰ, ਪ੍ਰਦੀਪ ਬਾਤਿਸ਼, ਜਤਿੰਦਰ ਜਰਗੀਆ, ਗੁਰਨਾਮ ਸਿੰਘ ਔਜਲਾ, ਵਿਕਰਮ ਪਾਸੀ, ਮਾਲਾ ਸੇਠੀ, ਨਰਿੰਦਰਪਾਲ ਸਿੰਘ ਹੁੰਦਲ, ਦਲਵੀਰ ਸਿੰਘ ਦਿਲ ਨਿਜਰ, ਰਾਜੂ ਅਤੇ ਪੋਪੀ ਦੇ ਨਾਂ ਸ਼ਾਮਲ ਹਨ। ਸੁਪਰ ਸਟਾਰ ਧਰਮਿੰਦਰ ਨੇ ਵੀ ਇਸ ਫਿਲਮ ਵਿਚ ਕੰਮ ਕੀਤਾ ਹੈ ਅਤੇ ਉਹ ਕਰੀਬ ਵੀਹ ਸਾਲ ਪਿਛੋਂ ਕਿਸੇ ਪੰਜਾਬੀ ਫਿਲਮ ਵਿਚ ਨਜ਼ਰ ਆਉਣਗੇ। ਧਰਮਿੰਦਰ ਅਤੇ ਸੰਨੀ ਦਿਓਲ ਨੇ ਆਪਣੇ ਕਾਨੂੰਨੀ ਸਲਾਹਕਾਰ ਅਤੇ ਮਿੱਤਰ ਜਸਪ੍ਰੀਤ ਸਿੰਘ ਨੂੰ ਫਿਲਮ ਦੀ ਸ਼ੂਟਿੰਗ ਮੁਕੰਮਲ ਹੋਣ 'ਤੇ ਵਧਾਈ ਦਿੱਤੀ ਹੈ। ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਸੰਨੀ ਦਿਓਲ ਨੇ ਤਾਂ ਹਾਸੇ ਵਿਚ ਇਹ ਵੀ ਕਿਹਾ ਕਿ ਸਾਡਾ ਮਿੱਤਰ ਜਸਪ੍ਰੀਤ ਸਿੰਘ ਪ੍ਰੋਡਿਊਸਰ ਬਣ ਗਿਆ ਹੈ, ਲੱਗਦਾ ਹੈ ਭਵਿੱਖ ਵਿਚ ਮੈਨੂੰ ਵੀ ਗੁਰੂ ਮਾਨਿਓ ਗ੍ਰੰਥ ਦੀ ਟੀਮ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ।

## ਜਸਵੰਤ ਮੁੜ ਭਾਜਪਾ 'ਚ

**ਨਵੀਂ ਦਿੱਲੀ:** ਮੁਹੰਮਦ ਅਲੀ ਜਿਨਾਹ ਬਾਰੇ ਕਿਤਾਬ ਲਿਖਣ ਕਾਰਨ ਭਾਜਪਾ 'ਚੋਂ ਕੱਢੇ ਗਏ ਜਸਵੰਤ ਸਿੰਘ 9 ਮਹੀਨੇ ਬਾਅਦ ਮੁੜ ਪਾਰਟੀ 'ਚ ਸ਼ਾਮਲ ਹੋ ਗਏ। ਭਾਜਪਾ 'ਚ ਸ਼ਾਮਲ ਹੋਣ ਦੇ ਐਲਾਨ ਲਈ ਇਕ ਪ੍ਰੋਗਰਾਮ ਦੌਰਾਨ ਜਸਵੰਤ ਸਿੰਘ ਨੇ ਕਿਹਾ, "ਜਾਣੀ-ਪਹਿਚਾਣੀ ਜਗ੍ਹਾ 'ਤੇ ਵਾਪਸ ਆਉਣਾ ਚੰਗਾ ਲੱਗ ਰਿਹਾ ਹੈ ਅਤੇ ਮੈਂ ਇਸ ਦਿਸ਼ਾ 'ਚ ਪਹਿਲਕਦਮੀ ਕਰਨ ਵਾਲੇ ਸ੍ਰੀ ਅਡਵਾਨੀ ਦਾ ਧੰਨਵਾਦ ਕਰਦਾ ਹਾਂ।" ਜਸਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਜਿਸ ਹਾਲਾਤ ਦਾ ਸਾਹਮਣਾ ਕੀਤਾ, ਉਸ ਨਾਲ ਉਹ ਅਪਮਾਨਤ ਮਹਿਸੂਸ ਕਰ ਰਹੇ ਸਨ।

# ਨਿੱਕੀ ਹੇਲੀ ਪ੍ਰਤੀ ਨਸਲੀ ਟਿੱਪਣੀ ਦੀ ਸਖ਼ਤ ਆਲੋਚਨਾ

**ਨਿਊ ਯਾਰਕ:** ਸਾਊਥ ਕੈਰੋਲਾਈਨਾ ਦੇ ਸੈਨੇਟਰ ਜੌਹਨ ਐਮ ਨੌਟਸ ਜੂਨੀਅਰ ਵਲੋਂ ਲੰਘੀ 4 ਜੂਨ ਨੂੰ ਇੰਟਰਨੈਟ ਉਤੇ ਇਕ ਸਿਆਸੀ ਟਾਕ ਸ਼ੋਅ ਦੌਰਾਨ ਸਟੇਟ ਪ੍ਰਤੀਨਿਧ ਅਤੇ ਸਾਊਥ ਕੈਰੋਲਾਈਨਾ ਦੇ ਗਵਰਨਰ ਲਈ ਉਮੀਦਵਾਰ ਨਿੱਕੀ ਹੇਲੀ ਲਈ ਵਾਰ ਵਾਰ ਸ਼ਬਦ 'ਰੈਗਹੈਡ' (ਪੰਜਾਬੀ ਵਿਚ ਸਿੱਧੇ ਅਰਥ ਜੁੰਡਲ) ਵਰਤੇ ਜਾਣ ਤੋਂ ਸਿੱਖ ਅਤੇ ਮੁਸਲਿਮ ਭਾਈਚਾਰਾ ਬੇਹੱਦ ਖਫਾ ਹੈ। ਦੋਹਾਂ ਭਾਈਚਾਰਿਆਂ ਨੇ ਇਨ੍ਹਾਂ ਸ਼ਬਦਾਂ ਨੂੰ ਆਪਣੀ ਜਮੀਰ ਲਈ ਵੰਗਾਰ ਵਜੋਂ ਲਿਆ ਹੈ। ਬੀਬੀ ਹੇਲੀ ਸਿੱਖਾਂ ਦੇ ਘਰ ਜਨਮੀ ਅਤੇ ਬਾਅਦ ਵਿਚ ਉਸ ਨੇ 24 ਸਾਲ ਦੀ ਉਮਰ ਵਿਚ ਇਸਾਈ ਧਰਮ ਗ੍ਰਹਿਣ ਕਰ ਲਿਆ। ਨਸਲੀ ਨਫਰਤ ਭਰੇ ਇਹ ਸ਼ਬਦ ਬੀਬੀ ਹੇਲੀ ਦਾ ਮੌਜੂ ਉਡਾਉਣ ਲਈ ਗਵਰਨਰ ਲਈ ਨਾਮਜ਼ਦਗੀ ਦੀ ਚੱਲ ਰਹੀ ਦੌੜ ਦੌਰਾਨ ਵਰਤੇ ਗਏ। ਬੀਬੀ ਹੇਲੀ ਇਹ ਨਾਮਜ਼ਦਗੀ ਹਾਸਲ ਕਰ ਚੁਕੀ ਹੈ।

ਇਸ ਨਸਲੀ ਟਿੱਪਣੀ ਦਾ ਸਖ਼ਤ ਨੋਟਿਸ ਲੈਂਦਿਆਂ ਯੂਨਾਈਟਿਡ ਸਿੱਖਸ ਨਾਂ ਦੀ ਜਥੇਬੰਦੀ ਨੇ ਸਾਊਥ ਕੈਰੋਲਾਈਨਾ ਦੇ ਸੈਨੇਟਰ ਨੌਟਸ ਦੇ ਅਸਤੀਫੇ ਦੀ ਮੰਗ ਕਰਦਿਆਂ ਉਨ੍ਹਾਂ ਵਿਰੁਧ ਹੇਟ ਕਰਾਈਮ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਯੂਨਾਈਟਿਡ ਸਿੱਖਸ ਦੇ ਅਟਾਰਨੀ ਹੰਸਦੀਪ ਸਿੰਘ ਨੇ ਇਥੇ ਜਾਰੀ ਇਕ ਬਿਆਨ ਵਿਚ ਆਖਿਆ ਹੈ ਕਿ ਸੈਨੇਟਰ ਨੌਟਸ ਦੇ ਆਪਣੇ ਸ਼ਬਦ ਬਾਹਰੀ ਧਾਰਮਕ ਪਛਾਣ ਪ੍ਰਤੀ ਗੁੱਸੇ ਅਤੇ ਬੇਭਰੋਸਗੀ ਦੀ ਭਾਵਨਾ ਦਾ ਇਜ਼ਹਾਰ ਕਰਦੇ ਹਨ, ਖਾਸ ਕਰਕੇ ਉਸ ਵਕਤ ਜਦੋਂਕਿ ਉਹ ਇਕ ਭੁਲੇਖੇ ਅਧੀਨ ਇਕ ਧਾਰਮਿਕ ਗਰੁਪ ਉਤੇ ਹਮਲਾ ਕਰ ਰਹੇ ਹਨ। ਇਹ ਗੱਲ ਇਸ ਤੋਂ ਸਪਸ਼ਟ ਹੈ ਕਿ ਸੈਨੇਟਰ ਨੌਟਸ ਆਪਣੀ ਨਫਰਤ ਦਾ ਨਿਸ਼ਾਨਾ ਤਾਂ ਮੁਸਲਿਮ ਦਹਿਸ਼ਤਪਸੰਦਾਂ ਨੂੰ ਬਣਾਉਣਾ ਚਾਹੁੰਦੇ ਹਨ ਪਰ ਉਹ ਜ਼ਿਕਰ ਕਰ ਰਹੇ ਹਨ ਹੇਲੀ ਦੇ ਦਸਤਾਰਧਾਰੀ ਪਿਤਾ ਦਾ।

ਸ਼ਬਦ ਰੈਗਹੈਡ ਬਾਰੇ ਜਿਹੜੀ ਗੱਲ ਇਤਰਾਜ਼ਯੋਗ ਹੈ ਉਹ ਇਹ ਹੈ ਕਿ ਇਹ ਸ਼ਬਦ 9/11 ਦੇ ਹਮਲਿਆਂ ਤੋਂ ਬਾਅਦ ਉਨ੍ਹਾਂ ਲੋਕਾਂ ਲਈ ਨਫਰਤ ਪ੍ਰਗਟਾਉਣ ਲਈ ਵਰਤਿਆ ਜਾਣ ਲੱਗਾ ਹੈ ਜੋ ਆਪਣਾ ਸਿਰ ਢਕਦੇ ਹਨ। ਸਤੰਬਰ 11 ਤੋਂ ਬਾਅਦ ਵਾਪਰੀਆਂ ਘਟਨਾਵਾਂ ਵਿਚ ਵੀ ਬਲਬੀਰ ਸਿੰਘ ਸੋਢੀ ਨਾਂ ਦੇ ਇਕ ਸਿੱਖ ਨੂੰ ਨਫਰਤ ਵਿਚ ਕਮਲੇ ਹੋਏ ਇਕ ਗੋਰੇ ਨੇ ਮਾਰ ਦਿੱਤਾ ਸੀ। ਇਹ ਗੋਰਾ ਹਮਲੇ ਤੋਂ ਕੁਝ ਹੀ ਸਮਾਂ ਪਹਿਲਾਂ ਇਕ ਬਾਰ ਵਿਚੋਂ ਇਹ ਕਹਿੰਦਾ ਨਿਕਲਿਆ ਸੀ ਕਿ ਉਹ ਸਾਰੇ ਰੈਗਹੈਡ ਲੋਕਾਂ ਨੂੰ ਖਤਮ ਕਰ ਦੇਵੇਗਾ।

ਜਥੇਬੰਦੀ ਨੇ ਕਿਹਾ ਹੈ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਨਸਲੀ ਨਫਰਤ ਦਿਖਾਉਣ ਲਈ ਕਿਸੇ ਘੱਟਗਿਣਤੀ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਅਜਿਹਾ ਯਹੂਦੀਆਂ ਦੇ ਮਾਮਲਿਆਂ ਵਿਚ ਹੋਇਆ ਹੈ। ਅਮਰੀਕਾ ਵਿਚ ਕਾਲੇ ਲੋਕਾਂ ਲਈ ਨਫਰਤ ਭਰੇ ਸ਼ਬਦ ਵਰਤੇ ਜਾਂਦੇ ਹਨ ਪਰ ਕੁਝ ਲੋਕਾਂ ਦੇ ਕਾਰਿਆਂ ਕਰਕੇ ਇਕ ਸਮੁੱਚੇ ਘੱਟਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਜਮਹੂਰੀਅਤ ਨੂੰ ਗਾਲ ਵਰਗੀ ਗੱਲ ਹੈ। ਜਥੇਬੰਦੀ ਨੇ ਸਾਊਥ ਕੈਰੋਲਾਈਨਾ ਰਿਪਬਲੀਕਨ ਪਾਰਟੀ, ਸਾਊਥ ਕੈਰੋਲਾਈਨਾ ਡੈਮੋਕਰੈਟ ਪਾਰਟੀ, ਗਵਰਨਰ ਦੇ ਅਹੁਦੇ ਲਈ ਉਮੀਦਵਾਰ ਬੀਬੀ ਨਿੱਕੀ ਹੇਲੀ ਅਤੇ ਵਿਨਸੈਂਟ ਸ਼ੀਹਾਨ ਤੋਂ ਇਲਾਵਾ ਖੁਦ ਸੈਨੇਟਰ ਨੌਟਸ ਨੂੰ ਪੱਤਰ ਲਿਖ ਕੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ। ਪੱਤਰ ਵਿਚ ਸੈਨੇਟ ਵਿਚ ਨਸਲੀ ਨਫਰਤ ਵਿਰੁਧ ਬਿਲ ਲਿਆਉਣ ਦੀ ਮੰਗ ਵੀ ਕੀਤੀ ਗਈ ਹੈ।






# ਬ੍ਰਾਜ਼ੀਲ, ਜਰਮਨੀ, ਸਪੇਨ, ਅਰਜਨਟੀਨਾ, ਨੀਦਰਲੈਂਡ, ਉਰੂਗੋਏ, ਪੈਰਾਗੂਏ ਤੇ ਘਾਨਾ ਕੁਆਟਰ ਫਾਈਨਲ 'ਚ

**ਪ੍ਰੀਟੋਰੀਆ:** ਬ੍ਰਾਜ਼ੀਲ, ਜਰਮਨੀ, ਸਪੇਨ, ਅਰਜਨਟੀਨਾ, ਨੀਦਰਲੈਂਡ, ਉਰੂਗੋਏ, ਪੈਰਾਗੂਏ ਤੇ ਘਾਨਾ ਵਿਸ਼ਵ ਕੱਪ ਫੁੱਟਬਾਲ ਦੇ ਕੁਆਟਰ ਫਾਈਨਲ 'ਚ ਪਹੁੰਚ ਗਏ ਹਨ। ਹੁਣ ਨੀਦਰਲੈਂਡ 2 ਜੁਲਾਈ ਨੂੰ ਬ੍ਰਾਜ਼ੀਲ ਨਾਲ, ਉਰੂਗੋਏ 3 ਜੁਲਾਈ ਨੂੰ ਘਾਨਾ ਨਾਲ, ਅਰਜਨਟੀਨੀ 3 ਜੁਲਾਈ ਨੂੰ ਜਰਮਨੀ ਨਾਲ ਤੇ ਪੈਰਾਗੂਏ 4 ਜੁਲਾਈ ਨੂੰ ਸਪੇਨ ਨਾਲ ਕੁਆਟਰ ਫਾਈਨਲ 'ਚ ਭਿੜਨਗੇ। ਬ੍ਰਾਜ਼ੀਲ ਨੇ ਚਿੱਲੀ ਨੂੰ 3-0 ਨਾਲ, ਜਰਮਨੀ ਨੇ ਇੰਗਲੈਂਡ ਨੂੰ 4-1 ਨਾਲ, ਸਪੇਨ ਨੇ ਪੁਰਤਗਾਲ ਨੂੰ 1-0 ਨਾਲ, ਅਰਜਨਟੀਨਾ ਮੈਕਸੀਕੋ ਨੂੰ 3-1 ਨਾਲ, ਨੀਦਰਲੈਂਡ ਨੇ ਸਲੋਵਾਕੀਆ ਨੂੰ, ਉਰੂਗੋਏ ਨੇ ਦੱਖਣੀ ਕੋਰੀਆ ਨੂੰ 2-1 ਨਾਲ, ਪੈਰਾਗੂਏ ਨੇ ਜਾਪਾਨ ਨੂੰ 5-4 ਨਾਲ ਤੇ ਘਾਨਾ ਨੇ ਅਮਰੀਕਾ ਨੂੰ 2-1 ਨਾਲ ਹਰਾ ਕੇ ਕੁਆਟਰ ਫਾਈਨਲ 'ਚ ਦਾਖ਼ਲਾ ਪਾਇਆ ਹੈ।

ਪੈਰਾਗੂਏ ਤੇ ਜਾਪਾਨ 'ਚ ਖੇਡੇ ਗਏ ਮੈਚ ਦੌਰਾਨ ਜਾਪਾਨ ਨੂੰ ਹਰਾ ਕੇ ਪੈਰਾਗੂਏ ਕੁਆਰਟਰ ਫਾਈਨਲ 'ਚ ਪੁੱਜ ਗਿਆ। ਮੈਚ ਦੇ ਪੂਰੇ ਸਮੇਂ ਦੌਰਾਨ ਦੋਵਾਂ 'ਚੋਂ ਕੋਈ ਵੀ ਟੀਮ ਗੋਲ ਨਾ ਕਰ ਸਕੀ ਤੇ ਮੈਚ ਦਾ ਫੈਸਲਾ ਪੈਨਲਟੀ ਸ਼ੂਟ ਆਊਟ ਰਾਹੀਂ ਕੀਤਾ ਗਿਆ। ਪੈਨਲਟੀ ਰਾਹੀਂ ਮਿਲੇ ਪੰਜ ਮੌਕਿਆਂ 'ਤੇ ਪੈਰਾਗੂਏ ਦੇ ਖਿਡਾਰੀ ਗੋਲ ਕਰਨ 'ਚ ਸਫਲ ਰਹੇ ਜਦੋਂਕਿ ਜਾਪਾਨ ਨੇ ਇੱਕ ਮੌਕਾ ਗਵਾ ਲਿਆ ਤੇ ਇਹ ਮੈਚ ਹਾਰ ਜਾਣ ਤੋਂ ਬਾਅਦ ਜਾਪਾਨ ਦੀ ਟੀਮ ਵਿਸ਼ਵ ਕੱਪ 'ਚੋਂ ਬਾਹਰ ਹੋ ਗਈ। ਨਿਰਧਾਰਿਤ 90 ਮਿੰਟ 'ਚ ਗੋਲ ਰਹਿਤ ਬਰਾਬਰੀ 'ਤੇ ਪੁੱਜੇ ਇਸ ਮੈਚ ਦੌਰਾਨ ਵਾਧੂ ਸਮੇਂ 'ਚ ਵੀ ਕੋਈ ਟੀਮ ਗੋਲ ਨਹੀਂ ਕਰ ਸਕੀ। ਕੁੱਲ 90 ਮਿੰਟ ਦੇ ਮੁਕਾਬਲੇ 'ਚ 61 ਫੀਸਦੀ ਮੌਕਿਆਂ 'ਤੇ ਬਾਲ ਪੈਰਾਗੂਏ ਦੇ ਖਿਡਾਰੀਆਂ ਕੋਲ ਰਿਹਾ। ਜਾਪਾਨ ਦੀ ਟੀਮ ਕੋਲ ਬਾਲ ਭਾਵੇਂ ਹੀ ਘੱਟ ਸਮੇਂ ਲਈ ਰਿਹਾ ਪਰ ਉਸ ਦੇ ਖਿਡਾਰੀਆਂ ਨੇ ਪੈਰਾਗੂਏ ਦੇ 6 ਦੇ ਮੁਕਾਬਲੇ 8 ਵਾਰ ਗੋਲ ਪੋਸਟ ਨੂੰ ਨਿਸ਼ਾਨਾ ਬਣਾਇਆ ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਫਲ ਨਾ ਹੋ ਸਕੀਆਂ।

ਇੱਕ ਹੋਰ ਮੁਕਾਬਲੇ 'ਚ ਬ੍ਰਾਜ਼ੀਲ ਦੀ ਟੀਮ ਨੇ ਚਿੱਲੀ ਨੂੰ 3-0 ਨਾਲ ਹਰਾ ਦਿੱਤਾ। ਮੈਚ ਦਾ ਪਹਿਲਾ ਗੋਲ ਖੇਡ ਦੇ 35ਵੇਂ ਮਿੰਟ 'ਚ ਬ੍ਰਾਜ਼ੀਲ ਦੇ ਖਿਡਾਰੀ ਜੁਆਨ ਨੇ ਕੀਤਾ। ਇਸ ਤੋਂ ਬਾਅਦ ਮੈਚ ਦੇ 38ਵੇਂ ਮਿੰਟ 'ਚ ਐਲ. ਫੇਬਿਆਨੋ ਨੇ ਦੂਜਾ ਗੋਲ ਦਾਗ ਕੇ ਬ੍ਰਾਜ਼ੀਲ ਨੂੰ ਚਿੱਲੀ ਤੋਂ 2 ਗੋਲਾਂ ਨਾਲ ਅੱਗੇ ਕਰ ਦਿੱਤਾ। ਮੈਚ ਦੇ 59ਵੇਂ ਮਿੰਟ 'ਚ ਰੋਬਿਨੋ ਨੇ ਇੱਕ ਹੋਰ ਸ਼ਾਨਦਾਰ ਗੋਲ ਕੀਤਾ। ਬ੍ਰਾਜ਼ੀਲ ਦੇ ਖਿਡਾਰੀ ਸ਼ੁਰੂ ਤੋਂ ਹੀ ਚਿੱਲੀ 'ਤੇ ਹਾਵੀ ਹੋ ਗਏ ਸਨ। ਉਨ੍ਹਾਂ ਅੰਤ ਤੱਕ ਚਿੱਲੀ ਦੇ ਖਿਡਾਰੀਆਂ ਦੀ ਕੋਈ ਪੇਸ਼ ਨਾ ਜਾਣ ਦਿੱਤੀ ਤੇ ਮੈਚ 3-0 ਨਾਲ ਆਪਣੇ ਨਾਂ ਕਰ ਲਿਆ।

ਇਸੇ ਤਰ੍ਹਾਂ ਸਪੇਨ ਨੇ ਪੁਰਤਗਾਲ ਨੂੰ 0-1 ਨਾਲ ਗੋਲ ਨਾਲ ਹਰਾ ਦਿੱਤਾ। ਮੈਚ ਦਾ ਇੱਕੋ-ਇੱਕ ਗੋਲ ਸਪੇਨ ਦੇ ਡੇਵਿਡ ਵਿੱਲਾ ਨੇ ਖੇਡ ਦੇ 64ਵੇਂ ਮਿੰਟ 'ਚ ਕੀਤਾ। ਮੈਚ ਕਾਂਟੇ ਦਾ ਰਿਹਾ ਤੇ ਦੋਵੇਂ ਟੀਮਾਂ ਨੇ ਪੂਰਾ ਜ਼ੋਰ ਲਾਇਆ ਪਰ ਅੰਤ ਜਿੱਤ ਸਪੇਨ ਦੇ ਹਿੱਸੇ ਆਈ। ਦੁਨੀਆ ਦੇ ਫੁੱਟਬਾਲ ਪ੍ਰੇਮੀਆਂ ਦੀਆਂ ਨਜ਼ਰਾਂ ਪੁਰਤਗਾਲ ਦੇ ਇਸ ਵੇਲੇ ਵਿਸ਼ਵ ਦੇ ਨੰਬਰ ਇਕ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ 'ਤੇ ਟਿਕੀਆਂ ਹੋਈਆਂ ਸਨ ਪਰ ਉਹ ਕੋਈ ਚਮਤਕਾਰ ਨਹੀਂ ਕਰ ਸਕਿਆ।




ਨੀਦਰਲੈਂਡ ਨੇ ਆਖਰੀ 16 ਦੌਰ ਦੇ ਅਹਿਮ ਮੁਕਾਬਲੇ 'ਚ ਸਲੋਵਾਕੀਆ ਨੂੰ 2-1 ਨਾਲ ਹਰਾ ਦਿੱਤਾ। ਇਸ ਜਿੱਤ ਨੇ ਨੀਦਰਲੈਂਡ ਨੂੰ ਕੁਆਰਟਰ ਫਾਈਨਲ 'ਚ ਪਹੁੰਚਾ ਦਿੱਤਾ ਹੈ ਜਦੋਂਕਿ ਪਹਿਲੀ ਵਾਰ ਵਿਸ਼ਵ ਕੱਪ 'ਚ ਖੇਡ ਰਹੀ ਸਲੋਵਾਕੀਆ ਦੀ ਟੀਮ ਦਾ ਸਫਰ ਖਤਮ ਹੋ ਗਿਆ। ਸਲੋਵਾਕੀਆ ਦੇ ਲਈ ਇੰਜਰੀ ਟਾਈਮ ਦੌਰਾਨ ਆਖਰੀ ਮਿੰਟ 'ਚ ਇਕ ਮਾਤਰ ਗੋਲ ਕਰਨ ਵਾਲੇ ਰਾਬਰਟ ਵਿਟਟੇਕ ਨੇ ਵਿਸ਼ਵ ਕੱਪ 'ਚ ਆਪਣਾ ਚੌਥਾ ਗੋਲ ਕੀਤਾ। ਨੀਦਰਲੈਂਡ ਦੀ ਟੀਮ ਇਸ ਵਿਸ਼ਵ ਕੱਪ 'ਚ ਹੁਣ ਤੱਕ ਅਜੇਤੂ ਹੈ। ਨੀਦਰਲੈਂਡ ਦੇ ਫਾਰਵਰਡ ਖਿਡਾਰੀ ਅਜਰੇਨ ਰੋਬੇਨ ਵੱਲੋਂ 18ਵੇ ਮਿੰਟ 'ਚ ਕੀਤੇ ਗਏ ਗੋਲ ਦੀ ਮਦਦ ਨਾਲ 1-0 ਦੀ ਬੜ੍ਹਤ ਪ੍ਰਾਪਤ ਕਰ ਲਈ। 49ਵੇਂ ਮੈਚ 'ਚ ਇਹ ਉਸਦਾ 12ਵਾਂ ਗੋਲ ਹੈ। ਅੰਧ ਤੱਕ ਸਲੋਵਾਕੀਆ ਦੀ ਟੀਮ ਨੀਦਰਲੈਂਡ ਦੀ ਟੀਮ ਨੂੰ ਇਸੇ ਸਕੋਰ 'ਤੇ ਰੋਕਣ 'ਚ ਕਾਮਯਾਬ ਰਹੀ ਪਰ ਖੁਦ ਬਰਾਬਰੀ ਦਾ ਗੋਲ ਨਾ ਕਰ ਸਕੀ। 84ਵੇਂ ਮਿੰਟ 'ਚ ਮਿਡਫੀਲਡਰ ਵੇਸਲੇ ਸ਼ਨਾਈਡਰ ਨੇ ਆਪਣੀ ਟੀਮ ਨੂੰ ਦੂਸਰੀ ਸਫਲਤਾ ਦਿਵਾਉਂਦੇ ਹੋਏ ਸਕੋਰ ਨੂੰ 2-0 ਕਰ ਦਿੱਤਾ। ਆਖਰੀ ਸਮੇਂ 'ਚ ਪੈਨਲਟੀ 'ਤੇ ਵਿਟਟੇਕ ਨੇ ਗੋਲ ਕਰਕੇ ਸਕੋਰ 2-1 ਕਰ ਦਿੱਤਾ ਪਰ ਇਸ ਦੇ ਨਾਲ ਹੀ ਮੈਚ ਖਤਮ ਹੋ ਗਿਆ। ਨੀਦਰਲੈਂਡ ਵਿਸ਼ਵ ਕੱਪ ਦੇ ਆਖਰੀ-8 ਦੌਰ 'ਚ ਪਹੁੰਚ ਗਿਆ ਤੇ ਸਲੋਵਾਕੀਆ ਵਿਸ਼ਵ ਕੱਪ 'ਚੋਂ ਬਾਹਰ ਹੋ ਗਿਆ। ਨੀਦਰਲੈਂਡ ਦੀ ਟੀਮ ਨੂੰ ਵਿਸ਼ਵ 'ਚ ਚੌਥਾ ਦਰਜਾ ਪ੍ਰਾਪਤ ਹੈ ਜਦੋਂਕਿ ਸਲੋਵਾਕੀਆ 34ਵਾਂ ਦਰਜਾ ਪ੍ਰਾਪਤ ਟੀਮ ਹੈ।

ਵਿਸ਼ਵ ਕੱਪ ਫੁੱਟਬਾਲ ਦੇ ਆਖਰੀ 16 ਦੌਰ ਦੇ ਮੁਕਾਬਲੇ 'ਚ ਜਰਮਨੀ ਦੀ ਫੁੱਟਬਾਲ ਟੀਮ ਨੇ ਇੰਗਲੈਂਡ ਨੂੰ 4-1 ਨਾਲ ਕਰਾਰੀ ਹਾਰ ਦਿੱਤੀ। ਇਸ ਜਿੱਤ ਨੇ ਜਰਮਨੀ ਨੂੰ ਕੁਆਰਟਰ ਫਾਈਨਲ 'ਚ ਪਹੁੰਚਾ ਦਿੱਤਾ ਹੈ ਜਦੋਂਕਿ ਸਟਾਰ ਖਿਡਾਰੀਆਂ ਨਾਲ ਭਰੀ ਇੰਗਲੈਂਡ ਦੀ ਟੀਮ ਨੂੰ ਘਰ ਵਾਪਸੀ ਲਈ ਮਜਬੂਰ ਹੋਣਾ ਪਿਆ। ਮੈਚ ਦੇ ਅੱਧ ਤੱਕ ਜਰਮਨੀ ਦੀ ਟੀਮ ਨੇ 2-1 ਦੀ ਬੜ੍ਹਤ ਬਣਾ ਰੱਖੀ ਸੀ। 38ਵੇਂ ਮਿੰਟ 'ਚ ਇੰਗਲੈਂਡ ਦੇ ਖਿਡਾਰੀ ਲੈਂਪਾਰਡ ਨੇ ਆਪਣੀ ਸ਼ਾਨਦਾਰ ਕੋਸ਼ਿਸ਼ ਦੇ ਨਾਲ ਬਾਲ ਨੂੰ ਜਰਮਨ ਦੇ ਗੋਲ ਪੋਸਟ 'ਚ ਪਹੁੰਚਾ ਦਿੱਤਾ ਪਰ ਰੈਫਰੀ ਨੇ ਇਸ ਨੂੰ ਗੋਲ ਨਹੀਂ ਕਰਾਰ ਦਿੱਤਾ। ਇਸ ਵਿਵਾਦ ਵਾਲੇ ਫੈਸਲੇ ਤੋਂ ਠੀਕ ਪਹਿਲਾਂ ਇੰਗਲੈਂਡ ਨੇ ਆਪਣਾ ਪਹਿਲਾ ਗੋਲ ਕੀਤਾ ਸੀ। 37ਵੇਂ ਮਿੰਟ 'ਚ ਕੀਤੇ ਗਏ ਇਸ ਗੋਲ ਨੂੰ ਕਰਨ 'ਚ ਗੇਰਾਰਡ ਨੇ ਮੈਟ ਅਪਸੋਨ ਦੀ ਮਦਦ ਕੀਤੀ ਸੀ। ਅਪਸੋਨ ਦਾ ਇਹ ਗੋਲ ਜਰਮਨੀ ਦੀ ਟੀਮ ਵੱਲੋਂ 32ਵੇਂ ਮਿੰਟ 'ਚ ਕੀਤੇ ਗਏ ਉਸ ਗੋਲ ਦੀ ਜਵਾਬੀ ਕਾਰਵਾਈ ਸੀ ਜੋ ਫਾਰਵਰਡ ਖਿਡਾਰੀ ਲੁਕਾਸ ਪੋਡੋਸਕੀ ਨੇ ਕੀਤਾ ਸੀ। ਜਰਮਨੀ ਦੇ ਲਈ ਇਹ ਗੋਲ ਫਾਰਵਰਡ ਮਿਰੋਸਲਾਵ ਕਲੋਜ਼ ਨੇ 20ਵੇਂ ਮਿੰਟ 'ਚ ਕੀਤਾ। ਇਸੇ ਦੌਰਾਨ ਫੀਫਾ ਦੇ ਚੇਅਰਮੈਨ ਸੇਪ ਬਲਾਟਰ ਨੇ ਵਿਸ਼ਵ ਕੱਪ ਦੇ ਆਖਰੀ-16 ਦੇ ਮੈਚਾਂ ਦੌਰਾਨ ਰੈਫਰੀ ਦੀ ਗਲਤੀਆਂ ਦੇ ਲਈ ਇੰਗਲੈਂਡ ਤੇ ਮੈਕਸੀਕੋ ਤੋਂ ਮੁਆਫ਼ੀ ਮੰਗੀ ਹੈ।

ਇੱਕ ਹੋਰ ਮੈਚ 'ਚ ਅਰਜਨਟੀਨਾ ਨੇ ਮੈਕਸੀਕੋ ਨੂੰ 3-1 ਨਾਲ ਪਛਾੜਿਆ। ਇਸ ਉਪਰੰਤ 32ਵੇਂ ਮਿੰਟ ਵਿਚ ਹਿਗੇਨ ਨੇ ਦੂਜਾ ਗੋਲ ਕਰਕੇ ਮੈਚ ਵਿਚ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ ਤੇ 51ਵੇਂ ਮਿੰਟ 'ਤੇ ਅਰਜਨਟੀਨਾ ਦੇ ਖਿਡਾਰੀ ਨੇ ਕਾਫ਼ੀ ਦੂਰ ਤੋਂ ਗੋਲ ਕਰਕੇ ਟੀਮ ਨੂੰ ਤਿੰਨ ਗੋਲਾਂ ਨਾਲ ਬੜ੍ਹਤ ਦਿਵਾ ਦਿੱਤੀ। ਇਸ ਪ੍ਰਕਾਰ ਅਰਜਨਟੀਨਾ ਨੇ ਵਿਰੋਧੀ ਟੀਮ ਮੈਕਸੀਕੋ ਨੂੰ ਵੱਡੀ ਚੁਣੌਤੀ ਦੇ ਦਿੱਤੀ। ਮੈਕਸੀਕੋ ਟੀਮ ਦੇ ਖਿਡਾਰੀਆਂ ਨੇ ਰੱਖਿਆਤਮਕ ਯੋਜਨਾ ਮਜ਼ਬੂਤ ਕਰਦਿਆਂ ਕਾਫ਼ੀ ਸੰਘਰਸ਼ ਕੀਤਾ ਤੇ ਆਖਰ ਮੈਕਸੀਕੋ ਨੇ ਗੋਲ ਦਾਗ਼ ਕੇ ਮੈਚ ਨੂੰ 3-1 ਦੀ ਸਥਿਤੀ ਵਿਚ ਲੈ ਆਂਦਾ।

# ਪ੍ਰਧਾਨ ਮੰਤਰੀ ਦੇ ਸਿੱਖਾਂ ਸੰਬੰਧੀ ਬਿਆਨਾਂ 'ਤੇ ਤਿੱਖਾ ਪ੍ਰਤੀਕਰਮ

**ਟਰਾਂਟੋ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਪਿਛਲੇ ਦਿਨੀਂ ਸਿੱਖਾਂ ਸੰਬੰਧੀ ਜਾਰੀ ਕੀਤੇ ਬਿਆਨਾਂ 'ਤੇ ਪੰਜਾਬੀ ਮੂਲ ਦੇ ਕੈਨੇਡੀਅਨ ਲੀਡਰਾਂ ਅਤੇ ਕੁਝ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਤਿੱਖੇ ਪ੍ਰਤੀਕਰਮ ਜ਼ਾਹਰ ਕੀਤੇ ਹਨ ਤੇ ਉਨ੍ਹਾਂ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਸਿੱਖਾਂ ਖਿਲਾਫ ਜਾਰੀ ਕੀਤੇ ਗਏ ਇਨ੍ਹਾਂ ਬਿਆਨਾਂ 'ਤੇ ਮੁਆਫੀ ਮੰਗਣ। ਉਧਰ ਪ੍ਰਧਾਨ ਮੰਤਰੀ ਨੇ ਆਪਣੇ ਇਕ ਬਿਆਨ ਵਿਚ ਮੰਨਿਆ ਹੈ ਕਿ ਭਾਰਤੀ ਨਿਆਂ ਪਾਲਿਕਾ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦੁਆਈ ਜਾ ਸਕੀ। ਉਹ ਪਹਿਲਾਂ ਵੀ ਇਹ ਕਹਿ ਚੁੱਕੇ ਹਨ ਕਿ ਇਹ ਕਤਲੇਆਮ ਮੰਦਭਾਗਾ ਸੀ ਅਤੇ ਨਹੀਂ ਸੀ ਵਾਪਰਨਾ ਚਾਹੀਦਾ।

ਇਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸੱਦੇ 'ਤੇ ਭਾਰਤੀ ਮੂਲ ਦੇ ਕੈਨੇਡੀਅਨ ਸੰਸਦ ਮੈਂਬਰ ਅਤੇ ਵਿਧਾਇਕ ਬੀਤੇ ਮੰਗਲਵਾਰ ਨਾਸ਼ਤੇ 'ਤੇ ਉਨ੍ਹਾਂ ਨੂੰ ਮਿਲੇ ਸਨ। ਐਮ.ਪੀ. ਨਵਦੀਪ ਸਿੰਘ ਬੈਂਸ, ਡਾ. ਰੂਬੀ ਢੱਲਾ, ਸ. ਗੁਰਬਖ਼ਸ਼ ਸਿੰਘ ਮੱਲ੍ਹੀ, ਸੁੱਖ ਧਾਲੀਵਾਲ, ਨੀਨਾ ਗਰੇਵਾਲ, ਟਿਮ ਉੱਪਲ ਅਤੇ ਦਵਿੰਦਰ ਸ਼ੋਰੀ ਤੋਂ ਇਲਾਵਾ ਕੈਨੇਡਾ ਦੇ ਵੱਖ-ਵੱਖ ਸੂਬਿਆਂ ਤੋਂ ਚੁਣੇ ਗਏ ਵਿਧਾਇਕ ਵੀ ਮੀਟਿੰਗ ਵਿਚ ਸ਼ਾਮਲ ਹੋਏ। ਸ. ਹਰਿੰਦਰ ਤੱਖੜ ਨੇ ਸਿੱਖ ਮਸਲਿਆਂ ਨੂੰ ਪ੍ਰਧਾਨ ਮੰਤਰੀ ਅੱਗੇ ਰਖਿਆ ਜਿਨ੍ਹਾਂ ਵਿਚ ਕਾਲੀ ਸੂਚੀ, ਪ੍ਰਾਪਰਟੀ ਅਤੇ ਜਾਅਲੀ ਵਿਆਹਾਂ ਦੇ ਮਾਮਲੇ ਸ਼ਾਮਲ ਹਨ। ਸ੍ਰੀ ਉੱਜਲ ਦੁਸਾਂਝ ਅਤੇ ਦੀਪਕ ਓਬਰਾਏ ਵੀ ਮੀਟਿੰਗ ਵਿਚ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਵਲੋਂ ਕੈਨੇਡਾ ਵਿਚ ਸਿੱਖਾਂ ਨੂੰ ਕਥਿਤ ਰੂਪ ਵਿਚ ਬਦਨਾਮ ਕਰਨ ਦੇ ਮਨਸੂਬੇ ਨਾਲ ਦਿਤੇ ਬਿਆਨ ਨੂੰ ਮੂਲੋਂ ਨਕਾਰਦਿਆਂ ਸ. ਸੁਖ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਦਾ ਇਹ ਬਿਆਨ ਕਿ ਕੈਨੇਡਾ ਵਿਚ ਸਿੱਖ ਖਾੜਕੂਵਾਦ ਪਨਪ ਰਿਹਾ ਹੈ, ਮੂਲੋਂ 'ਗਲਤ' ਹੈ। ਇਹ ਕੈਨੇਡਾ ਵਿਚ ਵਸਦੇ ਸਿੱਖਾਂ ਦਾ ਪ੍ਰਤੀਬਿੰਬ ਨਹੀਂ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਾਲ ਬੰਦ ਕਮਰਾ ਮੀਟਿੰਗ ਕੀਤੀ ਜਿਸ ਵਿਚ ਹੋਰ ਐਮ.ਪੀ. ਅਤੇ ਵਿਧਾਇਕ ਵੀ ਸ਼ਾਮਲ ਹੋਏ।

ਉਨ੍ਹਾਂ ਕਿਹਾ, "ਮੈਂ ਪ੍ਰਧਾਨ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਕੈਨੇਡਾ ਦੇ ਸਿੱਖਾਂ ਵਿਚ ਵਧ ਰਹੇ ਖਾੜਕੂਵਾਦ ਦੇ ਜੋ ਦੋਸ਼ ਉਨ੍ਹਾਂ ਵਲੋਂ ਲਗਾਏ ਜਾ ਰਹੇ ਹਨ, ਉਹ ਬਿਲਕੁਲ ਨਿਰਾਧਾਰ ਹਨ। ਇਹ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।" ਮੀਟਿੰਗ 'ਚ ਪ੍ਰਧਾਨ ਮੰਤਰੀ ਨੂੰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ ਗਈ। ਸੁਖ ਧਾਲੀਵਾਲ ਨੇ ਕਿਹਾ ਕਿ ਇਸ ਮੁਲਾਕਾਤ ਦੌਰਾਨ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਖ਼ਾਸ ਤੌਰ 'ਤੇ ਸਿੱਖਾਂ ਦੀਆਂ ਉਪਲਬਧੀਆਂ ਬਾਰੇ ਵੀ ਦਸਿਆ ਗਿਆ। ਸ. ਧਾਲੀਵਾਲ ਨੇ ਕਿਹਾ ਕਿ ਕੈਨੇਡਾ ਦੇ ਸਿੱਖਾਂ ਨੂੰ ਵੱਖਵਾਦੀ ਦੱਸ ਕੇ ਬਦਨਾਮ ਕੀਤਾ ਜਾ ਰਿਹਾ ਹੈ ਜਦਕਿ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਕੱਝ ਵੀ ਨਹੀਂ ਕਿਹਾ ਜਾ ਰਿਹਾ।

ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਅਤੇ ਡਾ. ਰੂਬੀ ਢੱਲਾ ਨੇ ਭਾਰਤ ਅਤੇ ਕੈਨੇਡਾ ਵਿਚਕਾਰ ਵਪਾਰਕ, ਸਿਖਿਆ ਅਤੇ ਸਿਹਤ ਸਬੰਧੀ ਸੰਭਾਵਨਾਵਾਂ ਉਤੇ ਵਿਚਾਰ-ਵਟਾਂਦਰਾ ਕੀਤਾ ਅਤੇ ਦੋਹਾਂ ਮੁਲਕਾਂ ਵਿਚਕਾਰ ਛੋਟੇ ਅਤੇ ਮੱਧਮ ਦਰਜੇ ਦੇ ਵਪਾਰ ਸਬੰਧੀ ਸੰਭਾਵਨਾਵਾਂ ਲੱਭਣ ਬਾਰੇ ਸਹਿਮਤੀ ਜ਼ਾਹਰ ਕੀਤੀ। ਸ. ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਇਸ ਮੀਟਿੰਗ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਕਾਲੀ ਸੂਚੀ ਦੀ ਹਕੀਕਤ ਪੇਸ਼ ਕਰਨ ਦੀ ਮੰਗ ਕੀਤੀ।

ਇਸੇ ਦੌਰਾਨ ਸਿੱਖਜ਼ ਫਾਰ ਜਸਟਿਸ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ 1984 ਦੇ ਸਿੱਖ ਕਤਲੇਆਮ ਦੇ ਮੁੱਦੇ 'ਤੇ ਭਾਰਤ ਨਾਲ ਗੱਲਬਾਤ ਤੋਰਨ ਦੀ ਅਪੀਲ ਕੀਤੀ ਹੈ। ਹਾਰਪਰ ਨੂੰ ਲਿਖੇ ਪੱਤਰ ਵਿਚ ਜਥੇਬੰਦੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਮੁਆਫ਼ੀ ਮੰਗਣ ਲਈ ਆਖਿਆ ਹੈ ਜਿਨ੍ਹਾਂ ਨੇ ਕੈਨੇਡਾ ਦੇ ਸਿੱਖਾਂ ਨੂੰ 'ਵੱਖਵਾਦੀ' ਦੱਸਿਆ।

## ਡਾ. ਸਿੰਘ ਬੋਲਦੈ ਤਾਂ ਸਾਰੀ ਦੁਨੀਆ ਸੁਣਦੀ ਐ:ਓਬਾਮਾ

**ਟੋਰਾਂਟੋ :** ਮੰਦਵਾੜੇ ਤੋਂ ਨਿਜਾਤ ਪਾਉਣ ਲਈ ਜੀ-20 ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਦਿੱਤੇ ਗਏ ਸੁਝਾਵਾਂ ਨੂੰ ਅਨਮੋਲ ਕਰਾਰ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਜਦੋਂ "ਡਾ. ਸਿੰਘ ਬੋਲਦੈ ਤਾਂ ਸਾਰੀ ਦੁਨੀਆ ਸੁਣਦੀ ਐ"।



ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਡਾ. ਸਿੰਘ ਨੂੰ ਆਰਥਿਕ ਮੁੱਦਿਆਂ ਬਾਰੇ ਡੂੰਘੀ ਸਮਝ ਹੈ ਅਤੇ ਉਹ ਜਾਣਦੇ ਹਨ ਕਿ ਭਾਰਤ ਇਕ ਵਿਸ਼ਵ ਸ਼ਕਤੀ ਦੇ ਰੂਪ 'ਚ ਉਭਰ ਰਿਹਾ ਹੈ। ਅਜਿਹੇ ਸਮੇਂ 'ਚ ਉਸ ਨੂੰ ਸ਼ਾਂਤੀ ਤੇ ਵਿਕਾਸ ਸਮੇਤ ਅਹਿਮ ਮੁੱਦਿਆਂ 'ਤੇ ਹੋਰਨਾਂ ਦੇਸ਼ਾਂ ਨਾਲ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ। ਦੂਜੇ ਪਾਸੇ ਭਾਰਤੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਕਰੋੜਾਂ ਲੋਕਾਂ ਅਤੇ ਖੁਦ ਉਨ੍ਹਾਂ ਲਈ ਰੋਲ ਮਾਡਲ ਹਨ।

ਸੰਮੇਲਨ ਦੌਰਾਨ ਦੋਹਾਂ ਆਗੂਆਂ ਵਲੋਂ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ, ਜਿਸ ਵਿਚ ਡਾ. ਸਿੰਘ ਨੇ ਓਬਾਮਾ ਨੂੰ ਦਹਿਸ਼ਤਵਾਦ ਬਾਰੇ ਜਾਣੂ ਕਰਵਾਇਆ। ਡਾ. ਸਿੰਘ ਨੇ ਓਬਾਮਾ ਨੂੰ ਪਾਕਿਸਤਾਨ ਤੇ ਅਫ਼ਗਾਨਿਸਤਾਨ 'ਚ ਵਧ ਰਹੇ ਦਹਿਸ਼ਤਵਾਦ ਖ਼ਿਲਾਫ਼ ਕਾਰਵਾਈ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਸਿੰਘ ਨੇ ਇਹ ਵੀ ਕਿਹਾ ਕਿ ਡੈਵਿਡ ਕੋਲਮੈਨ ਹੇਡਲੀ ਦੀਆਂ ਦਹਿਸ਼ਤਗਰਦ ਸਰਗਰਮੀਆਂ ਦੇ ਖੁਲਾਸੇ ਤੋਂ ਬਾਅਦ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਧਰਤੀ ਤੋਂ ਪੈਦਾ ਹੋ ਰਹੇ ਦਹਿਸ਼ਤਵਾਦ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਸੂਤਰਾਂ ਮੁਤਾਬਕ ਦੋਹਾਂ ਆਗੂਆਂ ਨੇ ਮੁਲਾਕਾਤ ਦੌਰਾਨ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੀ ਸਥਿਤੀ 'ਤੇ ਵਿਚਾਰ ਵਟਾਂਦਰਾ ਕੀਤਾ। ਭਾਰਤੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਦੋਹਾਂ ਆਗੂਆਂ ਵਿਚਾਲੇ ਅੱਧਾ ਘੰਟਾ ਚੱਲੀ ਇਸ ਮੁਲਾਕਾਤ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ।

# ਸਿੱਖਾਂ ਦੀ ਕਾਲੀ ਸੂਚੀ 'ਤੇ ਮੁੜ ਵਿਚਾਰ ਤੋਂ ਨਾਂਹ

**ਟੋਰਾਂਟੋ:** ਗਰਮ ਖਿਆਲੀ ਸਿੱਖਾਂ ਦੇ ਜ਼ੋਰਦਾਰ ਵਿਰੋਧ ਨੂੰ ਨਜ਼ਰਅੰਦਾਜ਼ ਕਰਦਿਆਂ ਭਾਰਤ ਸਰਕਾਰ ਨੇ ਬੀਤੀ 26 ਜੂਨ ਨੂੰ ਉਨ੍ਹਾਂ ਪਰਵਾਸੀ ਸਿੱਖਾਂ ਦੀ 'ਕਾਲੀ ਸੂਚੀ' 'ਤੇ ਮੁੜ ਗੌਰ ਕਰਨ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੇ ਕੈਨੇਡਾ ਸਮੇਤ ਵੱਖ-ਵੱਖ ਮੁਲਕਾਂ ਵਿਚ ਸਿਆਸੀ ਸ਼ਰਨ ਲਈ ਹੋਈ ਹੈ। ਐਤਵਾਰ ਨੂੰ ਇਥੇ ਸ਼ੁਰੂ ਹੋ ਰਹੇ ਦੋ ਰੋਜ਼ਾ ਜੀ-20 ਸਿਖਰ ਸੰਮੇਲਨ ਤੋਂ ਪਹਿਲਾਂ ਭਾਰਤ ਵਲੋਂ ਲਿਆ ਗਿਆ ਇਹ ਫੈਸਲਾ ਭਾਰੀ ਅਹਿਮੀਅਤ ਰੱਖਦਾ ਹੈ।

ਇਹ ਐਲਾਨ 26 ਜੂਨ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਆਪਣੀ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ ਸਮੇਤ ਕੈਨੇਡਾ ਪੁੱਜਣ ਦੇ ਤੁਰੰਤ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਇਕ ਤਰਜਮਾਨ ਨੇ ਕੀਤਾ। ਮੰਤਰਾਲੇ ਨੇ ਸਾਫ ਕਰ ਦਿੱਤਾ ਕਿ ਭਾਰਤ ਵਿਰੋਧੀ ਕਾਰਵਾਈਆਂ ਵਿਚ ਸ਼ਾਮਲ ਰਹੇ ਵਿਅਕਤੀਆਂ ਦੀ 'ਕਾਲੀ ਸੂਚੀ' ਉਤੇ ਘੱਟੋ-ਘੱਟ ਨੇੜ ਭਵਿੱਖ ਵਿਚ ਤਾਂ ਮੁੜ ਵਿਚਾਰ ਕੀਤੇ ਜਾਣ ਦੀ ਕੋਈ ਗੁੰਜਾਇਸ਼ ਨਹੀਂ ਹੈ।

ਗੌਰਤਲਬ ਹੈ ਕਿ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਉਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਵਲੋਂ ਇਸ ਗੱਲ ਲਈ ਭਾਰੀ ਦਬਾਅ ਪਾਇਆ ਜਾ ਰਿਹਾ ਸੀ ਕਿ 'ਕਾਲੀ ਸੂਚੀ' ਵਾਲੇ ਸਿੱਖਾਂ ਨੂੰ ਵੀ ਕੌਮੀ ਮੁੱਖਧਾਰਾ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਇਕ ਲਿਖਤੀ ਬੇਨਤੀ ਕੀਤੀ ਸੀ। ਇਸ ਵਿਚ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਵਲੋਂ ਟੋਰਾਂਟੋ ਵਿਚ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਕੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਇਸ ਸਮੱਸਿਆ ਦਾ ਕੋਈ ਹੱਲ ਤਲਾਸ਼ਣ ਦੀ ਕੋਸ਼ਿਸ਼ ਕੀਤੀ ਜਾਵੇ। ਸ੍ਰੀ ਸਰਨਾ ਨੇ ਇਹ ਬੇਨਤੀ ਵੀ ਕੀਤੀ ਸੀ ਕਿ 'ਕਾਲੀ ਸੂਚੀ' ਵਿਚ ਦਰਜ ਉਨ੍ਹਾਂ ਸਿੱਖਾਂ ਬਾਰੇ ਖਾਸ ਕਰ ਵਿਚਾਰ ਕੀਤਾ ਜਾਵੇ ਜਿਨ੍ਹਾਂ ਖਿਲਾਫ ਭਾਰਤ ਵਿਚ ਕੋਈ ਐਫ.ਆਈ.ਆਰ. ਬਕਾਇਆ ਨਹੀਂ ਹੈ।

ਦੂਜੇ ਪਾਸੇ ਪਰਵਾਸੀ ਸਿੱਖਾਂ ਨੇ ਵੀ ਵਾਅਦਾ ਕੀਤਾ ਸੀ ਕਿ ਜੇ ਡਾ. ਮਨਮੋਹਨ ਸਿੰਘ ਦੀ ਇਸ ਫੇਰੀ ਦੌਰਾਨ ਉਨ੍ਹਾਂ ਨੂੰ ਇਹ ਮਾਮਲਾ ਵਿਚਾਰਨ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਉਹ ਆਪਣਾ ਤਜਵੀਜਤ ਮੁਜ਼ਾਹਰਾ ਮੁਲਤਵੀ ਕਰ ਦੇਣਗੇ। ਦੱਸਣਯੋਗ ਹੈਕਿ ਕਾਲੀ ਸੂਚੀ ਵਿਚ ਦਰਜ ਨਾਵਾਂ ਵਾਲੇ ਕਰੀਬ 100 ਸਿੱਖਾਂ ਨੇ ਕੈਨੇਡਾ, ਜਰਮਨੀ, ਅਮਰੀਕਾ, ਬਰਤਾਨੀਆ ਤੇ ਹੋਰ ਮੁਲਕਾਂ ਵਿਚ ਸ਼ਰਨ ਲਈ ਹੋਈ ਹੈ। ਇਸ ਤੋਂ ਪਹਿਲਾਂ ਐਨ.ਡੀ.ਏ. ਸਰਕਾਰ ਦੌਰਾਨ ਵੀ ਕਾਲੀ ਸੂਚੀ ਤੇ ਗੌਰ ਕਰਨ ਦੀਆਂ ਕੁਝ ਕੋਸ਼ਿਸ਼ਾਂ ਹੋਈਆਂ ਸਨ। ਹਾਲੇ ਦੋ ਮਹੀਨੇ ਪਹਿਲਾਂ ਹੀ ਡਾ. ਮਨਮੋਹਨ ਸਿੰਘ ਨੇ ਜਦੋਂ ਅਮਰੀਕਾ ਵਿਚ ਆਪਣੇ ਕੈਨੇਡੀਅਨ ਹਮਰੁਤਬਾ ਨਾਲ 30 ਮਿੰਟ ਦੀ ਮੁਲਾਕਾਤ ਕੀਤੀ ਸੀ ਤਾਂ ਉਨ੍ਹਾਂ ਵੱਖਵਾਦੀ ਤਾਕਤਾਂ ਖਿਲਾਫ ਆਪਣੇ ਸਖਤ ਰੁਖ ਦਾ ਪ੍ਰਗਟਾਵਾ ਕੀਤਾ ਸੀ। ਉਨ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਉਹ ਆਪਣੇ ਮੁਲਕ ਦੀ ਸਰਜ਼ਮੀਨ ਉਤੋਂ ਦਹਿਸ਼ਤਗਰਦੀ ਨੂੰ ਰੋਕਣ। ਇਸੇ ਦੌਰਾਨ ਪ੍ਰਧਾਨ ਮੰਤਰੀ ਨੇ ਸਿੱਖ ਗਰਮ ਖਿਆਲੀਆਂ ਨੂੰ ਹੋਰ ਵੀ ਸਾਫ ਸੁਨੇਹਾ ਦੇਣ ਦੇ ਮਕਸਦ ਨਾਲ ਆਪਣੀ ਇਸ ਫੇਰੀ ਦੌਰਾਨ ਏਅਰ ਇੰਡੀਆ ਮੈਮੋਰੀਅਲ 'ਤੇ ਜਾ ਕੇ ਕਨਿਸ਼ਕ ਹਵਾਈ ਜਹਾਜ਼ ਬੰਬ ਕਾਂਡ ਵਿਚ ਮਾਰੇ ਗਏ 329 ਮੁਸਾਫਰਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਹੈ। ਪ੍ਰਧਾਨ ਮੰਤਰੀ 28 ਜੂਨ ਨੂੰ ਸਵੇਰੇ 10 ਵਜੇ ਯਾਦਗਾਰ ਵਿਖੇ ਸ਼ਰਧਾਂਜਲੀ ਭੇਟ ਕਰਨ ਪੁੱਜੇ। ਗੌਰਤਲਬ ਹੈ ਕਿ ਏਅਰ ਇੰਡੀਆ ਦੀ ਇਹ ਉਡਾਣ 23 ਜੂਨ, 1985 ਨੂੰ ਆਇਰਲੈਂਡ ਲਾਗੇ ਆਕਾਸ਼ ਵਿਚ ਬੰਬ ਧਮਾਕੇ ਦਾ ਸ਼ਿਕਾਰ ਹੋ ਗਈ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਵੀ ਖਾਲਿਸਤਾਨ ਪੱਖੀ ਅਨਸਰਾਂ ਨੂੰ ਆਪਣੀਆਂ ਸਰਗਰਮੀਆਂ ਤੋਂ ਬਾਜ ਆਉਣ ਲਈ ਸਖਤ ਚੇਤਾਵਨੀ ਜਾਰੀ ਕੀਤੀ ਹੈ। ਉਨ੍ਹਾਂ ਇਸ ਸਬੰਧੀ ਕਿਹਾ, "ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਵੱਧਣ-ਫੁੱਲਣ ਨਾ ਦੇਈਏ ਸਗੋਂ ਉਨ੍ਹਾਂ ਇੰਤਹਾਪਸੰਦਾਂ ਨੂੰ ਨਿਖੇੜੀਏ ਜਿਹੜੇ ਭਾਰਤ ਦੇ ਅਤੀਤ ਦੀ ਲੜਾਈ ਨੂੰ ਇਥੇ (ਕੈਨੇਡਾ ਵਿਚ) ਦਰਾਮਦ ਕਰਨਾ ਚਾਹੁੰਦੇ ਹਨ ਅਤੇ ਫੇਰ ਉਸ ਮਹਾਨ ਤੇ ਅਗਾਂਹਵਧੂ ਦੇਸ਼ (ਭਾਰਤ) ਨੂੰ ਬਰਬਾਦ ਕਰਨਾ ਚਾਹੁੰਦੇ ਸਨ। ਸਾਨੂੰ ਇੰਜ ਕਰਨਾ ਹੀ ਪਵੇਗਾ।" ਉਨ੍ਹਾਂ ਇਹ ਗੱਲ ਬੀਤੇ ਦਿਨੀਂ ਕਨਿਸ਼ਕ ਬੰਬ ਕਾਂਡ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖੀ ਸੀ।

## ਕਾਲੀ ਸੂਚੀ ਨਾ ਵਿਚਾਰਨ ਦਾ ਫੈਸਲਾ ਮੰਦਭਾਗਾ:ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਭਾਰਤ ਸਰਕਾਰ ਵਲੋਂ ਗਰਮ ਖਿਆਲੀ ਪਰਵਾਸੀ ਸਿੱਖਾਂ ਦੀ ਕਾਲੀ ਸੂਚੀ 'ਚ ਮੁੜ ਵਿਚਾਰ ਨਾ ਕਰਨ ਦੇ ਕੀਤੇ ਐਲਾਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਬੀਤੀ 27 ਜੂਨ ਨੂੰ ਇਥੇ ਕਿਹਾ ਕਿ ਅਤਿਵਾਦ ਖਤਮ ਹੋ ਚੁੱਕਿਆ ਹੈ, ਇਸ ਲਈ ਕਾਲੀ ਸੂਚੀ ਨੂੰ ਜਾਰੀ ਰੱਖਣ ਦੀ ਕੋਈ ਤੁਕ ਨਹੀਂ। ਉਨ੍ਹਾਂ ਕੈਨੇਡਾ ਦੇ ਸਿੱਖਾਂ ਨੂੰ ਕਿਹਾ ਕਿ ਉਹ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਦਬਾਅ ਪਾਉਣ ਅਤੇ ਸਮਾਂ ਲੈ ਕੇ ਉਨ੍ਹਾਂ ਨਾਲ ਮਿਲ ਕੇ ਆਪਣਾ ਪੱਖ ਰੱਖਣ।

ਉਨ੍ਹਾਂ ਪਰਵਾਸੀ ਸਿੱਖਾਂ ਨੂੰ ਇਹ ਵੀ ਕਿਹਾ ਕਿ ਜੇ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਗੱਲ ਕਰਨ ਲਈ ਸਮਾਂ ਨਹੀਂ ਦਿੰਦੇ ਤਾਂ ਉਹ ਉਨ੍ਹਾਂ ਖਿਲਾਫ ਜ਼ਬਰਦਸਤ ਰੋਸ ਪ੍ਰਗਟ ਕਰਨ।

# ਕੈਨੇਡਾ ਦੇ ਪੰਜਾਬੀਆਂ ਨੂੰ ਫੁੱਟ-ਪਾਊ ਨੀਤੀਆਂ ਤੋਂ ਚੌਕਸ ਰਹਿਣ ਦਾ ਸੱਦਾ

**ਵਰਿੰਦਰ ਵਾਲੀਆ***

**ਵਿਸ਼ੇਸ਼ ਹਵਾਈ ਜਹਾਜ਼ ਤੋਂ:** ਕੈਨੇਡਾ ਦੇ ਵਿਕਾਸ ਵਿਚ ਪੰਜਾਬੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਇਕਮੁੱਠ ਰਹਿਣ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਪੰਜਾਬੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਉਪ ਮਹਾਂਦੀਪ ਦੀ ਵੰਡ-ਪਾਊ ਸਿਆਸਤ ਨੂੰ ਆਪਣੀ ਏਕਤਾ ਨੂੰ ਲੀਹੋਂ ਲਾਹੁਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਕਿਉਂਕਿ ਭਾਰਤੀ ਭਾਈਚਾਰੇ ਨੂੰ ਕੈਨੇਡਾ ਦੇ ਤਾਣੇ-ਬਾਣੇ ਅੰਦਰ ਆਪਣਾ ਬਣਦਾ ਹਿੱਸਾ ਲੈਣ ਲਈ ਏਕਤਾ ਦੀ ਬਹੁਤ ਜ਼ਰੂਰਤ ਹੈ।

ਜੀ-20 ਸਿਖਰ ਸੰਮੇਲਨ ਤੋਂ ਬਾਅਦ ਕੈਨੇਡਾ ਦੇ ਪੰਜਾਬੀ ਸੰਸਦ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਵਲੋਂ ਕੀਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦੇ ਹਨ ਅਤੇ ਉਹ ਉਨ੍ਹਾਂ (ਪੰਜਾਬੀਆਂ) ਵਲੋਂ ਕੈਨੇਡਾ ਦੀ ਜਨਤਕ ਜ਼ਿੰਦਗੀ, ਕੈਨੇਡਾ ਦੇ ਅਰਥਚਾਰੇ ਅਤੇ ਸੇਵਾਵਾਂ ਵਿਚ ਬਣਾਏ ਗਏ ਵਿਸ਼ੇਸ਼ ਸਥਾਨ ਦੇ ਵੀ ਕਾਇਲ ਹਨ।

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਤੇਲ ਦੀਆਂ ਕੀਮਤਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕੀਤੇ ਜਾਣ ਦਾ ਮਤਲਬ ਇਹ ਲਿਆ ਜਾਵੇ ਕਿ ਭਾਰਤ ਸਖਤ ਸੁਧਾਰਾਂ ਦੀ ਤਿਆਰੀ ਵਿਚ ਹੈ ਤਾਂ ਉਨ੍ਹਾਂ ਕਿਹਾ ਕਿ ਉਹ ਆਪਣੀਆਂ ਭਵਿੱਖੀ ਯੋਜਨਾਵਾਂ ਨਹੀਂ ਦੱਸ ਸਕਦੇ। ਪੈਟਰੋਲੀਅਮ ਕੀਮਤਾਂ ਸਬੰਧੀ ਡਾ. ਮਨਮੋਹਨ ਸਿੰਘ ਨੇ ਕਿਹਾ, "ਪੈਟਰੋਲ ਦੀਆਂ ਕੀਮਤਾਂ ਨੂੰ ਕੰਟਰੋਲ ਮੁਕਤ ਕਰ ਦਿੱਤਾ ਗਿਆ ਹੈ ਤੇ ਅਜਿਹਾ ਹੀ ਡੀਜ਼ਲ ਸਬੰਧੀ ਕੀਤਾ ਜਾ ਰਿਹਾ ਹੈ। ਅਸਲ ਵਿਚ ਇਨ੍ਹਾਂ ਸੁਧਾਰਾਂ ਦੀ ਬਹੁਤ ਜ਼ਰੂਰਤ ਸੀ।" ਉਨ੍ਹਾਂ ਨਾਲ ਹੀ ਕਿਹਾ ਕਿ ਮਿੱਟੀ ਦੇ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਕੀਤਾ ਗਿਆ ਵਾਧਾ ਵੀ ਜ਼ਰੂਰੀ ਸੀ ਕਿਉਂਕਿ

## ਡੀਜ਼ਲ ਦੀ ਕੀਮਤ ਵੀ ਪੈਟਰੋਲ ਵਾਂਗ ਕੰਟਰੋਲ ਮੁਕਤ ਹੋਵੇਗੀ: ਡਾ. ਮਨਮੋਹਨ ਸਿੰਘ

ਸਰਕਾਰ ਇਨ੍ਹਾਂ ਦੋਹਾਂ ਵਸਤਾਂ ਸਬੰਧੀ ਭਾਰੀ ਸਬਸਿਡੀ ਦੇ ਰਹੀ ਹੈ।

ਉਨ੍ਹਾਂ ਨਾਲ ਹੀ ਕਿਹਾ ਕਿ ਸਰਕਾਰ ਨੇ ਕੀਮਤਾਂ ਵਧਾਉਂਦੇ ਸਮੇਂ ਇਸ ਗੱਲ ਦਾ ਪੂਰਾ ਖ਼ਿਆਲ ਰੱਖਿਆ ਹੈ ਕਿ ਗਰੀਬਾਂ ਉਤੇ ਇਸ ਦਾ



ਘੱਟ ਤੋਂ ਘੱਟ ਅਸਰ ਪਵੇ ਅਤੇ ਇਸੇ ਕਾਰਨ ਮਿੱਟੀ ਦੇ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਨੂੰ ਕਾਬੂ ਹੇਠ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਂਜ ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਸਰਕਾਰ ਉਤੇ ਕਿਸੇ ਪਾਸੇ ਤੋਂ ਬਾਲਣ ਦੀਆਂ ਕੀਮਤਾਂ ਵਧਾਉਣ ਲਈ ਦਬਾਅ ਪੈ ਰਿਹਾ ਸੀ। ਉਨ੍ਹਾਂ ਕਿਹਾ, "ਪੈਟਰੋਲੀਅਮ ਵਸਤਾਂ ਦੀ ਸਬਸਿਡੀ ਉਸ ਪੱਧਰ ਤਕ ਪੁੱਜ ਗਈ ਸੀ ਕਿ ਜਿੱਥੇ ਇਹ ਦੇਸ਼ ਦੇ ਅਰਥਚਾਰੇ ਦੇ ਸਹੀ ਪ੍ਰਬੰਧ ਲਈ ਠੀਕ ਨਹੀਂ ਸੀ। ਇਸ ਕਾਰਨ ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਕੁਝ ਭਾਰ ਆਮ ਲੋਕਾਂ ਉਤੇ ਪਾਉਣ ਦਾ ਫੈਸਲਾ ਕੀਤਾ ਗਿਆ ਹੈ ਪਰ ਮੇਰੇ ਖਿਆਲ ਵਿਚ ਇਹ ਸਹਿਣਯੋਗ ਹੈ।"

ਭੁਪਾਲ ਗੈਸ ਕਾਂਡ ਬਾਰੇ ਬੋਲਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ, "ਇਹ ਇਕ ਸੱਚਾਈ ਹੈ ਕਿ ਅਦਾਲਤੀ ਕਾਰਵਾਈਆਂ ਨੂੰ ਵਕਤ ਲਗਦਾ ਹੈ ਕਿ ਕਈ ਵਾਰ ਅਜਿਹਾ ਹੁੰਦਾ ਹੈ ਕਿ ਕਈ ਕੇਸਾਂ ਦਾ ਫੈਸਲਾ ਹੋਣ ਨੂੰ 25 ਸਾਲ ਤਕ ਲੱਗ ਜਾਂਦੇ ਹਨ ਜੋ ਕਿ ਸਾਡੇ ਅਦਾਲਤੀ ਢਾਂਚੇ ਦੀਆਂ ਖਾਮੀਆਂ ਨੂੰ ਜ਼ਾਹਰ ਕਰਦਾ ਹੈ।" ਉਨ੍ਹਾਂ ਕਿਹਾ ਕਿ ਇਸ ਗੈਸ ਕਾਂਡ ਸਬੰਧੀ ਕਾਇਮ ਮੰਤਰੀ ਸਮੂਹ (ਜੀ.ਓ.ਐਮ.) ਨੇ ਪਹਿਲਾਂ ਹੀ ਸਾਰਾ ਰਿਕਾਰਡ ਘੋਖ ਲਿਆ ਹੈ ਅਤੇ ਉਨ੍ਹਾਂ ਨੂੰ ਰਿਕਾਰਡ ਵਿਚ ਅਜਿਹਾ ਕੁਝ ਨਹੀਂ ਲੱਭਿਆ ਜਿਸ ਤੋਂ ਐਂਡਰਸਨ ਦੇ ਭੱਜ ਜਾਣ ਸਬੰਧੀ ਪੱਕੇ ਤੌਰ 'ਤੇ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇ ਕਿਉਂਕਿ ਇਸ ਸਬੰਧੀ ਰਿਕਾਰਡ ਉਪਲਬਧ ਨਹੀਂ ਸੀ।"

ਪਾਕਿਸਤਾਨ ਨਾਲ ਜਾਰੀ ਅਮਨ ਵਾਰਤਾ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ, "ਮੈਨੂੰ ਇਸ ਵਿਚ ਕੁਝ ਉਮੀਦ ਜਾਪਦੀ ਹੈ। ਜਿਵੇਂ ਮੈਂ ਕਿਹਾ ਹੈ ਕਿ ਪਾਕਿਸਤਾਨ ਨਾਲ ਵਿਹਾਰ ਕਰਦਿਆਂ ਸਾਡਾ ਰਵੱਈਆ ਭਰੋਸੇ ਵਾਲਾ ਹੋਣਾ ਚਾਹੀਦਾ ਹੈ ਜੋ ਭਰੋਸਾ ਜਾਂਚਿਆ-ਪਰਖਿਆ ਹੋਵੇ। ਇਸ ਲਈ ਇਹ ਤਾਂ ਵਕਤ ਹੀ ਦੱਸੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ।"

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਗਾਮੀ ਭਾਰਤ ਫੇਰੀ ਸਬੰਧੀ ਡਾ. ਮਨਮੋਹਨ ਸਿੰਘ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਵਲੋਂ ਜੁਲਾਈ ਦੇ ਦੂਜੇ ਹਫਤੇ ਦੌਰਾਨ ਆਪਣਾ ਸੁਰੱਖਿਆ ਸਲਾਹਕਾਰ ਭਾਰਤ ਭੇਜਿਆ ਜਾਵੇਗਾ ਅਤੇ ਉਹ (ਅਮਰੀਕੀ ਸੁਰੱਖਿਆ ਸਲਾਹਕਾਰ) ਭਾਰਤ ਵਿਚ ਆਪਣੇ ਹਮਰੁਤਬਾ ਸ਼ਿਵ ਸ਼ੰਕਰ ਮੈਨਨ ਨਾਲ ਮੁਲਾਕਾਤ ਕਰ ਕੇ ਰਾਸ਼ਟਰਪਤੀ ਸ੍ਰੀ ਓਬਾਮਾ ਦੀ ਫੇਰੀ ਦਾ ਏਜੰਡਾ ਤੈਅ ਕਰਨਗੇ। ਭਾਰਤ ਦਾ ਇਸ ਸਬੰਧੀ ਬੜਾ ਉਤਸ਼ਾਹੀ ਏਜੰਡਾ ਹੈ।

****ਸੰਪਾਦਕ, ਪੰਜਾਬੀ ਟ੍ਰਿਬਿਊਨ***

## ਦਿਗਵਿਜੈ ਸਿੰਘ ਨਹੀਂ ਰਹੇ



**ਲੰਦਨ:** ਸਾਬਕਾ ਕੇਂਦਰੀ ਮੰਤਰੀ ਅਤੇ ਲੋਕ ਸਭਾ ਮੈਂਬਰ ਦਿਗਵਿਜੈ ਸਿੰਘ ਦਾ ਬੀਤੀ 24 ਜੂਨ ਨੂੰ ਇੱਥੇ ਦਿਮਾਗ ਦੀ ਨਾੜੀ ਫਟਣ ਕਾਰਨ ਦੇਹਾਂਤ ਹੋ ਗਿਆ। ਉਹ 55 ਸਾਲਾਂ ਦੇ ਸਨ।

ਸ੍ਰੀ ਸਿੰਘ ਅਟਲ ਬਿਹਾਰੀ ਵਾਜਪਈ ਦੀ ਸਰਕਾਰ 'ਚ ਵਿਦੇਸ਼ ਰਾਜ ਮੰਤਰੀ ਸਨ। ਉਹ ਆਪਣੇ ਪਿੱਛੇ ਪਤਨੀ ਤੇ ਦੋ ਬੇਟੀਆਂ ਛੱਡ ਗਏ। ਉਹ ਇਸ ਸਮੇਂ ਬਿਹਾਰ ਸੂਬੇ ਦੇ ਬਾਂਕਾ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਨੁਮਾਇੰਦਗੀ ਕਰ ਰਹੇ ਸਨ।

## *ਨਿੱਕੀ ਹੇਲੀ ਨੇ ਨਾਮਜ਼ਦਗੀ ਜਿੱਤੀ*

**ਨਿਊ ਯਾਰਕ:** ਸਾਊਥ ਕੈਰੋਲਾਈਨਾ ਸੂਬੇ ਦੇ ਗਵਰਨਰ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ ਭਾਰਤੀ ਮੂਲ ਦੀ ਨਿੱਕੀ ਹੇਲੀ ਨੇ ਰਨ-ਆਫ਼ ਵਿਚ ਅਪਣੇ ਵਿਰੋਧੀ ਗਰੇਸ਼ਮ ਬਾਰੇਟ ਵਿਰੁਧ ਜਿੱਤ ਪ੍ਰਾਪਤ ਕਰ ਕੇ ਗਵਰਨਰ ਦੇ ਅਹੁਦੇ ਲਈ ਰੀਪਬਲਿਕਨ ਪਾਰਟੀ ਦੀ ਨਾਮਜ਼ਦਗੀ ਜਿੱਤ ਲਈ ਹੈ। ਨਾਮਜ਼ਦਗੀ ਜਿੱਤਣ ਤੋਂ ਬਾਅਦ ਨਿੱਕੀ ਹੇਲੀ ਸਭ ਦੀਆਂ ਨਜ਼ਰਾਂ ਦਾ ਕੇਂਦਰ ਬਣ ਗਈ ਹੈ ਤੇ ਉਸ ਦੀ ਜਿੱਤ ਲਗਭਗ ਪੱਕੀ ਹੈ। ਜੇ ਨਿੱਕੀ ਹੇਲੀ ਗਵਰਨਰ ਦੇ ਅਹੁਦੇ ਦੀ ਚੋਣ ਜਿੱਤ ਜਾਂਦੀ ਹੈ ਤਾਂ ਉਹ ਭਾਰਤੀ ਮੂਲ ਦੀ ਪਹਿਲੀ ਬੀਬੀ ਹੋਵੇਗੀ, ਜਿਹੜੀ ਇਸ ਅਹੁਦੇ ਲਈ ਚੁਣੀ ਜਾਵੇਗੀ। ਨਾਮਜ਼ਦਗੀ ਜਿੱਤਣ ਲਈ ਉਸ ਦਾ ਰਾਹ ਆਸਾਨ ਨਹੀਂ ਰਿਹਾ। ਉਸ 'ਤੇ ਸੈਕਸ ਸਬੰਧਾਂ ਦੇ ਦੋਸ਼ ਲਗਦੇ ਰਹੇ, ਜਿਨ੍ਹਾਂ ਨੂੰ ਉਸ ਨੇ ਗ਼ਲਤ ਦੱਸਿਆ। ਅਲਾਸਕਾ ਦੀ ਸਾਬਕਾ ਗਵਰਨਰ ਸਰਾਹ ਪਾਲਿਨ ਨੇ ਨਿੱਕੀ ਹੇਲੀ ਦੀ ਹਮਾਇਤ ਕੀਤੀ ਸੀ। ਨਿੱਕੀ ਹੇਲੀ ਦਾ ਅਸਲੀ ਨਾਮ ਨਮਰਤਾ ਕੌਰ ਰੰਧਾਵਾ ਹੈ। ਮੀਡੀਆ ਦੀਆਂ ਖ਼ਬਰਾਂ ਵਿਚ ਕਿਹਾ ਗਿਆ ਹੈ ਕਿ ਨਿੱਕੀ ਹੇਲੀ ਨੇ ਡੈਮੋਕਰੇਟ ਵਿਸੇਂਟ ਸ਼ਹੀਨ ਦੇ ਮੁਕਾਬਲੇ ਆਪਣੀ ਹਾਲਤ ਮਜ਼ਬੂਤ ਕਰ ਲਈ ਹੈ। ਉਂਜ ਵੀ ਦਖਣੀ ਕੈਰੀਲੋਨਾ ਨੂੰ ਰੀਪਬਲਿਕਨ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ।



ਇਸ ਸੂਬੇ ਵਿਚ ਜਿਮੀ ਕਾਰਟਰ ਤੋਂ ਬਾਅਦ ਲੋਕਾਂ ਨੇ ਕਦੇ ਵੀ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਿਕ ਉਮੀਦਵਾਰ ਨੂੰ ਵੋਟ ਨਹੀਂ ਦਿੱਤੀ। ਸ਼ੁਰੂ ਵਿਚ ਨਿੱਕੀ ਹੇਲੀ ਰੀਪਬਲਿਕਨ ਪਾਰਟੀ ਦੇ ਆਪਣੇ ਵਿਰੋਧੀਆਂ ਤੋਂ ਪਿੱਛੇ ਚਲ ਰਹੀ ਸੀ। ਜਦੋਂ ਪਾਲਿਨ ਤੇ ਰੋਮਾਨੀ ਨੇ ਉਸ ਦੀ ਹਮਾਇਤ ਕੀਤੀ ਤਾਂ ਉਸ ਦੀ ਸਥਿਤੀ ਮਜ਼ਬੂਤ ਹੋਈ। ਪਾਲਿਨ ਤੇ ਰੋਮਾਨੀ ਦੋਹਾਂ ਨੇ ਹੀ ਨਿੱਕੀ ਹੇਲੀ ਲਈ ਪ੍ਰਚਾਰ ਕੀਤਾ। ਹੇਲੀ ਨੂੰ 62 ਫੀਸਦੀ ਵੋਟਾਂ ਮਿਲੀਆਂ। ਬਾਰੇਟ ਨੂੰ ਸਿਰਫ਼ 38 ਫੀਸਦੀ ਵੋਟਾਂ ਪਈਆਂ। ਵਾਸ਼ਿੰਗਟਨ ਪੋਸਟ ਨੇ ਕਿਹਾ ਹੈ ਕਿ ਨਿੱਕੀ ਹੇਲੀ ਨਾ ਸਿਰਫ਼ ਗਵਰਨਰ ਦੀ ਦੌੜ ਵਿਚ ਸਭ ਤੋਂ ਅੱਗੇ ਹੋ ਗਈ ਹੈ ਬਲਕਿ ਕੌਮੀ ਸਟਾਰ ਵੀ ਬਣ ਗਈ ਹੈ। ਇਹ ਉਸ ਦੇ ਰਾਜਨੀਤਿਕ ਕੈਰੀਅਰ ਲਈ ਬੇਹੱਦ ਸੇਹਤਮੰਦ ਰੁਝਾਨ ਹੈ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ




# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

**High Five Plaza #204**

**19625 Harlan Rd Lathrop CA 95330**

**Exactly on I-5 and Luise Exit Opposite to Dennis Restaurant**

**Global Multi Services**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਸੂਫ਼ੀ ਗਾਇਕੀ ਤੋਂ ਤੁਰਿਆ ਆਸਕਰ ਸਫ਼ਰ:ਸੁਖਵਿੰਦਰ ਸਿੰਘ

**ਹਰਜਿੰਦਰ ਦੁਸਾਂਝ**

***ਕੁਝ ਹਫਤੇ ਪਹਿਲਾਂ ਪੰਜਾਬ ਟਾਈਮਜ਼ ਦੇ ਕਾਲਮਾਂ ਵਿਚ ਸਤਿੰਦਰ ਸਰਤਾਜ ਦੀ ਗਾਇਕੀ ਨੂੰ ਮੁੱਦਾ ਬਣਾ ਕੇ ਪੰਜਾਬੀ ਗੀਤ-ਸੰਗੀਤ ਬਾਰੇ ਇਕ ਗੰਭੀਰ ਬਹਿਸ ਛੇੜਨ ਦਾ ਯਤਨ ਕੀਤਾ ਗਿਆ ਸੀ। ਪੰਜਾਬੀ ਗੀਤ-ਸੰਗੀਤ ਦੇ ਅਜੋਕੇ ਹਾਲਾਤ ਲਈ ਕੌਣ ਕਿੰਨਾ ਜ਼ਿੰਮੇਵਾਰ ਹੈ, ਇਹੋ ਪ੍ਰਸ਼ਨ ਲੈ ਕੇ ਹਰਜਿੰਦਰ ਦੁਸਾਂਝ ਨੇ ਇਸ ਲੇਖ ਵਿਚ ਚਰਚਾ ਨੂੰ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ***

ਸਤਿੰਦਰ ਸਰਤਾਜ ਦੇ ਇਕ ਵੱਖਰੀ ਅਦਾ ਤੇ ਦਿੱਖ ਨਾਲ ਪੰਜਾਬੀ ਗਾਇਕੀ ਦੇ ਵਿਹੜੇ ਵੜਨ ਨੇ ਸੂਫੀ ਗਾਇਕੀ ਤੇ ਸ਼ਾਇਰੀ ਬਾਰੇ ਇਕ ਨਵੀਂ ਬਹਿਸ ਛੇੜ ਦਿੱਤੀ ਹੈ। ਪੰਜਾਬੀ ਗਾਇਕਾਂ 'ਚੋਂ ਸੁਖਵਿੰਦਰ ਸਿੰਘ ਦੱਸ ਸਕਦਾ ਹੈ ਕਿ ਸੂਫੀ ਗਾਇਕੀ ਤੇ ਸ਼ਾਇਰੀ ਦੀ ਕੀ ਕੀਮਤ ਹੈ। ਉਹ ਬੜੇ ਮਾਣ ਨਾਲ ਦੱਸਦਾ ਹੈ ਕਿ ਸੂਫੀ ਗਾਇਕੀ ਦੀ ਸਾਧਨਾ ਤੇ ਅਰਾਧਨਾ ਨੇ ਉਸ ਨੂੰ ਨਾ ਕੇਵਲ ਭਾਰਤੀ ਫਿਲਮ ਜਗਤ ਵਿਚ ਸਥਾਪਤੀ ਦਿਵਾਈ ਸਗੋਂ ਆਸਕਰ ਤੇ ਗ੍ਰੈਮੀ ਐਵਾਰਡ ਵੀ ਉਸ ਦੀ ਝੋਲੀ ਪਵਾਏ। ਗ੍ਰੈਮੀ ਲੈਣ ਵਾਲਾ ਉਹ ਪਹਿਲਾ ਭਾਰਤੀ ਹੈ। ਸੁਖਵਿੰਦਰ ਨਾਲ ਆਸਕਰ ਲੈਣ ਵਾਲਾ ਫਿਲਮ ਜਗਤ ਦਾ ਮੁਗ਼ਲ ਤੇ ਉਸਤਾਦ ਸ਼ਾਇਰ ਗੁਲਜ਼ਾਰ (ਅਸਲ ਨਾਂ ਸੰਪੂਰਨ ਸਿੰਘ) ਵੀ ਸੂਫੀ ਸ਼ਾਇਰੀ ਤੋਂ ਦੂਰ ਨਹੀਂ। ਦੋਵੇਂ ਆਸਕਰ ਜੇਤੂ ਪੰਜਾਬੀ ਸੂਫੀਵਾਦ ਦੇ ਸੁਦਾਈ ਹਨ।

ਸ਼ੁਰੂ 'ਚ ਸੁਖਵਿੰਦਰ ਵੀ ਹੋਰ ਗਾਇਕਾਂ ਵਾਂਗ ਹੀ ਪੰਜਾਬੀ ਗਾਇਕੀ ਦੇ ਪਿੜ 'ਚ ਆਇਆ ਸੀ (ਮੁੰਡੇ ਸਾਉਥਹਾਲ ਦੇ ਨਾਲ), ਪਰ ਉਸ ਨੂੰ ਲੱਗਿਆ ਕਿ ਜੇਕਰ ਕੁਝ ਕਰਨਾ ਹੈ ਤਾਂ ਸਿੱਖਣਾ ਪੈਣਾ ਹੈ। ਸੂਫੀ ਗਾਇਕੀ ਨੂੰ ਉਸ ਨੇ ਆਪਣੀ ਇਬਾਦਤ ਬਣਾ ਲਿਆ। ਉਪਰੰਤ ਕੁਝ ਕਰਨ ਦਾ ਤਹੱਈਆ ਕਰਕੇ ਅੰਮ੍ਰਿਤਸਰ ਛੱਡ ਬੰਬਈ ਤੁਰ ਗਿਆ। ਸਭ ਤੋਂ ਪਹਿਲਾਂ ਮਿਲਿਆ ਲਕਸ਼ਮੀ ਕਾਂਤ ਪਿਆਰੇ ਲਾਲ ਨੂੰ। ਜਦ ਫਿਲਮੀ ਦੁਨੀਆਂ ਦੇ ਸੰਗੀਤ ਮੁਗ਼ਲ ਨੇ ਪੁੱਛਿਆ ਕਿ ਕੀ ਚਾਹੁੰਨੈਂ ਤਾਂ ਸੁਖਵਿੰਦਰ ਨੇ ਏਨਾ ਹੀ ਕਿਹਾ, ਬਸ ਤੁਹਾਡਾ ਆਸ਼ੀਰਵਾਦ ਤੇ ਕੁਝ ਸਿੱਖਣਾ ਚਾਹੁੰਦਾਂ। ਸੁਖਵਿੰਦਰ ਦੇ ਦੱਸਣ ਮੁਤਾਬਿਕ ਲਕਸ਼ਮੀ ਕਾਂਤ ਪਿਆਰੇ ਲਾਲ ਨੇ ਇਹੋ ਕਿਹਾ ਕਿ ਪਹਿਲਾਂ ਕੁਝ ਸੁਣਾ, ਦੇਖੀਏ ਤੇਰੇ ਪੱਲੇ ਕੀ ਹੈ? ਉਹ ਦੱਸਦਾ ਹੈ ਕਿ ਬੜਾ ਔਖਾ ਹੈ ਕਿਸੇ ਨੂੰ ਸੂਫੀ ਸ਼ਾਇਰੀ ਤੇ ਗਾਇਕੀ ਬਾਰੇ ਸਮਝਾਉਣਾ ਪਰ ਜਦ ਉਸ ਨੇ ਬਾਬਾ ਬੁਲ੍ਹੇ ਸ਼ਾਹ ਦਾ ਕਲਾਮ ਛੋਹਿਆ ਤਾਂ ਲਕਸ਼ਮੀ ਕਾਂਤ ਪਿਆਰੇ ਲਾਲ ਨੇ ਉਸ ਨੂੰ ਜੱਫੀ 'ਚ ਲੈ ਲਿਆ। ਬਾਅਦ 'ਚ ਲਕਸ਼ਮੀ ਕਾਂਤ ਪਿਆਰੇ ਲਾਲ ਨੇ ਹੀ ਉਸ ਦੀ ਜੋੜੀ ਉਸ ਦੇ ਹਮ ਉਮਰ ਸੰਗੀਤਕਾਰ ਰਹਿਮਾਨ ਨਾਲ ਬਣਾ ਦਿੱਤੀ। ਸੂਫੀਆਨਾ ਕਲਾਮ ਰਾਹੀਂ ਮਿਲੀ ਸਫਲਤਾ ਬਾਰੇ ਸਭ ਨੂੰ ਪਤਾ ਹੈ। ਇਸ ਮੁਕਾਮ 'ਤੇ ਪਹੁੰਚ ਕੇ ਵੀ ਸੂਫੀ ਗਾਇਕੀ ਉਸ ਲਈ ਅਧਿਆਤਮਕ ਰੁਤਬਾ ਰਖਦੀ ਹੈ। ਅੱਜ ਵੀ ਉਹ ਨਿੱਠ ਕੇ ਸੂਫੀ ਗਾਇਕੀ ਕਰਦੈ ਤੇ ਸੂਫੀਵਾਦ ਤੋਂ ਬਹੁਤ ਕੁਝ ਨਵਾਂ ਸਿੱਖ ਰਿਹੈ।

ਬੁਲੰਦੀਆਂ ਤੇ ਪਹੁੰਚਿਆ ਗੀਤ 'ਚੱਲ ਛੱਈਆਂ-ਛੱਈਆਂ' ਬਾਰੇ ਉਹ ਦੱਸਦਾ ਹੈ ਕਿ ਇਕ ਦਿਨ ਉਹ ਆਪਣੇ ਦੋਸਤਾਂ 'ਚ ਬੈਠਾ ਸੀ, ਰਹਿਮਾਨ ਵੀ ਉਥੇ ਸੀ। ਉਸਨੂੰ ਕੁਝ ਸੁਣਾਉਣ ਨੂੰ ਕਿਹਾ ਗਿਆ ਤਾਂ ਉਸ ਨੇ ਬੁੱਲੇਸ਼ਾਹ ਦਾ ਕਲਾਮ 'ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ, ਛੋਹਿਆ ਤਾਂ ਸਭ ਮਦਮਸਤ ਹੋ ਗਏ ਪਿਛੋਂ ਇਸ ਕਲਾਮ ਦੀ ਬਦੌਲਤ ਫਿਲਮੀ ਗੀਤ ਨਿਕਲਿਆ ਚੱਲ ਛੱਈਆਂ-ਛੱਈਆਂ।

ਸੁਖਵਿੰਦਰ ਸਿੰਘ ਨੂੰ ਪਹਿਲੀ ਵਾਰ ਕੋਈ ਇਕ ਦਹਾਕਾ ਪਹਿਲਾਂ ਸੈਨ ਹੋਜ਼ੇ (ਕੈਲੀਫੋਰਨੀਆ) ਦੇ ਇਕ ਮੰਦਰ 'ਚ ਮਿਲਿਆ ਸਾਂ। ਇਥੇ ਉਹ ਜਗਰਾਤਾ ਕਰਨ ਆਏ ਨਰਿੰਦਰ ਚੰਚਲ ਨਾਲ ਆਇਆ ਸੀ। ਉਦੋਂ ਸਫਲਤਾ ਅਜੇ ਉਸ ਦੇ ਕਦਮਾਂ ਵਲ ਵਧ ਰਹੀ ਸੀ। ਉਦੋਂ ਬਹੁਤੇ ਲੋਕ ਉਸ ਨਾਲੋਂ ਚੰਚਲ ਨੂੰ ਜ਼ਿਆਦਾ ਜਾਣਦੇ ਸਨ, ਫਿਰ ਵੀ ਫਿਲਮੀ ਗਾਇਕ ਵਜੋਂ ਉਸ ਦੀ ਪਛਾਣ ਬਣ ਚੁੱਕੀ ਸੀ। ਦੇਖਣ ਨੂੰ ਉਹ ਫਿਲਮੀ ਗਾਇਕ ਨਾਲੋਂ ਮੰਦਰ ਦਾ ਪੁਜਾਰੀ ਜ਼ਿਆਦਾ ਲਗਦਾ ਸੀ ਕਿਉਂਕਿ ਉਸ ਨੇ ਗਾਇਕਾਂ ਵਾਲਾ ਕੋਈ ਟੌਹਰ-ਟੱਪਾ ਨਹੀਂ ਕੀਤਾ ਹੋਇਆ ਸੀ। ਉਦੋਂ ਉਸਨੇ ਗਾਇਆ ਨਹੀਂ ਸੀ, ਬਸ ਸੰਗਾਊ ਜਿਹਾ ਬਣਿਆ ਮੰਦਰ ਦੀ ਇਕ ਨੁਕਰੇ ਬੈਠਾ ਰਿਹਾ। ਲੰਗਰ ਹਾਲ 'ਚ ਜੇ ਕਿਸੇ ਨੇ ਆਟੋਗ੍ਰਾਫ ਮੰਗੇ ਤਾਂ ਦੇ ਦਿੱਤੇ। ਗੱਲਾਂ-ਗੱਲਾਂ 'ਚ ਇਹੋ ਕਹਿ ਰਿਹਾ ਸੀ ਉਹ ਤਾਂ ਅਜੇ ਖੁਦ ਸਿੱਖਦਾ ਹੈ। ਉਸ ਨੇ ਤਾਂ ਸੰਗੀਤ ਦੇ ਗੋਹਲੇ 'ਚੋਂ ਪੂਣੀ ਵੀ ਨਹੀਂ ਕੱਤੀ। ਉਸ ਤੋਂ ਪਿੱਛੋਂ ਆਏ ਬਹੁਤੇ ਗਾਇਕ ਤੰਦ ਫੜ ਕੇ ਗੋਹਲਾ ਕੱਤਣ ਦੀਆਂ ਗੱਲਾਂ ਕਰਦੇ ਹਨ।

ਫਿਲਮੀ ਗਾਇਕੀ ਬਾਰੇ ਇਕ ਵਾਰ ਮੈਂ ਹੰਸ ਰਾਜ ਹੰਸ ਨੂੰ ਪੁੱਛਿਆ ਕਿ ਮੁਹੰਮਦ ਰਫੀ ਤੇ ਮਹਿੰਦਰ ਕਪੂਰ ਤੋਂ ਬਾਅਦ ਸਮੇਤ ਸੁਰਿੰਦਰ ਕੌਰ ਤੇ ਗ਼ਜ਼ਲ ਗਾਇਕ ਜਗਜੀਤ ਸਿੰਘ ਦੇ ਬਹੁਤ ਸਾਰੇ ਪੰਜਾਬੀ ਗਾਇਕ ਫਿਲਮ ਨਗਰੀ ਗਏ ਪਰ ਉਥੇ ਟਿਕ ਨਹੀਂ ਸਕੇ। ਬਹੁਤਿਆਂ ਨੇ ਫਿਲਮੀ ਮਾਹੌਲ ਨੂੰ ਠੀਕ ਨਾ ਦਸਦਿਆਂ ਫਿਲਮੀ ਗਾਇਕੀ ਛੱਡਣ ਦੀ ਗੱਲ ਕੀਤੀ ਹੈ। ਕੀ ਕਾਰਨ ਹੈ ਸਾਡੇ ਨਵੇਂ ਗਾਇਕ ਫਿਲਮ ਨਗਰੀ 'ਚ ਕੋਈ ਮੁਕਾਮ ਨਹੀਂ ਬਣਾ ਸਕੇ। ਹੰਸ ਅਜੇ ਉਦੋਂ ਕੁ ਹਿੰਦੀ ਫਿਲਮਾਂ 'ਚ ਗਾ ਕੇ ਆਇਆ ਸੀ। ਉਸ ਦਾ ਫਿਲਮੀ ਗੀਤ 'ਔਹ ਗਈ' (ਸ਼ਾਇਦ) ਕਾਫੀ ਚਲ ਰਿਹਾ ਸੀ।



ਗਾਇਕ ਸੁਖਵਿੰਦਰ ਸਿੰਘ

ਹੰਸ ਦਾ ਜੁਆਬ ਸੀ ਕਿ ਸਾਡੇ ਪੰਜਾਬੀ ਗਵੱਈਆਂ 'ਚ ਤਿੰਨ ਵਰਗ ਹਨ। ਪਹਿਲੇ ਗਾਇਕ, ਦੂਜੇ ਪਿੱਠਵਰਤੀ ਗਾਇਕ ਤੇ ਤੀਜੇ ਅਖਾੜੇਬਾਜ਼ (ਸ਼ੋਅਮੈਨ), ਤਿੰਨੇ ਵੱਖੋ-ਵੱਖਰੇ ਕਿਸਮ ਦੇ ਗਾਇਕਾਂ ਦੀਆਂ ਵੱਖੋ-ਵੱਖਰੀਆਂ ਲੋੜਾਂ ਹਨ। ਪਿੱਠਵਰਤੀ ਗਾਇਕ ਬਣਨ ਲਈ ਉਸ ਨਾਲ ਸੰਬੰਧਿਤ ਕਾਰ-ਵਿਹਾਰ ਸਿੱਖਣਾ ਪਵੇਗਾ ਤੇ ਸ਼ੋਅਮੈਨ ਬਣਨ ਲਈ ਸ਼ੋਅਮੈਨ ਵਾਲਾ ਕੰਮ-ਢੰਗ ਸਿੱਖਣਾ ਪਵੇਗਾ। ਜੇਕਰ ਸਿਖਦੇ ਨਹੀਂ ਤਾਂ ਇਕ ਗਾਇਕ ਨੂੰ ਪਿੱਠਵਰਤੀ ਗਾਇਕ ਜਾਂ ਸ਼ੋਅਮੈਨ ਵਜੋਂ ਸਥਾਪਤ ਹੋਣਾ ਮੁਸ਼ਕਲ ਹੈ। ਉਸ ਦੀ ਗੱਲ ਸਹੀ ਲਗਦੀ ਹੈ। ਗੁਰਦਾਸ ਮਾਨ ਇਕ ਸਫਲ ਸ਼ੋਅਮੈਨ ਹੈ। ਉਸ ਦਾ ਸ਼ੋਅ ਕਦੇ ਫਲਾਪ ਨਹੀਂ ਹੋਇਆ ਉਹ ਸ਼ੋਅਮੈਨ ਜ਼ਿਆਦਾ ਤੇ ਗਾਇਕ ਘੱਟ ਲਗਦਾ। ਇਸੇ ਤਰ੍ਹਾਂ ਖੁਦ ਹੰਸ ਸ਼ੋਅਮੈਨ ਘੱਟ ਤੇ ਗਾਇਕ ਜ਼ਿਆਦਾ ਲਗਦਾ ਹੈ। ਪੰਜਾਬੀਆਂ 'ਚ ਗਾਇਕਾਂ ਤੇ ਪਿੱਠਵਰਤੀ ਗਵੱਈਆਂ ਦੀ ਉਨੀ ਸੱਦ-ਪੁੱਛ ਨਹੀਂ, ਜਿੰਨੀ ਸ਼ੋਅਮੈਨਾਂ ਦੀ ਹੈ। ਇਸੇ ਕਰਕੇ ਹੁਣ ਨਵੇਂ ਗਾਇਕ, ਗਵੱਈਏ ਘੱਟ ਤੇ ਸ਼ੋਅਮੈਨ ਜ਼ਿਆਦਾ ਬਣਨਾ ਚਾਹੁੰਦੇ ਹਨ। ਸਰਤਾਜ ਵਲੋਂ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਉਕਸਾਉਣਾ, ਹਲਕੀ ਤੁਕਬੰਦੀ ਅਤੇ ਪੱਗ 'ਚੋਂ ਵਾਲ ਕੱਢਣਾ (ਸੁਣਿਆ ਇਹ ਉਸ ਦੇ ਅਸਲੀ ਨਹੀਂ, ਨਕਲੀ ਵਾਲ ਹਨ) ਆਦਿ, ਇਕ ਸਫਲ ਸ਼ੋਅਮੈਨ ਬਣਨ ਦਾ ਹੀ ਤਰੱਦਦ ਹੈ। ਇਹ ਸ਼ਾਇਦ ਇਸ ਲਈ ਹੈ ਕਿ ਪੰਜਾਬੀਆਂ ਦਾ ਇਕ ਵੱਡਾ ਹਿੱਸਾ ਸੰਗੀਤ ਨੂੰ ਚੰਚਲਹਾਰੇ ਮਨ ਦੀ ਮੌਜ-ਮਸਤੀ ਦਾ ਕੇਵਲ ਇਕ ਜ਼ਰੀਆ ਮੰਨਣ ਤਕ ਸੀਮਤ ਹੈ। ਸੰਗੀਤ ਨੂੰ ਸੂਖਮ ਮਨ ਦੀ ਕਲਾ ਤ੍ਰਿਪਤੀ ਵਾਲਾ ਮੰਨਣ ਵਾਲਾ ਹਿੱਸਾ ਥੋੜ੍ਹਾ ਹੈ। ਦੁਨੀਆਂ ਭਰ ਦੇ ਨਾਮੀ ਸੰਗੀਤ ਮੇਲਿਆਂ 'ਚ ਸ਼ੁਮਾਰ ਜਲੰਧਰ ਵਾਲੇ ਹਰਵੱਲਭ ਸੰਗੀਤ ਸੰਮੇਲਨ ਨਾਲੋਂ ਲੁਧਿਆਣੇ ਦੀ ਇਕ ਸਾਧਾਰਨ ਗਾਉਣ ਵਾਲੀ ਬੀਬੀ ਕਿਸੇ ਪਿੰਡ ਜ਼ਿਆਦਾ ਲੋਕ ਇਕੱਠ ਕਰ ਲੈਂਦੀ ਹੈ। ਇਨ੍ਹਾਂ ਬੀਬੀਆਂ ਤੇ ਬੀਬਿਆਂ ਨਾਲ ਆਏ ਮਸਖਰੇ ਜਾਂ ਖੁਦ ਗਾਇਕ ਜਦੋਂ ਸ਼ਾਸਤਰੀ ਗਵੱਈਆਂ ਬਾਰੇ ਹਲਕੇ ਜਿਹੇ ਚੁਟਕਲੇ ਸੁਣਾਉਂਦੇ ਹਨ ਤਾਂ ਲੋਕ ਚਟਕਾਰੇ ਲਾਉਂਦੇ ਹਨ। ਸੰਗੀਤ (ਕਲਾ) ਬਾਰੇ ਪੰਜਾਬੀਆਂ ਦੀ ਅਜਿਹੀ ਮਾਨਸਿਕਤਾ ਉਨ੍ਹਾਂ ਦੇ ਇਤਿਹਾਸਕ ਤੇ ਭੁਗੋਲਿਕ ਕਾਰਨਾਂ ਕਰਕੇ ਹੈ ਜਿਹੜਾ ਇਕ ਵੱਖਰਾ ਵਿਸ਼ਾ ਹੈ।

ਗਹੁ ਨਾਲ ਦੇਖਿਆ ਜਾਵੇ ਤਾਂ ਸਹਿਜੇ ਹੀ ਅਹਿਸਾਸ ਹੋ ਜਾਂਦਾ ਹੈ ਕਿ ਪੰਜਾਬੀਆਂ ਦੀ ਸੰਗੀਤ ਦੇ ਮਾਮਲੇ 'ਚ ਦੋਹਰੀ ਪਹੁੰਚ ਰਹੀ ਹੈ। ਇਕ ਪਾਸੇ ਤਾਂ ਪੰਜਾਬ ਨੇ ਹਰਵੱਲਭ ਵਰਗਾ ਕੌਮਾਂਤਰੀ ਸੰਗੀਤ ਮੇਲਾ ਅਰੰਭਿਆ। ਪਟਿਆਲਾ ਤੇ ਸ਼ਾਮ ਚੁਰਾਸੀ ਵਰਗੇ ਸੰਗੀਤ ਘਰਾਣੇ ਪੈਦਾ ਕੀਤੇ। ਦੂਜੇ ਪਾਸੇ ਵਿਆਹਾਂ-ਸ਼ਾਦੀਆਂ ਵਰਗੇ ਮੌਕਿਆਂ ਉਤੇ ਹਲਕੀ-ਫੁਲਕੀ ਗਾਇਕੀ ਕਰਨ ਵਾਲਿਆਂ ਨੂੰ ਸੰਗੀਤ ਮਾਡਲ ਬਣਾ ਦਿੱਤਾ ਹੈ। ਇਹ ਵਰਤਾਰਾ ਅੱਜ ਦਾ ਨਹੀਂ, ਪਿਛਲੇ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ। ਪੰਜਾਬ ਦੀ ਵੰਡ ਤੋਂ ਪਹਿਲਾਂ ਵੀ ਇਕ ਪਾਸੇ ਸੰਜ਼ੀਦਾ ਗਾਇਕੀ ਦੇ ਦੌਰ ਚਲਦੇ ਸਨ, ਦੂਜੇ ਪਾਸੇ ਮੁਜਰੇਵਾਲੀਆਂ ਨੂੰ ਸੱਦਿਆ ਜਾਂਦਾ ਸੀ। ਮੁਜਰੇ ਕਰਨ ਵਾਲੀ ਬਰਾਦਰੀ ਇਸਲਾਮ ਧਰਮ ਨਾਲ ਜੁੜੀ ਹੋਣ ਕਰਕੇ ਲਹਿੰਦੇ ਪਾਸੇ ਜਾ ਵਸੀ। ਉਨ੍ਹਾਂ ਵਲੋਂ ਕੀਤੀ ਜਾਂਦੀ ਹਲਕੀ-ਫੁਲਕੀ ਗਾਇਕੀ ਦੀ ਘਾਟ ਕਿਸੇ ਨਾ ਕਿਸੇ ਰੂਪ 'ਚ ਪੂਰੀ ਹੋਣੀ ਹੀ ਸੀ। ਪੰਜਾਬੀਆਂ ਦਾ ਤਾਂ ਸੁਭਾਅ ਹੀ ਨਿਰਾਲਾ ਹੈ। ਇਹ ਜਿੰਨੇ ਸੁਆਦ ਨਾਲ ਕੱਵਾਲੀ ਦਾ ਰਸ ਮਾਣਦੇ ਹਨ, ਉਨੇ ਹੀ ਸੁਆਦ ਨਾਲ ਖੁਸਰਿਆਂ ਦੇ ਗਾਉਣ ਦਾ ਰਸ ਵੀ ਮਾਣਦੇ ਹਨ। ਭਾਵੇਂ ਨਾਲ ਇਹ ਕਹੀ ਜਾਣਗੇ "ਖੁਸਰੇ ਦਾ ਗਾਉਣ, ਖੀਰੇ ਦਾ ਖਾਣ, ਸੁਆਦ ਇਕ ਬਰਾਬਰ।"

ਸੋ, ਅਜਿਹੀ ਦੋਹਰੀ ਪਸੰਦ ਅਤੇ ਪਹੁੰਚ ਕਰਕੇ ਬਹੁਤ ਸਾਰੇ ਸੰਜ਼ੀਦਾ ਗਾਇਕ ਵੀ ਸ਼ੋਅਮੈਨ ਬਣਨ ਲੱਗ ਜਾਂਦੇ ਹਨ। ਹੰਸ ਰਾਜ ਹੰਸ ਜਦੋਂ ਸਾਡੇ ਦੋਵਾਂ ਦੇ ਸਾਂਝੇ ਦੋਸਤ ਅਜੀਤ ਗਿੱਲ ਦੇ ਸੱਦੇ 'ਤੇ ਅਮਰੀਕਾ ਪ੍ਰੋਗਰਾਮ ਕਰਨ ਆਇਆ ਸੀ ਤਾਂ ਸੈਕਰਾਮੈਂਟੋ ਦੇ ਆਰਕੋ ਐਰੀਨਾ ਵਾਲੇ ਸ਼ੋਅ 'ਚ ਹੰਸ ਨੇ ਆਪਣਾ ਪ੍ਰੋਗਰਾਮ ਦੋ ਹਿੱਸਿਆ 'ਚ ਵੰਡ ਲਿਆ। ਪਹਿਲਾ ਹਿੱਸਾ ਉਹਦੀ ਆਪਣੀ ਪਸੰਦ ਦਾ ਕਲਾਸੀਕਲ ਸੀ, ਇਹ ਹਿੱਸਾ ਉਸ ਨੇ ਯਮਲੇ ਨੂੰ ਸਮਰਪਿਤ ਕੀਤਾ ਸੀ। ਇਹ ਹਿੱਸਾ ਨਿਰੋਲ ਸਾਹਿਤਕ ਤੇ ਸ਼ਾਸਤਰੀ ਸੰਗੀਤ ਉਤੇ ਆਧਾਰਿਤ ਸੀ। ਜਦੋਂ ਇਸ ਹਿੱਸੇ 'ਚ ਉਹ ਮੇਰੇ ਦੋਸਤ ਸ਼ਾਇਰ ਹਰਜਿੰਦਰ ਕੰਗ (ਜਿਹੜਾ ਮੇਰੇ ਨੇੜੇ ਦੀ ਕੁਰਸੀ 'ਤੇ ਡਾ. ਗੁਰੂਮੇਲ ਸਿੱਧੂ ਨਾਲ ਬੈਠਾ ਸੀ) ਦੇ ਸਾਹਿਤਕ ਤੇ ਗੰਭੀਰ ਗੀਤ ਗਾ ਰਿਹਾ ਸੀ ਤਾਂ ਆਪਣੇ ਆਪ ਨੂੰ ਸਾਡੇ ਸੱਭਿਆਚਾਰ ਦੇ ਝੰਡਾ ਬਰਦਾਰ ਤੇ ਭਾਈਚਾਰੇ ਦੀ ਕਰੀਮ ਸਮਝਦੇ ਬੰਦੇ ਨਸ਼ੇ 'ਚ ਧੁੱਤ ਵਾਰ ਵਾਰ ਟਾਹਰਾਂ ਮਾਰ ਰਹੇ ਸਨ ਕਿ "ਕੋਈ ਚੋਂਦਾ-ਚੋਂਦਾ ਛੱਡ।" ਗੀਤ ਚੱਲ ਰਿਹਾ ਸੀ "ਇਹ ਜੋ ਸਿੱਲੀ ਸਿੱਲੀ ਆਉਂਦੀ ਏ ਹਵਾ" ਸਾਡੇ ਸੱਭਿਆਚਾਰ ਦੇ ਰਖਵਾਲੇ ਬੱਕਰੇ ਬੁਲਾ ਰਹੇ ਸਨ। ਅਜਿਹੀ ਦੋਹਰੀ ਮਾਨਸਿਕਤਾ 'ਚ ਕਲਾਕਾਰਾਂ ਤੇ ਮੰਡੀ ਨੂੰ ਵੀ ਕਿੰਨਾ ਕੁ ਦੋਸ਼ ਦੇ ਸਕਦੇ ਹਾਂ। ਮੇਰੇ ਇਕ ਕਰੀਬੀ ਰਿਸ਼ਤੇਦਾਰ ਨੇ ਜਦ ਸਰਦੂਲ-ਨੂਰੀ, ਹਰਦੀਪ ਤੇ ਦਵਿੰਦਰ ਖੰਨੇ ਵਾਲੇ ਦਾ ਸੈਨ ਫਰਾਂਸਿਸਕੋ ਸ਼ੋਅ ਕਰਵਾਇਆ ਤਾਂ ਇਹੋ ਹਾਲ ਉਥੇ ਹੋਇਆ ਸੀ। ਸਰਦੂਲ ਮਿਰਜ਼ੇ ਦੇ ਕਤਲ ਤੋਂ ਬਾਅਦ ਮਿਰਜ਼ੇ ਦੇ ਬਾਪ ਦੀ ਮਾਨਸਿਕ ਹਾਲਤ ਗਾ ਰਿਹਾ ਸੀ ਤੇ ਲੋਕ ਕੁਰਸੀਆਂ ਭੰਨ ਰਹੇ ਸਨ। ਸੁਣਿਆ ਹੁਣ ਇਹ ਗਾਇਕ ਸੰਜ਼ੀਦਾ ਤੇ ਹਲਕੇ ਪ੍ਰੋਗਰਾਮ ਵੱਖੋ-ਵੱਖਰੇ ਕਰ ਰਹੇ ਹਨ।

ਚਾਰ ਕੁ ਸਾਲ ਪਹਿਲਾਂ ਸੈਕਰਾਮੈਂਟੋ ਵਾਲੇ ਸੰਗੀਤਕਾਰ ਜਗਦੇਵ ਸਿੰਘ ਨੇ ਰੈਸਟੋਰੈਂਟ ਖੋਲ੍ਹਿਆ ਤੇ ਉਦਘਾਟਨ ਕਰਵਾਇਆ ਗੁਲਾਮ ਅਲੀ ਤੋਂ, ਇਸ ਤੋਂ ਬਿਨਾਂ ਇਥੇ ਉਸ ਨੇ ਉਸਤਾਦੀ-ਸ਼ਾਗਿਰਦੀ ਦਾ ਪਾਕ ਰਿਸ਼ਤਾ ਵੀ ਉਸ ਨਾਲ ਗੰਢਿਆ। ਸਰੋਤੇ ਉਸ ਨੇ ਸੰਜਮ ਨਾਲ ਸੰਜ਼ੀਦਾ ਹੀ ਸੱਦੇ ਸਨ। ਪ੍ਰੋਗਰਾਮ ਉਪਰੰਤ ਗੱਲਾਂ-ਬਾਤਾਂ 'ਚ ਜਨਾਬ ਗੁਲਾਮ ਅਲੀ ਸਾਹਿਬ ਕਹਿੰਦੇ ਕਿ ਪੰਜਾਬੀ ਗਾਇਕਾਂ ਨੂੰ ਸੰਜ਼ੀਦਾ ਗਾਇਕੀ ਤੇ ਹਲਕੀ ਗਾਇਕੀ ਇੱਕੋ ਪ੍ਰੋਗਰਾਮ 'ਚ ਇਕੱਠੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਤੇ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਆਪਣੇ ਪ੍ਰੋਗਰਾਮਾਂ ਦਾ ਪ੍ਰਚਾਰ ਹੀ ਇਸ ਤਰ੍ਹਾਂ ਕਰਨ ਕਿ ਹਲਕਾ ਸੁਣਨ ਵਾਲੇ ਸੰਜ਼ੀਦਾ ਪ੍ਰੋਗਰਾਮਾਂ 'ਚ ਨਾ ਜਾਣ ਤੇ ਸੰਜ਼ੀਦਾ ਸੁਣਨ ਵਾਲੇ ਲੱਚਰਪੁਣੇ ਵਾਲੇ ਥਾਂ ਨਾ ਜਾਣ। ਪਰ ਸੰਗੀਤਕਾਰਾਂ ਤੇ ਗਾਇਕਾਂ ਨੂੰ ਚਾਹੀਦਾ ਹੈ ਕਿ ਉਹ ਥੋੜ੍ਹਾ ਸੰਜਮ ਤੋਂ ਕੰਮ ਲੈਣ ਅਤੇ ਚੱਜ-ਅਚਾਰ ਦਾ ਖਿਆਲ ਰੱਖਣ।

ਲਹਿੰਦੇ ਤੇ ਚੜ੍ਹਦੇ ਪੰਜਾਬ ਨੂੰ ਗੁਰਬਾਣੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਰਾਗ ਤੇ ਬਾਣੀ ਦਾ ਅਟੁੱਟ ਰਿਸ਼ਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਰਾਗਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਥੋਂ ਤਕ ਕਿ ਹਰ ਸ਼ਬਦ ਨਾਲ ਦਰਸਾਇਆ ਗਿਆ ਹੈ ਕਿ ਕਿਹੜੇ ਸ਼ਬਦ ਦਾ, ਕਿਸ ਰਾਗ ਤੇ ਕਿਸ ਸੁਰ 'ਚ ਗਾਇਨ ਕਰਨਾ ਹੈ। ਦੁੱਖ ਦੀ ਗੱਲ ਹੈ ਕਿ ਬਹੁਤੇ ਕੀਰਤਨੀਏ ਵੀ ਰਾਗਾਂ ਦਾ ਰਾਹ ਛੱਡ ਕੇ, ਜਿਸ ਧੁਨ 'ਚ ਚੰਗਾ ਲਗਦੈ ਗਾ ਰਹੇ ਹਨ। ਕਈ ਨਾਮਵਰ ਕੀਰਤਨੀਆਂ ਦਾ ਕਹਿਣਾ ਹੈ ਕਿ ਇਹ ਬੰਦਿਸ਼ ਨਹੀਂ ਕਿ ਕਿਹੜਾ ਰਾਗ ਕਿਸ 'ਚ ਗਾਉਣ, ਉਹ ਉਸੇ ਤਰ੍ਹਾਂ ਗਾਇਨ ਕਰਦੇ ਹਨ ਜਿਵੇਂ ਸੰਗਤ ਪਸੰਦ ਕਰਦੀ ਹੈ।

ਕਈ ਸਾਲ ਪਹਿਲਾਂ ਭਾਈ ਗੁਲਬਾਗ ਸਿੰਘ ਤੇ ਦਿਲਬਾਗ ਸਿੰਘ ਹੁਰਾਂ ਅਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਕਿਹਾ ਸੀ ਕਿ ਸੰਗਤ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ ਪਰ ਸ਼ਬਦ ਤੇ ਰਾਗ ਪਹਿਲਾਂ ਹਨ। ਜੇਕਰ ਬਾਣੀ ਨੂੰ ਦਰਸਾਏ ਰਾਗਾਂ 'ਚ ਗਾਇਆ ਨਾ ਜਾਵੇਗਾ ਤਾਂ ਲੋਕ ਉਹ ਰਾਗ ਸੁਣਨ ਤੇ ਜਾਨਣਗੇ ਕਿਵੇਂ?

ਇਹ ਠੀਕ ਹੈ ਕਿ ਬਹੁਤੇ ਪੰਜਾਬੀ ਕੰਨ ਰਸ ਦੇ ਸ਼ੌਕੀਨ ਹਨ ਪਰ ਲੋਕ ਉਸੇ ਤਰ੍ਹਾਂ ਦੀ ਫਰਮਾਇਸ਼ ਕਰਨਗੇ ਜਿਸ ਤਰ੍ਹਾਂ ਦਾ ਕੋਈ ਗਾਉਂਦਾ ਹੈ। ਮਸਲਨ ਕੁਲਦੀਪ ਮਾਣਕ ਨੂੰ ਲੋਕ ਕਲੀਆਂ ਦੀ ਸਿਫਾਰਸ਼ ਕਰਨਗੇ, ਨਾ ਕੇ ਜਮਾਲੋ ਦੀ। ਫਿਰ ਵੀ ਇਹ ਗੱਲ ਸੋਚਣੀ ਪਵੇਗੀ ਕਿ ਜੇਕਰ ਸਾਰੀ ਉਮਰ ਚੰਗਾ ਗਾਉਣ ਵਾਲਾ ਯਮਲਾ ਬੁੱਢੇ ਵਾਰੇ ਗਾ ਰਿਹਾ ਸੀ "ਵਿਸਕੀ ਦੀ ਬੋਤਲ ਵਰਗੀ ਮੈਂ ਇਕ ਕੁੜੀ ਫਸਾ ਲਈ ਹੈ।" ਤਾਂ ਕਿਉਂ?

ਇਸ ਲਈ ਮੰਡੀ ਕਿੰਨੀ ਕਸੂਰਵਾਰ ਹੈ ਤੇ ਅਸੀਂ ਕਿੰਨੇ? ਮੈਂ ਦੇਖਿਆ ਹੈ ਕਿ ਜਿਹੜੇ ਲੋਕ ਚਮਕੀਲੇ ਦੀ ਜ਼ਿਆਦਾ ਖੱਲ ਲਾਹੁੰਦੇ ਹਨ, ਉਨ੍ਹਾਂ ਦੀਆਂ ਕਾਰਾਂ 'ਚ ਹੀ ਚਮਕੀਲੇ ਦੀਆਂ ਜ਼ਿਆਦਾ ਕੈਸਟਾਂ ਤੇ ਸੀਡੀਆਂ ਹੁੰਦੀਆਂ ਹਨ। ਇਹ ਗੱਲ ਸਾਧਾਰਨ ਲੋਕਾਈ ਦੀ ਨਹੀਂ, 'ਬੁੱਧੀਜੀਵੀ' ਵਰਗ ਦੀ ਵੀ ਹੈ। ਇਹ ਦੋਹਰੇ ਮਾਪਦੰਡ ਤੇ ਮਾਨਸਿਕਤਾ ਬਾਰੇ ਜ਼ਰੂਰ ਸੋਚਣਾ। ਮੁਕਦੀ ਗੱਲ ਲੋਕ ਹਲਕਾ ਸੁਣਨਾ ਚਾਹੁੰਦੇ ਹਨ ਪਰ ਕਲਾ ਤੇ ਕਲਾਕਾਰ ਦਾ ਵੀ ਕੋਈ ਮੁਕਾਮ ਹੁੰਦਾ ਹੈ। ਕਲਾ ਤੇ ਕਲਾਕਾਰ ਨੇ ਜਿੱਥੇ ਲੋਕਾਂ ਦਾ ਮੰਨੋਰੰਜਨ ਕਰਨਾ ਹੈ, ਉਥੇ ਲੋਕਾਈ ਨੂੰ ਇਕ ਨਵੀਂ ਸੇਧ ਵੀ ਦੇਣੀ ਹੈ। ਜੇਕਰ ਕਲਾ ਤੇ ਕਲਾਕਾਰ ਮਨੋਰੰਜਨ ਦੇ ਨਾਲ ਮਨੁੱਖੀ ਮਨ ਲਈ ਨਵੇਂ ਰਾਹ ਨਹੀਂ ਤਿਆਰ ਕਰਦਾ ਤਾਂ ਆਪਣੀ ਪਰਿਭਾਸ਼ਾ 'ਤੇ ਖਰਾ ਨਹੀਂ ਉਤਰਦਾ। ਇਸ ਕੰਮ 'ਚ ਬੁੱਧੀਜੀਵੀ ਵਰਗ ਨੂੰ ਵੀ ਦੋਹਰੀ ਪਹੁੰਚ ਨਹੀਂ ਅਪਨਾਉਣੀ ਚਾਹੀਦੀ। ਇਕ ਪਾਸੇ ਤਾਂ ਮਾੜੇ ਸੰਗੀਤ, ਮਾੜੀਆਂ ਫਿਲਮਾਂ ਦੇ ਖਿਲਾਫ ਬੋਲੀ/ਲਿਖੀ ਜਾਂਦੇ ਹਨ ਪਰ ਦੂਜੇ ਪਾਸੇ ਖਰੀਦੀ ਵੀ ਜਾਂਦੇ ਹਨ। ਜੇਕਰ ਬਾਜ਼ਾਰ 'ਚ ਅਸੀਂ ਘਟੀਆ ਚੀਜ਼ਾਂ ਖਰੀਦਾਂਗੇ ਤਾਂ ਘਟੀਆਂ ਚੀਜ਼ਾਂ ਹੀ ਬਾਜ਼ਾਰ 'ਚ ਆਉਣਗੀਆਂ। ਪਰ ਕਲਾ ਦਾ ਵਪਾਰ ਕਰ ਰਹੇ ਸੱਜਣਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਪਾਰ ਦੇ ਨਾਲ-ਨਾਲ ਕਲਾ ਦਾ ਵੀ ਖਿਆਲ ਰੱਖਣ, ਭਾਵੇਂ ਹਰ ਕਲਾ ਦਾ ਰੂਪ ਬਦਲਦਾ ਰਹਿੰਦਾ ਹੈ ਪਰ ਜੇਕਰ ਵਪਾਰ ਦੇ ਨਾਂ ਤੇ ਇਸਨੂੰ ਬੇਰੂਪ ਕਰ ਦਿੱਤਾ ਜਾਵੇਗਾ ਤਾਂ ਆਉਣ ਵਾਲੀਆਂ ਨਸਲਾਂ ਸਾਡੇ ਉਤੇ ਕਈ ਸੁਆਲ ਖੜ੍ਹੇ ਕਰਨਗੀਆਂ।

ਠੀਕ ਹੈ, ਪਦਾਰਥਵਾਦੀ ਯੁੱਗ 'ਚ ਕੋਈ ਸਮਾਜ ਸੇਵਾ ਨਹੀਂ ਕਰਦਾ ਪਰ ਜੇਕਰ ਪੈਸਾ ਕਮਾਉਣ ਦੇ ਨਾਲ-ਨਾਲ ਸਮਾਜ ਸੇਵਾ ਕਰਨ ਦੀ ਪਹੁੰਚ ਅਪਨਾ ਲਈ ਜਾਵੇ ਤਾਂ ਸੋਨੇ 'ਤੇ ਸੁਹਾਗਾ ਅਤੇ ਨਾਲੇ ਪੁੰਨ ਨਾਲੇ ਫਲੀਆਂ ਵਾਲੀ ਗੱਲ ਹੋਵੇਗੀ। ਵੈਸੇ ਬਹੁਤੀ ਚਿੰਤਾ ਦੀ ਵੀ ਲੋੜ ਨਹੀਂ, ਸੰਜ਼ੀਦਾ ਗਾਇਕੀ ਤੇ ਹਲਕੀ ਗਾਇਕੀ ਨਾਲੋ ਨਾਲ ਚਲਦੀਆਂ ਰਹਿਣੀਆਂ ਹਨ। ਜੇਕਰ ਪੰਜਾਬ 'ਚ ਮੁਜਰਾਂ ਕਰਨ ਵਾਲਿਆਂ ਦੇ ਗੀਤ-ਸੰਗੀਤ ਸਦੀਆਂ ਤੋਂ ਪੰਜਾਬੀ ਮੁੱਖ ਧਾਰਾ ਦਾ ਹਿੱਸੇ ਨਹੀਂ ਬਣੇ ਤਾਂ ਹੁਣ ਵੀ ਹਲਕੀ ਗਾਇਕੀ ਤੇ ਲੱਚਰ ਗੀਤ ਸਾਡੇ ਸੱਭਿਆਚਾਰ ਦਾ ਹਿੱਸਾ ਨਹੀਂ ਬਣਨ ਲੱਗੇ ਪਰ ਸੱਭਿਆਚਾਰ ਨੂੰ ਫੜ ਕੇ ਵੀ ਨਹੀਂ ਰੱਖਿਆ ਜਾ ਸਕਦਾ। ਇਹ ਤਾਂ ਵਗਦਾ ਦਰਿਆ ਹੈ, ਵਗਦਾ ਰਹਿਣਾ। ਕੁਝ ਨਵਾਂ ਮਿਲਦਾ ਜਾਣਾ ਤੇ ਪੁਰਾਣਾ ਨਿਖੜਦਾ ਜਾਣਾ।

## ਪੁਰਾਣਾ ਮਾਖਿਓਂ

ਪੰਜਾਬ ਟਾਈਮਜ਼ ਵਿਚ 'ਪੁਰਾਣਾ ਮਾਖਿਓਂ' ਕਾਲਮ ਅਧੀਨ ਸਾਡੇ ਮਨਪਸੰਦ ਪੁਰਾਣੇ ਲੇਖਕਾਂ ਦੀਆਂ ਸਦਾਬਹਾਰ ਰਚਨਾਵਾਂ ਪੜ੍ਹ ਕੇ ਸਾਨੂੰ ਆਪਣੇ ਸਕੂਲ/ਕਾਲਜ ਦੇ ਦਿਨ ਚੇਤੇ ਆ ਗਏ। ਸੰਤੋਖ ਸਿੰਘ ਧੀਰ ਦੀ 'ਕੋਈ ਇਕ ਸਵਾਰ' ਅਤੇ 'ਸਵੇਰ ਹੋਣ ਤੱਕ', ਕੁਲਵੰਤ ਸਿੰਘ ਵਿਰਕ ਦੀ 'ਦੁੱਧ ਦਾ ਛੱਪੜ' ਸਾਡੇ ਲਈ ਅਭੁੱਲ ਅਤੇ ਅਮੁੱਲ ਯਾਦਾਂ ਹਨ। ਉਮੀਦ ਹੈ ਹੋਰ ਪੁਰਾਣੀਆਂ ਸਦਾਬਹਾਰ ਕਿਰਤਾਂ ਪੜ੍ਹਨ ਨੂੰ ਮਿਲਣਗੀਆਂ।

ਹਰਜਾਪ ਸਿੰਘ ਔਜਲਾ ਦੇ ਲੇਖ ਹਮੇਸ਼ਾ ਜਾਣਕਾਰੀ ਭਰਪੂਰ ਹੁੰਦੇ ਹਨ। ਉਨ੍ਹਾਂ ਨੇ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੇ ਲੰਮੇ ਸੰਗੀਤਕ ਸਫਰ ਬਾਰੇ ਜੋ ਲਿਖਿਆ ਹੈ ਉਹ ਬਹੁਤ ਹੀ ਵਧੀਆ ਹੈ।

## ਸੰਪਾਦਕ ਦੀ ਡਾਕ

ਹੈਰਾਨੀ ਹੈ ਕਿ ਉਨ੍ਹਾਂ ਨੂੰ ਸੰਗੀਤਕਾਰਾਂ ਅਤੇ ਗਾਇਕਾਂ ਬਾਰੇ ਇੰਨੀ ਡੂੰਘੀ ਜਾਣਕਾਰੀ ਹੈ। ਸਾਡੀ ਔਜਲਾ ਜੀ ਅੱਗੇ ਗੁਜਾਰਿਸ਼ ਹੈ ਕਿ ਉਹ ਮੁਹੰਮਦ ਰਫੀ ਸਾਹਿਬ ਦੀ 31 ਜੁਲਾਈ ਨੂੰ ਆ ਰਹੀ ਬਰਸੀ ਮੌਕੇ ਉਨ੍ਹਾਂ ਦੀਆਂ ਕੁਝ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰਨ। ਮਝੈਲ ਸਿੰਘ ਸਰਾਂ ਆਪਣੇ ਸਹਿਜਭਾਅ ਅੰਦਾਜ਼ ਵਿਚ ਸਾਨੂੰ ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਵਾ ਰਹੇ ਹਨ, ਉਨ੍ਹਾਂ ਦਾ ਬਹੁਤ ਬਹੁਤ ਸ਼ੁਕਰੀਆ।

*-ਇੰਦਰਜੀਤ ਸਿੰਘ ਮੰਗਾ,*
*ਪਿਟਸਬਰਗ, ਕੈਲੀਫੋਰਨੀਆ।*

# ਕੈਨੇਡਾ ਦਾ ਚੈਂਪੀਅਨ ਵੇਟ ਲਿਫਟਰ ਜਸਵੀਰ ਸਿੰਘ ਕਰਨਾਣਾ

**ਇਕਬਾਲ ਜੱਬੋਵਾਲੀਆ**
**ਫੋਨ:917-375-6395**

ਕਰਨਾਣੀਏ ਜਸਵੀਰ ਨੇ ਲਗਾਤਾਰ ਪੰਜ ਵਾਰ ਕੈਨੇਡੀਅਨ ਚੈਂਪੀਅਨਸ਼ਿਪ ਜਿੱਤ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉਚਾ ਕੀਤੈ। ਇਸ ਸਾਲ 22, 23 ਮਈ ਨੂੰ ਕਿਊਬਿਕ, ਮਾਂਟਰੀਅਲ ਵਿਖੇ ਕੈਨੇਡੀਅਨ ਸੀਨੀਅਰ ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿਚ ਵੱਖ ਵੱਖ ਵਰਗਾਂ ਦੇ 200 ਮੁੰਡੇ-ਕੁੜੀਆਂ ਨੇ ਭਾਗ ਲਿਆ। 62 ਕਿੱਲੋ ਕੈਟੇਗਰੀ ਦੇ ਦਸ ਵੇਟ ਲਿਫਟਰਾਂ ਵਿਚੋਂ ਜਸਵੀਰ ਸਿੰਘ ਨੇ 113 ਸਨੈਚ ਅਤੇ 147 ਕਿਲੋ ਕਲੀਨ ਜਰਕ ਲਾ ਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਤ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ। ਕੈਨੇਡਾ ਨੂੰ ਮਾਣ ਹੈ ਜਸਵੀਰ ਵਰਗੇ ਗੱਭਰੂ 'ਤੇ, ਜਿਸ ਨੇ ਅਗਸਤ 2008 ਦੀ ਚੀਨ ਉਲੰਪਿਕ


*ਜਸਵੀਰ ਸਿੰਘ ਓਲੰਪਿਕਸ 2008 'ਚ ਸਾਨੀਆ ਮਿਰਜ਼ਾ ਅਤੇ ਦੋ ਹੋਰਨਾਂ ਨਾਲ*

ਵਿਚ ਭਾਗ ਲੈ ਕੇ ਕੈਨੇਡਾ ਦੇ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਾਇਆ। ਕੈਨੇਡਾ ਦੇ ਕੋਚਾਂ ਗਾਏ ਗਰੋਵਟ ਤੇ ਮੱਖਣ ਸੰਧੂ ਹੁਰਾਂ ਨੇ ਜਸਵੀਰ ਦੀ ਕਾਬਲੀਅਤ ਨੂੰ ਪਛਾਣਦੇ ਹੋਏ ਬਹੁਤ ਮਿਹਨਤ ਕਰਵਾਈ।

1977 ਵਿਚ ਪਿੰਡ ਕਰਨਾਣੇ ਦੇ ਜੀਤ ਰਾਮ ਤੇ ਮਾਤਾ ਕਰਮ ਕੌਰ ਬੰਗੜ ਦੇ ਘਰ ਜਨਮੇ ਜਸਵੀਰ ਸਿੰਘ ਨੇ ਦਸਵੀਂ-ਗਿਆਰਵੀਂ 1992-93 'ਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਕਰਨਾਣੇ ਤੋਂ ਕੀਤੀ। ਗੁਆਂਢੀ ਪਿੰਡ ਗੁਣਾਚੌਰ ਦੇ ਰਾਜਾ ਸਾਹਿਬ ਸਪੋਰਟਸ ਕਲੱਬ ਦੇ ਗੋਲਡ ਮੈਡਲਿਸਟ ਜਗਦੀਸ਼ ਸਿੰਘ ਦੀਸ਼ਾ ਨੂੰ ਵੇਖ ਕੇ ਭਾਰ ਚੁਕਣ ਦਾ ਸ਼ੌਕ ਪੈਦਾ ਹੋ ਗਿਆ। ਕਰਨਾਣੇ ਪੜ੍ਹਦੇ ਸਮੇਂ ਪਹਿਲੇ ਸਾਲ ਹੀ ਸਕੂਲਾਂ ਦੇ ਵੇਟ ਲਿਫਟਿੰਗ ਮੁਕਾਬਲਿਆਂ ਵਿਚ ਭਾਗ ਲੈ ਕੇ ਪਹਿਲੀ ਪੁਜ਼ੀਸ਼ਨ ਲਈ।

ਉਪਰੰਤ ਵੇਟ ਲਿਫਟਰਾਂ ਤੇ ਪਾਵਰ ਲਿਫਟਰਾਂ ਦੇ ਗੜ੍ਹ ਰਾਮਗੜੀਆ ਕਾਲਜ, ਫਗਵਾੜਾ


*ਭਾਰ ਚੁਕਦਾ ਹੋਇਆ ਜਸਵੀਰ ਸਿੰਘ*

'ਚ ਦਾਖਲ ਹੋਇਆ। ਪ੍ਰਸਿੱਧ ਕੋਚ ਪਿਆਰਾ ਸਿੰਘ ਤੇ ਦਵਿੰਦਰ ਸ਼ਰਮਾ ਦੀ ਰਹਿਨੁਮਾਈ ਹੇਠ ਅਭਿਆਸ ਸ਼ੁਰੂ ਕੀਤਾ। ਯੂਨੀਵਰਸਿਟੀ ਮੁਕਾਬਲਿਆਂ ਵਿਚ 54 ਕਿਲੋ ਭਾਰ 'ਚੋਂ ਪਹਿਲਾਂ ਸਥਾਨ ਲੈ ਕੇ ਗੋਲਡ ਮੈਡਲ ਜਿੱਤਿਆ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਬੈਸਟ ਲਿਫਟਰ ਐਲਾਨਿਆ ਗਿਆ। ਜੂਨੀਅਰ ਸਟੇਟ ਚੈਂਪੀਅਨਸ਼ਿਪ ਅਤੇ ਪਟਿਆਲਾ ਜੂਨੀਅਰ ਸਟੇਟ ਚੈਂਪੀਅਨਸ਼ਿਪ ਦੀਆਂ ਪਹਿਲੀਆਂ ਪੁਜ਼ੀਸ਼ਨਾਂ ਅਤੇ ਚੰਗੀ ਕਾਰਗੁਜ਼ਾਰੀ ਦੇ ਆਸਰੇ ਪੁਲਿਸ ਵਿਭਾਗ ਵਿਚ ਸਿਪਾਹੀ ਭਰਤੀ ਹੋ ਗਿਆ। ਹੁਣ ਜਸਵੀਰ ਪੁਲਿਸ ਕੰਟਰੋਲ ਵਲੋਂ ਮੁਕਾਬਲੇ ਲੜਨ ਲੱਗਾ। ਉਸਨੇ ਚੇਨਈ, ਅਫਰੀਕਾ, ਬੰਗਲੌਰ 'ਚ ਪਹਿਲਾ ਸਥਾਨ ਤੇ ਇੰਗਲੈਂਡ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਜਿੱਤ ਕੇ ਪੁਲਿਸ ਵਿਭਾਗ ਦਾ ਅਕਸ ਉਚਾ ਕਰਕੇ ਵੇਟ ਲਿਫਟਿੰਗ ਦੀ ਦੁਨੀਆਂ ਵਿਚ ਤਰਥੱਲੀ ਮਚਾਈ।

ਪੁਲਿਸ ਖੇਡਾਂ ਪੰਜਾਬ ਨਕੋਦਰ 'ਚ ਸੋਨ ਤਮਗਾ, ਬਰਾਨਗਿਲ ਆਂਧਰਾ ਪ੍ਰਦੇਸ਼ 'ਚ ਚਾਂਦੀ ਅਤੇ ਮਧੂਬਨ ਹਰਿਆਣਾ ਪੁਲਿਸ ਖੇਡਾਂ 'ਚ ਭਾਗ ਲੈ ਕੇ ਤਿੰਨ ਨਵੇਂ ਰਿਕਾਰਡ ਕਾਇਮ ਕੀਤੇ। ਪੰਜਾਬ ਪੁਲਿਸ ਜਲੰਧਰ ਖੇਡਾਂ ਦੇ 62 ਕਿਲੋ ਭਾਰ 'ਚ ਸੋਨ ਤਮਗਾ ਤੇ ਆਲ ਇੰਡੀਆ ਜਲੰਧਰ ਪੁਲਿਸ ਖੇਡਾਂ 'ਚ ਸੋਨ ਤਮਗਾ ਜਿੱਤ ਕੇ ਤਿੰਨ ਹੋਰ ਰਿਕਾਰਡ ਬਣਾ ਕੇ ਰਾਸ਼ਟਰੀ ਖੇਡਾਂ 'ਚ ਬੱਲੇ ਬੱਲੇ ਕਰਵਾਈ। ਕਲਕੱਤੇ ਤੇ ਵਿਸ਼ਾਖਾਪਟਨਮ 'ਚ ਦੂਜੀਆਂ ਪੁਜ਼ੀਸ਼ਨਾਂ ਹਾਸਲ ਕਰਨ ਉਪਰੰਤ ਕਾਰਡਫ ਯੂ.ਕੇ. ਸਿਲਵਰ ਡਰੈਗਨ ਵੇਟ ਲਿਫਟਿੰਗ ਮੁਕਾਬਲੇ 'ਚ ਸਭ ਨਾਲੋਂ ਵਧ ਭਾਰ ਚੁੱਕ ਕੇ ਗੋਲਡ ਮੈਡਲ ਦਾ ਹੱਕਦਾਰ ਬਣਿਆ। ਉਸਾਕਾ (ਜਪਾਨ), ਬਰਮਿੰਘਮ (ਇੰਗਲੈਂਡ) ਅਤੇ ਤੁਰਕੀ ਮੁਕਾਬਲਿਆਂ 'ਚ ਹਿੱਸਾ ਲੈ ਕੇ ਸੋਨ ਤਮਗੇ ਜਿੱਤੇ।

ਪੰਜਾਬ ਦੇ ਖੇਡ ਮੇਲਿਆਂ, ਸਕੂਲਾਂ, ਯੂਨੀਵਰਸਿਟੀ, ਇੰਟਰ ਯੂਨੀਵਰਸਿਟੀ, ਨੈਸ਼ਨਲ, ਇੰਟਰਨੈਸ਼ਨਲ ਤੇ ਪੁਲਿਸ ਵਿਭਾਗ ਮੁਕਾਬਲਿਆਂ 'ਚੋਂ ਪਹਿਲੀਆਂ-ਦੂਜੀਆਂ ਪੁਜ਼ੀਸ਼ਨਾਂ ਲੈਂਦਾ ਹੋਇਆ ਜਸਵੀਰ ਸਿੰਘ ਖੁਸ਼ੀ ਖੁਸ਼ੀ ਸਤੰਬਰ 2002 ਨੂੰ ਕੈਨੇਡਾ ਜਾ ਉਤਰਿਆ। ਇਥੇ ਇਹ ਵੀ ਦੱਸਣਾ ਜ਼ਰੂਰੀ ਬਣਦਾ ਹੈ ਕਿ ਬੀ.ਸੀ. ਕੈਨੇਡਾ ਬਲਿਊਬੇਰੀ ਫਾਰਮ ਦੇ ਮਾਲਕ ਹਕੀਮਪੁਰ ਵਾਲੇ ਪੁਰੇਵਾਲ ਪਰਿਵਾਰ ਅਤੇ ਵੇਟ ਲਿਫਟਿੰਗ ਦੇ ਪ੍ਰਸਿੱਧ ਕੋਚ ਮੱਖਣ ਸੰਧੂ ਹੁਰਾਂ ਦੀਆਂ ਕੋਸ਼ਿਸ਼ਾਂ ਸਦਕਾ ਜਸਵੀਰ ਸਿੰਘ ਨੂੰ ਕੈਨੇਡਾ ਵਰਗੇ ਖੁਸ਼ਹਾਲ ਮੁਲਕ ਜਾਣ ਦਾ ਵਧੀਆ ਮੌਕਾ ਮਿਲਿਆ। ਬੀ.ਸੀ. ਦੇ ਇਕ ਕਲੱਬ ਵਿਚ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਬੀ.ਸੀ. ਸੀਨੀਅਰ ਵੇਟ ਲਿਫਟਿੰਗ ਅਤੇ ਕੈਨੇਡੀਅਨ ਸੀਨੀਅਰ ਵੇਟ ਲਿਫਟਿੰਗ ਚੈਂਪੀਅਨਸ਼ਿਪ ਮੁਕਾਬਲੇ 'ਚ ਮਹਿਮਾਨ ਵੇਟਲਿਫਟਰ ਦੇ ਤੌਰ 'ਤੇ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਸਾਲ ਹੀ ਵਾਈਟ ਰਾਕ (ਹਟਿਣ ਚਕ) 'ਐਸ 'ਇਸਟਚੁਅਲ 'ਏਟਿਟ ਟਿਨਿਗ ਮੁਕਾਬਲੇ ਵਿਚ ਕੈਨੇਡਾ, ਅਮਰੀਕਾ ਦੇ ਵੇਟ ਲਿਫਟਰਾਂ 'ਚੋਂ ਜਸਵੀਰ ਸਿੰਘ ਨੇ ਕੈਨੇਡਾ ਵਲੋਂ ਨੁਮਾਇੰਦਗੀ ਕਰਕੇ ਬੈਸਟ ਲਿਫਟਰ ਦਾ ਖਿਤਾਬ ਪ੍ਰਾਪਤ ਕਰਕੇ ਗੋਲਡ ਮੈਡਲ ਝੋਲੀ ਪੁਆਇਆ।

ਕੈਨੇਡਾ ਰਹਿੰਦਾ ਹੋਇਆ ਜਸਵੀਰ ਰਾਜਾ ਸਾਹਿਬ ਕਲੱਬ ਨੂੰ ਕਦੇ ਨਹੀਂ ਭੁੱਲਿਆ ਤੇ ਨਾ ਹੀ ਭੁਲੇਗਾ। ਉਠ ਰਹੇ ਨਵੇਂ ਖਿਡਾਰੀਆਂ ਨੂੰ ਹੱਲਾਸ਼ੇਰੀ ਤੇ ਮਾਲੀ ਮਦਦ ਵੀ ਦੇ ਰਿਹੈ। ਪੇਂਡੂ ਖੇਡ ਮੇਲਿਆਂ ਤੇ ਅਨੇਕਾਂ ਇਨਾਮ ਜਿੱਤਣ ਵਾਲਾ, ਆਲ ਇੰਡੀਆ ਇੰਟਰ ਯੂਨੀਵਰਸਿਟੀ ਦਾ ਦੋ ਵਾਰ ਚੈਂਪੀਅਨ ਅਤੇ ਕਈ ਵਾਰ ਪੰਜਾਬ ਦਾ ਬੈਸਟ ਲਿਫਟਰ ਬਣ ਚੁੱਕਾ ਗੁਣਾਚੌਰੀਆ ਸੰਤੋਖ ਬਿੱਲਾ, ਜਸਵੀਰ ਦਾ ਹੀ ਚੰਡਿਆ ਹੋਇਆ ਪੱਠਾ ਹੈ। ਉਲੰਪਿਕ 'ਚ ਵਰਤੇ ਜਾਣ ਵਾਲੇ ਦੋ ਸੈਟ (ਵੇਟ) ਰਾਜਾ ਸਾਹਿਬ ਕਲੱਬ ਦੇ ਮੁੱਖ ਸੇਵਾਦਾਰ ਤੇ ਸੰਚਾਲਕ ਬਲਦੇਵ ਮਾਨ ਦੇ ਸਹਿਯੋਗ ਨਾਲ ਚੀਨ ਤੋਂ ਮੰਗਵਾਏ ਗਏ ਹਨ। ਜਸਵੀਰ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਭਾਰਤੀ ਕਸਟਮ ਅਧਿਕਾਰੀਆਂ ਨੇ ਪੂਰਾ ਟੈਕਸ ਵਸੂਲ ਕੀਤਾ ਜਦਕਿ ਟੈਕਸ ਮਾਫ ਹੋਣਾ ਚਾਹੀਦਾ ਸੀ।

ਗਰੀਬ ਪਰਿਵਾਰ ਵਿਚ ਜਨਮੇ ਜਸਵੀਰ ਸਿੰਘ ਨੇ ਮਹਾਂਪੁਰਸ਼ਾਂ ਦੀ ਕ੍ਰਿਪਾ ਨਾਲ ਸਾਰੀ ਦੁਨੀਆਂ 'ਚ ਬਹੁਤ ਜਸ ਖੱਟਿਆ। ਪਰਮਾਤਮਾ ਨੇ ਆਸ ਨਾਲੋਂ ਵੱਧ ਕ੍ਰਿਪਾ ਕੀਤੀ। ਭਾਰਤ ਜਾ ਕੇ ਵੀ ਮਿਹਨਤ ਵਿਚ ਕਦੇ ਨਾਗਾ ਨਹੀਂ ਪਾਇਆ। ਇਸ ਨਾਲ ਉਠ ਰਹੇ ਨਵੇਂ ਵੇਟ ਲਿਫਟਰਾਂ ਤੇ ਪਾਵਰ ਲਿਫਟਰਾਂ ਨੂੰ ਦੂਣ ਸਵਾਈ ਹੌਸਲਾ ਹੁੰਦੈ। ਭਾਰਤ, ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਹੋਰ ਮੁਲਕਾਂ 'ਚ ਪੰਜਾਬੀਆਂ ਦੀ ਜੈ ਜੈ ਕਾਰ ਕਰਾਉਣ ਵਾਲਾ ਜਸਵੀਰ ਸਿੰਘ ਬੰਗੜ ਇਸੇ ਸਾਲ 6 ਜਨਵਰੀ ਨੂੰ ਵਿਆਹ ਦੇ ਬੰਧਨ ਵਿਚ ਬੰਨਿਆ ਗਿਆ। ਬੰਗਿਆਂ ਦੇ ਜੀਤ ਸਿੰਘ ਭਾਟੀਆ ਦੀ ਬੇਟੀ ਮਨਦੀਪ ਕੌਰ, ਜਸਵੀਰ ਸਿੰਘ ਨਾਲ ਬੰਗਿਆਂ ਦੇ ਵੱਡੇ ਪੈਲਸ ਵਿਚ ਧੂਮ ਧਾਮ ਨਾਲ ਵਿਆਹੀ ਗਈ। 7 ਜਨਵਰੀ ਨੂੰ ਮੁਕੰਦਪੁਰ ਪੈਲੇਸ ਵਿਚ ਪਾਰਟੀ ਦਾ ਵੱਡਾ ਪ੍ਰੋਗਰਾਮ ਕੀਤਾ ਗਿਆ। 6 ਤੇ 7 ਜਨਵਰੀ ਨੂੰ ਮੈਨੂੰ ਵੀ ਵਿਆਹ ਦੀਆਂ ਖੁਸ਼ੀਆਂ 'ਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਅੱਜ ਕਿਤੇ ਜਸਵੀਰ ਸਿੰਘ ਦਾ ਪਿਤਾ ਜਿਉਂਦਾ ਹੁੰਦਾ ਤਾਂ ਖੁਸ਼ ਹੁੰਦਾ ਤੇ ਵੇਖਦਾ ਕਿ ਕਿਵੇਂ ਰੰਗ ਭਾਗ ਲੱਗੇ ਪਏ ਸਨ। ਵੱਡੇ ਭਾਈ ਦੇਸ ਰਾਜ ਨੇ


*ਜਸਵੀਰ ਸਿੰਘ ਓਲੰਪਿਕਸ 'ਚ*

ਪਿਤਾ ਵਾਲੇ ਸਾਰੇ ਕਾਰਜ ਪੂਰੇ ਕੀਤੇ। ਮਾਤਾ ਖੁਸ਼ੀ ਨਾਲ ਪੁੱਤ ਦੇ ਚਾਅ-ਮਲ੍ਹਾਰ ਪੂਰੇ ਕਰ ਰਹੀ ਸੀ। ਰਾਜਾ ਸਾਹਿਬ ਕਲੱਬ ਦੇ ਸਾਰੇ ਖਿਡਾਰੀ ਤੇ ਹੋਰ ਯਾਰਾਂ ਦੋਸਤਾਂ ਨੇ ਦੋਵੇਂ ਦਿਨ ਵਿਆਹ ਤੇ ਪਾਰਟੀ ਦੀਆਂ ਖੁਸ਼ੀਆਂ ਮਨਾਈਆਂ। ਮੁਕੰਦਪੁਰ ਪਾਰਟੀ ਵਾਲੇ ਦਿਨ ਰਿਟਾਇਰ ਡੀ.ਜੀ.ਪੀ. ਮਹਿਲ ਸਿੰਘ ਭੁੱਲਰ, ਪਹਿਲਵਾਨ ਕਰਤਾਰ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਲਾਖਾ, ਬੇਟਾ ਪਰਮਜੀਤ ਲਾਖਾ, ਪਾਰਲੀਮਾਨੀ ਸਕੱਤਰ ਸਰਵਣ ਸਿੰਘ ਫਿਲੌਰ, ਪ੍ਰਿੰਸੀਪਲ ਸਰਬਣ ਸਿੰਘ, ਆਈ.ਏ.ਐਸ., ਰੇਲਵੇ ਬੋਰਡ ਦੇ ਐਗਜ਼ੈਕਟਿਵ ਡਾਇਰੈਕਟਰ ਜਸਵੰਤ ਰਾਏ, ਅਰਜਨ ਐਵਾਰਡੀ ਵੇਟ ਲਿਫਟਰ ਤਾਰਾ ਸਿੰਘ ਸੂੰਦ, ਐਮ.ਐਲ.ਏ. ਮੋਹਨ ਲਾਲ, ਕੋਚ ਕੈਪਟਨ ਪਿਆਰਾ ਸਿੰਘ, ਕੋਚ ਦਵਿੰਦਰ ਸ਼ਰਮਾ, ਕੋਚ ਮਨਜੀਤ ਸਿੰਘ, ਕੋਚ ਹਰਪਾਲ ਸਿੰਘ, ਡੀ.ਐਸ.ਪੀ. ਕੁਲਵੰਤ ਸਿੰਘ, ਚੇਅਰਮੈਨ ਮੰਡੀਕਰਨ ਬੋਰਡ ਬਿਕਰਮਜੀਤ ਸਿੰਘ ਬਲਾਕੀਪੁਰ, ਬਲਦੇਵ ਮਾਨ ਦਾ ਬੇਟਾ ਜੱਗੂ, ਰਿਟਾ: ਹੈਡਮਾਸਟਰ ਗਿਆਨ ਚੰਦ ਕਾਹਮਾ, ਰਾਜਾ ਸਾਹਿਬ ਕਲੱਬ ਦੇ ਸਮੂਹ ਮੈਂਬਰਾਨ ਤੇ ਅਨੇਕਾਂ ਖਿਡਾਰੀਆਂ, ਵੇਟ ਲਿਫਟਰਾਂ, ਪਾਵਰ ਲਿਫਟਰਾਂ, ਕੋਚਾਂ ਤੇ ਹੋਰ ਮਹਾਨ ਸ਼ਖਸੀਅਤਾਂ ਤੋਂ ਇਲਾਵਾ ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਤੋਂ ਆਏ ਯਾਰਾਂ ਬੇਲੀਆਂ ਨੇ ਇਨ੍ਹਾਂ ਖੁਸ਼ੀਆਂ 'ਚ ਸ਼ਾਮਿਲ ਹੋ ਕੇ ਪੂਰਾ ਆਨੰਦ ਮਾਣਿਆ। ਮਨੋਰੰਜਨ ਵਾਸਤੇ ਗਾਇਕ ਫਿਰੋਜ਼ ਖਾਨ ਨੇ ਸਟੇਜ 'ਤੇ ਨੱਚਦੇ ਟੱਪਦੇ



ਗਾਉਂਦੇ ਨੇ ਰੰਗ ਬੰਨੀ ਰੱਖਿਆ। ਪ੍ਰਸਿੱਧ ਗੀਤਕਾਰ ਮੱਖਣ ਲੁਹਾਰਾਂ ਕੈਲੀਫੋਰਨੀਆ ਵਾਲੇ ਵਲੋਂ ਵਿਸ਼ੇਸ਼ ਤੌਰ 'ਤੇ ਜਸਵੀਰ ਸਿੰਘ ਬਾਰੇ ਲਿਖਿਆ ਗੀਤ ਫਿਰੋਜ਼ ਖਾਨ ਨੇ ਸਰੋਤਿਆਂ ਨੂੰ ਸੁਣਾ ਕੇ ਖੁਸ਼ ਕੀਤਾ। ਨਾਲ ਦੀ ਨਾਲ ਜਸਵੀਰ ਸਿੰਘ ਦੀ ਉਲੰਪਿਕ ਵਾਲੀ ਮੂਵੀ ਵੀ ਵੱਡੀ ਸਕਰੀਨ 'ਤੇ ਵਿਖਾਈ ਜਾ ਰਹੀ ਸੀ।

ਵਿਆਹ ਦੀ ਪਾਰਟੀ ਦਾ ਪੂਰਾ ਰੰਗ ਬੱਝਾ ਪਿਆ ਸੀ। ਮੇਲਾ ਪੂਰੇ ਜੋਬਨ 'ਤੇ ਸੀ। ਖਾਣ ਪੀਣ ਦਾ ਹਰ ਤਰ੍ਹਾਂ ਦਾ ਪੂਰਾ ਪ੍ਰਬੰਧ ਸੀ। ਸ਼ਾਮ ਹੋਣ ਨਾਲ ਥੋੜ੍ਹੀ ਥੋੜ੍ਹੀ ਧੁੰਦ ਵੀ ਸ਼ੁਰੂ ਹੋ ਗਈ ਸੀ। ਠੰਢ ਹਟਾਉਣ ਵਾਲੇ ਲਾਲ ਪਰੀ ਦੇ ਸ਼ੌਕੀਨ ਤੇਜ਼ ਤਰਾਰ ਹੋ ਕੇ ਆਪਣੇ ਰੰਗ 'ਚ ਰੰਗੇ ਮਜ਼ੇ ਲੁੱਟ ਰਹੇ ਸਨ। ਵਿਆਹ ਪਾਰਟੀ ਵੇਖ ਕੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਜਸਵੀਰ ਦਾ ਕਿੰਨਾ ਪਿਆਰ ਹੈ ਲੋਕਾਂ 'ਚ। ਇਹ ਸਾਰਾ ਕੁਝ ਉਹਦੀ ਮੁਹੱਬਤ, ਬੋਲ-ਬਾਣੀ ਤੇ ਖੇਡ ਦਾ ਨਤੀਜਾ ਹੈ ਜਿਸ ਨੇ ਹਰ ਇਕ ਨੂੰ ਗਲੇ ਲਾਇਆ ਤੇ ਆਪਣੇ ਨਾਂ ਦੀ ਧੁੰਮ ਮਚਾਈ।

ਜਸਵੀਰ ਸਿੰਘ ਕੈਨੇਡਾ 'ਚ ਧਾਂਕ ਜਮਾਈ ਬੈਠਾ ਹੈ ਤੇ ਹਰਜਿੰਦਰ ਤੇ ਹਰਜੀਤ ਦੋਵੇਂ ਭਰਾ ਪਾਵਰ ਲਿਫਟਿੰਗ ਦੇ ਨਾਲ ਨਾਲ ਅਮਰੀਕਾ 'ਚ ਭਲਵਾਨੀ ਵੀ ਕਰ ਰਹੇ ਹਨ। ਗੁਣਾਚੌਰ ਦੇ ਰਾਜਾ ਸਾਹਿਬ ਕਲੱਬ ਵਿਚ 80 ਫੀਸਦੀ ਖਿਡਾਰੀ ਗਰੀਬ ਪਰਿਵਾਰਾਂ ਦੇ ਹਨ। ਉਹ ਆਂਢ-ਗੁਆਂਢ 'ਚੋਂ ਮੰਗ-ਮੰਗ ਲੱਸੀ ਪੀ ਕੇ ਕਈ ਕਈ ਸੋਨੇ ਦੇ ਮੈਡਲ ਲਈ ਫਿਰਦੇ ਹਨ। ਅਗਰ ਹੋ ਸਕਦੈ ਤਾਂ ਗੁਣਾਚੌਰੀਏ ਬਲਦੇਵ ਮਾਨ ਨੂੰ 516-603-2523 'ਤੇ ਫੋਨ ਕਰਕੇ ਪੁਛ ਲਵੋ ਜਿਹੜਾ ਬਿਨਾਂ ਕਿਸੇ ਭੇਦਭਾਵ, ਉਚ-ਨੀਚ ਤੋਂ ਜਸਵੀਰ ਸਿੰਘ ਬੰਗੜ, ਬਲਵਿੰਦਰ ਕੁਮਾਰ ਬੁੱਧੂ, ਸੰਤੋਖ ਬਿੱਲੇ ਵਰਗੇ ਕਈ ਕਈ ਸੋਨੇ ਦੇ ਮੈਡਲ ਜਿੱਤਣ ਵਾਲਿਆਂ ਦੀ ਮਦਦ ਕਰ ਰਿਹੈ।

ਇਸ ਸਾਲ ਅਕਤੂਬਰ ਵਿਚ ਦਿੱਲੀ 'ਚ ਹੋ ਰਹੀਆਂ ਕਾਮਨਵੈਲਥ ਖੇਡਾਂ ਵਾਸਤੇ ਜਸਵੀਰ ਸਿੰਘ ਤਿਆਰੀ ਕਰ ਰਿਹਾ ਹੈ। ਇਨ੍ਹਾਂ ਖੇਡਾਂ 'ਚ ਉਹ 62 ਕਿਲੋ ਭਾਰ 'ਚ ਕੈਨੇਡਾ ਵਲੋਂ ਭਾਗ ਲਵੇਗਾ। ਪਰਮਾਤਮਾ ਅੱਗੇ ਅਰਦਾਸ ਹੈ ਕਿ ਇਸ ਨੌਜਵਾਨ ਦਾ ਸਿਤਾਰਾ ਹਮੇਸ਼ਾ ਬੁਲੰਦੀਆਂ ਨੂੰ ਛੂਹਦਾ ਰਹੇ।


*ਖੱਬਿਓਂ ਸੱਜੇ-ਇਕਬਾਲ ਸਿੰਘ ਜੱਬੋਵਾਲੀਆ, ਸਾਬਕਾ ਐਮ ਪੀ ਹਰਭਜਨ ਲਾਖਾ, ਰਿਟਾਇਰਡ ਡੀ ਜੀ ਪੀ ਮਹਿਲ ਸਿੰਘ ਭੁੱਲਰ, ਕੋਚ ਕੈਪਟਨ ਪਿਆਰਾ ਸਿੰਘ, ਪਹਿਲਵਾਨ ਕਰਤਾਰ ਸਿੰਘ, ਅਰਜਨ ਅਵਾਰਡੀ ਤਾਰਾ ਸਿੰਘ ਸੋਧ, ਕੋਚ ਹਰਪਾਲ ਸਿੰਘ ਅਤੇ ਰਾਜਾ ਸਾਹਿਬ ਸਪੋਰਟਸ ਕਲੱਬ ਦਾ ਪਹਿਲਾ ਗੋਲਡ ਮੈਡਲਿਸਟ ਜਗਦੀਸ਼ ਸਿੰਘ ਦੀਸ਼ਾ*

# ਕੀ ਪਾਕਿਸਤਾਨ ਦੀ ਮੌਜੂਦਾ ਜਮਹੂਰੀਅਤ ਦੀ ਵੀ ਮਿਆਦ ਪੁੱਗਣ ਵਾਲੀ ਹੈ?

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



**ਪ੍ਰੋ. ਰੋਮਾਣਾ**

ਅੱਜ ਕੱਲ੍ਹ ਪਾਕਿਸਤਾਨ ਅਤੇ ਇਸ ਦਾ ਚੰਗਾ ਜਾਂ ਮਾੜਾ ਸੋਚਣ ਵਾਲੇ ਹੋਰ ਮੁਲਕਾਂ ਵਿਚ ਇਕੋ ਸਵਾਲ ਗਰਮ ਬਹਿਸ ਦਾ ਵਿਸ਼ਾ ਹੈ ਕਿ ਕੀ ਇਥੇ ਨਵੀਂ-ਨਵੀਂ ਕਾਇਮ ਹੋਈ ਜਮਹੂਰੀਅਤ ਦੀ ਸਫ ਜਲਦੀ ਹੀ ਲਪੇਟੀ ਜਾਣ ਵਾਲੀ ਹੈ? ਜੇ ਸੰਸਾਰ ਦੇ ਸਿਆਸੀ ਵਿਸ਼ਲੇਸ਼ਕਾਂ, ਪਾਕਿਸਤਾਨ ਵਿਚਲੇ ਨਿਰਪੱਖ ਬੁੱਧੀਜੀਵੀਆਂ ਤੇ ਪੱਤਰਕਾਰਾਂ ਅਤੇ ਪਾਕਿਸਤਾਨ ਸੰਬੰਧੀ ਅਮਰੀਕਾ ਦੇ ਆਪਣੇ ਸਲਾਹਕਾਰਾਂ ਦੀ ਰਾਇ ਸੁਣੀਏ ਤਾਂ ਉਪਰੋਕਤ ਸਵਾਲ ਦਾ ਜਵਾਬ ਪੱਕ ਨਾਲ 'ਹਾਂ' 'ਚ ਹੀ ਮਿਲਦਾ ਹੈ। ਇਸ ਤੋਂ ਵੀ ਅੱਗੇ ਜੇ ਪਾਕਿਸਤਾਨ ਦੀ ਮੌਜੂਦਾ ਜਮਹੂਰੀਅਤ ਨੂੰ ਇਥੋਂ ਦੀਆਂ ਪਹਿਲੀਆਂ ਜਮਹੂਰੀਅਤਾਂ ਦੇ ਹਵਾਲੇ ਨਾਲ ਪਰਖੀਏ ਤਾਂ ਹੁਣ ਤਕ ਇਸ ਦਾ ਭੋਗ ਪੈ ਚੁੱਕਿਆ ਹੋਣਾ ਚਾਹੀਦਾ ਸੀ ਕਿਉਂਕਿ ਜਿਸ ਹੱਦ ਤਕ ਨਾਅਹਿਲ, ਲੋਕ ਵਿਰੋਧੀ ਤੇ ਭ੍ਰਿਸ਼ਟ ਕਿਰਦਾਰਾਂ ਕਾਰਨ ਪਹਿਲੀਆਂ ਨੂੰ ਰੁਖਸਤ ਹੋਣਾ ਪਿਆ ਸੀ, ਉਹ ਹੱਦ ਤਾਂ ਜ਼ਰਦਾਰੀ ਸਟਾਈਲ ਜਮਹੂਰੀਅਤ ਕਦੋਂ ਦੀ ਲੰਘ ਚੁੱਕੀ ਹੈ। ਦੂਜੇ ਸ਼ਬਦਾਂ 'ਚ ਮੌਜੂਦਾ ਸ਼ਾਸ਼ਕਾਂ ਨੇ ਤਾਂ ਇਸ ਜਮਹੂਰੀਅਤ ਦੀ ਜੂਹ 'ਚ ਦਾਖਲ ਹੁੰਦਿਆਂ ਹੀ ਇਸ ਦੇ ਅਸੂਲਾਂ ਦੀਆਂ ਧੱਜੀਆਂ ਉਡਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਕਿਸੇ ਤਨਜ਼ੀਮ ਜਾਂ ਅਦਾਰੇ ਦੇ ਅੰਜਾਮ ਬਾਰੇ ਠੀਕ ਅੰਦਾਜ਼ਾ ਲਾਉਣ ਲਈ ਉਸ ਅਦਾਰੇ ਦੇ ਵਰਤਮਾਨ ਨੂੰ ਜਾਨਣਾ ਅਤੇ ਉਸ ਦੇ ਆਗਾਜ਼ ਨੂੰ ਸਮਝਣਾ ਬੜਾ ਜ਼ਰੂਰੀ ਹੁੰਦਾ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਇਹ ਜਮਹੂਰੀਅਤ ਇਕ ਸੌਦੇ ਅਧੀਨ ਹੋਂਦ 'ਚ ਆਈ ਸੀ। ਇਹ ਸੌਦਾ ਹੋਇਆ ਸੀ ਬੇਨਜ਼ੀਰ ਭੁੱਟੋ ਤੇ ਮੁਸ਼ੱਰਫ ਵਿਚਕਾਰ ਤੇ ਇਸ ਸੌਦੇ 'ਚ ਸਾਲਸ ਸੀ ਅਮਰੀਕਾ। ਇਹ ਸੌਦਾ ਤਿੰਨਾਂ ਦੀ ਲੋੜ ਸੀ। ਮੁਸ਼ੱਰਫ ਸਮਝਦਾ ਸੀ ਕਿ 9 ਸਾਲ ਮਨਮਰਜ਼ੀ ਦਾ ਰਾਜ ਕਰਨ ਤੋਂ ਬਾਅਦ ਜੇ ਉਸ ਦਾ ਸਭ ਕੁਝ ਸੁਰੱਖਿਅਤ ਰਹਿੰਦਾ ਹੈ ਤੇ ਉਸਨੂੰ ਇਕ ਸੁਰੱਖਿਅਤ ਲਾਂਘਾ ਵੀ ਮਿਲਦਾ ਹੈ ਤਾਂ ਉਸਨੂੰ ਕੋਈ ਘਾਟਾ ਨਹੀਂ। ਬੇਨਜ਼ੀਰ ਪਹਿਲਾਂ ਹੀ ਕੁਰਸੀ 'ਤੇ ਬੈਠਣ ਲਈ ਰੱਸੇ ਤੁੜਾ ਰਹੀ ਸੀ। ਅਮਰੀਕਾ ਨੂੰ ਇਸ ਡੀਲ ਨਾਲ ਇਸ ਖਿੱਤੇ 'ਚ ਆਪਣੀਆਂ ਮੁਸ਼ਕਲਾਂ ਘਟਦੀਆਂ ਲਗਦੀਆਂ ਸਨ ਕਿਉਂਕਿ ਬੇਨਜ਼ੀਰ ਜਨਤਾ ਨੂੰ ਵਧ ਪ੍ਰਵਾਨ ਹੋ ਸਕਦੀ ਸੀ, ਇਸ ਵਿਚ ਪਾਕਿਸਤਾਨੀ ਫੌਜ ਦੀ ਰਾਇ ਤੇ ਰੋਲ ਵੀ ਸੀ। ਅਮਰੀਕਾ ਨੂੰ ਇਕ ਡਿਕਟੇਟਰ ਨਾਲੋਂ ਚੁਣੀ ਹੋਈ ਸਰਕਾਰ ਦਾ ਸਾਥ ਦੇਣਾ ਕੌਮਾਂਤਰੀ ਪੱਧਰ 'ਤੇ ਵੀ ਵਧ ਲਾਹੇਵੰਦ ਸੀ।

ਮੁਸ਼ੱਰਫ ਨੇ ਆਪਣੇ ਸਮੇਂ 'ਚ ਸੰਵਿਧਾਨ 'ਚ ਸੋਧ ਕਰਕੇ ਕਿਸੇ ਨੇਤਾ ਲਈ ਐਮ.ਪੀ. ਜਾਂ ਐਮ.ਐਲ.ਏ. ਬਣਨ ਲਈ ਬੀ.ਏ. ਪਾਸ ਹੋਣਾ ਤੇ ਅਦਾਲਤ 'ਚ ਕਿਸੇ ਵੀ ਕੇਸ 'ਚ ਸ਼ਾਮਲ ਨਾ ਹੋਣਾ ਜ਼ਰੂਰੀ ਕਰ ਦਿੱਤਾ ਸੀ। ਆਉਣ ਵਾਲੀ ਜਮਹੂਰੀਅਤ 'ਚ ਹਿੱਸਾ ਲੈਣ ਵਾਲੀਆਂ ਪਾਰਟੀਆਂ ਦੇ 80 ਫੀਸਦੀ ਨੇਤਾ ਇਨ੍ਹਾਂ ਸ਼ਰਤਾਂ ਕਾਰਨ ਚੋਣਾਂ 'ਚ ਹਿੱਸਾ ਲੈਣ ਦੇ ਯੋਗ ਨਹੀਂ ਸਨ। ਇਸ ਮੁਸ਼ਕਲ ਦੇ ਹੱਲ ਲਈ ਅਮਰੀਕਾ ਨੇ ਮੁਸ਼ੱਰਫ ਤੋਂ ਇਕ ਆਰਡੀਨੈਂਸ ਪਾਸ ਕਰਵਾ ਦਿੱਤਾ ਜਿਸ ਨੂੰ ਐਨ.ਆਰ.ਓ. ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਸ ਨਾਲ 8401 ਨੇਤਾਵਾਂ ਖਿਲਾਫ ਅਦਾਲਤਾਂ 'ਚ ਚਲ ਰਹੇ ਕੇਸ ਠੱਪ ਹੋ ਗਏ। ਬੀ.ਏ. ਦੀਆਂ ਉਨ੍ਹਾਂ ਨੇ ਜਾਅਲੀ ਡਿਗਰੀਆਂ ਲੈ ਲਈਆਂ, ਜਿਨ੍ਹਾਂ ਕੋਲ ਨਹੀਂ ਸਨ। ਪਰ ਐਨ.ਆਰ.ਓ. ਦੇ ਬਦਲੇ 'ਚ ਮੁਸ਼ੱਰਫ ਨੇ ਆਉਣ ਵਾਲੀ ਸਰਕਾਰ ਤੋਂ ਬਰਤਰਫ ਕੀਤੇ ਜੱਜਾਂ ਨੂੰ ਕਿਸੇ ਵੀ ਸੂਰਤ 'ਚ ਬਹਾਲ ਨਾ ਕਰਨ ਦਾ ਲਿਖਤੀ ਵਾਅਦਾ ਵੀ ਲੈ ਲਿਆ। ਦੂਜੇ ਪਾਸੇ ਬੇਨਜ਼ੀਰ ਨੇ ਨਵਾਜ਼ ਸ਼ਰੀਫ ਨਾਲ ਵੀ ਇਕ ਸਮਝੌਤਾ ਕਲਮਬਧ ਕਰ ਲਿਆ ਜਿਸ ਨੂੰ 'ਚਾਰਟਰ ਆਫ ਡੈਮੋਕਰੇਸੀ' ਕਿਹਾ ਜਾਂਦਾ ਹੈ। ਇਸ ਵਿਚ ਹੋਰ ਸ਼ਰਤਾਂ ਤੋਂ ਬਿਨਾਂ ਇਹ ਸ਼ਰਤ ਵੀ ਸ਼ਾਮਲ ਹੈ ਕਿ ਜਮਹੂਰੀਅਤ ਦੇ ਬਹਾਲ ਹੁੰਦਿਆਂ ਹੀ ਸਾਰੇ ਬਰਤਰਫ ਜੱਜਾਂ ਨੂੰ ਬਹਾਲ ਕਰ ਦੇਣਾ ਹੈ। ਸੋ ਉਹ ਜਮਹੂਰੀਅਤ, ਜਿਸ ਤੋਂ ਆਵਾਮ ਨੂੰ ਰੱਬ ਵਰਗੀ ਆਸ ਸੀ, ਅਸਲ 'ਚ ਸਵਾਰਥੀ ਸੌਦੇਬਾਜ਼ੀਆਂ ਅਤੇ ਖਲਨਾਇਕੀ ਤਿਕੜਮਬਾਜ਼ੀਆਂ ਦੀਆਂ ਨੀਹਾਂ 'ਤੇ ਉਸਰੀ ਸੀ। ਉਤੋਂ ਮਾਰ ਇਹ ਪੈ ਗਈ ਕਿ ਥੋੜ੍ਹੀ ਬਹੁਤ ਲੋਕ-ਲਾਜ ਅਤੇ ਕੌਮਾਂਤਰੀ ਮੂੰਹ-ਮੁਲਾਹਜ਼ੇ ਦੀ ਸ਼ਰਮ ਕਰਨ ਵਾਲੀ ਬੇਨਜ਼ੀਰ ਭੁੱਟੋ ਦਾ ਕਤਲ ਹੋ ਗਿਆ ਤੇ ਜ਼ਰਦਾਰੀ ਇਸ ਲੋਕਤੰਤਰ ਦਾ ਕਰਤਾ-ਧਰਤਾ ਬਣ ਬੈਠਾ।

ਭਾਵੇਂ ਪਿਛਲੇ ਦਿਨੀਂ ਸੰਵਿਧਾਨ ਦੀ 18ਵੀਂ ਤਰਮੀਮ ਰਾਹੀਂ ਪ੍ਰਧਾਨ ਮੰਤਰੀ ਨੂੰ ਪੂਰਾ ਸ਼ਕਤੀਸ਼ਾਲੀ ਬਣਾ ਦਿੱਤਾ ਗਿਆ ਹੈ ਪਰ ਅਸਲ 'ਚ ਸਾਰੀ ਸਿਆਸੀ ਸ਼ਕਤੀ ਜ਼ਰਦਾਰੀ ਕੋਲ ਹੀ ਹੈ ਜਿਸ ਨੂੰ ਉਹ ਮਨਮਰਜ਼ੀ ਨਾਲ ਵਰਤ ਰਿਹਾ ਹੈ। ਪਿਛਲੇ ਹਫਤੇ ਹੀ ਉਸ ਨੇ ਆਪਣੀ ਪਾਰਟੀ ਦੇ ਸਾਰੇ ਅਸੰਬਲੀ ਤੇ ਸੰਸਦ ਮੈਂਬਰਾਂ ਤੋਂ ਅਸਤੀਫੇ ਲੈ ਲਏ ਸਨ ਕਿਉਂਕਿ ਉਸਨੂੰ ਇਕ-ਦੋ 'ਤੇ ਸ਼ੱਕ ਹੋ ਗਿਆ ਸੀ। ਸਾਰਾ ਰਾਜ-ਭਾਗ ਜ਼ਰਦਾਰੀ ਤੇ ਉਸਦੇ 3-4 ਖਾਸ ਵਜ਼ੀਰ ਚਲਾਉਂਦੇ ਹਨ ਜਿਨ੍ਹਾਂ 'ਚ ਗ੍ਰਹਿ ਮੰਤਰੀ ਰਹਿਮਾਨ ਮਲਿਕ ਤੇ ਕਾਨੂੰਨ ਮੰਤਰੀ ਬਾਬਰ ਅਵਾਨ ਬੜੇ ਮਹੱਤਵਪੂਰਨ ਹਨ।

ਜੇ ਜ਼ਰਦਾਰੀ ਦੀ ਗੱਲ ਕਰੀਏ ਤਾਂ ਭ੍ਰਿਸ਼ਟਾਚਾਰ ਤੇ ਮਨੀਲਾਂਡਰਿੰਗ (ਕਾਲੇ ਧਨ) 'ਚ ਇਹ 8 ਸਾਲ ਕੈਦ ਪਾਕਿਸਤਾਨ 'ਚ ਕੱਟ ਚੁੱਕਾ ਹੈ ਤੇ 6 ਮਹੀਨੇ ਕੈਦ ਸਵਿਸ ਕੋਰਟ ਨੇ ਸੁਣਾਈ ਸੀ ਜੋ ਐਨ.ਆਰ.ਓ. ਕਾਰਨ ਖਤਮ ਹੋ ਗਈ ਸੀ ਤੇ ਹੁਣ ਸੁਪਰੀਮ ਕੋਰਟ ਵਲੋਂ ਐਨ.ਆਰ.ਓ. ਖਤਮ ਕਰਨ ਦੇਣ ਨਾਲ ਫਿਰ ਬਹਾਲ ਹੁੰਦੀ ਜਾਪਦੀ ਹੈ। ਜਿਸ ਤੋਂ ਬਚਣ ਲਈ ਉਹ ਹੱਥ-ਪੈਰ ਮਾਰ ਰਿਹਾ ਹੈ। ਬੇਨਜ਼ੀਰ ਦੇ ਕਾਰਜਕਾਲ ਵਿਚ ਉਸ ਨੇ ਭ੍ਰਿਸ਼ਟਾਚਾਰ ਕਰਕੇ ਬੇਪਨਾਹ ਪੈਸਾ ਬਾਹਰ ਢੋਹਿਆ ਹੈ। ਉਸ ਨੂੰ ਮਿਸਟਰ 10 ਪਰਸੈਂਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਉਸ ਵੇਲੇ ਉਹ ਹਰ ਸਰਕਾਰੀ, ਕੌਮੀ ਜਾਂ ਕੌਮਾਂਤਰੀ ਸੌਦੇ ਵਿਚੋਂ 10% ਕਮਿਸ਼ਨ ਲੈਂਦਾ ਹੁੰਦਾ ਸੀ। ਇਸ ਧਨ ਨਾਲ ਉਸਨੇ ਇੰਗਲੈਂਡ, ਅਮਰੀਕਾ, ਸਪੇਨ, ਅਰਬ ਦੇਸ਼ਾਂ ਵਿਚ ਵੱਡੀਆਂ ਜਾਇਦਾਦਾਂ ਖਰੀਦੀਆਂ। ਬੇਨਜ਼ੀਰ ਦੇ ਭਾਈ ਮੁਰਤਜਾ ਭੁੱਟੋ ਨੂੰ ਕਤਲ ਕਰਨ ਦਾ ਇਲਜ਼ਾਮ ਵੀ ਜ਼ਰਦਾਰੀ ਸਿਰ ਹੀ ਮੜ੍ਹਿਆ ਜਾਂਦਾ ਹੈ। ਇਸ ਕੇਸ ਵਿਚ ਉਹ ਗ੍ਰਿਫਤਾਰ ਵੀ ਰਿਹਾ। ਚਸ਼ਮਦੀਦ ਗਵਾਹਾਂ ਦੇ ਕਤਲ ਕਾਰਨ ਕੋਈ ਗਵਾਹੀ ਨਾ ਹੋ ਸਕੀ ਤਾਂ ਉਹ ਦੌੜ ਕੇ ਇੰਗਲੈਂਡ ਚਲਾ ਗਿਆ। ਜਿਸ ਪੁਲਿਸ ਅਫਸਰ ਦੀ ਦੇਖ ਰੇਖ ਹੇਠ ਮੁਰਤਜਾ ਭੁੱਟੋ ਦਾ ਮੁਕਾਬਲਾ ਬਣਾਇਆ ਗਿਆ ਸੀ, ਅੱਜ ਕੱਲ੍ਹ ਉਸ ਨੂੰ ਕਾਫੀ ਨਿਵਾਜ਼ਿਆ ਜਾ ਰਿਹਾ ਹੈ। ਪਾਕਿਸਤਾਨ ਦੀ ਜਨਤਾ ਅਨੁਸਾਰ ਜ਼ਰਦਾਰੀ ਬੇਨਜ਼ੀਰ ਦੇ ਕਤਲ ਵਿਚ ਵੀ ਸ਼ਾਮਲ ਹੈ। ਬੇਨਜ਼ੀਰ ਦੇ ਚਾਚਾ ਤੇ ਸਿੰਧ ਦੇ ਸਾਬਕਾ ਗਵਰਨਰ ਅਤੇ ਸਾਬਕਾ ਮੁੱਖ ਮੰਤਰੀ ਮੁਮਤਾਜ ਅਲੀ ਭੁੱਟੋ ਨੇ ਤਾਂ ਕੌਮੀ ਚੈਨਲ 'ਤੇ ਆਪਣੀ ਗੱਲਬਾਤ ਵਿਚ ਕਿਹਾ ਹੈ ਕਿ ਬੇਨਜ਼ੀਰ ਨੂੰ ਕਤਲ ਕਰਨ ਦੀ ਸਾਰੀ ਸਾਜ਼ਿਸ਼ ਜ਼ਰਦਾਰੀ ਦੀ ਹੈ ਤੇ ਕਤਲ ਤੋਂ ਦੋ-ਤਿੰਨ ਘੰਟੇ ਬਾਅਦ, ਉਸ ਨੂੰ ਬੇਨਜ਼ੀਰ ਦੀ ਜੋ ਵਸੀਅਤ ਕੋਈ ਆ ਕੇ ਦੇ ਗਿਆ ਹੈ, ਉਹ ਵੀ ਮਨਘੜਤ ਕਹਾਣੀ ਹੈ ਤੇ ਵਸੀਅਤ ਫਰਜ਼ੀ ਹੈ। ਇਹ ਹੈ ਉਹ ਸ਼ਖਸ, ਪਾਕਿਸਤਾਨ ਦੀ ਜਮਹੂਰੀਅਤ ਜਿਸ ਦੇ ਅੜਿੱਕੇ ਚੜ੍ਹੀ ਹੋਈ ਹੈ।



ਇਸ ਜਮਹੂਰੀਅਤ ਦੇ ਦੂਜੇ ਦੋ ਪਾਇਲਟ ਹਨ-ਬਾਬਰ ਅਵਾਨ ਤੇ ਰਹਿਮਾਨ ਮਲਿਕ। ਇਹ ਦੋਵੇਂ ਆਪਣੇ ਆਪ ਨੂੰ ਪੀ.ਐਚ.ਡੀ. ਦੱਸਦੇ ਹਨ ਤੇ ਆਪਣੇ ਨਾਂ ਨਾਲ ਡਾਕਟਰ ਸ਼ਬਦ ਦਾ ਇਸਤੇਮਾਲ ਕਰਦੇ ਹਨ ਪਰ ਇਨ੍ਹਾਂ ਦੋਵਾਂ ਦੀਆਂ ਪੀ.ਐਚ.ਡੀ. ਡਿਗਰੀਆਂ ਤੇ ਜ਼ਰਦਾਰੀ ਦੀ ਬੀ.ਏ. ਜਾਅਲੀ ਦੱਸੀਦੀਆਂ ਹਨ ਤੇ ਇਨ੍ਹਾਂ ਨੇ ਇਸ ਦੋਸ਼ ਦਾ ਕਦੇ ਕੋਈ ਜਵਾਬ ਨਹੀਂ ਦਿੱਤਾ। ਰਹਿਮਾਨ ਮਲਿਕ ਬੇਨਜ਼ੀਰ ਦੇ ਰਾਜ-ਭਾਗ ਵੇਲੇ ਫੈਡਰਲ ਜਾਂਚ ਏਜੰਸੀ ਦਾ ਡਿਪਟੀ ਡਾਇਰੈਕਟਰ ਹੁੰਦਾ ਸੀ ਜਦੋਂ ਇਸ ਨੇ ਮਹਿਕਮੇ ਲਈ ਦੋ ਗੱਡੀਆਂ ਮਹਿੰਗੇ ਭਾਅ ਖਰੀਦਣ ਬਦਲੇ ਇਕ ਨਵੀਂ ਕਾਰ ਉਸ ਕੰਪਨੀ ਤੋਂ ਆਪਣੇ ਲਈ ਮੁਫਤ ਲੈ ਲਈ ਸੀ। ਫਿਰ ਇਸ ਨੇ ਏਜੰਸੀ ਦੇ ਅਫਸਰ ਵਜੋਂ ਇਕ ਧਨਾਢ ਸ਼ਖਸ ਹਸ਼ੀਮ ਰਜ਼ਾ ਦੇ ਘਰ ਛਾਪਾ ਮਾਰਿਆ ਤੇ ਛਾਪੇ ਦੌਰਾਨ ਫੜੇ ਗਏ ਵੱਡੇ ਮੁੱਲ ਦੇ ਗਹਿਣੇ ਤੇ ਨਕਦੀ ਇਹ ਇਕੱਲਾ ਹੀ ਹੜੱਪ ਕਰ ਗਿਆ। ਸਰਕਾਰ ਖਤਮ ਹੋਣ ਤੋਂ ਬਾਅਦ ਇਸ 'ਤੇ ਚੋਰੀ ਤੇ ਭ੍ਰਿਸ਼ਟਾਚਾਰ ਦੇ ਕੇਸ ਦਰਜ ਹੋ ਗਏ ਤੇ ਇਹ ਵੀ ਜ਼ਰਦਾਰੀ 'ਤੇ ਬੇਨਜ਼ੀਰ ਨਾਲ ਭੱਜ ਕੇ ਇੰਗਲੈਂਡ ਚਲਾ ਗਿਆ ਜਿਥੇ ਇਸ ਨੇ ਲੁੱਟੇ ਪਾਕਿਸਤਾਨੀ ਧਨ ਨਾਲ ਬਿਜਨਸ ਸ਼ੁਰੂ ਕੀਤਾ ਜੋ ਅੱਜ ਵੀ ਚੱਲ ਰਿਹਾ ਹੈ। ਜ਼ਰਦਾਰੀ ਵੀ ਉਸ ਦੇ ਧਨ ਨੂੰ ਇਨਵੈਸਟ ਕਰਨ ਵਿਚ ਮਦਦ ਕਰਦਾ ਰਿਹਾ ਹੈ। ਹੁਣ ਜਦੋਂ ਵਾਪਸ ਆ ਕੇ ਦੇਸ਼ ਦਾ ਗ੍ਰਹਿ ਮੰਤਰੀ ਬਣ ਗਿਆ ਤਾਂ ਮਹੀਨਾ ਪਹਿਲਾਂ ਲਾਹੌਰ ਹਾਈਕੋਰਟ 'ਚੋਂ ਉਪਰੋਕਤ ਦੋ ਕੇਸਾਂ ਵਿਚ ਉਸ ਨੂੰ ਤਿੰਨ ਸਾਲ ਦੀ ਸਜ਼ਾ ਹੋ ਗਈ ਤੇ ਗ੍ਰਿਫਤਾਰੀ ਵਾਰੰਟ ਜਾਰੀ ਹੋ ਗਏ ਪਰ ਸਦਰ ਜ਼ਰਦਾਰੀ ਨੇ ਦੋ ਘੰਟੇ ਬਾਅਦ ਹੀ ਰਹਿਮ ਦੀ ਅਪੀਲ ਮਨਜ਼ੂਰ ਕਰਦਿਆਂ ਉਸ ਨੂੰ ਬਰੀ ਕਰ ਦਿੱਤਾ। ਇਹ ਹਾਲ ਕੀਤਾ ਹੈ ਅਦਾਲਤੀ ਇਨਸਾਫ ਦਾ ਇਸ ਜਮਹੂਰੀਅਤ ਨੇ।

ਕਾਨੂੰਨ ਮੰਤਰੀ ਬਾਬਰ ਅਵਾਨ ਸਟੀਲ ਮਿੱਲ ਦੇ 9 ਅਰਬ ਦੇ ਘੁਟਾਲੇ ਵਿਚੋਂ ਸਾਢੇ 3 ਕਰੋੜ ਰੁਪਏ ਹੜੱਪ ਜਾਣ ਦਾ ਦੋਸ਼ੀ ਹੈ। ਅੱਜ ਕੱਲ੍ਹ ਜ਼ਰਦਾਰੀ ਨੇ ਉਸ ਨੂੰ ਦੇਸ਼ ਦੀ ਸੁਪਰੀਮ ਕੋਰਟ ਨਾਲ ਸਿੱਝਣ ਦੀ ਜ਼ਿੰਮੇਵਾਰੀ ਦਿੱਤੀ ਹੋਈ ਹੈ ਕਿਉਂਕਿ ਸੁਪਰੀਮ ਕੋਰਟ ਨੇ ਐਨ.ਆਰ.ਓ. ਖਤਮ ਕਰ ਦਿੱਤਾ ਤੇ ਉਹ ਸਭ ਤੋਂ ਪਹਿਲਾਂ ਜ਼ਰਦਾਰੀ ਦੇ ਸਵਿਸ ਬੈਂਕ 'ਚ ਪਏ 6 ਕਰੋੜ ਡਾਲਰਾਂ ਸਬੰਧੀ ਕਾਲੇ ਧਨ ਦਾ ਕੇਸ ਖੋਲ੍ਹਣਾ ਚਾਹੁੰਦੀ ਹੈ। ਇਸ ਸਬੰਧੀ ਇਕ ਸਾਲ ਵਿਚ ਬਾਬਰ ਅਵਾਨ ਦੇ ਚਾਰ ਅਟਾਰਨੀ ਜਨਰਲ ਤੇ ਚਾਰ ਹੀ ਕਾਨੂੰਨ ਸਕੱਤਰ, ਜਾਂ ਤਾਂ ਸੁਪਰੀਮ ਕੋਰਟ ਦੇ ਬੈਂਚ ਦੇ ਸਾਹਮਣੇ ਹੀ ਉਦੋਂ ਅਸਤੀਫੇ ਦੇ ਆਏ ਜਾਂ ਬਾਹਰ ਆ ਕੇ ਦੇ ਦਿੱਤੇ, ਜਦੋਂ ਸੁਪਰੀਮ ਕੋਰਟ ਦੇ ਸੁਆਲਾਂ ਦਾ ਮਹਿਕਮੇ ਦੇ ਕਿਸੇ ਵੀ ਅਫਸਰ ਨੂੰ ਜੁਆਬ ਨਾ ਆਇਆ। ਪਿਛਲੀ ਤਰੀਕ 'ਤੇ ਦਰਜਨ ਮੰਤਰੀਆਂ ਨੂੰ ਨਾਲ ਲੈ ਕੇ ਬਾਬਰ ਅਵਾਨ ਆਪ ਪੇਸ਼ ਹੋਇਆ ਸੀ ਤੇ ਬੜੀ ਹਲੀਮੀ ਨਾਲ ਅਗਲੀ ਤਰੀਕ ਲੈ ਕੇ ਵਾਪਸ ਆ ਗਿਆ। ਹੁਣ ਅਗਲੀ ਤਰੀਕ ਤੋਂ ਪਹਿਲਾਂ ਉਹ ਦੇਸ਼ ਭਰ ਦੇ ਵਕੀਲਾਂ ਨੂੰ ਸੁਪਰੀਮ ਕੋਰਟ ਦੇ ਖਿਲਾਫ ਖੜੇ ਕਰਨ ਦੀ ਮੁਹਿੰਮ ਤੇ ਚੜ੍ਹਿਆ ਹੋਇਆ ਹੈ ਤੇ ਬਾਰ ਕੌਂਸਲਾਂ ਨੂੰ ਗਰਾਂਟਾਂ ਦੇ ਗੱਫੇ ਵੰਡ ਰਿਹਾ ਹੈ। ਇਸ ਕੰਮ ਲਈ ਉਸ ਨੇ ਸਰਕਾਰ ਤੋਂ 45 ਕਰੋੜ ਰੁਪਇਆ ਮਨਜ਼ੂਰ ਕਰਵਾਇਆ ਹੈ। ਪਹਿਲਾਂ ਪਿਛਲੇ ਦਿਨੀਂ ਗਰਾਂਟ ਦੇਣ ਲਈ ਉਹ 4 ਕਰੋੜ ਵਿਚ ਜਹਾਜ਼ ਕਿਰਾਏ 'ਤੇ ਲੈ ਕੇ ਮੁਲਤਾਨ ਗਿਆ ਸੀ। ਕੁਝ ਦਿਨ ਪਹਿਲਾਂ ਸਰਕਾਰ ਨੇ ਉਸ ਨੂੰ ਇਸ ਕੰਮ ਲਈ ਜਹਾਜ਼ ਹੀ ਖਰੀਦ ਕੇ ਦੇ ਦਿੱਤਾ ਹੈ ਤੇ ਉਸ ਨੇ ਲਗਪਗ ਇਕ ਕਰੋੜ ਰੁਪਈਆ ਪ੍ਰਤੀ ਬਾਰ ਕੌਂਸਲ ਗ੍ਰਾਂਟ ਦੇਣੀ ਹੈ ਤਾਂ ਕਿ ਸੁਪਰੀਮ ਕੋਰਟ ਨੂੰ ਦਲੀਲ ਦੀ ਬਜਾਏ ਸ਼ੋਰ-ਸ਼ਰਾਬੇ ਨਾਲ ਪ੍ਰਭਾਵਿਤ ਕਰਕੇ ਜ਼ਰਦਾਰੀ ਨੂੰ ਸਵਿਸ ਕੇਸ ਵਿਚੋਂ ਬਚਾਇਆ ਜਾਵੇ।



ਜ਼ਰਦਾਰੀ

ਜ਼ਰਦਾਰੀ ਕੋਲ ਇਸ ਤਰ੍ਹਾਂ ਦੇ ਹੋਰ ਵੀ ਬੜੇ ਵਜ਼ੀਰ, ਮਸ਼ੀਰ ਹਨ ਜੋ ਇਸ ਜਮਹੂਰੀਅਤ ਨੂੰ ਚਲਾਉਣ ਵਿਚ ਮਦਦ ਕਰਦੇ ਹਨ। ਇਕ ਐਮ.ਪੀ. ਜਮਸ਼ੇਦ ਦਸਤੀ ਹੈ ਜੋ ਜਾਅਲੀ ਡਿਗਰੀ ਕਾਰਨ ਸੁਪਰੀਮ ਕੋਰਟ ਵਿਚ ਪੇਸ਼ ਹੋਣ ਤੋਂ ਪਹਿਲਾਂ ਹੀ ਸੰਸਦ ਤੋਂ ਅਸਤੀਫਾ ਦੇ ਗਿਆ ਪਰ ਉਸੇ ਸ਼ਾਮ ਜ਼ਰਦਾਰੀ ਨੇ ਉਸ ਨੂੰ ਆਪਣਾ ਸਲਾਹਕਾਰ ਨਾਮਜ਼ਦ ਕਰ ਲਿਆ ਤੇ ਕੁਝ ਮਹੀਨਿਆਂ ਬਾਅਦ ਉਸੇ ਸੀਟ ਤੋਂ ਜ਼ਿਮਨੀ ਚੋਣ ਲੜਾ ਕੇ ਫਿਰ ਐਮ.ਪੀ. ਬਣਾ ਦਿੱਤਾ। ਸੁਣਿਐ ਕਿ ਉਹ ਦੇਸ਼ ਦੇ ਕ੍ਰਿਕਟ ਬੋਰਡ ਦਾ ਪ੍ਰਧਾਨ ਬਣਨ ਵਾਲਾ ਹੈ। ਇਸੇ ਦਸਤੀ ਨੂੰ ਕਤਲ ਕੇਸ ਵਿਚ ਢਾਈ ਸਾਲ ਕੈਦ ਹੋ ਚੁੱਕੀ ਹੈ ਤੇ ਉਸ ਦਾ ਭਰਾ ਉਮਰ ਕੈਦ ਕੱਟ ਰਿਹਾ ਹੈ।

ਇਸ ਜਮਹੂਰੀਅਤ ਦੇ ਇਨ੍ਹਾਂ ਰਾਖਿਆਂ ਕਾਰਨ ਮਹਿੰਗਾਈ, ਬੇਰੁਜ਼ਗਾਰੀ ਤੇ ਜੁਰਮ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਜ਼ਰੂਰੀ ਚੀਜ਼ਾਂ ਬਿਜਲੀ-ਪਾਣੀ ਆਦਿ ਦੀ ਬੇਪਨਾਹ ਕਿੱਲਤ ਹੈ। 60 ਫੀਸਦੀ ਵਸੋਂ 150 ਰੁਪਏ ਰੋਜ਼ ਤੋਂ ਘੱਟ ਨਾਲ ਗੁਜ਼ਾਰਾ ਕਰਦੀ ਹੈ, ਜਦੋਂ ਕਿ ਦਾਲ 130 ਰੁਪਏ, ਖੰਡ 85 ਰੁਪਏ, ਆਟਾ 55 ਰੁਪਏ ਕਿਲੋ ਹੈ ਅਤੇ ਦੁੱਧ 53 ਰੁਪਏ ਲੀਟਰ ਹੈ। ਇਕ ਪਾਸੇ ਪੈਸੇ ਦੀ ਕਮੀ ਕਾਰਨ ਸਰਕਾਰ ਨੇ 120 ਰੇਲ ਗੱਡੀਆਂ ਬੰਦ ਕਰ ਦਿੱਤੀਆਂ ਹਨ ਤੇ ਕਿਰਾਏ 15 ਫੀਸਦੀ ਵਧਾ ਦਿੱਤੇ ਹਨ। ਦੂਜੇ ਪਾਸੇ 50 ਅਰਬ ਰੁਪਏ ਬੇਨਜ਼ੀਰ ਫੰਡ ਵਿਚ ਰੱਖੇ ਗਏ ਹਨ ਜੋ ਅਸਲ ਵਿਚ ਪੀਪਲਜ਼ ਪਾਰਟੀ ਦੇ ਨੇਤਾਵਾਂ ਦੀਆਂ ਜੇਬਾਂ ਵਿਚ ਜਾਣੇ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਦੇ ਪਿਛਲੇ ਸਾਲ ਦੇ ਵਿਦੇਸ਼ੀ ਦੌਰਿਆਂ ਦਾ ਖਰਚਾ ਇਕ ਅਰਬ 21 ਕਰੋੜ ਹੈ ਤੇ ਇਸ ਸਾਲ ਇਸ ਕੰਮ ਲਈ 1 ਅਰਬ 47 ਕਰੋੜ 74 ਲੱਖ ਰੁਪਏ ਰੱਖੇ ਗਏ ਹਨ। ਤਿੰਨ ਸਰਕਾਰੀ ਅਦਾਰਿਆਂ-ਪਾਕਿਸਤਾਨ ਏਅਰਲਾਈਨਜ਼, ਸਟੀਲ ਮਿੱਲ ਅਤੇ ਪੈਪਕੋ ਨੇ ਪਿਛਲੇ ਸਾਲ 235 ਅਰਬ ਰੁਪਏ ਦਾ ਘਾਟਾ ਦਿਖਾਇਆ ਤੇ ਇਨ੍ਹਾਂ ਨੂੰ 186 ਅਰਬ ਰੁਪਏ ਦੀ ਸਬਸਿਡੀ ਦਿੱਤੀ ਗਈ। ਕਾਰਨ ਇਹ ਹੈ ਕਿ ਇਨ੍ਹਾਂ ਅਦਾਰਿਆਂ ਵਿਚ ਜ਼ਰਦਾਰੀ ਤੇ ਗਿਲਾਨੀ ਵਰਗਿਆਂ ਦੇ ਖਾਸ ਬੰਦੇ ਕਰਤੇ-ਧਰਤੇ ਹਨ, ਜੋ ਚੰਮ ਦੀਆਂ ਚਲਾਈ ਜਾਂਦੇ ਹਨ ਤੇ ਮਾਲਕਾਂ ਨੂੰ ਬਣਦਾ ਹਿੱਸਾ ਦੇਈ ਜਾਂਦੇ ਹਨ। ਪਹਿਲਾਂ ਇਹੋ ਅਦਾਰੇ ਸਰਕਾਰ ਨੂੰ ਕਮਾਈ ਕਰਕੇ ਦਿੰਦੇ ਰਹੇ ਹਨ। ਹੁਣ ਤਕ ਆਪਣੀ ਹਰ ਦੁੱਖ ਤਕਲੀਫ ਨੂੰ ਅੱਲਾ ਦੀ ਰਜ਼ਾ ਜਾਂ ਭਾਰਤੀ ਸਾਜ਼ਿਸ਼ ਸਮਝਣ ਵਾਲੇ ਪਾਕਿਸਤਾਨੀ ਲੋਕ ਵੀ ਸਰਕਾਰ ਖਿਲਾਫ ਸੜਕਾਂ 'ਤੇ ਆ ਗਏ ਹਨ। ਭਾਰਤ ਵਾਂਗ ਉਥੇ ਵੀ ਰਸਤੇ ਰੋਕੇ ਜਾ ਰਹੇ ਹਨ। ਬਾਜ਼ਾਰ ਬੰਦ ਕਰਵਾਏ ਜਾ ਰਹੇ ਹਨ ਤੇ ਵਾਹਨ ਸਾੜੇ ਜਾ ਰਹੇ ਹਨ।

ਇਸ ਗੈਰ ਜ਼ਿੰਮੇਵਾਰਾਨਾ ਨਿਜ਼ਾਮ, ਨਾਅਹਿਲੀਅਤ ਤੇ ਭ੍ਰਿਸ਼ਟਾਚਾਰ ਕਾਰਨ ਆਰਥਿਕ ਤਵਾਜ਼ਨ ਦਿਨ-ਬ-ਦਿਨ ਵਿਗੜ ਰਿਹਾ ਹੈ। ਐਸੇ ਮਾਹੌਲ ਵਿਚ ਕੀ ਕੋਈ ਉਸਾਰੂ ਪਲਾਨਿੰਗ ਹੋ ਸਕਦੀ ਹੈ ਜਿਥੇ ਸਰਕਾਰ ਕੋਲ ਕੋਈ ਟਿਕਾਊ ਖਜ਼ਾਨਾ ਮੰਤਰੀ ਹੀ ਨਾ ਹੋਵੇ? ਆਪਣੇ ਦੋ ਸਾਲ ਦੇ ਅਰਸੇ 'ਚ ਜ਼ਰਦਾਰੀ ਸਰਕਾਰ 4 ਖਜ਼ਾਨਾ ਮੰਤਰੀ ਬਦਲ ਚੁੱਕੀ ਹੈ। ਮੌਜੂਦਾ ਪੰਜਵਾਂ ਖਜ਼ਾਨਾ ਮੰਤਰੀ ਬਜਟ ਪੇਸ਼ ਹੋਣ ਤੋਂ 2 ਮਹੀਨੇ ਪਹਿਲਾਂ ਅਰਬ ਦੇਸ਼ ਵਿਚੋਂ ਲੱਭ ਕੇ ਲਿਆਂਦਾ ਗਿਆ ਹੈ। ਪਹਿਲਾਂ ਉਸ ਨੂੰ ਉਥੋਂ ਨੌਕਰੀ ਤੋਂ ਛੁੱਟੀ ਦਿਵਾਈ, ਫਿਰ ਫਟਾ ਫਟ ਸੈਨੇਟ ਦਾ ਮੈਂਬਰ ਬਣਾ ਕੇ ਖਜ਼ਾਨਾ ਮੰਤਰੀ ਦੀ ਸਹੁੰ ਚੁਕਾਈ ਜਿਸ ਨੇ ਰਿਕਾਰਡ ਘੱਟ ਸਮੇਂ ਵਿਚ 685 ਅਰਬ ਰੁਪਏ ਦੇ ਵੱਡੇ ਘਾਟੇ ਵਾਲਾ ਬੱਜਟ ਪੇਸ਼ ਕੀਤਾ ਹੈ। ਇਹੋ ਹੀ ਨਹੀਂ ਦੇਸ਼ ਅੰਦਰ ਤੇ ਖਾਸ ਕਰਕੇ ਕਰਾਚੀ ਸ਼ਹਿਰ ਅੰਦਰ ਕਤਲੋਗਾਰਤ ਦਾ ਸਿਲਸਿਲਾ ਵਧਦਾ ਹੀ ਜਾਂਦਾ ਹੈ। ਹਰ ਰੋਜ਼ ਦਰਜਨਾਂ ਕਤਲ ਹੋ ਰਹੇ ਹਨ ਜਿਨ੍ਹਾਂ ਵਿਚ ਹਰ ਤਬਕੇ ਦੇ ਲੋਕ ਸ਼ਾਮਲ ਹਨ। ਸਰਕਾਰ ਇਨ੍ਹਾਂ ਕਤਲਾਂ ਨੂੰ 'ਟਾਰਗਿਟ ਕਿਲਿੰਗ' ਕਹਿੰਦੀ ਹੈ ਪਰ ਕੋਈ ਵੀ ਕਾਤਲ ਗ੍ਰਿਫਤਾਰ ਨਹੀਂ ਹੋ ਰਿਹਾ। ਸਰਕਾਰ ਅਤਿਵਾਦ ਦਾ ਸ਼ਿਕਾਰ ਹੋਣ ਦੀ ਦੁਹਾਈ ਵੀ ਪਾ ਰਹੀ ਹੈ ਤੇ ਅਤਿਵਾਦ ਨੂੰ ਜ਼ਿੰਦਾ ਰੱਖਣ ਦੀ ਵੀ ਪੂਰੀ ਵਾਹ ਲਾ ਰਹੀ ਹੈ। ਪੰਜਾਬੀ ਤਾਲਿਬਾਨ ਨੇ ਪਿਛਲੇ ਸਮੇਂ 'ਚ ਪੰਜਾਬ ਵਿਚ ਵੱਡੇ ਹਮਲੇ ਕਰਕੇ ਕਿੰਨੇ ਹੀ ਬੇਗੁਨਾਹ ਪਾਕਿਸਤਾਨੀ ਮੌਤ ਦੇ ਘਾਟ ਉਤਾਰ ਦਿੱਤੇ ਹਨ। ਇਸੇ ਤਰ੍ਹਾਂ ਪੰਜਾਬ ਵਿਚ ਜਮਾਇਤ-ਏ-ਦਾਵਾ ਜਾਂ ਜੈਸ਼-ਏ-ਮੁਹੰਮਦ ਵਰਗੀਆਂ ਤਨਜ਼ੀਮਾਂ ਸ਼ਰ੍ਹੇਆਮ ਕਤਲੋਗਾਰਤ ਦੀ ਨੀਤੀ ਦਾ ਪ੍ਰਚਾਰ ਵੀ ਕਰ ਰਹੀਆਂ ਹਨ ਤੇ ਲਾਗੂ ਵੀ ਕਰ ਰਹੀਆਂ ਹਨ। ਸਰਕਾਰੀ ਏਜੰਸੀ ਆਈ.ਐਸ.ਆਈ. ਉਨ੍ਹਾਂ ਦੀ ਸਰਪ੍ਰਸਤ ਅਤੇ ਰਹਿਬਰ ਹੈ। ਇਹ ਸਭ ਕੁਝ ਸਰਕਾਰੀ ਜਾਣਕਾਰੀ ਤੇ ਪੈਸੇ ਨਾਲ ਹੋ ਰਿਹਾ ਹੈ ਪਰ ਕਿਉਂਕਿ ਇਹ ਭਾਰਤ ਦੇ ਨੱਕ 'ਚ ਦਮ ਕਰਨ ਲਈ ਹੈ, ਇਸ ਲਈ ਇਹ ਠੀਕ ਹੈ ਭਾਵੇਂ ਆਪਣਾ ਵੀ ਦਮ ਘੁਟ ਰਿਹਾ ਹੈ। ਨੀਤੀ ਹੈ ਕਿ ਪਾਕਿਸਤਾਨੀ ਤਾਲਿਬਾਨ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਅਮਰੀਕੀ ਮਾਲੀ ਮਦਦ ਵੀ ਆਉਂਦੀ ਹੈ ਤੇ ਅਮਰੀਕਾ ਸੰਸਾਰ ਬੈਂਕ ਅਤੇ ਮੋਨੀਟਰੀ ਫੰਡ ਵਰਗੇ ਅਦਾਰਿਆਂ ਰਾਹੀਂ ਵੀ ਪਾਕਿਸਤਾਨ ਦੀ ਮਦਦ ਕਰਵਾਉਂਦਾ ਹੈ, ਅਫਗਾਨੀ ਤਾਲਿਬਾਨ ਵੀ ਨਹੀਂ ਖਤਮ ਹੋਣੇ ਚਾਹੀਦੇ ਕਿਉਂਕਿ ਨਹੀਂ ਤਾਂ ਭਾਰਤ ਅਫਗਾਨਿਸਤਾਨ ਵਿਚ ਜੜ੍ਹਾਂ ਫੈਲਾ ਜਾਵੇਗਾ। ਪਾਕਿਸਤਾਨ ਦੀ ਤਾਲਿਬਾਨ ਤੇ ਅਤਿਵਾਦ ਪ੍ਰਤੀ ਉਪਰੋਕਤ ਨੀਤੀ ਦਾ

*(ਬਾਕੀ ਸਫਾ 30 'ਤੇ)*

## ਕੀ ਮੈਂ ਝੂਠ ਬੋਲਿਐ...?

# ਪੰਜਾਬੀਓ ਹੁਣ ਤਾਂ ਦੱਸ ਦਿਓ, 'ਚਿੜੀ ਬਣਨੈ ਕਿ ਬਾਜ਼'

**ਸਵਰਨ ਸਿੰਘ ਟਹਿਣਾ***


ਸਵਰਨ ਸਿੰਘ ਟਹਿਣਾ


ਪੰਜਾਬ ਦੇ ਬੜੇ ਗੀਤਕਾਰ ਨੇ ਜਿਨ੍ਹਾਂ ਕਲਮ ਝਰੀਟਦਿਆਂ-ਝਰੀਟਦਿਆਂ ਗਾਉਣ ਦਾ ਰਾਹ ਫੜਿਆ ਪਰ ਇਹ ਰਾਹ ਮਸਾਂ ਦੋ-ਤਿੰਨ ਜਣਿਆਂ ਨੂੰ ਹੀ ਰਾਸ ਆਇਆ। ਗੀਤਕਾਰ ਤੋਂ ਗਵੱਈਏ ਬਣਨ ਵਾਲਿਆਂ ਦਾ ਕਹਿਣਾ ਹੈ ਕਿ ਸਾਡੇ ਗੀਤ ਗਾ-ਗਾ ਗਵੱਈਏ ਕੋਠੀਆਂ-ਕਾਰਾਂ ਵਾਲੇ ਬਣ ਗਏ ਪਰ ਸਾਨੂੰ ਗੀਤ ਦਾ ਇਕਵੰਜਾ ਸੌ ਦੇਣ ਲੱਗਿਆਂ ਇਨ੍ਹਾਂ ਦੀ ਨਾਨੀ ਮਰ ਜਾਂਦੀ ਹੈ। ਹੁਣ ਗੀਤਕਾਰ ਰਾਜ ਕਾਕੜਾ ਨੇ ਗਾਇਕੀ ਵੱਲ ਪੁਲਾਂਘ ਪੁੱਟੀ ਹੈ। ਏਸ ਗੀਤਕਾਰ ਨੇ ਹਾਲੇ ਤੱਕ ਮਾੜਾ ਗੀਤ ਕਦੇ ਨਹੀਂ ਲਿਖਿਆ ਤੇ ਜੀਹਨੇ-ਜੀਹਨੇ ਵੀ ਇਹਦੇ ਗੀਤ ਗਾਏ, ਉਸਦੀ ਪ੍ਰਸਿੱਧੀ ਦੀ ਗੱਡੀ 'ਸ਼ਤਾਬਦੀ ਐਕਸਪ੍ਰੈਸ' ਵਾਂਗੂੰ ਦੌੜ ਪਈ। ਇਹ ਉਹੀ ਕਾਕੜਾ ਏ, ਜੀਹਨੇ ਕਦੇ 'ਦਿਲਦਾਰੀਆਂ' ਵਾਲਾ ਗੀਤ ਲਿਖਿਆ ਸੀ, ਫੇਰ 'ਮੈਂ ਚਿੱਠੀ ਲੰਡਨੋਂ ਲਿਖਦਾ ਤਾਰਾ' ਤੇ ਬਾਅਦ 'ਚ 'ਸਹੁੰ ਰੱਬ ਦੀ ਬਿਸ਼ਨ ਕੁਰੇ ਸਾਨੂੰ ਮਹਿੰਗਾ ਪਿਆ ਕਨੇਡਾ।'

ਕਾਕੜੇ ਦੇ ਗੀਤ ਵਤਨ ਦੇ ਮੋਹ 'ਚ ਤੜਫਣ ਵਾਲਿਆਂ ਨੂੰ ਝੰਜੋੜਦੇ ਨੇ। ਜ਼ਿੰਦਗੀ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਜਿਨ੍ਹਾਂ ਨੇ ਸੱਤ ਸਮੁੰਦਰ ਪਾਰ ਜਾ ਡੇਰੇ ਲਾਏ ਨੇ, ਉਨ੍ਹਾਂ ਦੇ ਮਨਾਂ ਵਿਚ ਆਪਣੇ ਬੁੱਢੇ ਮਾਂ-ਪਿਓ, ਭੈਣ-ਭਾਈਆਂ ਤੇ ਭਾਣਜਿਆਂ-ਭਤੀਜਿਆਂ ਦੀ ਯਾਦ ਕਿਵੇਂ ਖੌਰੂ ਪਾਉਂਦੀ ਏ, ਇਸਦਾ ਚਿਤਰਣ ਕਾਕੜੇ ਦੀ ਕਲਮ ਬਖ਼ੂਬੀ ਕਰਦੀ ਏ। ਕਈ ਗੀਤਾਂ ਵਿਚ ਉਹ ਝਕਾਨੀ ਦੇਣ ਵਾਲੇ ਸੱਜਣਾਂ ਵੀ ਗੱਲ ਵੀ ਕਰ ਜਾਂਦੈ ਤੇ ਕਈਆਂ ਵਿਚ ਨਿਵੇਕਲੀ ਗੱਲ ਕਰਕੇ ਪੈਰ ਥਿਰਕਣ ਲਾ ਦਿੰਦੈ।

ਹੁਣ ਉਹਨੇ ਆਪਣੀ ਪਲੇਠੀ ਕੈਸਿਟ ਮਾਰਕੀਟ 'ਚ ਦਿੱਤੀ ਏ 'ਪੰਜਾਬੀਓ ਚਿੜੀ ਬਣਨੈ ਕਿ ਬਾਜ਼' ਤੇ ਉਹ ਦੀ ਇਹ ਕੈਸਿਟ ਏਸ ਕਰਕੇ ਚੰਗੀ ਗਿਣੀ ਜਾ ਰਹੀ ਹੈ ਕਿ ਉਹਨੇ ਵਪਾਰੀਕਰਨ ਦੇ ਇਸ ਦੌਰ ਵਿਚ ਪੂਰੀ ਦੀ ਪੂਰੀ ਕੈਸਿਟ ਪੰਜਾਬੀਆਂ ਦੀ ਦਮ ਤੋੜਦੀ ਜ਼ਮੀਰ ਨੂੰ ਝੰਜੋੜਨ ਵਾਲੀ ਕੀਤੀ ਏ। ਉਹਨੂੰ ਸਿਵਾਏ ਚਰਚਾ ਤੋਂ ਕੋਈ ਫਾਇਦਾ ਨਹੀਂ ਹੋਣਾ, ਇਹ ਗੱਲ ਵੀ ਸੱਚ ਹੈ ਪਰ ਉਹਦੇ ਹੌਸਲੇ ਨੂੰ ਦਾਦ ਦੇਣੀ ਬਣਦੀ ਏ, ਜੀਹਨੇ 'ਜੱਟਾ ਤੇਰੀ ਫਸਲ ਵਿਕੇ ਨਾ, ਨੇਤਾ ਹਿੰਦੋਸਤਾਨ ਵੇਚ ਗਏ' ਵਰਗੀ ਗੱਲ ਵੀ ਕਹਿ ਦਿੱਤੀ, 'ਉਹ ਕੀ ਪੜ੍ਹ ਲਊ ਹੀਰ ਜੀਹਨੇ ਕਦੇ ਪੜ੍ਹੀ ਪੰਜਾਬੀ ਨਾ' ਵਰਗਾ ਸਵਾਲ ਵੀ ਖੜ੍ਹਾ ਕਰ ਦਿੱਤਾ ਤੇ 'ਜਿਹੜੇ ਤੋਪਾਂ ਨਾਲ ਸਾਡੇ ਦਰਬਾਰ ਢਾਹੁੰਦੇ ਰਹੇ, ਤੁਸੀਂ ਉਨ੍ਹਾਂ ਦਿਆਂ ਗਲਾਂ ਵਿਚ ਹਾਰ ਪਾਉਂਦੇ ਰਹੇ' ਗੀਤ ਵੀ ਗਾ ਛੱਡਿਆ।

ਉਹਨੇ ਆਪਣੇ ਗੀਤਾਂ ਵਿਚ ਪੰਜਾਬੀਆਂ ਨੂੰ ਚਿੜੀ ਦੀ ਥਾਂ ਬਾਜ਼ ਬਣਨ ਦੀ ਸਲਾਹ ਦਿੱਤੀ ਏ। ਲੋੜ ਵੀ ਏਸੇ ਗੱਲ ਦੀ ਏ ਕਿ ਅਸੀਂ 'ਸਾਨੂੰ ਕੀ' ਵਾਲੇ ਫਾਰਮੂਲੇ 'ਤੇ ਚੱਲਣ ਦੀ ਥਾਂ ਹੱਕ ਮਾਰਨ ਵਾਲਿਆਂ ਨੂੰ ਗੋਡਿਆਂ ਥੱਲੇ ਰੱਖਣ ਦੀ ਆਦਤ ਪਾਈਏ। ਚਿੜੀ ਵਾਂਗ ਸਾਊ ਜਿਹੇ ਬਣ ਕੇ ਛਿੱਲ ਲੁਹਾਉਣ ਨਾਲੋਂ ਬਾਜ਼ ਬਣ ਕੇ ਉਨ੍ਹਾਂ ਲੋਕਾਂ 'ਤੇ ਝਪੱਟਾ ਮਾਰੀਏ, ਜਿਨ੍ਹਾਂ ਦੀਆਂ ਗੋਗੜਾਂ ਸਾਡੇ ਖ਼ੂਨ-ਪਸੀਨੇ ਦੀ ਕਮਾਈ ਨਾਲ ਮੋਟੀਆਂ ਹੋਈਆਂ ਨੇ, ਜਿਹੜੇ ਕੋਹਲੂ ਦੇ ਬਲਦਾਂ ਵਾਂਗ ਸਾਨੂੰ ਜੋਤੀ ਰੱਖਦੇ ਨੇ ਤੇ ਸਾਡੀਆਂ ਪਿੱਠਾਂ ਸੇਕਦੇ-ਸੇਕਦੇ ਆਪਣਾ ਟੁੱਲ ਲਾਈ ਜਾਂਦੇ ਨੇ।

ਚਿੜੀਆਂ ਤੋਂ ਬਾਜ਼ ਬਣਨ ਦਾ ਚੇਤਾ ਅੱਜ-ਕੱਲ੍ਹ ਪੰਜਾਬ ਦੇ ਉਨ੍ਹਾਂ ਬੇਰੁਜ਼ਗਾਰਾਂ ਨੂੰ ਵੀ ਆ ਰਿਹੈ, ਜਿਨ੍ਹਾਂ ਨੇ ਕੋਰਸ ਤਾਂ ਕੀਤੇ ਹੋਏ ਨੇ, ਪਰ ਨੌਕਰੀਆਂ ਮੰਗਣ ਵੇਲੇ ਉਨ੍ਹਾਂ ਦੀਆਂ ਪਿੱਠਾਂ ਪੁਲਸੀਆ ਡਾਂਗਾਂ ਨਾਲ ਡਬਲਰੋਟੀ ਵਰਗੀਆਂ ਬਣਾ ਦਿੱਤੀਆਂ ਜਾਂਦੀਆਂ ਨੇ। ਹੁਣ ਉਹ ਚਿੜੀ ਤੋਂ ਬਾਜ਼ ਬਣਦਿਆਂ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹਨੇ ਸ਼ੁਰੂ ਹੋ ਗਏ ਨੇ। ਪੁਲਿਸ ਥੱਲੇ ਖੜ੍ਹੀ ਮਿੰਨਤਾਂ ਕਰਦੀ ਰਹਿੰਦੀ ਏ, ਪਰ 'ਸ਼ੋਅਲੇ' ਫਿਲਮ ਵਾਲੇ ਧਰਮਿੰਦਰ ਦੀ ਰੀਸ ਕਰਨ ਵਾਲੇ ਥੱਲੇ ਨਹੀਂ ਉਤਰਦੇ। ਇਹ ਗੱਲ ਉਨ੍ਹਾਂ ਦੇ ਪਿੜ ਪੱਲੇ ਪੈ ਗਈ ਏ ਕਿ ਢਿੱਡ ਅੱਗੇ ਸ਼ਰਮ ਕਾਹਦੀ। ਜ਼ਿਲ੍ਹਾ ਪ੍ਰਸ਼ਾਸਨ ਉੱਚੀ-ਉੱਚੀ ਬੋਲ ਕੇ ਉਨ੍ਹਾਂ ਤੱਕ ਆਵਾਜ਼ ਪੁਚਾਉਂਦੈ ਕਿ ਅਸੀਂ ਥੋਡੀਆਂ ਮੰਗਾਂ ਸਰਕਾਰ ਤੱਕ ਜ਼ਰੂਰ ਪੁਚਾਵਾਂਗੇ, ਥੋਨੂੰ ਨਿਆਂ ਮਿਲੂਗਾ ਤੇ ਉਹ ਉਂਗਲਾਂ ਨਾਲ 'ਵਿਕਟਰੀ' ਦਾ ਚਿੰਨ੍ਹ ਬਣਾਉਂਦਿਆਂ ਥੱਲੇ ਆ ਜਾਂਦੇ ਨੇ।




ਪਿਛਲੇ ਤਿੰਨ-ਚਾਰ ਮਹੀਨਿਆਂ ਵਿਚ ਵੈਟਰਨਰੀ ਫਾਰਮਾਸਿਸਟਾਂ, ਬੇਰੁਜ਼ਗਾਰ ਅਧਿਆਪਕਾਂ ਤੇ ਸਫਾਈ ਕਰਮਚਾਰੀਆਂ ਸਮੇਤ ਹੋਰ ਕਈ ਮਹਿਕਮਿਆਂ ਵਲੋਂ ਟੈਂਕੀਆਂ 'ਤੇ ਚੜ੍ਹ ਕੇ ਉਤਲੀ ਹਵਾ ਦੇ ਗੱਫੇ ਲਏ ਜਾ ਰਹੇ ਨੇ। ਸਰਕਾਰ ਵੀ ਪ੍ਰੇਸ਼ਾਨ ਏ ਕਿ ਜੇ ਏਦਾਂ ਹੀ ਚੱਲਦਾ ਰਿਹਾ ਤਾਂ ਹਰ ਪਿੰਡ, ਸ਼ਹਿਰ ਵਿਚਲੀਆਂ ਵਾਟਰ ਵਰਕਸ ਦੀਆਂ ਟੈਂਕੀਆਂ 'ਤੇ ਪੁਲਿਸ ਦੇ ਪਹਿਰੇ ਲਾਉਣੇ ਪੈਣਗੇ।

ਇਹ ਸਿਲਸਿਲਾ ਤੁਰਿਆ ਸੀ ਹੱਕ ਮੰਗਣ ਵਾਲੇ ਉਨ੍ਹਾਂ ਅਧਿਆਪਕਾਂ ਤੋਂ, ਜਿਨ੍ਹਾਂ ਵਿਚ ਫਰੀਦਕੋਟ ਦੀ ਇੱਕ ਅਧਿਆਪਕਾ ਨੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਕੇ ਖੁਦ ਨੂੰ ਅੱਗ ਲਾ ਲਈ ਸੀ। ਮੰਗਾਂ ਮਨਵਾਉਣ ਖਾਤਰ ਟੈਂਕੀ 'ਤੇ ਚੜ੍ਹੀ ਉਹ ਵਿਚਾਰੀ ਦਮ ਤੋੜ ਗਈ ਤੇ ਬਾਅਦ ਵਿਚ ਉਸ ਦੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰ ਨੇ ਨੌਕਰੀ ਵੀ ਦਿੱਤੀ ਤੇ ਉਹਦੇ ਨਾਲ ਸੰਘਰਸ਼ ਕਰ ਰਹੇ ਅਧਿਆਪਕਾਂ ਦੀਆਂ ਮੰਗਾਂ ਵੀ ਮੰਨ ਲਈਆਂ। ਕਿਰਨਜੀਤ ਦੀ ਮੌਤ ਨੇ ਹਰ ਵਰਗ ਦੇ ਤਬਕੇ ਨੂੰ ਝੰਜੋੜਿਆ ਤੇ ਅੱਜ ਉਸ ਦੇ ਪੂਰਨਿਆਂ 'ਤੇ ਚੱਲਦਿਆਂ ਹੱਕ ਮੰਗਣ ਦੀਆਂ ਉਹੀ ਕੋਸ਼ਿਸ਼ਾਂ ਰਫਤਾਰ ਫੜ ਰਹੀਆਂ ਨੇ।

ਇਹ ਸੱਚ ਹੈ ਕਿ ਬੰਦੇ ਨੂੰ ਗਾਂਧੀਵਾਦੀ ਬਣਨਾ ਚਾਹੀਦੈ, ਪਰ ਜਦੋਂ ਅੱਤ ਹੋ ਜਾਵੇ ਤਾਂ ਬਾਜ਼ ਬਣਨ ਵਿਚ ਸ਼ਰਮ ਵੀ ਮਹਿਸੂਸ ਨਹੀਂ ਕਰਨੀ ਚਾਹੀਦੀ। ਪੰਜਾਬ ਦੇ ਕਿੰਨੇ ਹੀ ਅਜਿਹੇ ਪਿੰਡ ਨੇ, ਜਿਥੋਂ ਦਾ ਪਾਣੀ ਪੀਣ ਦੇ ਲਾਇਕ ਨਹੀਂ ਰਿਹਾ। ਸਿਹਤ ਮਾਹਿਰ ਕਹਿ ਰਹੇ ਨੇ ਕਿ ਇਥੋਂ ਦਾ ਪਾਣੀ ਪੀਣ ਲਾਇਕ ਤਾਂ ਕੀ ਫਸਲਾਂ ਦੀ ਸਿੰਚਾਈ ਲਾਇਕ ਵੀ ਨਹੀਂ ਰਿਹਾ, ਕਿੰਨੇ ਲੋਕ ਨੇ ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਨਹੀਂ ਜੁੜਦੀ, ਕਿੰਨੇ ਅਜਿਹੇ ਨੇ ਜਿਹੜੇ ਬਿਮਾਰੀ ਨਾਲ ਤੜਫਦਿਆਂ ਰੱਬ ਨੂੰ ਪਿਆਰੇ ਹੋ ਜਾਂਦੇ ਨੇ, ਕਿੰਨੇ ਨਿਆਣਿਆਂ ਨੂੰ ਘਰਾਂ ਦੀ ਮੰਦੀ ਹਾਲਤ ਕਾਰਨ ਸਕੂਲ ਦਾ ਮੂੰਹ ਵੇਖਣਾ ਨਸੀਬ ਨਹੀਂ ਹੁੰਦਾ ਤੇ ਕਿੰਨੇ ਅਜਿਹੇ ਨੇ ਜਿਨ੍ਹਾਂ ਲਈ ਜਿਊਣ ਦਾ ਮਨੋਰਥ ਸਿਰਫ ਕਰਜ਼ੇ ਲਾਹੁਣ ਤੱਕ ਰਹਿ ਗਿਐ। ਜੇ ਇਨ੍ਹਾਂ ਹਾਲਤਾਂ ਵਿਚ ਚਿੜੀਓ ਬਾਜ਼ ਨਹੀਂ ਬਣਾਂਗੇ ਤਾਂ ਬਣਾਂਗੇ ਕਦੋਂ?

ਕਦੋਂ ਤੱਕ ਅਸੀਂ ਅੱਖਾਂ 'ਤੇ ਸ਼ਰਮ ਦੀ ਪੱਟੀ ਬੰਨ੍ਹੀ ਰੱਖਾਂਗੇ? ਕਦੋਂ ਤੱਕ ਹਰ ਵਧੀਕੀ ਨੂੰ 'ਸਤ ਬਚਨ' ਕਹਿ ਕੇ ਬਰਦਾਸ਼ਤ ਕਰਾਂਗੇ? ਕਦੋਂ ਤੱਕ ਸ਼ਾਤਰ ਸੋਚ ਦੇ ਮਾਲਕਾਂ ਅੱਗੇ ਗੋਡੇ ਟੇਕਦੇ ਰਹਾਂਗੇ? ਜੇ ਵਧੀਕੀ ਕਰਨੀ ਜ਼ੁਲਮ ਹੈ ਤਾਂ ਵਧੀਕੀ ਸਹਿਣੀ ਕਿੱਥੋਂ ਦਾ ਪੁੰਨ ਹੈ? ਜਾਗਦੇ ਲੋਕ ਬਹੁਤ ਘੱਟ ਲੁੱਟੇ ਜਾਂਦੇ ਨੇ ਤੇ ਸੁੱਤਿਆਂ ਨੂੰ ਲੁੱਟਣ ਲਈ ਕਿਸੇ ਨੂੰ ਬਹੁਤੀ ਮਿਹਨਤ ਕਰਨੀ ਨਹੀਂ ਪੈਂਦੀ।

ਦੇਸ ਦਾ ਅੰਨ੍ਹਦਾਤਾ ਵੀ ਕਦੇ-ਕਦਾਈਂ ਬਾਜ਼ ਬਣਨ ਦੀ ਖੇਚਲ ਕਰਦੈ। ਹੁਣ ਉਹਨੇ ਸਰਕਾਰੀ ਵਧੀਕੀਆਂ ਖਿਲਾਫ ਛੋਟੀ ਜਿਹੀ ਘੁਰਕੀ ਬਿਜਲੀ ਦੇ ਬਿੱਲ ਸਾੜ ਕੇ ਮਾਰੀ ਏ। ਜਦੋਂ ਬੋਰਡ ਦਾ ਨਿਗਮੀਕਰਨ ਹੋਣਾ ਸੀ ਤਾਂ ਸਰਕਾਰ ਨੇ ਆਖਿਆ ਸੀ, 'ਸਾਨੂੰ ਆਪਣਾ ਕੰਮ ਕਰਨ ਦਿਓ…ਕਿਸਾਨਾਂ ਨਾਲ ਸਾਡਾ ਵਾਅਦਾ ਏ ਕਿ ਅਸੀਂ ਉਨ੍ਹਾਂ ਦੇ ਬਿਜਲੀ-ਪਾਣੀ 'ਤੇ ਕੋਈ ਕਟੌਤੀ ਨਹੀਂ ਕਰਾਂਗੇ… ਸਭ ਨੂੰ ਮੁਫਤ ਬਿਜਲੀ ਮਿਲਦੀ ਰਹੂ…!' ਕਿਸਾਨ ਚੁੱਪ ਹੋ ਗਏ ਤੇ ਕੁਝ ਦਿਨਾਂ ਬਾਅਦ ਫੈਸਲਾ ਹੋਇਆ ਕਿ ਪਹਿਲੀ ਅਪਰੈਲ ਤੋਂ ਕਿਸਾਨਾਂ ਨੂੰ ਬਿਜਲੀ ਦੇ ਬਿੱਲ ਆਇਆ ਕਰਨਗੇ, ਇੱਕ ਹਾਰਸ ਪਾਵਰ ਬਦਲੇ ਪੰਜਾਹ ਰੁਪਏ। ਹੁਣ ਹਜ਼ਾਰਾਂ ਕਿਸਾਨਾਂ ਨੇ ਸ਼ਰੀਫੀ ਕਿੱਲੇ ਟੰਗ ਦਿੱਤੀ ਏ ਤੇ ਸਿੱਧੇ ਹੋ ਗਏ ਨੇ ਕਿ ਸਾਨੂੰ ਜੇਲ੍ਹਾਂ 'ਚ ਤੁੜ ਦਿਓ, ਮਸਲਾ ਤਾਂ ਦੋ ਗੁੱਲੀਆਂ ਦਾ ਏ, ਅਸੀਂ ਬਿਜਲੀ ਬਿੱਲ ਨਹੀਂ ਭਰ ਸਕਦੇ।

ਕਮਾਲ ਦੇਖੋ, ਜਿਹੜੇ ਪੰਜਾਂ ਦਰਿਆਵਾਂ ਦੀ ਧਰਤੀ ਦਾ ਅਸੀਂ ਮਾਣ ਕਰਦੇ ਹਾਂ, ਉਥੇ ਪਾਣੀ ਮੁੱਲ ਵਿਕ ਰਿਹੈ, ਪਾਣੀ ਪਿੱਛੇ ਕਤਲ ਹੋ ਰਹੇ ਨੇ। ਜਿਹੜੇ 'ਰੰਗਲੇ ਪੰਜਾਬ ਦੀਆਂ ਅਸੀਂ ਡੀਂਗਾਂ ਮਾਰਦੇ ਨਹੀਂ ਥੱਕਦੇ, ਉਹ 'ਗੰਧਲਾ ਪੰਜਾਬ' ਬਣਦਾ ਜਾ ਰਿਹੈ? ਗ਼ਰੀਬ ਹੋਰ ਗ਼ਰੀਬ ਹੋ ਰਿਹੈ ਤੇ ਅਮੀਰ ਹੋਰ ਅਮੀਰ। ਕੋਈ ਭੁੱਖ ਨਾਲ ਮਰ ਰਿਹੈ ਤੇ ਕੋਈ ਬਹੁਤਾ ਖਾਣ ਕਰਕੇ। ਸਰਕਾਰਾਂ ਗ਼ਰੀਬੀ ਖ਼ਤਮ ਕਰਨ ਵਲੋਂ ਹੱਥ ਖੜ੍ਹੇ ਕਰ ਰਹੀਆਂ ਨੇ, ਉਹ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਮੋੜਨ ਲਈ ਵੀ ਕਰਜ਼ਾ ਚੁੱਕਣ ਦੀ ਗੱਲ ਕਰ ਰਹੀਆਂ ਨੇ, ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਮੁੱਲ ਪੂਰਾ ਵਸੂਲਿਆ ਜਾ ਰਿਹੈ ਤੇ ਸਾਨੂੰ ਮਿਲ ਸਭ ਕੁਝ ਮਿਲਾਵਟੀ ਰਿਹੈ। ਫਿਰ ਵੀ ਅਸੀਂ ਕਹਿ ਰਹੇ ਹਾਂ ਕਿ ਬਾਜ਼ ਬਣਨ ਦਾ ਵੇਲਾ ਹਾਲੇ ਨਹੀਂ ਆਇਆ।

ਚਿੜੀ ਤੋਂ ਬਾਜ਼ ਬਣਨ ਦੀ ਰਾਏ ਦੇਣ ਵਾਲੇ ਕਾਕੜੇ ਦੇ ਰਾਜ ਨੇ ਹਰ ਤਬਕੇ ਦੇ ਲੋਕਾਂ ਨੂੰ ਖੂਬ ਝੰਜੋੜਿਐ। ਰਾਜ ਨੂੰ ਮਲਾਲ ਹੈ ਕਿ ਅੱਜ ਉਹ ਲੋਕ ਵੀ ਪੈਸੇ ਦੇ ਪੁੱਤ ਬਣ ਗਏ ਨੇ, ਜਿਨ੍ਹਾਂ ਨੂੰ ਸੂਖਮ ਭਾਵੀ ਮੰਨਿਆ ਜਾਂਦੈ। ਸੰਗੀਤ ਜ਼ਰੀਏ ਲੋਕਾਂ ਦੇ ਸਿਰ 'ਚ ਵਦਾਣੀ ਸੱਟਾਂ ਮਾਰੀਆਂ ਜਾ ਰਹੀਆਂ ਨੇ ਤੇ ਕਲਮਾਂ ਝਰੀਟਣ ਵਾਲਿਆਂ ਦੇ ਹੋਰ ਗੋਰਖਧੰਦੇ ਹੀ ਨਹੀਂ ਮੁੱਕਦੇ। ਉਹਨੇ ਲਿਖਿਐ:


ਪਾਣੀ ਦੀ ਟੈਂਕੀ ਦਾ ਰਾਹ

ਗੀਤ ਲਿਖੀਂ, ਨਜ਼ਮ ਲਿਖੀਂ,
ਵਾਰ ਲਿਖੀਂ, ਕੁਝ ਵੀ ਲਿਖੀਂ,
ਨਾ ਲਿਖ ਕੇ ਪਛਤਾਉਣਾ ਪਵੇ
ਏਦਾਂ ਦਾ ਸਫ਼ਰ ਕਰੀਂ।
ਥੱਕ ਜਾਵੇਂਗਾ ਲਿਖਦਾ ਇੱਕ ਦਿਨ
ਗੀਤ ਮਾਸ਼ੂਕਾਂ ਦੇ,
ਕਦੇ ਗੀਤਾਂ ਦੇ ਵਿਚ ਆਪਣੀ
ਬੁੱਢੀ ਮਾਂ ਦਾ ਜ਼ਿਕਰ ਕਰੀਂ।

ਉਸ ਦੇ ਇਹ ਬੋਲ ਉਨ੍ਹਾਂ ਸਿਰਫਿਰਿਆਂ ਨੂੰ ਅਕਲ ਦੀ ਗੋਲੀ ਖਾਣ ਲਈ ਪ੍ਰੇਰਦੇ ਹਨ, ਜਿਨ੍ਹਾਂ ਦੇ ਗੀਤਾਂ ਵਿਚੋਂ ਮੁਹੱਬਤ ਦੀ ਥਾਂ ਗੁੰਡਾਗਰਦੀ ਝਲਕਦੀ ਹੈ, ਜਿਨ੍ਹਾਂ ਨੂੰ ਸਿਰਫ ਮਾਸ਼ੂਕਾਂ ਦੀ ਚਿੰਤਾ ਵੱਢ-ਵੱਢ ਖਾਂਦੀ ਹੈ ਪਰ ਪੰਜਾਬ ਵਿਚੋਂ ਮੁੱਕ ਰਹੀਆਂ ਕੁੜੀਆਂ ਦੀ ਚਿੰਤਾ ਨਹੀਂ। ਜਿਨ੍ਹਾਂ ਨੂੰ ਗੀਤਾਂ ਜ਼ਰੀਏ ਅੱਯਾਸ਼ੀਆਂ ਤਾਂ ਸੁੱਝਦੀਆਂ ਨੇ ਪਰ ਠੇਡੇ ਖਾਂਦੀ ਆਪਣੀ ਬੁੱਢੀ ਮਾਂ ਦਾ ਚੇਤਾ ਨਹੀਂ ਆਉਂਦਾ। ਭਲਾ ਅੱਜ ਵਰਗਾ ਕਲਯੁੱਗ ਹੋਰ ਕਦੋਂ ਆਵੇਗਾ, ਜਦੋਂ ਅਖ਼ਬਾਰਾਂ ਦੀਆਂ ਸੁਰਖੀਆਂ ਹੋਣ ਕਿ ਫਲਾਣੀ ਥਾਂ ਪੁੱਤਰ ਨੇ ਮਾਂ ਦਾ ਗਲ ਘੁੱਟ ਦਿੱਤਾ, ਫਲਾਣੀ ਥਾਂ ਮਾਂ ਨੂੰ ਨਹਿਰ 'ਚ ਧੱਕਾ ਦੇ ਦਿੱਤਾ ਤੇ ਫਲਾਣੀ ਥਾਂ ਦਾਦੀ ਦੀ ਉਮਰ ਵਾਲੀ ਮਾਤਾ ਨਾਲ ਜਬਰ ਜਿਨਾਹ ਹੋ ਗਿਆ।

ਹੁਣ ਬਾਜ਼ ਬਣਨ ਦਾ ਛੋਟਾ ਜਿਹਾ ਹੀਲਾ ਨਕੋਦਰ ਦੇ ਲੋਕਾਂ ਨੇ ਵੀ ਕੀਤੈ। ਉਨ੍ਹਾਂ ਬਾਜ਼ ਬਣਦਿਆਂ ਉਸ ਹਨੀ ਸਿੰਘ ਦਾ ਪੁਤਲਾ ਫੂਕਿਐ, ਜੀਹਨੇ 'ਯੂ ਟਿਊਬ' 'ਤੇ ਪਏ ਆਪਣੇ ਗੀਤ ਵਿਚ ਅਸ਼ਲੀਲਤਾ ਦੀਆਂ ਹੱਦਾਂ ਪਾਰ ਕੀਤੀਆਂ ਨੇ। ਉਹਦਾ ਇਹ ਗੀਤ ਉਥੇ ਪਿਆਂ ਬਹੁਤ ਚਿਰ ਹੋ ਗਿਐ, ਬੜਾ ਕੁਝ ਉਹਦੇ ਬਾਰੇ ਲਿਖਿਆ ਗਿਆ, ਪਰ ਕਿਸੇ ਦੇ ਕੰਨ 'ਤੇ ਜੂੰ ਨਾ ਸਰਕੀ। ਹੁਣ ਛੋਟੇ ਜਿਹੇ ਇਕੱਠ ਨੇ ਚਿੜੀ ਵਾਲੇ ਜਾਮੇ 'ਚੋਂ ਬਾਹਰ ਆਉਂਦਿਆਂ ਜਿਸ ਤਰ੍ਹਾਂ ਰੋਸ ਜ਼ਾਹਰ ਕੀਤੈ, ਉਮੀਦ ਹੈ ਉਸ ਵੱਲ ਦੇਖ ਕੇ ਪੰਜਾਬ ਦੇ ਹੋਰ ਲੋਕ, ਜਿਨ੍ਹਾਂ ਦੀ ਗ਼ੈਰਤ ਹਾਲੇ ਜਿਉਂਦੀ ਹੈ, ਉਨ੍ਹਾਂ ਕਲਾਕਾਰਾਂ ਖਿਲਾਫ ਅਵਾਜ਼ ਬੁਲੰਦ ਕਰਨਗੇ, ਜਿਨ੍ਹਾਂ ਨੇ ਗਾਇਕੀ, ਗੀਤਕਾਰੀ ਦੇ ਨਾਂ 'ਤੇ ਪੰਜਾਬ ਵਿਚ ਗੰਦ ਖਿਲਾਰਨ ਦਾ ਜ਼ਿੰਮਾ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਐ।

ਦੋ-ਢਾਈ ਸਾਲ ਪਹਿਲਾਂ ਫਗਵਾੜੇ ਦੇ ਕੁਝ ਲੋਕਾਂ ਨੇ ਬਾਜ਼ ਬਣਨਾ ਅਰੰਭਿਆ ਸੀ। ਉਨ੍ਹਾਂ ਨੇ ਗੰਦੇ ਗੀਤਾਂ ਵਾਲੇ ਬੱਗਾ ਸਫਰੀ ਅਤੇ ਉਸ ਨਾਲ ਗਾਉਣ ਵਾਲੀ ਕਿਰਨ ਜੋਤੀ ਦੇ ਪੁਤਲੇ ਬਣਾ ਕੇ ਪਹਿਲਾਂ ਉਨ੍ਹਾਂ ਦੇ ਜੁੱਤੀਆਂ ਮਾਰੀਆਂ ਸਨ ਤੇ ਫੇਰ ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਸੀ। ਕਈਆਂ ਨੂੰ ਇਹ ਉਦਮ ਚੰਗਾ ਲੱਗਾ ਸੀ ਪਰ ਅੱਜ ਤੱਕ ਸਾਨੂੰ ਸਮਝ ਨਹੀਂ ਪਈ ਕਿ ਅਸੀਂ ਪੁਤਲਿਆਂ ਦੀਆਂ ਵੱਖੀਆਂ 'ਚ ਛਿੱਤਰ ਮਾਰ ਕੇ ਬਾਜ਼ ਬਣਨ ਦਾ ਭਰਮ ਕਿਉਂ ਪਾਲੀ ਜਾ ਰਹੇ ਹਾਂ। ਬੱਗਾ ਸਫਰੀ ਦੋਰਾਹੇ ਵੱਲ ਰਹਿੰਦੈ ਤੇ ਹਨੀ ਸਿੰਘ ਰਾਜਧਾਨੀ ਦਿੱਲੀ 'ਚ। ਥੋੜ੍ਹੀ ਮਿਹਨਤ ਕੀਤੀ ਜਾਵੇ ਤਾਂ ਇਨ੍ਹਾਂ ਨੂੰ ਜਨਤਾ ਸਾਹਮਣੇ ਲਿਆ ਕੇ ਇਨ੍ਹਾਂ ਦੇ ਕਲਾਕਾਰੀ ਵਾਲੇ ਬੁਰਕੇ ਲਾਹੇ ਜਾ ਸਕਦੇ ਨੇ। ਇਹ ਕੋਈ ਭੂਪਾਲ ਗੈਸ ਕਾਂਡ ਦੇ ਮੁੱਖ ਦੋਸ਼ੀ ਐਂਡਰਸਨ ਤਾਂ ਹੈ ਨਹੀਂ, ਜਿਹੜੇ ਅਮਰੀਕਾ ਜਾ ਬੈਠੇ ਹੋਣ ਜਾਂ ਜਿਨ੍ਹਾਂ ਨੂੰ ਭਾਰਤ ਵਾਪਸ ਲਿਆਉਣ ਲਈ ਅਮਰੀਕੀ ਸਰਕਾਰ ਅੱਗੇ ਮਿੰਨਤਾਂ ਕਰਨੀਆਂ ਪੈਂਦੀਆਂ ਹੋਣ।

ਸਾਡੇ ਨਾਲ ਹਮੇਸ਼ਾ 'ਸ਼ਰਮ ਮਾਰਿਆ ਮੈਂ ਅੰਦਰ ਵੜਿਆ ਤੇ ਮੂਰਖ ਆਖੇ ਮੈਥੋਂ ਡਰਿਆ' ਵਾਲੀ ਗੱਲ ਹੁੰਦੀ ਆਈ ਏ। ਪਰ ਫਿਰਕੂ ਦੰਗੇ ਕਰਾਉਣ ਵਾਲਿਆਂ, ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਆਪਣੀਆਂ ਤਿਜੌਰੀਆਂ ਭਰਨ ਵਾਲਿਆਂ, ਪਾਣੀ ਤੋਂ ਲੈ ਕੇ ਅੰਨ੍ਹ ਤੱਕ ਦਾ ਵਪਾਰ ਕਰਨ ਵਾਲਿਆਂ, ਫੀਤਾਸ਼ਾਹੀ ਦੇ ਜ਼ੋਰ 'ਤੇ ਸਾਨੂੰ ਪੈਰ ਦੀ ਜੁੱਤੀ ਬਣਾਉਣ ਵਾਲਿਆਂ ਦੇ ਨਾਲ-ਨਾਲ ਕਲਾ ਦੇ ਨਾਂ 'ਤੇ ਮਨਆਈਆਂ ਕਰਨ ਵਾਲਿਆਂ ਨਾਲ ਨਜਿੱਠਣ ਦਾ ਮਹੂਰਤ ਅਸੀਂ ਕਦੋਂ ਕਢਵਾਵਾਂਗੇ? ਅਸੀਂ ਇਸ ਗੀਤ ਦੇ ਅਰਥਾਂ ਨੂੰ ਸਮਝਣ ਵਿਚ ਪਤਾ ਨਹੀਂ ਕਿਉਂ ਅਸਮਰੱਥ ਹਾਂ:

ਦੁਨੀਆ ਜੀਹਨੂੰ ਤਖ਼ਤ ਬਿਠਾਵੇ,
ਜੇ ਉਹ ਵਤਨ ਵੇਚ ਕੇ ਖਾਵੇ।
ਮਜ਼ਲੂਮਾਂ 'ਤੇ ਜ਼ੁਲਮ ਕਮਾਵੇ,
ਸਿਰ 'ਤੇ ਰੱਖ ਕੇ ਤਾਜ,
ਓਸ ਕੌਮ ਦੀਆਂ ਚਿੜੀਆਂ ਨੂੰ ਫਿਰ
ਬਣਨਾ ਪੈਂਦਾ ਬਾਜ਼।

*ਫੋਨ:91-98141-78883

## ਮਿੰਨੀ ਵਿਅੰਗ

### ਸਕੇ ਭਰਾ

"ਆ ਬਈ ਬਗਲੇ ਭਗਤਾ, ਤੂੰ ਜਦੋਂ ਕਦੇ ਵੀ ਮਿਲਦੈਂ, ਠੇਕੇ 'ਚ ਹੀ ਮਿਲਦੈਂ। ਮੰਦਰ ਦੁਆਰੇ ਕਦੀ ਨਹੀਂ ਮਿਲਿਆ," ਹਾਤੇ 'ਚ ਬੈਠੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਨੇ ਕਾਂਗਰਸੀ ਨੂੰ ਮਖੌਲ ਭਰਿਆ ਜੀ ਆਇਆਂ ਕਿਹਾ।

"ਸਰਮਾਏਦਾਰਾਂ ਦੇ ਦੁੰਮ ਛੱਲੋ! ਮੈਂ ਬਗਲਾ ਭਗਤ ਕਿਵੇਂ ਹੋ ਗਿਆ?" "ਉਧਰ ਦਿੱਲੀ 'ਚ ਤਿੰਨ ਹਜ਼ਾਰ ਸਿੱਖ ਕਤਲ ਨਹੀਂ ਕਰਵਾਏ ਤੁਸੀਂ? ਜਾਣਬੁਝ ਕੇ, ਤਿੰਨ ਦਿਨ ਅੱਖਾਂ ਮੀਚ ਕੇ ਬੈਠੇ ਰਹੇ। ਬਗਲੇ ਭਗਤ ਨਹੀਂ ਤਾਂ ਹੋਰ ਕੀ ਓਂ ਤੁਸੀਂ, ਮੈਨੂੰ ਦੱਸ ਜ਼ਰਾ?"

"ਢਕੇ ਰਹੋ, ਤੁਸੀਂ ਕਿਹੜਾ ਘੱਟ ਓ! ਗੁਜਰਾਤ 'ਚ ਦੋ ਹਜ਼ਾਰ ਤੋਂ ਵੱਧ ਮੁਸਲਮਾਨਾਂ ਦਾ ਘਾਣ ਨਹੀਂ ਸੀ ਕਰਵਾਇਆ ਤੁਸੀਂ? ਮੂੰਹ ਵਿਚ ਹਰਾ ਘਾਹ ਪਾ ਕੇ ਬੈਠੇ ਰਹੇ ਸੀ, ਜਦੋਂ ਕਿ ਸੂਬੇ 'ਚ ਸਰਕਾਰ ਵੀ ਥੋਡੀ ਸੀ! ਵੱਡੇ ਰਾਮ ਭਗਤ। ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ?"

"ਚੱਲ ਛੱਡ ਪੁਰਾਣੇ ਕਿੱਸੇ! ਹੁਣ ਇਹ ਦੱਸ ਬੀਅਰ ਲਏਂਗਾ ਕਿ ਗਰਮ ਮਾਲ?"

"ਸੱਚ ਸਿਰ 'ਚ ਹਥੌੜੇ ਵਾਂਗ ਵੱਜਿਆ ਤਾਂ ਹੁਣ ਬੀਅਰ ਯਾਦ ਆ ਗਈ।"

"ਛੱਡ ਯਾਰ ਆਪਾਂ ਤਾਂ ਫੇਰ ਵੀ ਸਕੇ ਭਰਾ ਆਂ। ਘੇਸਲ ਮਾਰ ਕੇ ਮਜੇ ਲੈ। ਇਕ ਦੂਜੇ ਦੇ ਪਰਦੇ ਫੋਲਣ ਦਾ ਕੀ ਫਾਇਦਾ। ਸਿਆਣੇ ਕਹਿੰਦੇ ਨੇ ਢਕੀ ਰਿੱਝੇ, ਕੋਈ ਨਾ ਬੁੱਝੇ!"

*-ਅਵਤਾਰ ਸਿੰਘ ਹੰਸਰਾ*
*ਬੇਕਰਜ਼ਫੀਲਡ*

## ਚੁਟਕਲੇ

ਅਧਿਆਪਕ:ਰਾਜੂ ਦੇਸ਼ ਵਿਚ ਸਭ ਤੋਂ ਮਿੱਠੀ ਜ਼ੁਬਾਨ ਕਿਸ ਦੀ ਹੁੰਦੀ ਹੈ?
ਰਾਜੂ:ਜੀ ਹਲਵਾਈ ਦੀ।

***

ਅਧਿਆਪਕ: ਨੀਤੂ ਕਿਸੇ ਮਸ਼ਹੂਰ ਤਿੰਨ ਖਾਨਾਂ ਦੇ ਨਾਂ ਦੱਸ।
ਨੀਤੂ: ਜੀ, ਆਮਿਰ ਖਾਨ, ਸ਼ਾਹਰੁਖ ਖਾਨ ਤੇ ਸਲਮਾਨ ਖਾਨ।

***

ਅਧਿਆਪਕ: ਰੂਬੀ, ਧਰਤੀ ਤੇ ਚੰਨ ਦਾ ਆਪਸ ਵਿਚ ਕੀ ਸਬੰਧ ਹੈ?
ਰੂਬੀ: ਜੀ, ਧਰਤੀ ਸਾਡੀ ਮਾਂ ਹੈ ਤੇ ਚੰਨ ਸਾਡਾ ਮਾਮਾ, ਇਸ ਤਰ੍ਹਾਂ ਇਹ ਦੋਵੇਂ ਭੈਣ-ਭਰਾ ਹੋਏ।

***

ਅਧਿਆਪਕ: ਰਿੰਕੀ, ਹਿਮਾਲਿਆ ਪਰਬਤ ਕਿਥੇ ਹੈ?
ਰਿੰਕੀ: ਜੀ, ਪਤਾ ਨਹੀਂ।
ਅਧਿਆਪਕ: ਚੱਲ ਬੈਂਚ 'ਤੇ ਖੜ੍ਹਾ ਹੋ ਜਾ।
ਰਿੰਕੀ: ਜੀ, ਫਿਰ ਦਿਸ ਪਵੇਗਾ?

*-ਇੰਦਰਜੀਤ ਮੰਗਾ, ਪਿਟਸਬਰਗ।*

## ਚਲਦੇ-ਫਿਰਦੇ



ਮਨਦੀਪ ਮਾਨ

ਫੋਨ:661-889-1927

# ਜਦ ਬੰਦੇ ਨੂੰ ਘਰ ਛੱਡ ਕੇ ਪਰਦੇਸੀ ਹੋਣਾ ਪੈ ਜਾਂਦਾ

ਪੰਜਾਬ ਤੋਂ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਕਾਨੂੰਨੀ ਅਤੇ ਗੈਰ ਕਾਨੂੰਨੀ ਢੰਗ ਨਾਲ ਪੰਜਾਬੀ ਅਮਰੀਕਾ ਆਉਂਦੇ ਹਨ। ਜਿਹੜੇ ਤਾਂ "ਬੰਦ ਲਿਫਾਫੇ" ਵਾਂਗ ਭਾਵ ਕਾਨੂੰਨੀ ਢੰਗ ਨਾਲ ਆਉਂਦੇ ਹਨ ਉਨ੍ਹਾਂ ਨੂੰ ਗੈਰ ਕਾਨੂੰਨੀਆਂ ਦੇ ਮੁਕਾਬਲਤਨ ਰੁਜ਼ਗਾਰ ਵਗੈਰਾ ਦੀ ਕਿੱਲਤ ਘੱਟ ਆਉਂਦੀ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿਚ ਲੋਕਾਂ ਦਾ ਵਿਦੇਸ਼ਾਂ ਖਾਸ ਕਰ ਅਮਰੀਕਾ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਅਜ ਵੀ ਅਮਰੀਕਾ ਪ੍ਰਤੀ ਪੰਜਾਬੀਆਂ ਦਾ ਮੋਹ ਘੱਟ ਨਹੀਂ ਹੋਇਆ। ਚਾਹੇ ਉਪਰੋਂ-ਉਪਰੀ ਉਹ ਜੋ ਮਰਜ਼ੀ ਕਹੀ ਜਾਣ।

ਕਾਨੂੰਨੀ ਤੌਰ 'ਤੇ ਅਮਰੀਕਾ ਆਉਣ ਵਾਲਿਆਂ ਵਿਚ ਉਨ੍ਹਾਂ ਲੋਕਾਂ ਦੀ ਗਿਣਤੀ ਕਾਫੀ ਵੱਡੀ ਹੈ ਜੋ ਜਾਂ ਤਾਂ ਵਿਆਹ ਕਰਕੇ ਆਉਂਦੇ ਹਨ ਜਾਂ ਕਿਸੇ ਖਾਸ ਰਿਸ਼ਤੇ ਨਾਲ ਸੰਬੰਧਿਤ ਜਿਵੇਂ ਭੈਣ ਵਲੋਂ ਭਰਾ ਅਤੇ ਉਸਦੇ ਪਰਿਵਾਰ ਨੂੰ ਸੱਦਣਾ ਜਾਂ ਭਰਾ ਵਲੋਂ ਭਰਾ ਨੂੰ ਸੱਦਣਾ ਜਾਂ ਮਾਂ-ਪਿਓ ਵੱਲੋਂ ਆਪਣੇ ਬੱਚਿਆਂ ਨੂੰ ਸੱਦਣਾ। ਜਿਉਂ-ਜਿਉਂ "ਆਪਣਿਆਂ" ਲਈ ਅਪਲਾਈ ਕੀਤਾ ਕੇਸ ਤੇਜ਼ੀ ਫੜਨ ਲੱਗਦਾ ਹੈ, ਫੋਨ ਦੀਆਂ ਘੰਟੀਆਂ ਦੀ ਰਫਤਾਰ ਵੀ ਤੇਜ਼ ਹੁੰਦੀ ਜਾਂਦੀ ਹੈ। ਆਖਿਰ ਉਹ ਸੁਭਾਗਾ ਦਿਨ ਆ ਹੀ ਜਾਂਦਾ ਹੈ ਜਦ ਇਧਰਲਿਆਂ ਵਲੋਂ ਅਪਲਾਈ ਕੀਤੇ ਕੇਸ ਦੇ ਆਧਾਰ 'ਤੇ ਉਧਰਲਿਆਂ ਨੂੰ ਅਮਰੀਕਾ ਦਾ ਸਥਾਈ ਵੀਜ਼ਾ ਲੱਗ ਜਾਂਦਾ ਹੈ। ਚਾਹੇ ਉਹ ਦਿੱਲੀ ਅੰਬੈਸੀ ਦੇ ਪੰਜ-ਸੱਤ ਚੱਕਰ ਮਾਰ ਕੇ "ਲੋੜੀਂਦੇ" ਕਾਗਜ਼ ਪੂਰੇ ਹੋਣ ਤੋਂ ਬਾਅਦ ਹੀ ਮਿਲਦਾ ਹੈ।

ਹੁਣ ਸ਼ੁਰੂ ਹੁੰਦੀ ਹੈ ਉਧਰਲਿਆਂ ਵਲੋਂ ਇਧਰਲਿਆਂ ਲਈ ਅਤੇ ਆਪਣੇ ਲਈ ਖਰੀਦੋ-ਫਰੋਖਤ ਦੀ ਸ਼ੁਰੂਆਤ। ਬੇਸ਼ੱਕ ਹੁਣ ਸਭ ਕੁਝ ਇਧਰ ਵੀ ਤੇ ਉਧਰ ਵੀ ਮਿਲ ਜਾਂਦਾ ਹੈ ਪਰ ਫਿਰ ਵੀ 'ਭਾਰ' ਅਤੇ 'ਤੋਹਫਿਆਂ' ਨੂੰ ਵੱਡੀ ਪੱਧਰ ਉਪਰ ਢੋਣ ਦੇ ਸ਼ੌਕੀਨ ਪੰਜਾਬੀ ਨਿੱਕ-ਸੁੱਕ ਨਾਲ ਆਪਣੇ "ਬਾਹਰਲੇ ਅਟੈਚੀ" ਪੂਰੀ ਤਰ੍ਹਾਂ ਭਰ ਕੇ ਹੀ ਤੁਰਦੇ ਹਨ ਚਾਹੇ ਦਿੱਲੀ ਹਵਾਈ ਅੱਡੇ 'ਤੇ ਅੱਧਾ ਸਾਮਾਨ ਭਾਰ ਵਧਣ ਕਾਰਨ ਉਥੇ ਹੀ ਰਹਿ ਜਾਵੇ।

ਉਧਰਲੇ ਉਥੋਂ ਉਡਾਣ ਭਰਦੇ ਹਨ ਤੇ ਇਧਰਲੇ ਕਰ ਦਿੰਦੇ ਹਨ ਸ਼ੁਰੂ ਘਰ ਦੀ ਸਫਾਈ, ਸਮੋਸੇ, ਪਕੌੜੇ, ਬਰਫੀ ਆਦਿ ਦਾ ਇੰਤਜ਼ਾਮ ਤਾਂ ਜੋ ਉਨ੍ਹਾਂ ਨੂੰ ਇਹ ਅਹਿਸਾਸ ਨਾ ਹੋਵੇ ਕਿ ਉਹ ਕਿਸੇ ਹੋਰ ਮੁਲਕ ਵਿਚ ਆਏ ਹਨ ਤੇ ਉਨ੍ਹਾਂ ਲਈ ਉਚੇਚ ਨਹੀਂ ਹੋਈ।

ਦੋ-ਤਿੰਨ ਦਿਨਾਂ ਦੀਆਂ ਛੁੱਟੀਆਂ ਅਤੇ ਮੌਜ ਮਸਤੀ ਤੇ ਬਾਅਦ ਇਧਰਲਿਆਂ ਦਾ ਆਪਣੇ ਕੰਮ 'ਤੇ ਜਾਣਾ ਸ਼ੁਰੂ ਹੋਣਾ ਹੁੰਦਾ ਹੈ ਤੇ ਉਧਰਲਿਆਂ ਦਾ ਉਦਰੇਵਾਂ ਆਪਣੇ 'ਦੇਸ਼' ਲਈ। ਫਿਰ ਇਹ ਸਿਲਸਿਲਾ ਕੁਝ ਦਿਨਾਂ ਤੱਕ ਇੰਜ ਹੀ ਚਲਦਾ ਹੈ। ਹੁਣ ਸ਼ੁਰੂ ਕਰਨੀ ਪੈਂਦੀ ਹੈ ਕਾਨੂੰਨੀ ਪ੍ਰਕਿਰਿਆ, ਜਿਸ ਵਿਚ ਸਭ ਤੋਂ ਪਹਿਲਾਂ ਉਧਰਲਿਆਂ ਦਾ ਸੋਸ਼ਲ ਸਿਕਿਉਰਿਟੀ ਨੰਬਰ ਅਪਲਾਈ ਕੀਤਾ ਜਾਂਦਾ ਅਤੇ ਉਸ ਤੋਂ ਬਾਅਦ ਕਾਰ ਸਿਖਾਉਣ ਦਾ ਅਭਿਆਸ ਤਾਂ ਕਿ ਲਾਈਸੈਂਸ ਲੈ ਕੇ ਕੋਈ ਕੰਮ ਸ਼ੁਰੂ ਕਰ ਸਕਣ। ਪਰ ਅਸਲ ਸਮੱਸਿਆ ਲੱਭਣ ਵੇਲੇ ਮੂਹਰੇ ਆਉਂਦੀ ਹੈ। ਜਿਸ ਕਿਸੇ ਕੋਲ ਆਪਣਾ ਕੋਈ ਬਿਜਨਸ ਹੋਵੇ ਤਾਂ ਉਹ ਇਨ੍ਹਾਂ ਨੂੰ ਇਥੇ 'ਫਿੱਟ' ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਕੋਲ ਨਹੀਂ ਉਹ 'ਇਨ੍ਹਾਂ' ਨੂੰ ਕਿਸੇ ਫੈਕਟਰੀ ਜਾਂ ਸਟੋਰ ਉਪਰ ਕੰਮ ਦਿਵਾਉਣ ਲਈ ਦਿਨ ਰਾਤ ਇਕ ਕਰ ਦਿੰਦੇ ਹਨ। ਆਖਿਰ ਕੰਮ ਮਿਲਣ ਤੋਂ ਬਾਅਦ ਇਧਰਲੇ ਉਨ੍ਹਾਂ ਲਈ ਇਕ ਪੁਰਾਣੀ ਕੰਮ 'ਤੇ ਜਾਣ ਲਈ ਕਾਰ ਲੱਭਦੇ ਹਨ ਅਤੇ ਉਨ੍ਹਾਂ ਦੀ ਪਹਿਲੀ ਪਸੰਦ ਹੁੰਦੀ ਹੈ ਨੱਬੇ ਮਾਡਲ ਕੈਮਰੀ ਜਾਂ ਹਾਂਡਾ ਕਿਉਂਕਿ ਇਹ ਕਾਰਾਂ ਟਿਕਾਊ ਹੋਣ ਕਰਕੇ ਜ਼ਿਆਦਾ ਚਲਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਤਾਂ ਲੋੜ ਹੀ ਸਿਰਫ ਕੰਮ 'ਤੇ ਆਉਣ ਜਾਣ ਦੀ ਹੁੰਦੀ ਹੈ।

ਇਸ ਤੋਂ ਬਾਅਦ ਉਧਰੋਂ ਆਏ ਇਹ ਨਵੇ 'ਪ੍ਰਦੇਸੀ' ਕਿਸੇ ਗੁਰੂਘਰ ਜਾਣਾ ਸ਼ੁਰੂ ਕਰ ਦਿੰਦੇ ਹਨ ਆਪਣੀ ਆਦਤ ਮੁਤਾਬਕ ਆਮ ਲੋਕੀਂ ਪੁੱਛ ਲੈਂਦੇ ਹਨ ਕਿਨ੍ਹਾਂ ਦੇ ਆਇਆਂ, ਕਿਵੇਂ ਆਇਆਂ, ਕਿੱਥੇ ਕੰਮ ਕਰਦਾਂ, ਕਿਥੇ ਰਹਿੰਦੇ ਹੋ ਆਦਿ-ਆਦਿ। ਫਿਰ ਜਦ ਇਨ੍ਹਾਂ ਦਾ ਆਪਸੀ ਝਾਕਾ ਖੁੱਲ੍ਹ ਜਾਂਦਾ ਹੈ ਤਾਂ ਕੁਝ ਅੱਗ ਲਾ ਕੇ ਤਮਾਸ਼ਾ ਦੇਖਣ ਵਾਲੇ ਇਨ੍ਹਾਂ ਨਵੇਂ "ਪ੍ਰਦੇਸੀਆਂ" ਨੂੰ ਚੁੱਕਣਾ ਸ਼ੁਰੂ ਕਰ ਦਿੰਦੇ ਹਨ ਕਿ ਦੇਖ ਤੇਰੇ ਇਨ੍ਹਾਂ ਰਿਸ਼ਤੇਦਾਰਾਂ ਕੋਲ ਤਾਂ ਵੱਡੇ-ਵੱਡੇ ਘਰ, ਵੱਡੀਆਂ ਕਾਰਾਂ ਅਤੇ ਆਪਣੇ ਕਾਰੋਬਾਰ ਹਨ ਤੇ ਤੁਹਾਡੇ ਕੋਲ ਕੀ ਹੈ ਇਕ ਟੁੱਟੀ ਜਿਹੀ ਕਾਰ ਤੇ ਰਹਿਣ ਲਈ ਉਨ੍ਹਾਂ ਦਾ ਇਕ ਖੂੰਜਾ ਜਾਂ ਇਕ ਬੈਡਰੂਮ ਦੀ ਟੁੱਟੀ ਜਿਹੀ ਅਪਾਰਟਮੈਂਟ। ਇਹ ਵੀ ਕਿਹਾ ਜਾਂਦਾ ਹੈ ਕਿ ਤੁਹਾਨੂੰ ਤਾਂ ਆਪਣੇ ਸਟੋਰ ਉਤੇ ਮਜ਼ਦੂਰਾਂ ਵਾਂਗ ਰੱਖਿਆ ਹੋਇਆ ਹੈ, ਸਸਤੇ ਮਜ਼ਦੂਰ ਲੱਭੇ ਹੋਏ ਹਨ ਪਰ ਅੱਗ ਲਾਊ ਭੁੱਲ ਜਾਂਦੇ ਹਨ ਕਿ ਜਿਨ੍ਹਾਂ ਦੀ ਤੁਲਨਾ ਉਹ ਇਨ੍ਹਾਂ ਨਾਲ ਕਰਦੇ ਹਨ ਉਨ੍ਹਾਂ ਨੂੰ ਇਧਰ ਆਇਆਂ 30-40 ਸਾਲ ਹੋ ਗਏ ਤੇ ਇਹ ਪਤਾ 4-5 ਮਹੀਨਿਆਂ ਵਿਚ ਕਿਵੇਂ ਭਰੇਗਾ? ਪਰ ਉਹ ਇਨ੍ਹਾਂ ਨਵੇਂ ਪ੍ਰਦੇਸੀਆਂ ਦੀਆਂ ਅੱਖਾਂ ਉਪਰ ਐਸੀ ਪੱਟੀ ਬੰਨ੍ਹਦੇ ਹਨ ਕਿ ਉਹ ਆਪਣਿਆਂ ਨਾਲ ਈਰਖਾ ਸ਼ੁਰੂ ਕਰ ਦਿੰਦੇ ਹਨ ਤੇ ਹਰ ਰੋਜ਼ ਛੋਟੇ ਮੋਟੇ ਝਗੜੇ ਤਾਂ ਆਮ ਜਿਹੀ ਗੱਲ ਬਣ ਜਾਂਦੇ ਹਨ। ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਨੱਬੇ ਪ੍ਰਤੀਸ਼ਤ ਇਹ ਨਵੇਂ ਪ੍ਰਦੇਸੀ ਉਨ੍ਹਾਂ ਨਾਲ ਜ਼ਰੂਰ ਲੜਦੇ ਹਨ ਜਿਨ੍ਹਾਂ ਨੇ ਇਨ੍ਹਾਂ ਨੂੰ ਇਧਰ ਸੱਦਿਆ ਹੁੰਦਾ ਹੈ। ਫਿਰ ਹੌਲੀ ਹੌਲੀ ਇਨ੍ਹਾਂ ਦੀ ਆਪਸੀ ਬੋਲ-ਚਾਲ ਬੰਦ ਹੋ ਜਾਂਦੀ ਹੈ। ਸੱਦਣ ਵਾਲਿਆਂ ਨੂੰ ਰੋਸ ਹੁੰਦਾ ਹੈ ਕਿ ਸਾਨੂੰ ਗਰੀਨ ਕਾਰਡ ਲੈਂਦਿਆਂ ਇੰਨੇ ਇੰਨੇ ਸਾਲ ਲੱਗੇ ਇਨ੍ਹਾਂ ਨੂੰ ਆਉਂਦਿਆਂ ਨੂੰ ਹਰਾ ਪੱਤਾ ਮਿਲਿਐ, ਉਹ ਲੜਦਾ।

ਉਧਰੋਂ ਆਏ ਨਵੇਂ ਪ੍ਰਦੇਸੀ ਇਨ੍ਹਾਂ ਵਾਂਗ ਛੇਤੀ ਅਮੀਰ ਹੋਣਾ ਚਾਹੁੰਦੇ ਹਨ ਜਿਸ ਕਰਕੇ ਘਰਾਂ ਦੇ ਮਰਦ ਮੈਂਬਰ ਟਰੱਕ ਡਰਾਈਵਰੀ ਦਾ ਕੰਮ ਸ਼ੁਰੂ ਕਰ ਦਿੰਦੇ ਹਨ (ਕਿਉਂਕਿ ਇਸ ਕੰਮ ਵਿਚ ਪੈਸੇ ਹੋਰ ਕੰਮਾਂ ਨਾਲੋਂ ਜ਼ਿਆਦਾ ਬਣਦੇ ਹਨ) ਅਤੇ ਔਰਤਾਂ ਸਟੋਰਾਂ ਅਤੇ ਫੈਕਟਰੀਆਂ ਵਿਚ। ਇਸ ਤਰ੍ਹਾਂ ਦੋ ਸਾਲ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਇਹ ਨਵਾਂ ਘਰ ਅਤੇ ਨਵੀਂ ਕਾਰ ਖਰੀਦਦੇ ਹਨ ਅਤੇ 'ਇਧਰਲਿਆਂ' ਨੂੰ ਦਿਖਾਉਣ ਲਈ ਹਰ ਵਕਤ ਤਰਲੋਮੱਛੀ ਹੁੰਦੇ ਰਹਿੰਦੇ ਹਨ ਕਿ ਲਓ ਹੁਣ ਅਸੀਂ ਵੀ 'ਅਮੀਰ' ਹੋ ਗਏ, ਚਾਹੇ ਇਸ ਦੇ ਲਈ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ।

ਆਮ ਤੌਰ 'ਤੇ ਪੰਜਾਬੀ ਘਰ ਵਿਚ ਖਾਣਾ ਬਣਾ ਕੇ ਖਾਂਦੇ ਹਨ ਕਿਉਂਕਿ ਬਾਹਰ ਤੋਂ ਖਾਣਾ ਇਕ ਤਾਂ ਮਹਿੰਗਾ ਪੈਂਦਾ ਹੈ ਦੂਸਰਾ ਮਾਸ ਵਗੈਰਾ ਖਾਣ ਤੋਂ ਡਰਦੇ ਹਨ ਕਿ ਕਿਤੇ ਬੀਫ ਜਾਂ ਸੂਰ ਦਾ ਨਾ ਹੋਵੇ।

ਹੌਲੀ ਹੌਲੀ ਇਹ ਆਪਣੇ ਦੋਸਤ ਮਿੱਤਰ ਬਣਾ ਲੈਂਦੇ ਹਨ ਫਿਰ ਕਦੇ ਗੁਰੂਘਰ ਵਿਚ ਲੰਗਰ ਸੁੱਖਦੇ ਹਨ ਤੇ ਕਦੇ ਬੱਚਿਆਂ ਦੀਆਂ ਜਨਮ ਦਿਨ ਪਾਰਟੀਆਂ ਉਪਰ ਇਕੱਠੇ ਹੁੰਦੇ ਹਨ ਤੇ ਪੰਜਾਬੀ ਸਟਾਈਲ ਨਾਲ ਪਾਰਟੀ ਦਾ ਅਨੰਦ ਲੈਂਦੇ ਹਨ ਤੇ ਜੋ ਕਿ ਆਮ ਤੌਰ 'ਤੇ ਘਰਾਂ ਦੇ ਬੈਕਯਾਰਡ ਵਿਚ ਹੁੰਦੀ ਹੈ। ਇਨ੍ਹਾਂ ਵਿਚੋਂ ਬਹੁਤੇ ਪੂਰੀ ਤਰ੍ਹਾਂ ਟੱਲੀ ਹੋ ਕੇ ਪਾਰਟੀ ਵਿਚੋਂ ਨਿਕਲਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਨਾਲ ਸੋਫੀ ਡਰਾਈਵਰ ਭਾਵ 'ਪਤਨੀ' ਹੁੰਦੀ ਹੈ (ਕਿਉਂਕਿ ਜ਼ਿਆਦਾਤਰ ਪੰਜਾਬੀ ਔਰਤਾਂ ਸ਼ਰਾਬ ਨਹੀਂ ਪੀਂਦੀਆਂ)।

ਕੁਝ ਸਮਾਂ ਇਸ ਦੇਸ਼ ਵਿਚ ਰਹਿਣ ਪਿੱਛੋਂ ਇਨ੍ਹਾਂ ਵਿਚੋਂ ਕੁਝ ਪ੍ਰਦੇਸੀ ਫਿਰ ਕਿਸੇ ਨਾ ਕਿਸੇ ਤਰੀਕੇ ਨਾਲ ਗੁਰੂਘਰ ਦੀ ਸਿਆਸਤ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੰਦੇ ਹਨ ਤੇ ਆਖਰ ਕਿਸੇ ਨਾ ਕਿਸੇ ਗਰੁਪ ਨਾਲ ਰਲ ਕੇ ਮਾੜਾ ਮੋਟਾ ਅਹੁਦਾ ਹਾਸਲ ਕਰ ਹੀ ਲੈਂਦੇ ਹਨ, ਜਿਹੜਾ ਕਿ ਇਨ੍ਹਾਂ ਨੂੰ ਭਰਪੂਰ ਮਾਨਸਿਕ ਅਨੰਦ ਦਿੰਦਾ ਹੈ। ਇਸ ਤਰ੍ਹਾਂ ਇਨ੍ਹਾਂ ਪ੍ਰਦੇਸੀਆਂ ਦੀ ਜ਼ਿੰਦਗੀ ਦੀ ਦੂਜੀ ਪਾਰੀ ਦੀ ਸ਼ੁਰੂਆਤ ਹੁੰਦੀ ਹੈ।

ਗੈਰ-ਕਾਨੂੰਨੀ ਆਉਣ ਵਾਲੇ ਲੋਕਾਂ ਦੀ ਜ਼ਿੰਦਗੀ ਇਥੇ ਬੜੀ ਸੰਘਰਸ਼ ਵਾਲੀ ਤੇ ਖੌਫ ਵਾਲੀ ਹੁੰਦੀ ਹੈ। ਜਿਸ ਵਿਚ ਹਰ ਪੈਰ ਤੇ ਇਕ ਨਵੀਂ ਮੁਸੀਬਤ ਮੂੰਹ ਅੱਡੀ ਖੜੀ ਹੁੰਦੀ ਹੈ। ਖੈਰ! ਇਨ੍ਹਾਂ ਗੈਰ ਕਾਨੂੰਨੀ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਕਿਤੇ ਫੇਰ ਗੱਲ ਕਰਾਂਗੇ।

ਸ਼ਾਲਾ! ਮੇਰੇ ਪੰਜਾਬੀ ਸਦਾ ਹੱਸਦੇ ਵੱਸਦੇ ਰਹਿਣ ਤੇ ਆਪਣੇ ਪਿਛਲੇ ਪੰਜਾਬ ਅਤੇ ਮਾਂ ਬੋਲੀ ਪੰਜਾਬੀ ਨਾਲ ਜ਼ਰੂਰ ਜੁੜੇ ਰਹਿਣ ਤੇ ਆਪਣੇ ਪਿੱਛੇ ਛੱਡ ਆਏ ਆਪਣੇ ਬਚਪਨ ਦੇ ਦੋਸਤਾਂ, ਰਿਸ਼ਤੇਦਾਰਾਂ, ਖੇਤ, ਸੱਥਾਂ, ਮੇਲਿਆਂ ਨੂੰ ਸਦਾ ਆਪਣੇ ਚੇਤੇ ਵਿਚ ਰੱਖਣ ਅਤੇ ਆਪਣੇ ਬੱਚਿਆਂ ਨੂੰ ਵੀ ਸਦਾ ਪੰਜਾਬ ਅਤੇ ਪੰਜਾਬੀ ਨਾਲ ਜੋੜੀ ਰੱਖਣ। ਇਸ ਮੌਕੇ ਮੈਨੂੰ ਉਸਤਾਦ ਸ਼ਾਇਰ ਹਰਜਿੰਦਰ ਕੰਗ ਦੀਆਂ ਲਿਖੀਆਂ ਇਹ ਲਾਈਨਾਂ ਚੇਤੇ ਆਉਂਦੀਆਂ ਹਨ।

"ਜਦ ਬੰਦੇ ਨੂੰ ਘਰ ਛੱਡ ਕੇ  
ਪਰਦੇਸੀ ਹੋਣਾ ਪੈ ਜਾਂਦਾ ਹੈ।  
ਦਿਲ ਦਾ ਇਕ ਟੁਕੜਾ ਸੀਨੇ ਵਿਚ,  
ਇਕ ਵਤਨਾਂ ਵਿਚ ਰਹਿ ਜਾਂਦਾ ਹੈ।  
ਇਕ ਪੈਰ ਹੈ ਦੇਸ਼ 'ਚ ਇਕ ਪਰਦੇਸ 'ਚ  
ਆਪਣਾ ਹਾਲ ਕੀ ਦੱਸੀਏ,  
ਇਕ ਜੁਗਨੂੰ ਜਿਉਂ ਨ੍ਹੇਰੇ ਦੇ ਵਿਚ  
ਜਗਦਾ ਬੁਝਦਾ ਰਹਿ ਜਾਂਦਾ ਹੈ।

## ਸਿਆਣਿਆਂ ਦਾ ਕਿਹਾ

(1) ਹਰ ਹਿਸਾਬਦਾਨ-ਨੀਊਟਨ, ਹਰ ਸਾਇੰਸਦਾਨ-ਬੋਸ, ਹਰ ਕਵੀ-ਟੈਗੋਰ ਨਹੀਂ ਬਣ ਸਕਦਾ।

(2) ਬੋਲਣ ਵਾਲੇ ਦੇ ਬੋਲਾਂ ਵਿਚ ਦਮ ਹੋਵੇ ਤਾਂ ਉਹ ਸਜਣ ਠੱਗ ਨੂੰ (ਸੰਤ) ਅਤੇ ਬੰਦਾ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਸਕਦਾ ਹੈ

(3) ਜਿੰਨਾ ਚਿਰ ਸਾਡੇ ਬਾਗੀਆਂ ਦੇ ਸਿਰਾਂ ਦਾ ਮੁੱਲ ਗੱਦਾਰਾਂ ਦੇ ਬੱਚੇ ਖਾਂਦੇ ਰਹਿਣਗੇ ਗੱਦਾਰ ਵਧਦੇ ਰਹਿਣਗੇ।

(4) ਚੰਗੇ ਲੀਡਰ ਦੀ ਨਿਸ਼ਾਨੀ ਹੈ ਕਿ ਉਹ ਕੌਮ ਦੀ ਇੱਜ਼ਤ ਅਤੇ ਆਜ਼ਾਦੀ ਨੂੰ ਬਾਕੀ ਸਭ ਪੱਖਾਂ ਤੋਂ ਅੱਗੇ ਰਖਦਾ ਹੈ।

(5) ਕੀ ਭਰੋਸਾ ਦਮ ਦਾ, ਦੁਨੀਆਂ ਫਾਨੀ।

(6) ਜੇ ਬੀਤੇ ਉਤੇ ਹੀ ਝੂਰਦੇ ਰਹੋਗੇ ਤਾਂ ਆਉਣ ਵਾਲਾ ਕੱਲ ਹੋਰ ਵੀ ਭਿਆਨਕ ਹੋਵੇਗਾ।

(7) ਜਦ ਘਰ 'ਚ ਨਾ ਰਹੇ ਏਕਾ, ਭਾਈਆਂ 'ਚ ਪੈ ਜੇ ਪੇਚਾ, ਸਮਝੋ ਘਰ ਦੀ ਬਰਬਾਦੀ ਹੈ।

(8) ਪਰਦੇਸੀ ਫੁੱਲਾਂ ਵਿਚ ਖੁਸ਼ਬੂ ਘੱਟ ਹੀ ਹੁੰਦੀ ਹੈ।

(9) ਇਹ ਸੰਸਾਰ ਹੈ ਇਕ ਚੱਕਰ ਇਸ ਨੂੰ ਸਮਝਣਾ ਅਤੇ ਸਮਝਾਉਣਾ ਵੀ ਹੈ ਇਕ ਚੱਕਰ।

(10) ਪਿਉ ਦੀ ਹੱਲਾਸ਼ੇਰੀ ਬੱਚਿਆਂ ਨੂੰ ਸ਼ੇਰ ਬਣਾ ਦੇਣ ਅਤੇ ਮਾਂ ਦੀ ਮਮਤਾ ਬੱਚਿਆਂ ਨੂੰ ਸੰਤ ਬਣਾ ਦੇਣ ਦੇ ਸਮਰਥ ਹੈ।

(11) ਆਉਣ ਵਾਲੀਆਂ ਨਸਲਾਂ ਦੇ ਗਲ ਗੁਲਾਮੀ ਭਰਿਆ ਜੀਵਨ ਪਾਉਣ ਤੋਂ ਪਹਿਲਾਂ, ਆਜ਼ਾਦੀ ਲਈ ਲੜਦਿਆਂ ਹੋਇਆਂ ਮਰ ਜਾਣਾ (ਸ਼ਹੀਦ ਹੋ ਜਾਣਾ) ਬਿਹਤਰ ਹੈ।

(12) ਸਿੱਖ ਧਰਮ ਹੱਕ ਸੱਚ ਦਾ ਮਰਜੀਵੜਾ ਧਰਮ ਹੈ।

(13) ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਸੱਚੇ ਮਨੋ ਪਾਇਆ ਇਕ ਦਿਨ ਦਾ ਯੋਗਦਾਨ ਵੀ 25 ਸਾਲ ਦੀ ਤਪਸਿਆ ਦੇ ਬਰਾਬਰ ਹੈ।

(14) ਗੱਦਾਰਾਂ ਦੇ ਘਰਾਂ ਵਿਚ ਪੱਕਣ ਵਾਲੇ ਛੱਤੀ ਪ੍ਰਕਾਰ ਦੇ ਭੋਜਨਾਂ ਤੋਂ ਵੱਧ ਸੂਰਮਿਆਂ ਦੇ ਘਰਾਂ ਵਿਚ ਪਕਣ ਵਾਲੇ ਰੁੱਖੇ ਮਿੱਸੇ ਭੋਜਨ ਸੁਆਦਲੇ ਤੇ ਅਨੰਦਦਾਇਕ ਹੁੰਦੇ ਹਨ।

(15) ਹਿੰਦੂਆਂ ਨੇ ਮੁਸਲਮਾਨਾਂ ਨੂੰ ਨਫਰਤ ਕੀਤੀ-ਸਿੱਟਾ ਪਾਕਿਸਤਾਨ ਨਿਕਲਿਆ। ਹੁਣ ਹਿੰਦੂਵਾਦੀਆਂ ਦੀ ਸਿੱਖਾਂ ਨਾਲ ਨਫਰਤ-ਸਿੱਟਾ ਖਾਲਿਸਤਾਨ ਹੀ ਨਿਕਲੇਗਾ।

(16) ਪੰਜਾਬੀ ਸੂਬਾ ਮੋਰਚਾ-ਅਨੰਦਪੁਰ ਦਾ ਮਤਾ-ਹਲੇਮੀ ਰਾਜ-ਸਿੱਖ ਰਾਜ-ਵੱਧ ਅਧਿਕਾਰ-ਧਰਮ ਯੁੱਧ ਮੋਰਚਾ-ਖਾਲਿਸਤਾਨ ਦਾ ਐਲਾਨਨਾਮਾ-ਸਭ ਦੇ ਪਿਛੇ ਸੋਚ ਅਤੇ ਭਾਵਨਾ ਇਕੋ ਹੀ ਕੌਮ ਦੀ ਆਜ਼ਾਦੀ।

(17) ਜਿਸ ਤਰ੍ਹਾਂ ਆਪਾਂ ਰੱਬ ਤੋਂ ਮੰਗਦੇ ਹਾਂ ਉਸੇ ਤਰ੍ਹਾਂ ਆਪਾਂ ਦੂਸਰਿਆਂ ਲਈ ਰੱਬ ਦੇ ਬੰਦੇ ਬਣ ਕੇ ਜਾਈਏ।

(18) ਅਸਲੀ ਸਰਮਾਇਆ ਕਾਰੋਬਾਰ ਵਿਚ ਨਹੀਂ ਤੁਹਾਡੀ ਔਲਾਦ ਵਿਚ ਹੈ।

(19) ਕਾਰੋਬਾਰ ਵਿਚ ਇਤਨੇ ਮਸਤ ਵੀ ਨਾ ਹੋ ਜਾਉ ਕਿ ਪਰਿਵਾਰ ਲਈ ਦੋ ਘੜੀਆਂ ਵੀ ਨਾ ਕੱਢ ਸਕੋ।

(20) ਸੂਝਵਾਨ ਵਿਚਾਰ ਹੋ ਰਹੇ ਹੋਣ ਤਾਂ ਉਥੇ ਚੁੱਪ ਰਹਿਣਾ ਹੀ ਚੰਗਾ ਹੈ।

(21) ਸੁਆਲ ਚੰਗਾ ਹੋਵੇ ਤਾਂ ਚੁੱਪ ਤੋੜਨੀ ਚੰਗੀ ਹੈ।

(22) ਸੱਚਾਈ ਜਹਾਨ ਨਾਲ ਨਹੀਂ ਜਹਾਨ ਸੱਚਾਈ ਨਾਲ ਹੈ।

(23) ਸਖਤ ਮਿਹਨਤ ਕੀਤੇ ਬਿਨ੍ਹਾਂ ਪੈਸਾ ਤਾਂ ਕਮਾਇਆ ਜਾ ਸਕਦਾ ਹੈ ਪਰ ਸੱਚੀ ਖੁਸ਼ੀ ਨਹੀਂ।

(24) ਦੁਨੀਆਂ ਝੁਕਾਉਂਦੀ ਹੈ ਪਰ ਜੇ ਕੋਈ ਅਣਖੀਲਾ ਨਾ ਝੁੱਕੇ ਤਾਂ ਦੁਨੀਆਂ ਆਪ ਝੁੱਕ ਜਾਂਦੀ ਹੈ।

(25) ਟੁੱਟਿਆ ਹੋਇਆ ਦਿਲ ਵੀ ਮਨ ਨੂੰ ਕੁਝ ਕਰਨ ਲਈ ਪ੍ਰੇਰਦਾ ਹੈ-ਜੇ ਉਸ ਵਿਚ ਅਣਖ ਤੇ ਗੈਰਤ ਹੋਵੇ।

(26) ਲੜਨਾ ਕਿਸੇ ਦਾ ਸ਼ੌਕ ਨਹੀਂ ਬਲਕਿ ਮਜਬੂਰੀ ਹੁੰਦੀ ਹੈ।

(27) ਪੰਥਕ ਫੁੱਟ ਜ਼ਬਰ ਜ਼ੁਲਮ ਨੂੰ ਉਤਸ਼ਾਹਤ ਕਰਦੀ ਹੈ।

(28) ਸ਼ਹੀਦੀ ਖਾਲਸਾ ਪੰਥ ਦਾ ਗਹਿਣਾ ਹੈ।

(29) ਗੁਰੂ ਗੋਬਿੰਦ ਸਿੰਘ ਜੀ ਨੇ (ਰਾਜ ਕਰੇਗਾ ਖਾਲਸਾ) ਦਾ ਨਾਅਰਾ ਦਿੱਤਾ। ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦਾ ਮੁੱਢ ਬੰਨਿਆ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਕੀ ਪਾਕਿਸਤਾਨ ਦੀ ਮੌਜੂਦਾ ਜਮਹੂਰੀਅਤ ਦੀ ਵੀ ਮਿਆਦ ਪੁੱਗਣ ਵਾਲੀ ਹੈ?

*(ਸਫਾ 28 ਦੀ ਬਾਕੀ)*

'ਇਕਨਾਮਿਕਸ ਸਕੂਲ ਆਫ ਲੰਡਨ' ਨੇ ਪਿਛਲੇ ਦਿਨੀਂ ਚੰਗੀ ਤਰ੍ਹਾਂ ਪਰਦਾ ਫਾਸ਼ ਕੀਤਾ ਹੈ। ਇਸ ਅਦਾਰੇ ਨੇ ਦੱਸਿਆ ਹੈ ਕਿ ਪਾਕਿਸਤਾਨ ਸਰਕਾਰ ਬਰਾਸਤਾ ਆਈ.ਐਸ.ਆਈ. ਹਰ ਕਿਸਮ ਦੇ ਤਾਲਿਬਾਨ ਨਾਲ ਘਿਉ-ਖਿਚੜੀ ਹੈ। ਸਰਕਾਰੀ ਅਹਿਲਕਾਰ ਤਾਲਿਬਾਨ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੁੰਦੇ ਹਨ। ਉਨ੍ਹਾਂ ਨੂੰ ਗਾਈਡ ਕਰਦੇ ਹਨ ਤੇ ਲੋੜ ਹੋਵੇ ਤਾਂ ਪੈਸਾ ਵੀ ਮੁਹੱਈਆ ਕਰਦੇ ਹਨ। ਉਨ੍ਹਾਂ ਦੀ ਇਕੋ ਨੀਤੀ ਹੈ ਕਿ ਇਸ ਲੜਾਈ ਵਿਚ ਨਾ ਅਮਰੀਕਾ ਨੂੰ ਜਿੱਤਣ ਦੇਣਾ ਹੈ ਤੇ ਨਾ ਹਾਰਨ। ਬਸ ਪੈਸੇ ਵਾਲੀ ਪਾਈਪਲਾਈਨ ਵਗਦੀ ਰਹਿਣੀ ਚਾਹੀਦੀ ਹੈ ਤੇ ਭਾਰਤ ਵਲ ਨੂੰ ਅਤਿਵਾਦ ਦਰਾਮਦ ਹੁੰਦਾ ਰਹਿਣਾ ਚਾਹੀਦਾ ਹੈ। ਇਸੇ ਕਰਕੇ ਗੱਲੀਂ ਅਤਿਵਾਦ ਨੂੰ ਖਤਮ ਕਰਦੇ ਹਨ ਤੇ ਕੰਮੀਂ ਇਸ ਨੂੰ ਹਰ ਤਰ੍ਹਾਂ ਕਾਇਮ ਰੱਖਣ ਦੀ ਕੋਸ਼ਿਸ਼ ਹੁੰਦੀ ਹੈ। ਇਸ ਤਰ੍ਹਾਂ ਦੀਆਂ ਸ਼ਾਤਰ ਚਾਲਾਂ 'ਚ ਘਿਰੇ ਹਾਕਮ ਜਨਤਾ ਬਾਰੇ ਤੇ ਉਨ੍ਹਾਂ ਦੀਆਂ ਤਕਲੀਫਾਂ ਬਾਰੇ ਕਿੰਨਾ ਕੁ ਸੋਚ ਤੇ ਕਰ ਸਕਦੇ ਹਨ?

ਅਗਲੀ ਗੱਲ ਇਹ ਕਿ ਕੋਈ ਜਮਹੂਰੀਅਤ ਉਨੀ ਹੀ ਮਜ਼ਬੂਤ ਹੁੰਦੀ ਹੈ ਜਿੰਨੇ ਉਸ ਦੇ ਅਦਾਰੇ ਮਜ਼ਬੂਤ ਹੋਣਗੇ, ਖਾਸ ਕਰਕੇ ਮੀਡੀਆ ਤੇ ਅਦਾਲਤਾਂ ਪਰ ਪਾਕਿਸਤਾਨ ਦੇ ਹਾਕਮ ਇਨ੍ਹਾਂ ਅਦਾਰਿਆਂ ਦੀ ਮਜ਼ਬੂਤੀ ਨੂੰ ਆਪਣੇ ਲਈ ਖਤਰਾ ਸਮਝ ਰਹੇ ਹਨ। ਇਹ ਇਥੋਂ ਦੇ ਅਵਾਮ ਦੀ ਖੁਸ਼ਕਿਸਮਤੀ ਹੈ ਕਿ ਇਹ ਦੋਵੇਂ ਅਦਾਰੇ ਪਾਕਿਸਤਾਨ ਵਿਚ ਪਹਿਲੀ ਵਾਰ ਐਨੇ ਮਜ਼ਬੂਤ ਹੋਏ ਹਨ ਤੇ ਫੌਜ ਅੰਦਰੂਨੀ ਮਾਮਲਿਆਂ ਵਿਚ ਘੱਟ ਸਰਗਰਮ। ਪਾਕਿਸਤਾਨੀ ਟੀ.ਵੀ. ਚੈਨਲਾਂ 'ਤੇ ਹਰ ਹਫਤੇ 20-25 ਸਿਆਸੀ ਟਾਕ ਸ਼ੋਅ ਹੁੰਦੇ ਹਨ, ਜਿਨ੍ਹਾਂ ਵਿਚ ਬੇਲਾਗ ਤੇ ਬੇਬਾਕ ਪੱਤਰਕਾਰ, ਵਕੀਲ ਤੇ ਹੋਰ ਬੁੱਧੀਜੀਵੀ ਵੀ ਹਿੱਸਾ ਲੈਂਦੇ ਹਨ ਤੇ ਹਰ ਕਿਸਮ ਦੇ ਸਿਆਸੀ ਬੁਲਾਰੇ ਵੀ। ਇਹ ਟਾਕ ਸ਼ੋਅ ਸਰਕਾਰ ਦੀ ਅਸਲੀ ਹਾਲਤ ਅਤੇ ਨੇਤਾਵਾਂ ਦਾ ਅਸਲੀ ਕਿਰਦਾਰ ਲੋਕਾਂ ਸਾਹਮਣੇ ਚਿੱਟੇ ਦਿਨ ਵਾਂਗ ਸਾਫ ਕਰਦੇ ਰਹਿੰਦੇ ਹਨ। ਜਿਸ 'ਤੇ ਜ਼ਰਦਾਰੀ, ਉਸ ਦੇ ਵਜ਼ੀਰ ਤੇ ਮਸ਼ੀਰ ਕਾਫੀ ਖਫਾ ਹਨ। ਸਰਕਾਰ ਤੇ ਜ਼ਰਦਾਰੀ ਦੀ ਬੁਲਾਰੀ ਤੇ ਮਨਿਸਟਰ ਫੌਜੀਆ ਵਹਾਬ ਨੇ ਤਾਂ ਦਲੇਰ ਅਤੇ ਨਿਰਪੱਖ ਪੱਤਰਕਾਰ ਅਨਸਾਰ ਅਬਾਸੀ 'ਤੇ ਕਈ ਕਰੋੜ ਦਾ ਇੱਜ਼ਤ-ਹੱਤਕ ਦਾ ਦਾਅਵਾ ਠੋਕ ਦਿੱਤਾ ਸੀ, ਜਿਸ ਨੇ ਸਿਰਫ ਐਨਾ ਕਿਹਾ ਸੀ ਕਿ ਹਾਕਮਾਂ ਦਾ ਵੱਸ ਚੱਲੇ ਤਾਂ ਇਹ ਪੱਤਰਕਾਰਾਂ ਨੂੰ ਕਤਲ ਵੀ ਕਰਵਾ ਸਕਦੇ ਹਨ।

ਜਿਥੋਂ ਤੱਕ ਪਾਕਿਸਤਾਨ ਦੀ ਸੁਪਰੀਮ ਕੋਰਟ ਦਾ ਤੁਅਲਕ ਹੈ, ਕਹਿ ਸਕਦੇ ਹਾਂ ਕਿ ਇਹ ਸਾਰੇ ਦੱਖਣੀ ਏਸ਼ੀਆ ਦੀ ਸ਼ਾਇਦ ਸਭ ਤੋਂ ਦਬੰਗ ਅਦਾਲਤ ਹੈ ਜੋ ਇਨਸਾਫ ਤੋਂ ਇਕ ਇੰਚ ਵੀ ਪਾਸੇ ਨਹੀਂ ਜਾਂਦੀ। ਸਾਢੇ 8 ਹਜ਼ਾਰ ਗੁਨਾਹਗਾਰਾਂ ਨੂੰ ਬਰੀ ਕਰਨ ਵਾਲਾ ਆਰਡੀਨੈਂਸ ਐਨ.ਆਰ.ਓ. ਇਸ ਅਦਾਲਤ ਨੇ ਬਹਾਲ ਹੁੰਦਿਆਂ ਹੀ ਖਤਮ ਕਰ ਦਿੱਤਾ। ਕੇਸਾਂ 'ਚੋਂ ਬਰੀ ਹੋਏ ਸਾਰੇ ਨੇਤਾ ਫਿਰ ਕਟਹਿਰੇ ਵਿਚ ਆ ਗਏ। ਇਸ ਅਦਾਲਤ ਨੇ 175 ਨੇਤਾਵਾਂ ਦੀਆਂ ਜਾਅਲੀ ਡਿਗਰੀਆਂ ਦੇ ਕੇਸਾਂ ਦੇ ਨਾਲ ਹੀ ਜ਼ਰਦਾਰੀ ਵਲੋਂ ਪਾਕਿਸਤਾਨ ਵਿਚੋਂ 6 ਕਰੋੜ ਡਾਲਰ ਲਿਜਾ ਕੇ ਸਵਿਸ ਬੈਂਕ ਵਿਚ ਜਮ੍ਹਾਂ ਕਰਵਾਉਣ ਦੇ ਕੇਸ ਵੀ ਸ਼ੁਰੂ ਕਰ ਲਏ ਹਨ। ਛੇ ਮਹੀਨੇ ਤੋਂ ਸੁਪਰੀਮ ਕੋਰਟ ਸਰਕਾਰ ਨੂੰ ਕਹਿ ਰਹੀ ਹੈ ਕਿ ਉਹ ਸਵਿਸ ਬੈਂਕ ਨੂੰ ਚਿੱਠੀ ਲਿਖੇ ਕਿ ਐਨ.ਆਰ.ਓ. ਖਤਮ ਹੋ ਗਿਆ ਹੈ ਤੇ ਪਾਕਿਸਤਾਨ ਦੇ ਜਮ੍ਹਾਂ ਹੋਏ 6 ਕਰੋੜ ਡਾਲਰ ਦੇ ਸਬੰਧ ਵਿਚ ਜ਼ਰਦਾਰੀ ਖਿਲਾਫ ਕੇਸ ਸ਼ੁਰੂ ਕਰੇ। ਇਸ ਵਿਚ ਜ਼ਰਦਾਰੀ ਨੂੰ ਛੇ ਮਹੀਨੇ ਕੈਦ ਵੀ ਹੋ ਚੁੱਕੀ ਹੈ। ਹੁਣ ਤਕ ਤਾਂ ਸਰਕਾਰ ਟਾਲਾ ਵੱਟਦੀ ਰਹੀ ਹੈ। ਹੁਣ ਹਾਲਤ ਭਿਆਨਕ ਟਕਰਾਅ ਵਾਲੀ ਬਣ ਗਈ ਹੈ। ਕਾਨੂੰਨੀ ਮਾਹਰ ਕਹਿ ਰਹੇ ਹਨ ਕਿ ਜੇ ਸਰਕਾਰ ਅਦਾਲਤ ਦੀ ਹੁਕਮ ਅਦੂਲੀ ਕਰਦੀ ਹੈ ਤਾਂ ਸੁਪਰੀਮ ਕੋਰਟ ਆਪਣੇ ਹੁਕਮ ਨੂੰ ਲਾਗੂ ਕਰਵਾਉਣ ਲਈ ਫੌਜ ਦੀ ਮਦਦ ਵੀ ਲੈ ਸਕਦੀ ਹੈ।

ਇਸ ਹਾਲਤ ਵਿਚ ਦੇਸ਼ ਦੇ ਵਕੀਲਾਂ ਨੇ ਵੀ ਸਖਤ ਰੁਖ ਅਪਨਾ ਲਿਆ ਹੈ ਤੇ ਅਮਰੀਕਾ ਦੇ ਪਾਕਿਸਤਾਨ ਸਬੰਧੀ ਸਲਾਹਕਾਰਾਂ ਨੇ ਵੀ। ਪਾਕਿ ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਾਜ਼ੀ ਅਨਵਰ ਨੇ ਬਲੋਚਿਸਤਾਨ ਦੀ ਬਾਰ ਐਸੋਸੀਏਸ਼ਨ ਵਿਚ ਬੋਲਦਿਆਂ ਕਿਹਾ ਹੈ ਕਿ ਸਰਕਾਰ ਏਨੀ ਬੇਗੈਰਤ ਹੈ ਕਿ ਲੁੱਟ ਦਾ ਮਾਲ ਬਚਾਉਣ ਲਈ ਦੇਸ਼ ਦੀ ਸਰਬ ਉਚ ਅਦਾਲਤ ਦੀ ਤੌਹੀਨ ਕਰ ਰਹੀ ਹੈ ਤੇ ਇਸ ਦੇ ਪ੍ਰਧਾਨ ਮੰਤਰੀ ਦੀ ਪਤਨੀ, ਪੁੱਤਰ ਤੇ ਧੀਆਂ ਮੁਲਾਜ਼ਮਾਂ ਦੀਆਂ ਬਦਲੀਆਂ ਕਰਵਾਉਣ ਬਦਲੇ ਸ਼ਰੇਆਮ ਪੈਸੇ ਲੈ ਰਹੇ ਹਨ। ਕੈਰੀ ਲੂਗਰ ਬਿਲ ਜਿਸ ਤਹਿਤ ਪਾਕਿਸਤਾਨ ਨੂੰ ਹਰ ਸਾਲ 1.45 ਬਿਲੀਅਨ ਡਾਲਰ ਸਹਾਇਤਾ ਦਿੱਤੀ ਜਾਂਦੀ ਹੈ, ਦੇ ਕਰਤਾ-ਧਰਤਾ ਜੌਹਨ ਕੈਰੀ ਨੇ ਹਾਲ ਬਰੂਕ ਨੂੰ ਖਤ ਲਿਖ ਕੇ ਕਿਹਾ ਹੈ ਕਿ ਅਮਰੀਕਨ ਸਹਾਇਤਾ ਦੇ 50% ਧਨ ਦੀ ਪਾਕਿਸਤਾਨ ਦੇ ਹਾਕਮ ਗਲਤ ਵਰਤੋਂ ਕਰਦੇ ਹਨ।

ਟਾਈਮ ਸੁਕੇਅਰ ਵਿਚ ਪਾਕਿਸਤਾਨੀ ਮੂਲ ਦੇ ਇਕ ਅਮਰੀਕੀ ਵਲੋਂ ਬੰਬ ਰੱਖੇ ਜਾਣ ਬਾਅਦ ਹਿਲੇਰੀ ਕਲਿੰਟਨ ਨੇ ਪਾਕਿ ਹਾਕਮਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਪਾਕਿਸਤਾਨ ਨਾਲ ਸੰਬੰਧਿਤ ਕਿਸੇ ਸ਼ਖਸ ਦੀ ਕਾਰਵਾਈ ਰਾਹੀਂ ਅਮਰੀਕੀ ਲੋਕਾਂ ਦਾ ਨੁਕਸਾਨ ਹੋਇਆ ਤਾਂ ਉਹ ਨਤੀਜੇ ਭੁਗਤਣ ਲਈ ਤਿਆਰ ਰਹੇ। ਪਾਕਿਸਤਾਨ ਸਬੰਧੀ ਅਮਰੀਕੀ ਮਾਹਿਰ ਥਾਮਸ ਹਾਲ, ਜੋ ਪਾਕਿਸਤਾਨ ਦੀਆਂ ਪਿਛਲੀਆਂ ਚੋਣਾਂ ਵੇਲੇ ਅਮਰੀਕੀ ਨਿਗਰਾਨ ਸੀ, ਨੇ ਕਿਹਾ ਹੈ ਕਿ ਮੌਕਾ ਆ ਗਿਆ ਹੈ ਕਿ ਅਮਰੀਕੀ ਹਾਕਮ ਫੈਸਲਾ ਕਰਨ ਕਿ ਉਨ੍ਹਾਂ ਭ੍ਰਿਸ਼ਟ ਹਾਕਮਾਂ ਦਾ ਸਾਥ ਦੇਣਾ ਹੈ ਜਾਂ ਇਨਸਾਫ ਕਰਨ ਜਾ ਰਹੀ ਅਦਾਲਤ ਦਾ। ਉਸ ਨੇ ਅਮਰੀਕਾ ਨੂੰ ਸੁਝਾਅ ਦਿੱਤਾ ਹੈ ਕਿ ਉਹ ਕਾਨੂੰਨ ਦੇ ਹੱਕ ਵਿਚ ਖੜੇ ਤੇ ਕਾਨੂੰਨ ਤੋੜਨ ਵਾਲਿਆਂ ਨੂੰ ਮੁਸ਼ੱਰਫ ਵਾਂਗ ਚਲਦਾ ਕਰੇ। ਹਾਲ ਦਾ ਇਹ ਲੇਖ ਪਾਕਿਸਤਾਨੀ ਅਖਬਾਰ 'ਜੰਗ' ਵਿਚ ਛਪਿਆ ਹੈ ਅੰਦਰੋਂ ਬਾਹਰੋਂ ਏਨੀਆਂ ਸਖਤ ਟਿੱਪਣੀਆਂ ਦੇ ਬਾਵਜੂਦ ਹਾਕਮ ਆਪਣਾ ਕੰਮ ਕਰੀ ਜਾ ਰਹੇ ਹਨ। ਅਮਰੀਕਾ ਤੇ ਫੌਜ ਫਿਲਹਾਲ ਕੁਝ ਵੀ ਨਾ ਕਰਨ ਦੇ ਮੂਡ ਵਿਚ ਹਨ। ਜਨਰਲ ਕਿਆਨੀ ਪਹਿਲੇ ਜਰਨੈਲਾਂ ਨਾਲੋਂ ਜ਼ਰਾ ਵੱਖਰੇ ਹਨ। ਉਨ੍ਹਾਂ ਦੀ ਰਿਟਾਇਰਮੈਂਟ ਹੋਣ ਵਾਲੀ ਹੈ। ਸਰਕਾਰ ਉਨ੍ਹਾਂ ਦੀ ਮਿਆਦ ਵਧਾ ਵੀ ਸਕਦੀ ਹੈ ਤੇ ਨਹੀਂ ਵੀ, ਪਰ ਉਹ ਬਹੁਤੇ ਉਤਸੁਕ ਨਹੀਂ ਜਾਪਦੇ। ਪਾਕਿਸਤਾਨ 'ਚ ਸਰਕਾਰ ਖਿਲਾਫ ਕੋਈ ਜਥੇਬੰਦਕ ਸਿਆਸੀ ਜਾਂ ਲੋਕ ਲਹਿਰ ਨਹੀਂ ਹੈ। ਇਸ ਲਈ ਆਉਣ ਵਾਲੇ ਹਾਲਾਤ ਜ਼ਿਆਦਾ ਅਮਰੀਕਾ 'ਤੇ ਨਿਰਭਰ ਹਨ। ਉਹ ਹੀ ਹੋਵੇਗਾ, ਜੋ ਉਸ ਨੂੰ ਭਾਵੇਗਾ।

# ਰੱਬ ਵੀ ਅਤਿਵਾਦੀ ਹੁੰਦੈ?


ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ:510-277-2592


***ਕਾਂ ਚੂਰੀ ਖਾ ਕੇ ਵੀ ਜੇ ਰੂੜੀਆਂ ਵਲ ਨੂੰ ਗੰਦ 'ਚ ਚੁੰਝ ਫਸਾਉਣ ਲਈ ਉਡਾਰੀ ਭਰ ਲੈਂਦਾ ਹੈ ਤਾਂ ਸਰੋਵਰਾਂ 'ਚ ਨਹਾ ਕੇ ਬੱਗੇ ਹੋਣ ਦੀਆਂ ਘਟਨਾਵਾਂ ਮਿਥਿਹਾਸਕ ਹੀ ਹੋਣਗੀਆਂ? ਇਕ ਵਾਰ ਕਿਸੇ ਦੀ ਜਾਨ ਨਹੀਂ ਨਿਕਲ ਰਹੀ ਸੀ, ਕਿਸੇ ਸਿਆਣੇ ਨੇ ਕਿਹਾ, 'ਭਗਵਤ ਗੀਤਾ ਦਾ ਪਾਠ ਸੁਣਾਓ।' ਖੈਰ! ਜਾਨ ਤਾਂ ਨਿਕਲ ਗਈ ਪਰ ਨਿਕਲੀ ਪੜ੍ਹ ਕੇ ਸੁਣਾਉਣ ਵਾਲੇ ਦੀ, ਮਰਨ ਵਾਲਾ ਰਾਜ਼ੀ ਹੋ ਕੇ ਫਿਰ ਕਈ ਸਾਲਾਂ ਬਾਅਦ ਮਰਿਆ। ਸੋਚਾਂ ਮਨੁੱਖ ਨੂੰ ਖਾ ਜਾਂਦੀਆਂ ਨੇ, ਚਿੰਤਾਵਾਂ ਕਰਦਿਆਂ ਕਈਆਂ ਦੇ ਲੱਠੇ ਵਰਗੇ ਸਰੀਰ ਵੀ ਪਿੰਜਰ ਬਣ ਗਏ। ਮੌਤ ਦਾ ਵਟਣਾ ਤਾਂ ਲੱਗਣਾ ਹੀ ਹੁੰਦਾ ਹੈ ਪਰ ਉਮਰ ਭੋਗ ਕੇ ਲੱਗੇ ਜਾਂ ਵਾਰੀ ਸਿਰ ਲੱਗੇ ਤਾਂ ਠੀਕ ਹੈ ਵਰਨਾ ਰਜ਼ਾ 'ਚ ਰਹਿਣ ਦੇ ਰੱਬ ਦੇ ਬੰਦੇ ਕਿੰਨੇ ਵੀ ਉਪਦੇਸ਼ ਦੇਣ, ਦੁਨੀਆਂ ਬਣਾਉਣ ਵਾਲੇ ਨੂੰ ਉਲਾਮਾ ਝੱਲਣਾ ਹੀ ਪਵੇਗਾ। ਜਿਨ੍ਹਾਂ ਔਜਾਰਾਂ ਨਾਲ ਉਹਨੇ ਦੁਨੀਆਂ ਬਣਾਈ ਹੈ ਉਹਦਾ ਭੇਦ ਤਾਂ ਵਿਗਿਆਨੀਆਂ ਨੂੰ ਵੀ ਨਹੀਂ ਲੱਭਾ ਕਿ ਉਹ ਰਹਿੰਦਾ ਕਿਥੇ ਹੈ? ਬੰਦੇ ਨੂੰ ਕਹੀ ਤਾਂ ਜਾਂਦੇ ਨੇ ਉਹਨੂੰ ਅੰਦਰੋਂ ਲੱਭ ਲੈ ਪਰ ਜਦੋਂ ਤੱਕ ਅੰਦਰ ਵੜਨ ਦੀ, ਉਹ ਜਾਣੀ ਜਾਣ ਅਖਵਾਉਣ ਵਾਲਾ ਜੁਗਤ ਦੱਸਦਾ ਹੈ ਉਦੋਂ ਤੱਕ 'ਜਾਹ ਜਾਂਦੀ' ਹੋ ਜਾਂਦੀ ਹੈ। ਮੂੰਹ ਭਰ ਕੇ ਕਹਿ ਤਾਂ ਦੇਨੇ ਆਂ 'ਤਾਂ ਕੀ ਹੋਇਆ?' ਪਰ ਪਤਾ ਉਨ੍ਹਾਂ ਨੂੰ ਹੀ ਹੁੰਦੈ ਜੀਹਦੇ ਨਾਲ ਹੋਇਆ ਹੁੰਦਾ ਹੈ। ਸੁੱਖਾਂ ਤੇ ਸ਼ੇਖੀਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀਆਂ ਬੜੀਆਂ ਉਦਾਹਰਣਾਂ ਹਨ ਪਰ ਦੁੱਖਾਂ ਨੂੰ ਕੋਈ ਏਦਾਂ ਪੇਸ਼ ਕਰਦਾ ਹੋਵੇਗਾ ਸੁਣਿਆ ਨਹੀਂ। ਰੱਬ ਜੇ ਸੱਚੀਂ ਹੈ, ਤੇ ਉਹਨੇ ਏਨੀ ਦੁਨੀਆਂ ਬਣਾ ਲਈ ਹੈ, ਤਾਂ ਸਾਂਭ ਤਾਂ ਟੱਬਰ ਨੀਂ ਹੁੰਦੇ, ਫਿਰ ਰੰਗ-ਬਰੰਗੇ ਲੋਕਾਂ ਨੂੰ ਸੰਭਾਲਦਿਆਂ ਉਹ ਵੀ ਤਾਂ ਖਫਾ ਹੋ ਹੀ ਸਕਦੈ, ਵਧੀਕੀਆਂ ਵੀ ਹੋ ਸਕਦੀਆਂ ਨੇ? ਸਿਰਲੇਖ ਪੜ੍ਹ ਕੇ ਕਈ ਮੱਥੇ 'ਤੇ ਹੱਥ ਮਾਰਨਗੇ, ਰੱਬ ਨੂੰ ਰਿਸ਼ਤੇਦਾਰ ਸਮਝਣ ਵਾਲੇ ਬੇਕਾਬੂ ਵੀ ਹੋਣਗੇ ਤੇ ਜਿਨ੍ਹਾਂ ਨੂੰ ਰੱਬ ਨੇ ਹੱਥ ਵਿਖਾਏ ਨੇ ਉਹ ਹੱਥਾਂ ਦੀਆਂ ਦੁਹੱਥੜੀਆਂ ਵੀ ਬਣਾਉਣਗੇ। ਚਲੋ ਆਪਾਂ ਬਾਤ ਤੇ ਹੁੰਗਾਰੇ ਵਾਲੀ ਗਲਵੱਕੜੀ ਪਾ ਕੇ ਦੇਖਦੇ ਹਾਂ।***

ਜੇ ਮਨੁੱਖ ਉਬਾਲਾ ਮਾਰਨ ਲੱਗਾ ਦੇਰ ਨਹੀਂ ਲਾਉਂਦਾ ਤਾਂ ਯਕੀਨ ਕਰ ਲੈਣਾ ਚਾਹੀਦੈ ਕਿ ਉਹਦੇ ਅੰਦਰਲੀ ਸਹਿਣਸ਼ੀਲਤਾ ਦਾ ਕਤਲ ਹੋ ਚੁੱਕਾ ਹੈ। ਜੇ ਦੁਨੀਆਂ ਵਿਚ ਧਰਮ ਅਸਥਾਨਾਂ ਦੀ ਗਿਣਤੀ ਵਧੀ ਹੈ ਤਾਂ ਇਸ ਦਾ ਕਾਰਨ ਵੀ ਅਸਹਿਣਸ਼ੀਲਤਾ ਹੀ ਹੈ। ਜੇ ਧਾਰਮਿਕ ਸਭਾਵਾਂ, ਜਥੇਬੰਦੀਆਂ ਪੱਗੋ-ਲੱਥੀ ਹੋਣ ਲੱਗੀਆਂ ਹਨ ਤਾਂ ਯਕੀਨ ਕਰ ਲੈਣ ਵਿਚ ਕੋਈ ਹਰਜ ਨਹੀਂ ਕਿ ਹਊਮੈ ਗਲ ਗਲ ਤੀਕਰ ਕੜ੍ਹ ਰਹੀ ਹੈ। ਜਿਨ੍ਹਾਂ ਨੂੰ ਦੁਨੀਆਂ ਦੀ ਬਹੁਗਿਣਤੀ ਮਹਾਂਪੁਰਸ਼ ਕਹਿ ਰਹੀ ਹੁੰਦੀ ਹੈ, ਉਨ੍ਹਾਂ ਨੂੰ ਕੁਝ ਗਿਣਤੀ ਗੁਸੈਲ ਤੇ ਨਿੰਦਕ ਨਜ਼ਰਾਂ ਨਾਲ ਵੀ ਘੂਰ ਰਹੀ ਹੁੰਦੀ ਹੈ। ਕਿਥੇ ਸ਼ੱਕ ਰਹਿ ਜਾਂਦਾ ਹੈ ਕਿ ਧਰਮ ਦੀਆਂ ਧੜੇਬੰਦੀਆਂ ਨੇ ਹੀ ਅਫਗਾਨਿਸਤਾਨ ਤੇ ਪਾਕਿਸਤਾਨ 'ਚ ਅਤਿਵਾਦ ਦੀਆਂ ਢੇਰੀਆਂ ਤੇ ਲਾਸ਼ਾਂ ਦੇ ਅੰਬਾਰ ਲਾ ਦਿੱਤੇ ਹਨ। ਅਮਰੀਕਾ 'ਤੇ ਨੌਂ-ਗਿਆਰਾਂ ਦਾ ਹੱਲਾ ਧਰਮ ਦੇ ਨਿਰਾਸ਼ ਹੋਏ ਇਸ਼ਾਰਿਆਂ ਦੀ ਹੀ ਧੁੰਦਲੀ ਤੇ ਦਰਦਨਾਕ ਡਾਕੂਮੈਂਟਰੀ ਹੈ।

ਮਰਨ ਤੋਂ ਕੁਝ ਪਲ ਪਹਿਲਾਂ ਯਮ ਤੇ ਯਮਰਾਜ ਦਿਸਣ ਲੱਗ ਪੈਂਦੇ ਨੇ, ਕਿਉਂ? ਸਿਹਤ ਵਿਗਿਆਨ ਇਸ ਗੱਲ ਨੂੰ ਇਉਂ ਮੰਨਦਾ ਹੈ ਕਿ ਜਦੋਂ ਮਨੁੱਖ ਦੇ ਦਿਲ ਤੇ ਨਬਜ਼ ਦੀ ਧੜਕਣ ਬੰਦ ਹੁੰਦੀ ਹੈ, ਖੂਨ ਦਾ ਸੰਚਾਰ ਰੁਕ ਜਾਂਦਾ ਹੈ, ਆਕਸੀਜਨ ਦੀ ਘਾਟ ਨਾਲ ਦੁੱਖ ਤਕਲੀਫ ਦੀ ਇਕ ਨਿਵੇਕਲੀ ਖਿੱਚੋ-ਤਾਣ ਸ਼ੁਰੂ ਹੁੰਦੀ ਹੈ। ਸਾਹ ਨਿਕਲਣ ਤੋਂ ਤੀਹ ਸੈਕਿੰਡ ਤੋਂ ਤਿੰਨ ਮਿੰਟ ਪਹਿਲਾ ਤੱਕ ਸਰੀਰ ਅੰਦਰ ਇਕ ਖਾਸ ਕਿਸਮ ਦੀਆਂ ਬਿਜਲਈ ਤਰੰਗਾਂ ਉਠਦੀਆਂ ਹਨ ਤੇ ਦਿਮਾਗ 'ਚ ਮਰ ਗਿਆਂ ਦੇ ਜਾਣ-ਪਛਾਣ ਵਾਲਿਆਂ ਦੀ ਵੀਡੀਓ ਫਿਲਮ ਯਾਦਾਂ ਦੇ ਚੈਨਲ ਥਾਣੀ ਚੱਲਦੀ ਹੈ। ਇਸੇ ਹੀ ਸਮੇਂ ਵਿਚ 'ਅਹੁ ਆ ਗਏ-ਅਹੁ ਆ ਗਏ' ਦੀ ਦੁਹਾਈ ਪਾਉਣ ਵਾਲਾ ਮਰਦਾ ਮਨੁੱਖ ਯਮਰਾਜਾਂ ਦੇ ਚਿੱਤਰ ਬਣਾ ਕੇ ਪੇਸ਼ ਕਰ ਦੇਂਦਾ ਹੈ। ਹਾਲ ਹੀ ਵਿਚ ਵਾਸ਼ਿੰਗਟਨ ਵਸਦੇ ਭਾਰਤੀ ਮੂਲ ਦੇ ਇਕ ਡਾਕਟਰ ਲਖਮੀਰ ਚਾਵਲਾ ਨੇ ਮਰਨ ਤੋਂ ਪਹਿਲਾਂ ਦੀ ਅਜਿਹੀ ਸਥਿਤੀ ਬਾਰੇ ਹੀ ਵਿਸਥਾਰ ਵਿਚ ਖੁਲਾਸਾ ਵੀ ਕੀਤਾ ਹੈ। ਆਮ ਬੋਲੀ ਵਿਚ ਆਪਾਂ ਆਖ ਦੇਂਦੇ ਹਾਂ ਕਿ ਗੁੱਸਾ ਥੁੱਕ ਦਿਓ, ਕ੍ਰੋਧ ਨੂੰ ਮਾਰ ਦਿਓ। ਗੁਰਬਾਣੀ ਉਪਦੇਸ਼ ਦੇਂਦੀ ਹੈ:

ਕਾਮ, ਕ੍ਰੋਧ ਕਾਇਆ ਕੋ ਗਾਲੈ॥
ਜਿਓ ਕੰਚਨ ਸੁਹਾਗਾ ਢਾਲੈ॥

ਜ਼ਫਰ ਗੁੱਸੇ ਬਾਰੇ ਇੰਜ ਲਿਖਦਾ ਹੈ:

ਜ਼ਫ਼ਰ ਆਦਮੀ ਉਸ ਕੋ ਨਾ ਜਾਨੀਏਗਾ
ਖਾਬ ਹੈ ਜੋ ਰਹੀਮੋ ਜਕਾ।
ਜਿਸੇ ਐਸ਼ ਮੇਂ ਯਾਦ ਖ਼ੁਦਾ ਨਾ ਰਹੀ,
ਜਿਸੇ ਤੈਸ਼ ਮੇਂ ਖੌਫ਼ ਖ਼ੁਦਾ ਨਾ ਰਹਾ।

ਕੀ ਰੱਬ ਜਾਂ ਰੱਬ ਦਾ ਦੂਜਾ ਰੂਪ ਕੁਦਰਤ ਕਦੇ ਖਫ਼ਾ ਨਹੀਂ ਹੁੰਦੇ? ਜੇ ਨਾ ਹੁੰਦੇ ਹੋਣ ਤਾਂ ਭੁਚਾਲ ਤੇ ਤੂਫਾਨ ਕਦੇ ਨਾ ਆਉਣ, ਸੁਨਾਮੀ ਲਹਿਰਾਂ ਨਾ ਉਠਣ। ਤੇ ਦੁਨੀਆਂ 'ਜੇ ਗਲੋਬਲ ਵਾਰਮਿੰਗ' 'ਚ ਭੁੱਜਣ ਲੱਗੀ ਹੈ ਜਾਂ ਪੰਜਾਂ ਦਰਿਆਵਾਂ ਦੀ ਧਰਤੀ ਵਾਲਾ ਪੰਜਾਬ ਪਾਣੀ ਦੇ ਪਿੱਟ-ਸਿਆਪੇ 'ਚ ਮਕਾਣੀ ਤੁਰਨ ਵਾਲੈ ਤਾਂ ਲਗਦਾ ਨਹੀਂ ਰੱਬ ਜਾਂ ਕੁਦਰਤ ਇਸ ਤੋਂ ਵੱਧ ਖਫਾ ਹੋ ਕਿਵੇਂ ਸਕਦੇ ਹਨ?

ਵੇਲੇ ਦੀ ਹਾਕਮ ਸਰਕਾਰ ਦੀਆਂ ਨਜ਼ਰਾਂ ਵਿਚ ਹਰ ਬਾਗੀ ਅਤਿਵਾਦੀ ਹੀ ਹੁੰਦੈ। ਪੰਜਾਬ ਦੇ ਇਤਿਹਾਸ 'ਚੋਂ ਅਤਿਵਾਦ ਕਦੇ ਵੀ ਮਨਫੀ ਨਹੀਂ ਕੀਤਾ ਜਾ ਸਕਦਾ। ਤੇ ਜਿਨ੍ਹਾਂ 'ਤੇ ਅਤਿਵਾਦ ਬੱਦਲ ਬਣ ਕੇ ਵਰ੍ਹਿਆ ਹੈ। ਚਾਹੇ ਵਰਦੀਧਾਰੀ ਹੋਵੇ ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਵੀ ਰਜਾਈ 'ਚ ਮੂੰਹ ਦੇ ਕੇ ਭੁੱਬੀਂ ਰੋਂਦੀਆਂ ਰਹਿਣਗੀਆਂ ਤੇ ਜਿਨ੍ਹਾਂ ਨੇ 84 ਵਿਚਲਾ ਸਿੱਖ ਘਾਣ ਅੱਖੀਂ ਵੇਖਿਆ ਤੇ ਹੰਢਾਇਆ ਹੈ ਉਹ ਨਿਵੇਕਲੀ ਕਿਸਮ ਦੇ ਅਤਿਵਾਦ ਦੇ ਮੂੰਹ 'ਚ ਜੁੱਤੀ ਤੁੰਨਣ ਤੋਂ ਕਦੋਂ ਪਿਛੇ ਹਟਣਗੇ? ਕੁਦਰਤ ਜਾਂ ਰੱਬ ਜੇ ਨਾਰਾਜ਼ਗੀ ਦੀ ਅਗਲੀ ਹੱਦ ਵਿਚ ਖਫਾ ਜਾਂ ਗੁੱਸੇ ਹੁੰਦੇ ਹਨ ਤੇ ਉਹ ਅਤਿਵਾਦੀ ਵਾਲਾ ਰੂਪ ਵੀ ਧਾਰਨ ਕਰ ਸਕਦੇ ਹਨ? ਏਨਾ ਕਹਿਣ ਦੀ ਛੋਟੇ ਮੂੰਹ ਦੀ ਵੱਡੀ ਗੱਲ ਲਈ ਹਿੰਮਤ ਤਾਂ ਨਹੀਂ ਹੁੰਦੀ ਪਰ ਦਰਦ ਦੀ ਸਿਖਰ ਵਾਲੀ ਬਾਤ ਤੁਹਾਡੇ ਹੁੰਗਾਰੇ 'ਤੇ ਛੱਡਦਾ ਹਾਂ। ਸਾਧ, ਸੰਤ, ਸਿਆਣੇ ਤੇ ਮਹਾਂਪੁਰਸ਼ ਭਾਵੇਂ ਲੱਖ ਮੱਤਾਂ ਦੇਂਦੇ ਰਹਿਣ ਕਿ ਉਹਦੀਆਂ ਉਹ ਜਾਣੇ, ਉਹਦੇ ਰੰਗ ਨੇ, ਉਹਦੀ ਰਜ਼ਾ ਹੈ, ਉਹਦਾ ਭਾਣਾ ਹੈ, ਉਹ ਬੜਾ ਬੇਅੰਤ ਹੈ, ਉਹਦੇ ਘਰ ਦੇਰ ਹੈ ਅੰਧੇਰ ਨਹੀਂ ਤੇ ਉਹਦੀ ਇਨਸਾਫ ਵਾਲੀ ਤੱਕੜੀ ਦੀ ਡੰਡੀ 'ਚ ਖੋਟ ਨਹੀਂ ਪਰ ਜੇ ਰੱਬ ਹੋਵੇ ਤੇ ਬਹੁਤ ਗੁੱਸੇ 'ਚ ਹੋਵੇ ਤੇ ਏਦਾਂ ਹੋ ਗਿਆ ਹੋਵੇ ਜਿਵੇਂ ਮੈਂ ਦੱਸਣ ਲੱਗਾ ਹਾਂ ਤਾਂ ਮੂੰਹ ਭਰ ਕੇ ਕਿਵੇਂ ਕਹਿ ਸਕਦੇ ਹਾਂ 'ਰੱਬ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ?' ਕਿਉਂਕਿ ਭਾਣਾ 'ਕੱਲਾ ਵਰਤਿਆ ਹੀ ਨਹੀਂ ਭਾਣਾ ਮੰਨਣ ਵਾਲਾ ਪਰਿਵਾਰ ਵੀ ਨਿਗਲ ਲਿਆ।

ਮੈਂ ਨਾਸਤਿਕ ਨਹੀਂ ਅਤੇ ਨਾ ਹੀ ਰੱਬ ਦੀ ਹੋਂਦ 'ਤੇ ਪ੍ਰਸ਼ਨ ਚਿਨ੍ਹ ਲਾਉਣ ਲੱਗਾ ਹਾਂ ਪਰ ਵੇਰਵਾ ਜਾਂ ਹਵਾਲਾ ਦੇਣ ਨਾਲੋਂ ਇਹ ਜ਼ਰੂਰ ਕਹਾਂਗਾ ਕਿ ਜਿਨ੍ਹਾਂ ਨੂੰ ਅਸੀਂ ਰੱਬ ਰੂਪ ਮੰਨਦੇ ਆਏ ਹਾਂ ਵੱਡੀਆਂ ਜੰਗਾਂ ਲੜਨ ਵੇਲੇ ਗੁੱਸੇ ਤੇ ਕ੍ਰੋਧ ਦਾ ਪ੍ਰਭਾਵ ਉਨ੍ਹਾਂ ਦੇ ਚਿਹਰਿਆਂ 'ਤੇ ਵੀ ਆਪਾਂ ਵੇਖਿਆ ਹੈ। ਤੇ ਜਿਸ ਅਤਿ ਦੀ ਸਿਖਰ ਮੈਂ ਵਿਖਾਉਣ ਲੱਗਾ ਹਾਂ ਉਹਦੇ ਵਿਚ ਫਿਰ ਅਤਿਵਾਦੀ ਕਿਸ ਨੂੰ ਕਹਿ ਕੇ ਮਨ ਸਮਝਾ



ਲਈਏ ਕਿ ਚਲੋ 'ਰਜ਼ਾ 'ਚ ਰਹਿਣਾ ਹੀ ਪੈਂਦਾ ਹੈ।'

ਹੋਇਆ ਇਹ ਕਿ ਫਗਵਾੜੇ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਮੁੱਖ ਸੜਕ 'ਤੇ ਸਾਈਕਲ 'ਤੇ ਜਾਂਦੇ ਇਕ ਸੱਤਰ ਕੁ ਸਾਲਾ ਬਜ਼ੁਰਗ ਦੀ ਟਰੱਕ ਨਾਲ ਟਕਰਾਉਣ ਕਰਕੇ ਮੌਤ ਹੋ ਗਈ। ਹੈ ਤਾਂ ਹਿੰਦੋਸਤਾਨ ਦੀ ਤੇਤੀ ਕਰੋੜ ਦੇਵਤਿਆਂ ਦੀ ਧਰਤੀ 'ਤੇ ਨਿੱਤ ਵਾਪਰਦੇ ਮਾੜੇ ਟ੍ਰੈਫਿਕ ਪ੍ਰਬੰਧਾਂ ਕਾਰਨ ਇਹ ਇਕ ਹਾਦਸਾ ਹੀ ਸੀ ਤੇ ਇਸ ਘਟਨਾ ਨੂੰ ਬਹੁਤੀ ਅਹਿਮੀਅਤ ਨਾਲ ਵੀ ਨਹੀਂ ਲਿਆ ਜਾਵੇਗਾ ਪਰ ਇਸ ਤੋਂ ਅੱਗੇ ਜੋ ਅਤਿ ਦਾ ਮਹਾਂਭਾਰਤ ਚੱਲਿਆ ਉਹ ਸੁਣ ਕੇ ਜੀਭ ਦੰਦਾਂ ਹੇਠ ਵੜਨ ਲਈ ਜ਼ਰੂਰ ਭੱਜੇਗੀ। ਚਲੋ, ਟਰੱਕ ਡਰਾਈਵਰ 'ਤੇ ਪਰਚਾ ਦਰਜ ਕਰਕੇ ਪੁਲਿਸ ਦੀ ਰਵਾਇਤੀ ਭਾਸ਼ਾ 'ਚ 'ਅਗਲੀ ਕਾਰਵਾਈ ਜਾਰੀ ਹੈ' ਕਹਿ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ। ਬਜ਼ੁਰਗ ਦਾ ਸਸਕਾਰ ਵੀ ਹੋ ਗਿਆ। ਇਹ ਓਡੀ ਕੁ ਹੀ ਘਟਨਾ ਸੀ ਜਿਵੇਂ ਕਿਸੇ ਨਾਟਕ ਵਿਚ ਸੂਤਰਧਾਰ ਰਵਾਨਗੀ ਵਾਲੀ ਭੂਮਿਕਾ ਨਿਭਾਉਂਦਾ ਹੈ।

ਉਸ ਬਜ਼ੁਰਗ ਦੀਆਂ ਤਿੰਨ ਧੀਆਂ ਤੇ ਚਾਰ ਪੁੱਤਰਾਂ 'ਚੋਂ ਸਭ ਤੋਂ ਛੋਟਾ ਪੁੱਤਰ ਵਿਦੇਸ਼ ਵਿਚ ਸੀ। ਕੀਰਤਪੁਰ ਸਾਹਿਬ ਫੁੱਲ ਪਾਉਣ ਲਈ ਦੋ ਧੀਆਂ, ਤਿੰਨ ਪੁੱਤਰ, ਬਜ਼ੁਰਗ ਦੀ ਵਿਧਵਾ ਪਤਨੀ, ਤਿੰਨ ਪੋਤਰੇ ਇਕ ਵੱਡੀ ਗੱਡੀ ਵਿਚ ਘਰੋਂ ਨਿਕਲੇ। ਵਾਹਿਗੁਰੂ-ਵਾਹਿਗੁਰੂ ਕਰਦੇ ਕਿਸੇ ਵੀ ਜੀਅ ਦੇ ਚਿਤ-ਚੇਤੇ ਨਹੀਂ ਸੀ ਕਿ ਮੌਤ ਨੰਗੇ ਪੈਰੀਂ ਰਾਹ ਦੇ ਵਿਚ ਪਲਕਾਂ ਵਿਛਾਈ ਉਡੀਕ ਕਰ ਰਹੀ ਹੈ। ਫਗਵਾੜੇ ਤੋਂ ਇਸ ਕਾਫਲੇ ਨੂੰ ਲੈ ਕੇ ਜਾਂਦੀ ਗੱਡੀ ਜਦੋਂ ਨਵਾਂਸ਼ਹਿਰ-ਬੰਗਾ ਨੂੰ ਜਾਣ ਵਾਲੀ ਸੜਕ 'ਤੇ ਪੁੱਜੀ ਤਾਂ ਪੰਜ ਕੁ ਕੋਹ 'ਤੇ ਜ਼ੁਲਮ ਦਾ ਅੰਬਰ ਫਿਰ ਫਟ ਗਿਆ। ਦੋ ਪ੍ਰਾਈਵੇਟ ਬੱਸਾਂ ਦੀਆਂ ਸਵਾਰੀਆਂ ਪਹਿਲਾਂ ਚੁੱਕਣ ਦੀ ਲੰਗੜੀ ਲੜਾਈ 'ਚ ਵਿਚਾਲੇ ਫਸੇ ਇਕ ਟਰੱਕ ਨੇ ਅਸਥ ਲੈ ਕੇ ਜਾਂਦੇ ਇਸ ਪਰਿਵਾਰ ਦੀ ਗੱਡੀ ਨੂੰ ਐਸੀ ਟੱਕਰ ਮਾਰੀ ਕਿ ਮੌਤ ਦਾ ਖਿਲਾਰਾ 'ਕੱਠਾ ਕਰਨਾ ਵੀ ਔਖਾ ਹੋ ਗਿਆ। ਦਿਲ 'ਤੇ ਹੱਥ ਰੱਖ ਕੇ ਵੇਖੋ ਕਿ ਮੌਤਾਂ ਦੀ ਗਿਣਤੀ ਕਰਨ ਲੱਗਿਆਂ ਸ਼ਾਇਦ ਰੱਬ ਵੀ ਨੀਵੀਂ ਪਾ ਕੇ ਸੋਚੇ 'ਲੋਕਾਂ ਦਾ ਮੈਥੋਂ ਵਿਸ਼ਵਾਸ ਤਾਂ ਨਹੀਂ ਉਠ ਜਾਵੇਗਾ?' ਬੇਨਿਆਈਆਂ ਲਾਸ਼ਾਂ ਵੇਖ ਕੇ ਲਗਦਾ ਸੀ ਕਿ ਹੋਣੀ ਨੇ ਜਿਵੇਂ ਬਿਨਾਂ ਪਟਵਾਰੀ ਜਾਂ ਲੰਬੜਦਾਰ ਦੀ ਗਵਾਹੀ ਦੇ ਮੌਤ ਦਾ ਇੰਤਕਾਲ ਵਾਹੋ-ਦਾਹੀ ਚੜ੍ਹਾ ਦਿੱਤਾ ਹੋਵੇ। ਤਿੰਨ ਪੁੱਤਰ, ਦੋ ਧੀਆਂ, ਵਿਧਵਾ ਪਤਨੀ, ਦੋ ਨੂੰਹਾਂ, ਦੋ ਜਵਾਈ, ਦੋ ਪੋਤਰੇ ਤੇ ਗੱਡੀ ਚਲਾਉਣ ਵਾਲੇ ਬਜ਼ੁਰਗ ਦੀ ਭੈਣ ਦਾ ਪੋਤਰਾ ਤੇ ਜਿਵੇਂ ਫਿਰ ਕਹਿਰ ਤੇ ਜ਼ੁਲਮ ਦੀ ਤੇਰਾਂ ਤੇਰਾਂ ਤੁੱਲ ਗਈ ਹੋਵੇ, ਰਿਸ਼ਤੇਦਾਰੀਆਂ ਪਾ ਕੇ ਤੇਰਾਂ ਪਿੰਡਾਂ 'ਚ ਸੋਗ ਤੇ ਸਿਤਮ ਦਾ ਸੱਥਰ ਵਿਛ ਗਿਆ। ਬਚਿਆ ਸੀ ਤਾਂ ਤੇਰਾਂ ਵਰ੍ਹਿਆਂ ਦਾ ਇਕੋ ਪੋਤਾ ਭਾਵੇਂ ਕਿ ਗੋਡਿਆਂ ਤੋਂ ਹੇਠਲੀਆਂ ਉਸਦੀਆਂ ਲੱਤਾਂ ਚੂਰਾ ਹੋ ਚੁੱਕੀਆਂ ਸਨ।

ਬਹੁਤ ਸਾਰੇ ਕਵੀ ਜਾਂ ਗੀਤਕਾਰ ਦਰਦ ਭਰੀਆਂ, ਰਚਨਾਵਾਂ ਲਿਖ ਦੇਂਦੇ ਹੋਣ ਕਿ 'ਅੰਬਰ ਰੋਇਆ, ਧਰਤੀ ਰੋਈ, ਰੋਏ ਚੰਨ ਤੇ ਤਾਰੇ।' ਪਰ ਸੱਚਾਈ ਇਹ ਸੀ ਕਿ ਕੁਦਰਤੀ ਅਤਿ ਦੀ ਇਹ ਵੱਡੀ ਰਾਮ ਕਥਾ ਸੀ ਜਿਹਦੇ ਵਿਚ ਹਰ ਬੰਦਾ ਮਕਾਣੀ ਜਾਣ ਲਈ ਤਿਆਰ ਹੋ ਗਿਆ ਹੋਵੇ। ਤੇਰਾਂ ਸਿਵੇ ਅੱਖਾਂ ਨਾਲ ਬਲਦਿਆਂ ਵੇਖ ਕੇ ਪੱਥਰ ਦਿਲ ਵੀ ਅੱਥਰੂਆਂ ਦੀਆਂ ਬਾਲਟੀਆਂ ਡੋਲ੍ਹ ਰਿਹਾ ਸੀ। ਵੈਣ ਸੁਣ-ਸੁਣ ਕੇ 'ਹਾਏ ਵੇ ਲਾਡਲਿਆ ਪੁੱਤਾ, ਹਾਏ ਨੀ ਲਾਡਲੀਏ ਧੀਏ...ਹਾਏ ਨੀ ਅੰਮੜੀਏ...' ਢਿੱਡ 'ਚ ਸੂਲ ਉਠ ਰਹੇ ਸਨ ਕਿ ਜੇ ਰੱਬ ਵੀ ਸੁਣੇ ਤਾਂ ਕਾਲਜਾ ਪਾਟ ਜਾਏ।

ਫਿਰ ਉਹੀ ਰਵਾਇਤੀ ਗੱਲਾਂ ਕਿ ਪੁਲਿਸ ਦੀ ਦਗੜ-ਦਗੜ ਹੋਈ, ਬੱਸਾਂ ਵਾਲੇ ਭੱਜ ਗਏ, ਟਰੱਕ ਵਾਲਾ ਫੜ੍ਹ ਲਿਆ... ਪਰਚੇ ਕੱਟ ਹੋ ਗਏ, ਕਾਰਵਾਈ ਸ਼ੁਰੂ ਹੋ ਗਈ। ਕੰਗਣ ਵਰਗੇ ਸਰੀਰ ਚੀਰ-ਫਾੜ ਪਿੱਛੋਂ ਬੋਰੀਆਂ ਸੀਣ ਵਾਲੇ ਸੂਏ ਤੇ ਸੇਬੇ ਨਾਲ ਸਿਉਂ ਦਿੱਤੇ ਗਏ। ਅੰਤਿਮ ਸਸਕਾਰ ਹੋਏ ਤੇ ਅੰਤਿਮ ਅਰਦਾਸਾਂ ਦਾ ਸਿਲਸਿਲਾ ਵੀ ਨਿਬੜ ਗਿਆ। ਦਰਦ ਵਾਲੇ ਵੀ ਆਏ, ਵਰਦੀ ਵਾਲੇ ਵੀ ਆਏ, ਚਿੱਟੀਆਂ ਵਾਲੇ ਵੀ ਆਏ, ਨੀਲੀਆਂ ਵਾਲੇ ਵੀ ਆਏ ਤੇ 'ਹਾਅ ਦਾ ਨਾਅਰਾ' ਡਰਾਈਵਰਾਂ ਸਿਰ ਨਸ਼ੇ ਦਾ ਠੀਕਰ ਭੰਨ ਕੇ ਮੁਕੰਮਲ ਵੀ ਹੋ ਗਿਆ ਪਰ ਜੇ ਚੀਸ ਤੇ ਦਰਦ ਦੀ ਚਾਦਰ ਤੇ ਸਿਰਹਾਣਾ ਕੱਠੇ ਵਿਲਕਦੇ ਸਨ ਤਾਂ ਫਿਰ ਉਹ ਪਰਿਵਾਰ ਦੇ ਬਚੇ ਪੰਜ ਕੁ ਜੀਅ ਤੇ ਦੂਰ ਨੇੜਲੇ ਰਿਸ਼ਤੇਦਾਰ। ਅੰਤਿਮ ਅਰਦਾਸ 'ਚ "ਵਿਛੜੀਆਂ ਰੂਹਾਂ ਨੂੰ ਸ਼ਾਂਤੀ ਦੇਣੀ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੀਂ ਮੇਰੇ 'ਮਾਲਕਾ'" ਸੁਣ ਕੇ ਹੋਰ ਵੀ ਦਰਦ ਉਠਦਾ ਸੀ। ਚਲੋ ਗ਼ਮਾਂ ਦਾ ਟੋਕਰਾ ਤਾਂ ਚੱਕਿਆ ਜਾ ਸਕਦੈਂ, ਪਹਾੜ ਸਿਰ 'ਤੇ ਚੁੱਕਣਾ ਏਨਾ ਕੁ ਔਖਾ ਸੀ ਜਿਵੇਂ ਕੋਈ ਜੰਗਲ ਦੀ ਅੱਗ ਚਮਚੇ ਦੇ ਪਾਣੀ ਨਾਲ ਬੁਝਾਉਣ ਦੀ ਮਸ਼ਕਰੀ ਕਰ ਰਿਹਾ ਹੋਵੇ ਤੇ ਭਾਣਾ ਮੰਨਣ ਵਾਲਾ ਪਰਿਵਾਰ ਬਚਿਆ ਹੀ ਕਿਹੜਾ ਸੀ।

...ਤੇ ਫਿਰ ਪਰਿਵਾਰ ਵਾਲਿਆਂ ਦਾ ਕਈ ਮਹੀਨਿਆਂ ਤੱਕ ਇਨ੍ਹਾਂ ਮਰ ਗਏ ਤੇਰਾਂ ਲੋਕਾਂ ਦੇ ਫੁੱਲ ਪਾਉਣ ਦਾ ਧੀਰਜ ਲੰਕਾ ਵਾਂਗ ਢਹਿ ਗਿਆ ਸੀ। ਬੜੀ ਦੇਰ ਤੱਕ ਪਿੰਡ ਦੀ ਸ਼ਮਸ਼ਾਨਘਾਟ ਵਿਚ ਉਗੇ ਕਿੱਕਰ ਦੇ ਦਰਖਤਾਂ ਨਾਲ ਚਿੱਟੀਆਂ ਥੈਲੀਆਂ 'ਚ ਲਟਕਦੇ ਫੁੱਲ ਇਉਂ ਲਗਦੇ ਰਹੇ ਜਿਵੇਂ ਇਸ ਅਤਿ ਨੂੰ ਫਿਟਕਾਰ ਪਾਉਣ ਲਈ ਹੋਰ ਕੁਝ ਬਚਿਆ ਹੀ ਨਾ ਹੋਵੇ।

ਛੇ ਕੁ ਮਹੀਨੇ ਗੁਜ਼ਰਨ ਪਿੱਛੋਂ ਪਿੰਡ ਵਾਲਿਆਂ ਤੇ ਦੂਰੋਂ-ਨੇੜਿਓਂ ਹੇਜ਼ ਜਤਾਉਣ ਵਾਲੇ ਲੋਕਾਂ ਨੇ ਢੇਰੀ ਢਾਹ ਕੇ ਬੈਠੇ ਪਰਿਵਾਰ ਨੂੰ ਦਲੀਲ ਦਿੱਤੀ ਕਿ ਚਲੋ ਇਹ ਤਾਂ ਚਲੇ ਗਏ ਨੇ, ਇਨ੍ਹਾਂ ਦੀਆਂ ਰੂਹਾਂ ਭਟਕਦੀਆਂ ਫਿਰਨਗੀਆਂ, ਕਿਤੇ ਢੋਈ ਮਿਲ ਜੂ ਇਨ੍ਹਾਂ ਦੇ ਅਸਤ ਵੀ ਪਾਣੀ 'ਚ ਵਧਾ ਦਿੱਤੇ ਜਾਣ ਤਾਂ ਚੰਗਾ ਹੈ, ਪਰ ਰੀੜ੍ਹ ਦੀ ਹੱਡੀ ਤੁੜਾ ਚੁੱਕਾ ਪਰਿਵਾਰ ਉਖੜ ਗਿਆ ਸੀ। ਚਲੋ ਪਿੰਡ ਦੇ ਸਰਪੰਚ ਤੇ ਹੋਰ ਹਮਦਰਦ ਲੋਕਾਂ ਨੇ ਹੁਣ ਗੱਡੀ ਕਿਰਾਏ 'ਤੇ ਕਰਕੇ ਨਹੀਂ ਜਾਣਾ, ਬੱਸੇ ਹੀ ਜਾਣਾ ਠੀਕ ਰਹੇਗਾ। ਤੇ ਪਰਿਵਾਰ 'ਚੋਂ ਬਚਦੇ ਇਕੋ ਪੁੱਤਰ ਨੇ ਕੋਠੇ ਜਿੱਡੀ ਧਾਹ ਮਾਰਦਿਆਂ ਕਿਹਾ ਕਿ ਹੁਣ ਉਸ ਕੁਲੱਛਣੇ ਤੇ ਮਨਹੂਸ ਰਾਹੇ ਵੀ ਨਹੀਂ ਜਾਣਾ ਜਿਥੇ ਸਾਡੇ 'ਤੇ ਜ਼ੁਲਮ ਦੀ ਤੋਪ ਦੇ ਗੋਲੇ ਦਾਗੇ ਗਏ ਸਨ।

ਇਹ ਦੁਰਘਟਨਾਵਾਂ ਉਨ੍ਹਾਂ ਦਿਨਾਂ ਦੀਆਂ ਹਨ ਜਦੋਂ ਕੱਪੜੇ ਦੀਆਂ ਦੁਕਾਨਾਂ ਤੋਂ ਗੁਰਭਜਨ ਗਿੱਲ ਦੇ ਕਹਿਣ ਵਾਂਗ 'ਹਟ ਹਾਕਮਾਂ ਤੇ ਤੂੰ ਵੀ ਹਟ ਸ਼ੇਰ ਬੱਗਿਆ ਚਿੱਟਾ ਕੱਪੜਾ ਦੁਕਾਨ ਵਿਚੋਂ ਮੁੱਕ ਚੱਲਿਆ...' ਵਾਲੀ ਹੌਲਨਾਕ ਨ੍ਹੇਰੀ ਵਗ ਰਹੀ ਸੀ। ਭਾਵੇਂ ਸੱਥਰ ਕਦੋਂ, ਕਿਹਦਾ, ਕਿਥੇ ਵਿਛ ਜਾਵੇ ਪਤਾ ਨਹੀਂ ਲਗਦਾ ਸੀ ਪਰ ਇਨ੍ਹਾਂ ਮੌਤਾਂ ਨੇ 'ਜਿੰਨੀ ਕੁ ਲਿਖੀ ਹੈ ਓਨੀ ਕੁ ਭੋਗਣੀ ਹੈ' ਕਹਿਣ ਵਾਲਿਆਂ ਦੇ ਕੰਨ ਵੀ ਖਿੱਚ ਦਿੱਤੇ ਸਨ। ਕੁਦਰਤ ਨੇ ਸੀਨਾ ਜ਼ੋਰੀ ਨਹੀਂ ਜ਼ਿੰਦਗੀ 'ਤੇ ਡਾਕਾ ਮਾਰ ਲਿਆ ਹੈ।

ਪਿੰਡ ਦੇ ਵਿਦੇਸ਼ੋਂ ਗਏ ਇਕ ਨੌਜਵਾਨ ਨੇ ਕਿਹਾ ਮੈਂ ਆਪਣੀ ਗੱਡੀ ਲੈ ਕੇ ਚੱਲਾਂਗਾ, ਛੱਡੋ ਬੱਸ-ਬੁਸ ਨੂੰ।...ਰੱਬ ਤੇ ਪਰਮਾਤਮਾ 'ਤੇ ਇਕ ਵਾਰ ਫਿਰ ਵਿਸ਼ਵਾਸ ਦੀ ਅਰਜੋਈ 'ਚ ਹੱਥ ਜੁੜ ਗਏ। ਬਜ਼ੁਰਗ ਦੇ ਆਖਰੀ ਚਿਰਾਗ ਯਾਨਿ ਵਿਦੇਸ਼ੋਂ ਪਰਤੇ ਪੁੱਤਰ ਦੇ ਕਹਿਣ 'ਤੇ ਕੀਰਤਪੁਰ ਸਾਹਿਬ ਜਾਣ ਦਾ ਰਾਹ ਬਦਲ ਲਿਆ ਗਿਆ ਕਿ ਹੁਣ ਬੰਗਾ-ਗੜ੍ਹਸ਼ੰਕਰ ਰਾਹੀਂ ਨਹੀਂ ਅਸਤ ਬਰਾਸਤਾ ਹੁਸ਼ਿਆਰਪੁਰ-ਨੰਗਲ ਹੋ ਕੇ ਕੀਰਤਪੁਰ ਸਾਹਿਬ ਜਾਇਆ ਜਾਏਗਾ। ਸਿਤਮਜ਼ਰੀਫੀ ਇਹ ਵੀ ਸੀ ਕਿ ਉਸ ਬਜ਼ੁਰਗ ਦਾ ਇਕ ਜਵਾਈ ਅਰਬ ਮੁਲਕ ਤੋਂ ਵੀ ਏਡੇ ਕੁਦਰਤੀ ਪਾਪ 'ਚ ਦਰਦ ਦਾ ਕੁਹਰਾਮ ਪਾਉਣ ਲਈ ਆਇਆ ਹੋਇਆ ਸੀ। ਖੈਰ! ਪਿੰਡ ਦਾ ਉਹ ਹਮਦਰਦ ਵਿਦੇਸ਼ੋ ਪਰਤਿਆ ਗੱਭਰੂ ਘਰ ਦੇ ਚਾਰ ਜੀਆਂ ਪੁੱਤਰ, ਧੀ, ਜਵਾਈ, ਇਕ ਦੋਹਤਰੇ ਨੂੰ ਗੱਡੀ 'ਚ ਲੈ ਕੇ ਤੁਰ ਪਿਆ। ਖਾਲੀ ਸੀਟਾਂ ਵੇਖ ਦੋ ਗੁਆਂਢੀ ਮੁੰਡੇ ਵੀ ਬੈਠ ਗਏ। ਤੜਕੇ ਇਸ਼ਨਾਨ ਕਰਨ ਦੀ ਇੱਛਾ ਨਾਲ ਪਹਿਲੇ ਪਹਿਰ, ਪੈਰ ਫਿਰ ਮਨਹੂਸ ਘੜੀ ਨੇ ਘਰੋਂ ਕੱਢ ਲਏ।

ਤੇ ਜੱਗੋਂ ਤੇਰ੍ਹਵੀਂ ਨਹੀਂ ਸਤਾਰਵੀਂ ਫਿਰ ਵਾਪਰ ਹੀ ਗਈ। ਤੜਕੇ ਪੰਜ ਵਜੇ ਫਿਰ ਹੁਸ਼ਿਆਰਪੁਰ ਵੜਦਿਆਂ ਹੀ ਦੂਜੇ ਪਾਸਿਓਂ ਆਉਂਦੀ ਇਕ ਬੱਸ ਦੇ ਨੀਂਦ ਊਂਘਦੇ ਡਰਾਈਵਰ ਨੇ ਫੁੱਲ ਤਾਰਨ ਜਾ ਰਹੇ ਪਰਿਵਾਰ ਦਾ ਆਖਰੀ ਬੇੜਾ ਵੀ ਭਰ ਕੇ ਡੋਬ ਦਿੱਤਾ। ਯਕੀਨ ਤਾਂ ਨਹੀਂ ਆਉਂਦਾ ਕਿ ਬੇਇਤਫਾਕੀਆਂ ਹੋਣੀ ਦੀਆਂ ਚਾਲਾਂ 'ਚ ਫਸਣੋ ਕੋਈ ਬਚ ਨਹੀਂ ਸਕਦਾ। ਤੇ ਰੱਬ ਨੇ ਇਕ ਵਾਰ ਫਿਰ ਘਰ ਦੇ ਦੋ ਜੀਆਂ, ਗੁਆਂਢੀਆਂ ਤੇ ਸਣੇ ਹਮਦਰਦ ਵਿਦੇਸ਼ੀ ਮਿੱਤਰ ਦੇ ਮੌਤ 'ਤੇ ਜਾਅਲੀ ਨਹੀਂ ਅਸਲੀ ਵਾਰੰਟਾਂ ਤੇ ਦਸਤਖਤ ਕਰਕੇ 'ਬਕਲਮ ਖੁਦ' ਵੀ ਨਾਲ ਹੀ ਲਿਖ ਦਿੱਤਾ। ਜੇ ਕੋਈ ਬਚਿਆ ਸੀ ਤਾਂ ਇਕ ਧੀ ਤੇ ਜਵਾਈ। ਤੇ ਭਾਵੇਂ ਖੂਨ 'ਚੋਂ ਵੈਣ ਪਾਉਣ ਵਾਲਿਆਂ ਦੀ ਗਿਣਤੀ ਨਾਂਮਾਤਰ ਹੀ ਰਹਿ ਗਈ ਸੀ ਪਰ ਇਕ ਤਾਅਨਾ ਮੇਰੇ ਚੇਤੇ 'ਚੋਂ ਹਾਲੇ ਨਹੀਂ ਖਿਸਕਿਆ ਜਦੋਂ ਦੁਹੱਥੜੀ ਪਿੱਟਦੀ ਧੀ ਗਸ਼ ਖਾ ਕੇ ਡਿਗਦਿਆਂ ਆਖਦੀ ਸੀ, "ਰੱਬਾ ਤੈਨੂੰ ਤਰਸ ਨਾ ਆਇਆ ਤੈਨੂੰ ਤਰਸ ਤੇ ਰਹਿਮ ਨਾ ਆਇਆ। ਪੰਦਰਾਂ ਜੀਅ ਖਾ ਲਏ ਤੂੰ ਤੇਰੇ ਤੋਂ ਵੱਡਾ ਅਤਿਵਾਦੀ ਹੋਰ ਕੋਈ ਨ੍ਹੀਂ ਹੋਣਾ, ਕਿਤੇ ਸਾਹਮਣੇ ਤਾਂ ਆ ਤੈਨੂੰ ਪੁੱਛੀਏ 'ਦੱਸ ਭਾਣਾ ਮੰਨੀਦਾ ਕਿਵੇਂ ਹੈ?'"

...ਪਰ ਬੀਬੀ ਨਹੀਂ ਜਾਣਦੀ ਸੀ ਕਿ ਹੁਣ ਤੈਂ ਰੱਬ ਤੋਂ ਧੰਨੇ ਵਾਂਗ ਨੱਕੇ ਮੁੜਾਉਣੇ ਨੇ। ਰੱਬ ਜਿਵੇਂ ਤੈਨੂੰ ਟੱਕਰਿਐ, ਰੱਬ ਕਰਕੇ, ਰੱਬ ਏਦਾਂ ਕਿਸੇ ਬਦਨਸੀਬ ਨੂੰ ਨਾ ਟੱਕਰੇ।

ਇਸ ਸਾਰੀ ਵਿਥਿਆ ਦੇ ਦੁੱਖ ਦਾ ਭਾਰ ਮੈਂ ਇਕ ਚੱਕਵੀਂ ਧੋਤੀ ਤੇ ਛੇ ਇੰਚ ਲੰਬੀ ਬੋਦੀ ਵਾਲੇ ਤੋਂ ਪੁੱਛਿਆ 'ਰੱਬ ਆਪਹੁਦਰਾ ਏਨਾ ਕਿਉਂ ਬਣ ਗਿਐ?' ਉਹਦਾ ਬੇਲੱਜਾ ਜੁਆਬ ਦੇਖੋਂ, "ਕਿਸੇ ਹੋਰ ਜੂਨ 'ਚ ਪਾਉਣਾ ਹੋਣਾ-ਭੁਲੇਖਾ ਲੱਗ ਗਿਆ ਇਸੇ ਲਈ ਛੇਤੀ ਲੈ ਗਿਐ।"

ਮਨ 'ਚ ਸੋਚਿਆ ਹਰਦੂ ਲਾਹਣਤ ਤੇਰੀ ਸੋਚ। ਜੇ ਰੱਬ ਵੀ 'ਕਲੈਰੀਕਲ ਮਿਸਟੇਕ' ਕਰਨ ਲੱਗ ਪਿਐ ਤਾਂ ਫਿਰ ਦੁਨੀਆਂ ਨੂੰ ਭਲੇ ਦੀ ਆਸ ਤਿਆਗ ਦੇਣੀ ਚਾਹੀਦੀ ਹੈ। ਚਲੋ ਜੇ ਰੱਬ ਅਤਿਵਾਦੀ ਹੈ ਵੀ ਨਹੀਂ ਸੀ ਤਾਂ ਉਸ ਪਰਿਵਾਰ ਦੇ ਖਾਨੇ 'ਚ ਕਿਤੇ ਇਹ ਜ਼ਰੂਰ ਪਾਇਓ ਕਿ ਉਹ ਹੈ ਕੀ ਸੀ? ਕਿਤੇ ਘੁੱਗੀਆਂ ਨੂੰ ਮਾਸ ਖਾਣ ਦੀ ਆਦਤ ਪੈ ਤਾਂ ਨਹੀਂ ਗਈ?

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਲੋਕ

ਸੱਪਾਂ ਵਾਂਙੂ ਡੰਗਦੇ ਲੋਕ। ਲੋਹੇ ਵਾਂਙੂ ਚੰਡਦੇ ਲੋਕ।
ਲੰਬੇ ਹੱਥਾਂ ਵਾਲੇ ਕੋਲੋਂ, ਪੱਤੇ ਵਾਂਙੂ ਕੰਬਦੇ ਲੋਕ।
ਬੁੱਕਲ ਦੇ ਵਿਚ ਸੇਕ ਲਕੋ ਕੇ, ਠੰਢ ਦੀ ਭਿੱਖਿਆ ਮੰਗਦੇ ਲੋਕ।
ਧੌਲੇ ਆ ਗਏ ਅਕਲ ਨ੍ਹੀ ਆਈ, ਤਾਹੀਓ ਮੂੰਹ ਸਿਰ ਰੰਗਦੇ ਲੋਕ।
ਨੂੰਹ-ਸਹੁਰੇ ਤੋਂ ਨਹੀਂ ਸ਼ਰਮਾਉਂਦੀ, ਐਵੇਂ ਨਕਲੀ ਖੰਘਦੇ ਲੋਕ।
ਢੀਠਪੁਣੇ ਦੀ ਹੱਦ ਨਾ ਰਹਿ ਗਈ, ਅੰਦਰ ਵੜ ਗਏ ਸੰਗਦੇ ਲੋਕ।
ਬੱਸ ਕਰ ਯਾਰ ਓਬਾਮਾ ਹੁਣ ਤਾਂ ਬੜੇ ਸਤਾਏ ਜੰਗ ਦੇ ਲੋਕ।
ਧੌਣ, ਭਨਾ ਕੇ ਹੁਣੇ ਆਏ ਨੇ, ਧੌਣ 'ਕੜਾ ਕੇ ਲੰਘਦੇ ਲੋਕ।
ਪੈ ਗਏ ਪੇਚੇ ਟੁੱਟੀਆਂ ਡੋਰਾਂ, ਖਿਲਰੇ ਵਾਂਗ ਪਤੰਗ ਦੇ ਲੋਕ।

# ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸਮਾਜਕ ਵਿਕਾਸ ਦੀ ਰਣਨੀਤੀ

**ਅਮਰਜੀਤ ਸਿੰਘ ਗਰੇਵਾਲ**

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥
(ਆਦਿ ਗ੍ਰੰਥ, ਵਾਰ ਮਾਝ ਸਲੋਕ, 1, ਪੰਨਾ 145)

ਇਸ ਸ਼ਬਦ ਨੂੰ ਜੇਕਰ ਗੁਰੂ ਗ੍ਰੰਥ ਸਾਹਿਬ ਦੇ ਸਮਾਜਕ ਤਬਦੀਲੀ ਦੇ ਸਿਧਾਂਤ ਦੀ ਰੋਸ਼ਨੀ ਵਿਚ ਪੜ੍ਹਿਆ ਜਾਵੇ ਤਾਂ ਉਸ ਵੇਲੇ ਦੇ ਸਮਾਜਕ ਯਥਾਰਥ ਅਤੇ ਉਸ ਵਿਚ ਤਬਦੀਲੀ (ਵਿਕਾਸ) ਦੀ ਦਿਸ਼ਾ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਣਨੀਤੀ ਸਪੱਸ਼ਟ ਹੋ ਜਾਂਦੀ ਹੈ।

ਉਸ ਵੇਲੇ ਦੇ ਸਮਾਜ ਵਿਚ ਹਉਮੈ ਦੇ ਵਾਧੇ ਅਤੇ ਸ਼ਬਦ ਦੇ ਸੱਭਿਆਚਾਰਕ ਅਮਲ ਵਿਚ ਆਈ ਘਾਟ ਨੇ ਇਕ ਅਸੰਤੁਲਨ ਪੈਦਾ ਕਰ ਦਿੱਤਾ। ਕੂੜ (ਹਉਮੈ) ਤਾਂ ਅਮਾਵਸ ਦੀ ਰਾਤ ਵਾਂਗ ਫੈਲ ਰਿਹਾ ਹੈ, ਪਰ ਸੱਚ (ਸ਼ਬਦ) ਦਾ ਚੰਦ੍ਰਮਾ ਕਿਤੇ ਨਹੀਂ ਦਿਸਦਾ। ਇਸੇ ਕਰਕੇ ਰਾਜੇ ਕਸਾਈ ਬਣ ਗਏ ਹਨ ਅਤੇ ਸਹਜਮਈ ਸੰਤੁਲਤ ਜੀਵਨ ਪੂਰੀ ਤਰ੍ਹਾਂ ਅਲੋਪ ਹੋ ਗਿਆ ਹੈ। ਇਹ ਦੁਖਦਾਈ ਸਥਿਤੀ ਹੈ। ਇਸ ਅੰਧੇਰ (ਸੰਕਟ) ਵਿਚੋਂ ਨਿਕਲਣ ਦਾ ਸਮਾਜ ਕੋਲ ਕੋਈ ਰਸਤਾ ਨਹੀਂ। ਗੁਰੂ ਨਾਨਕ ਸਾਹਿਬ ਕਿਸੇ ਅਜਿਹੀ ਵਿਧੀ ਦੀ ਤਲਾਸ਼ ਵਿਚ ਹਨ ਜੋ ਇਸ ਛੁਰੀ ਵਰਗੇ ਕਾਤਲ ਸਮਾਜ (ਸਮਾਜਕ ਖੜੋਤ) ਨੂੰ ਸੰਤੁਲਤ ਅਵਸਥਾ (ਸ਼ਬਦ ਦੇ ਸੱਭਿਆਚਾਰਕ ਅਮਲ ਵਿਚ ਵਾਧੇ ਰਾਹੀਂ ਇਸ ਨੂੰ ਹਉਮੈ ਦੇ ਸਮਤੋਲ ਲਿਆ ਕੇ) ਦੀ ਦਿਸ਼ਾ ਵਿਚ ਗਤੀਸ਼ੀਲ ਕਰ ਸਕੇ।

ਹਉਮੈ ਅਤੇ ਸ਼ਬਦ ਦੇ ਇਸ ਅਸੰਤੁਲਨ ਕਾਰਨ ਉਸ ਵੇਲੇ ਦਾ ਸਮਾਜ ਹੇਠ ਲਿਖੇ ਸੰਕਟਾਂ ਦਾ ਸ਼ਿਕਾਰ ਹੋ ਚੁੱਕਾ ਸੀ:

1. ਸਮਾਜਕ-ਆਰਥਕ-ਰਾਜਨੀਤਕ-ਸਭਿਆਚਾਰਕ ਖੜੋਤ
2. ਬ੍ਰਾਹਮਣੀ ਕਰਮਕਾਂਡ ਦੀ ਜ਼ਬਰਦਸਤ ਪਕੜ
3. ਧਰਮ, ਧਨ, ਅਤੇ ਜਾਤਪਾਤ ਕਾਰਨ ਵਧ ਰਹੀ ਸਮਾਜਕ ਬੇਇਨਸਾਫੀ ਅਤੇ ਊਚਨੀਚ
4. ਲੁੱਟ-ਖਸੁੱਟ ਅਤੇ ਅਤਿਆਚਾਰ
5. ਸਾਮੰਤੀ ਯੁਗ ਦਾ ਥੱਕ ਹਾਰ ਚੁੱਕਾ ਪਰਜੀਵੀ ਰਾਜ ਪ੍ਰਬੰਧ
6. ਸਹਿਣਸ਼ੀਲ ਅਨਪੜ੍ਹ ਜਨਤਾ
7. ਲਿੰਗ ਭੇਦ ਕਾਰਨ ਔਰਤ ਦੀ ਬੇਕਦਰੀ
8. ਨੈਤਿਕ ਕਦਰਾਂ ਕੀਮਤਾਂ, ਸਮਾਜਕ ਪਿਰਤਾਂ ਅਤੇ ਰਾਜੀਤਕ ਮੁੱਲਾਂ ਵਿਚ ਗਿਰਾਵਟ।

ਸ੍ਰੀ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਸਮਾਜਕ-ਆਰਥਕ-ਰਾਜਨੀਤਕ-ਸਭਿਆਚਾਰਕ-ਨੈਤਿਕ ਕੁਰੀਤੀਆਂ ਦੇ ਖੰਡਨ ਰਾਹੀਂ ਸਭ ਕਿਸਮ ਦੇ ਪੱਖਪਾਤਾਂ ਅਤੇ ਕਰਮਕਾਂਡਾਂ ਤੋਂ ਮੁਕਤ ਹੱਕ, ਸੱਚ, ਕਿਰਤ ਅਤੇ ਇਨਸਾਫ ਉਤੇ ਆਧਾਰਤ, ਸ਼ੋਸ਼ਣ ਰਹਿਤ, ਮਨੁੱਖੀ ਆਜ਼ਾਦੀ ਨੂੰ ਸਮਰਪਿਤ, ਇਕ ਅਗਾਂਹ ਵਧੂ ਸਮਾਜ ਦੀ ਸਿਰਜਣਾ ਲਈ ਨਿਰੰਤਰ ਯਤਨਸ਼ੀਲ ਰਹਿਣ ਦੀ ਰਣਨੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਇਕ ਅਜਿਹਾ ਸਮਾਜਕ-ਸਭਿਆਚਾਰਕ ਮਾਹੌਲ ਪੈਦਾ ਕੀਤਾ ਜੋ ਨਵੀਆਂ ਪੈਦਾਵਾਰੀ ਸ਼ਕਤੀਆਂ, ਨਵੇਂ ਉਦਮਾਂ, ਨਵੀਆਂ ਸੰਸਥਾਵਾਂ ਅਤੇ ਲਗਾਤਾਰ ਵਿਕਾਸ ਲਈ ਬਹੁਤ ਉਪਜਾਊ ਅਤੇ ਜਰਖੇਜ਼ ਸੀ। ਅੱਜ ਵੀ ਪੰਜਾਬੀ ਲੋਕਾਂ ਵਿਚ ਜੋ ਉੱਦਮ, ਸਾਹਸ, ਦਲੇਰੀ ਅਤੇ ਪਹਿਲ ਕਦਮੀ ਨਜ਼ਰ ਆਉਂਦੀ ਹੈ, ਉਹ ਇਸੇ ਸਮਾਜਕਤਾ ਦੀ ਦੇਣ ਹੈ। ਬਾਹਰੀ ਰੁਕਾਵਟਾਂ ਜਾਂ ਅੰਦਰੂਨੀ ਕੱਟੜਤਾ ਰਾਹੀਂ ਜਦੋਂ ਵੀ ਪੰਜਾਬੀ ਲੋਕਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਬ ਦੀ ਸਮਾਜਕਤਾ ਦੁਆਰਾ ਉਤਪੰਨ ਕੀਤੇ ਉਤਸ਼ਾਹ ਜਾਂ ਪਹਿਲ ਕਦਮੀ ਨੂੰ ਮੱਠਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜ਼ਬਰਦਸਤ ਪ੍ਰਤੀਕਰਮ ਪੈਦਾ ਹੁੰਦਾ ਹੈ। ਪੰਜਾਬ ਇਸ ਗੱਲ ਦਾ ਕਈ ਵਾਰ ਪ੍ਰਗਟਾਵਾ ਕਰ ਚੁੱਕਾ ਹੈ।

## ਸਮਾਜਕ ਗਤੀਸ਼ੀਲਤਾ

ਕਿਉਂਕਿ ਉਸ ਇਕ ਦੇ ਸਿਵਾ ਹੋਰ ਕੋਈ ਸਥਾਈ ਅਤੇ ਸਦੀਵੀ ਵਿਵਸਥਾ ਹੋ ਹੀ ਨਹੀਂ ਸਕਦੀ, ਇਸ ਲਈ ਕਿਸੇ ਸਥਾਈ ਅਤੇ ਸਦੀਵੀ ਵਿਵਸਥਾ ਦਾ ਡਿਜ਼ਾਈਨ ਪੇਸ਼ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੋਚ ਦੇ ਖਿਲਾਫ ਹੈ। ਉਦਾਹਰਣ ਦੇ ਤੌਰ 'ਤੇ ਗੁਰੂ ਗਰੰਥ ਸਾਹਿਬ ਵਿਚ ਧਰਮ, ਧਨ, ਜਾਤੀ ਅਤੇ ਲਿੰਗ ਦੇ ਭੇਦ-ਭਾਵ ਉਪਰ ਆਧਾਰਤ ਪੱਖਪਾਤ ਅਤੇ ਸਮਾਜਕ ਬੇਇਨਸਾਫੀ ਨੂੰ ਨਿਰਉਤਸ਼ਾਹਿਤ ਕੀਤਾ ਗਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਕਮਜ਼ੋਰੀਆਂ ਨੂੰ ਸਦਾ ਲਈ ਸਥਾਈ ਤੌਰ 'ਤੇ ਹੱਲ ਕਰ ਦਿੱਤਾ ਗਿਆ ਹੈ। ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਦੀਆਂ ਸਮਾਜਕ-ਆਰਥਿਕ-ਰਾਜਨੀਤਕ-ਸੱਭਿਆਚਾਰਕ-ਨੈਤਿਕ ਸਮੱਸਿਆਵਾਂ ਦੇ ਸਥਾਈ ਅਤੇ ਸਦੀਵੀ ਹੱਲ ਪ੍ਰਸਤੁਤ ਕੀਤੇ ਗਏ ਹਨ, ਉਹ ਇਸ ਦੀ ਅੱਜ ਅਤੇ ਭਵਿੱਖ ਲਈ ਪ੍ਰਾਸੰਗਿਕਤਾ ਨੂੰ ਖਤਮ ਕਰਕੇ ਸਮਾਜ ਨੂੰ ਇਸ ਦੀ ਵਿਸ਼ਵ ਦ੍ਰਿਸ਼ਟੀ ਤੋਂ ਵਾਂਝਿਆ ਕਰਨ ਦੀ ਕੋਸ਼ਿਸ਼ ਕਰਦੇ ਹਨ।

ਨਿਤ ਬਦਲਦੀਆਂ ਹਾਲਤਾਂ ਮੁਤਾਬਕ ਨਵੇਂ ਖਤਰਿਆਂ, ਚੁਣੌਤੀਆਂ, ਵਿਚਾਰਧਾਰਕ ਸੰਕਟਾਂ ਆਦਿ ਦਾ ਮੁਕਾਬਲਾ ਕਰਨ ਲਈ ਲਗਾਤਾਰ ਗਤੀਸ਼ੀਲ ਰਹਿਣਾ ਪੈਂਦਾ ਹੈ। ਜਦੋਂ ਕੋਈ ਸਮਾਜ ਗੀਤਸ਼ੀਲਤਾ, ਲਚਕੀਲਾਪਣ, ਆਵਿਸ਼ਕਾਰਤਾ ਅਤੇ ਨਿਰੰਤਰ ਤਬਦੀਲੀ ਦਾ ਰਸਤਾ ਤਿਆਗ ਕੇ ਸਭਿਆਚਾਰਕ ਖੜੋਤ ਦਾ ਸ਼ਿਕਾਰ ਹੋ ਜਾਵੇ ਤਾਂ ਇਹ ਉਸ ਸਮਾਜ ਵਿਚ ਸ਼ਬਦ ਦੇ ਘਟ ਰਹੇ ਮਹੱਤਵ ਦਾ ਪ੍ਰਤੀਕ ਹੁੰਦੀ ਹੈ।

ਉਦਾਹਰਣ ਦੇ ਤੌਰ 'ਤੇ ਅੱਜ ਸਿੱਖ ਜਗਤ ਨੂੰ, ਨਵੀਆਂ ਹਾਲਤਾਂ ਅਤੇ ਲੋੜਾਂ ਮੁਤਾਬਕ ਆਪਣੀਆਂ ਸੰਸਥਾਵਾਂ ਅੰਦਰ ਜਰੂਰੀ ਸੁਧਾਰ ਲਿਆਉਣ ਤੋਂ ਕੌਣ ਰੋਕ ਰਿਹਾ ਹੈ? ਨਿਸ਼ਚੇ ਹੀ ਇਹ ਸਿੱਖ ਸੰਸਥਾਵਾਂ ਉਪਰ ਕਾਬਜ਼ ਲੋਕਾਂ ਅੰਦਰ ਵਧ ਰਹੀ ਹਉਮੈ ਅਤੇ ਘਟ ਰਹੀ ਸ਼ਬਦ ਦੀ ਮਹੱਤਤਾ ਦਾ ਪ੍ਰਮਾਣ ਹੈ। ਜੇਕਰ ਸਿੱਖਾਂ ਦੀਆਂ ਸਮਾਜਕ, ਸਭਿਆਚਾਰਕ, ਧਾਰਮਿਕ, ਨੈਤਿਕ ਅਤੇ ਰਾਜਨੀਤਕ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਵਿਚ ਸਮੁੱਚੇ ਸਿੱਖ ਜਗਤ ਦੀਆਂ ਤਮਾਮ ਵੰਨਗੀਆਂ ਦੀ ਨੁਮਾਇੰਦਗੀ ਅਤੇ ਸ਼ਮੂਲੀਅਤ ਨਹੀਂ ਹੈ, ਤਾਂ ਫੇਰ ਇਨ੍ਹਾਂ ਸੰਸਥਾਵਾਂ ਨੂੰ ਤਬਦੀਲ ਕਰਨ ਦੇ ਰਾਹ ਵਿਚ ਕੌਣ ਅਤੇ ਕੀ ਰੁਕਾਵਟ ਹੈ? ਅੱਜ ਸਿੱਖ ਸੰਸਥਾਵਾਂ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਸਿੱਖ ਵਿਦਵਾਨਾਂ ਅਤੇ ਕਾਨੂੰਨ ਸ਼ਾਸ਼ਤਰੀਆਂ ਦਾ ਇਕ 'ਐਡਮਿਨਸਟਰੇਟਿਵ ਰੀਫਾਰਮ ਕਮਿਸ਼ਨ' ਥਾਪ ਕੇ ਨਵੀਂ ਸੰਸਥਾਵੀ ਸੋਚ ਲਈ ਰਾਹ ਖੋਲ੍ਹੇ ਜਾਣ। ਹਰ ਦਸ ਸਾਲ ਬਾਅਦ ਇਸ ਤਰ੍ਹਾਂ ਦਾ ਇਕ ਕਮਿਸ਼ਨ ਬੈਠਣਾ ਚਾਹੀਦਾ ਹੈ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਤਮਾਮ ਸਿੱਖ ਸੰਸਥਾਵਾਂ ਦੀ ਪ੍ਰਾਸੰਗਿਕਤਾ ਨੂੰ ਕਾਇਮ ਰੱਖਿਆ ਜਾ ਸਕੇ।

> ***ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਗੁਰੂ ਕਿਹਾ ਹੈ। ਕਿਸੇ ਇਕ ਧਰਮ, ਪਰੰਪਰਾ, ਡਾਗਮਾ, ਡਾਕਟਰੀਨ, ਵਿਚਾਰਧਾਰਾ ਆਦਿ ਨਾਲ ਜੁੜੇ ਕਿਸੇ ਮਨੁੱਖ ਜਾਂ ਗ੍ਰੰਥ ਨੂੰ ਗੁਰੂ ਨਹੀਂ ਕਿਹਾ। ਸ਼ਬਦ ਨੂੰ ਉਸਦੀ ਸਮੁੱਚਤਾ ਵਿਚ ਹੀ ਗੁਰੂ ਮੰਨਿਆ ਹੈ। ਹਿੰਦੂ ਸ਼ਬਦ, ਮੁਸਲਮਾਨ ਸ਼ਬਦ, ਅਧਿਆਤਮਕ ਸ਼ਬਦ, ਸਮਾਜਕ ਸ਼ਬਦ ਜਾਂ ਵਿਗਿਆਨਕ ਸ਼ਬਦ ਵਿਚਕਾਰ ਵੰਡੀਆਂ ਪਾ ਕੇ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਨਹੀਂ। ਇਸੇ ਲਈ ਸ਼ਬਦ ਗੁਰੂ ਦੀ ਜਿਸ ਦੇਹ (ਮਨੁੱਖ ਜਾਂ ਗ੍ਰੰਥ) ਨੂੰ ਗੱਦੀ ਦਿੱਤੀ ਗਈ ਉਹ ਵੀ ਹਰ ਕਿਸਮ ਦੀ ਕੱਟੜਤਾ, ਸੰਪਰਦਾਇਕਤਾ ਅਤੇ ਸੀਮਾ ਤੋਂ ਪਾਰ ਸੀ।***

ਅੱਜ ਕੱਲ੍ਹ ਵਿਦਿਆ ਦਾ ਫੈਲਾਅ ਬਹੁਤ ਵੱਡੇ ਪੱਧਰ 'ਤੇ ਹੋ ਚੁੱਕਾ ਹੈ। ਵਿਦਿਆ ਹਾਸਲ ਕਰਨ ਦੀਆਂ ਪੂਰੀਆਂ ਸਹੂਲਤਾਂ ਉਪਲੱਬਧ ਹਨ। ਇਸ ਲਈ ਇਹ ਅਨਪੜ੍ਹਤਾ ਜੋ ਸ਼ਬਦ (ਗੁਰੂ) ਅਤੇ ਸਿੱਖ ਵਿਚਕਾਰ ਸਿੱਧੇ ਰਿਸ਼ਤੇ ਅੰਦਰ ਇਕ ਰੁਕਾਵਟ ਬਣੀ ਬੈਠੀ ਹੈ, ਉਹ ਸਭ ਤੋਂ ਵੱਡੀ ਕੁਰਹਿਤ ਹੈ। ਇਹ ਖਤਮ ਹੋਣੀ ਚਾਹੀਦੀ ਹੈ। ਇਹ ਕੁਰਹਿਤ ਹੀ ਅਖੰਡ ਪਾਠ ਅਤੇ ਸਹਿਜ ਪਾਠ ਨੂੰ ਬ੍ਰਾਹਮਣੀ ਕਰਮਕਾਂਡ ਵਿਚ ਤਬਦੀਲ ਕਰ ਰਹੀ ਹੈ। ਪਾਠੀਆਂ ਤੋਂ ਪਾਠ ਕਰਵਾਉਣ ਦੀ ਰਵਾਇਤ ਖਤਮ ਹੋਣੀ ਚਾਹੀਦੀ ਹੈ। ਜੇਕਰ ਅਖੰਡ ਪਾਠ ਕਰਨਾ ਹੋਵੇ ਤਾਂ ਸਾਰੇ ਪਰਿਵਾਰ ਨੂੰ ਰਲ ਕੇ ਪਾਠ ਅਤੇ ਸੇਵਾ ਖੁਦ ਕਰਨੀ ਚਾਹੀਦੀ ਹੈ। ਜੇਕਰ ਸਹਿਜ ਪਾਠ ਕਰਨਾ ਹੋਵੇ ਤਾਂ ਇਕੱਲਾ ਹੀ ਕਰ ਸਕਦਾ ਹੈ। ਜੋ ਅਨਪੜ੍ਹ ਹਨ, ਭਾਵੇਂ ਕਿੰਨੀ ਵੀ ਵੱਡੀ ਉਮਰ ਕਿਉਂ ਨਾ ਹੋਵੇ, ਉਨ੍ਹਾਂ ਨੂੰ ਪੜ੍ਹਨਾ ਸਿੱਖ ਕੇ ਖੁਦ ਹੀ ਪਾਠ ਕਰਨਾ ਚਾਹੀਦਾ ਹੈ। ਬਹੁਤ ਵਾਰੀ ਪਾਠੀ ਤਾਂ ਅਖੰਡ ਪਾਠ ਦਾ ਪਾਠ ਕਰ ਜਾਂਦੇ ਹਨ ਪਰ ਸੁਣਨ ਵਾਲੀ ਸੰਗਤ ਕਿਧਰੇ ਵੀ ਨਹੀਂ ਹੁੰਦੀ। ਇਹ ਬੇਅਦਬੀ ਹੈ। ਸਭ ਤੋਂ ਵੱਡੀ ਕੁਰਹਿਤ ਅਨਪੜ੍ਹਤਾ ਹੈ, ਇਹ ਖ਼ਤਮ ਹੋਣੀ ਚਾਹੀਦੀ ਹੈ। ਇਹ ਤਾਂ ਇਕ ਉਦਾਹਰਣ ਪੇਸ਼ ਕੀਤੀ ਗਈ ਹੈ।

ਇਸੇ ਤਰ੍ਹਾਂ ਸਿੱਖੀ ਸਿਪਿਰਟ ਜਾਂ ਭਾਵਨਾ ਨਾਲੋਂ ਨਾਤਾ ਤੋੜ ਕੇ ਬਾਹਰੀ ਦਿਖਾਵੇ ਦੇ ਰੂਪ ਵਿਚ ਨਜ਼ਰ ਆਉਣ ਵਾਲੇ ਚਿੰਨ੍ਹਾਂ ਨੂੰ ਹੀ ਸਿੱਖੀ ਸਮਝਿਆ ਜਾਣ ਲੱਗ ਪਿਆ ਹੈ। ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿਉਂਕਿ ਅੱਜ ਦਾ ਸਿੱਖ ਸ਼ਬਦ ਨਾਲੋਂ ਟੁੱਟ ਕੇ ਦੇਹ ਅਤੇ ਦਿਖਾਵੇ ਨਾਲ ਜੁੜ ਰਿਹਾ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅੰਤਰ ਦ੍ਰਿਸ਼ਟੀ ਪ੍ਰਾਪਤ ਕਰਕੇ ਸਮਕਾਲੀ ਅਤੇ ਭਵਿੱਖ ਦੀਆਂ ਲੋੜਾਂ ਮੁਤਾਬਕ ਆਪਣੀ ਵਿਚਾਰਧਾਰਾ, ਜੀਵਨ ਜਾਚ ਅਤੇ ਸਥਾਪਨਾ ਨੂੰ ਤਬਦੀਲ ਕਰਕੇ ਪ੍ਰਾਸੰਗਿਕ ਬਣਾਈ ਰੱਖਣ ਦੀ ਸਮਰੱਥਾ ਗੁਆ ਚੁੱਕਾ ਹੈ।

ਲੰਗਰ, ਪੰਗਤ, ਸੰਗਤ ਅਤੇ ਸੇਵਾ ਕਿਸੇ ਵੇਲੇ ਸਿੱਖਾਂ ਵਿਚ ਵੰਡ ਕੇ ਛਕਣ, ਸਮਾਜਕ ਬਰਾਬਰੀ, ਆਪਸੀ ਸਹਿਯੋਗ ਅਤੇ ਨਿਮਰਤਾ ਦੀਆਂ ਸੰਸਥਾਵਾਂ ਸਨ। ਹੌਲੀ ਹੌਲੀ ਇਹ ਸੰਸਥਾਵਾਂ ਉਪਰੋਕਤ ਕਦਰਾਂ ਕੀਮਤਾਂ ਦੀਆਂ ਪ੍ਰਤੀਕ ਬਣ ਕੇ ਸਮੁੱਚੇ ਸਿੱਖ ਵਿਵਹਾਰ ਨੂੰ ਸੇਧ ਦੇਣ ਲੱਗ ਪਈਆਂ ਸਨ ਪਰ ਅੱਜ ਇਹ ਪ੍ਰਤੀਕ ਆਪਣੇ ਨਾਲ ਜੁੜੀਆਂ ਕਦਰਾਂ ਕੀਮਤਾਂ ਅਤੇ ਮੁੱਲਾਂ ਨਾਲੋਂ ਅਲੱਗ ਹੋ ਕੇ ਦਿਖਾਵਾ ਮਾਤਰ ਹੀ ਰਹਿ ਗਏ ਹਨ।

ਇਹੋ ਹਾਲ ਕਕਾਰਾਂ ਦਾ ਹੈ। ਸਿੱਖ ਭੁੱਲ ਚੁੱਕੇ ਹਨ ਕਿ ਉਨ੍ਹਾਂ ਦੇ ਇਹ ਕਕਾਰ ਕਿਹੜੀਆਂ ਕਦਰਾਂ ਕੀਮਤਾਂ ਅਤੇ ਮੁੱਲਾਂ ਦੇ ਪ੍ਰਤੀਕ ਸਨ। ਕਦਰਾਂ ਕੀਮਤਾਂ ਅਤੇ ਮੁੱਲਾਂ ਤੋਂ ਸੱਖਣੇ ਇਹ ਪ੍ਰਤੀਕ ਕਿਸ ਕੰਮ। ਜਿਵੇਂ ਦਇਆ ਦੀ ਕਪਾਹ ਅਤੇ ਸੰਤੋਖ ਦੇ ਸੂਤ ਬਿਨਾਂ ਜਨੇਊ ਕਿਸੇ ਕੰਮ ਨਹੀਂ, ਉਸੇ ਤਰ੍ਹਾਂ ਕਕਾਰਾਂ ਦੀ ਮਹੱਤਤਾ ਵੀ ਕਕਾਰਾਂ ਨਾਲ ਜੁੜੀਆਂ ਕਦਰਾਂ ਕੀਮਤਾਂ ਅਤੇ ਮੂਲ ਪ੍ਰਬੰਧਾਂ ਵਿਚ ਹੀ ਹੈ, ਜਿਨ੍ਹਾਂ ਬਾਰੇ ਅੱਜ ਦਾ ਸਿੱਖ ਅਗਿਆਨੀ ਹੈ। ਜੋ ਸਿੱਖਿਆ ਹੇਠ ਲਿਖੇ ਸਲੋਕੁ ਵਿਚ ਗੁਰੂ ਨਾਨਕ ਸਾਹਿਬ ਨੇ ਉਸ ਵੇਲੇ ਦੇ ਮੁਸਲਮਾਨ ਵੀਰਾਂ ਨੂੰ ਦਿੱਤੀ ਹੈ, ਉਹੋ ਸਿੱਖਿਆ ਅੱਜ ਦੇ ਸਿੱਖ ਵੀਰਾਂ ਲਈ ਵੀ ਹੈ ਜੋ ਸਮੇਂ ਅਨੁਸਾਰ ਪ੍ਰਾਸੰਗਿਕ ਕਦਰਾਂ-ਕੀਮਤਾਂ ਅਤੇ ਮੁੱਲਾਂ ਤੋਂ ਸੱਖਣੇ ਚਿੰਨ੍ਹਾਂ ਦਾ ਸਹਾਰਾ ਲੈ ਕੇ ਜਾਂ ਗੁਰਦੁਆਰੇ ਮੱਥਾ ਟੇਕ ਕੇ ਜਾਂ ਘਰ ਵਿਚ ਪੈਸੇ ਨਾਲ ਅਖੰਡ ਪਾਠ ਕਰਵਾ ਕੇ ਗੁਰੂ ਦੇ ਸਿੱਖ ਹੋਣ ਦਾ ਦਾਅਵਾ ਕਰਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।
(ਆਦਿ ਗ੍ਰੰਥ, ਵਾਰ ਮਾਝ, ਸਲੋਕ, 1, ਪੰਨਾ 140)

ਸਿੱਖੀ ਨੂੰ ਪ੍ਰਸੰਗਿਕ ਬਣਾਉਣ ਲਈ ਇਸ ਦੀ ਸਪਿਰਟ ਨੂੰ ਸਮਝਣ ਦੀ ਜ਼ਰੂਰਤ ਹੈ।

(ੲ) ਪਾਰ-ਸੰਪਰਦਾਇਕ ਸੋਚ

ਭਾਵੇਂ ਵੈਦਿਕ ਅਤੇ ਪੂਰਵ-ਇਸਲਾਮੀ ਭਾਰਤੀ ਸੰਸਕ੍ਰਿਤੀ ਅਤੇ ਚਿੰਤਨ ਵੀ ਅਨੇਕ ਲਹਿਰਾਂ ਵਿਚ ਵੰਡਿਆ ਹੋਇਆ ਸੀ ਪਰ ਇਸਲਾਮ ਦੇ ਦਾਖਲੇ ਤੋਂ ਬਾਅਦ ਤਾਂ ਭਾਰਤੀ ਭਾਈਚਾਰੇ ਦੀਆਂ ਅਨੇਕ ਵੰਨਗੀਆਂ ਨੂੰ ਉਨ੍ਹਾਂ ਦੀ ਆਪਣੀ ਪਹਿਚਾਣ ਬਰਕਰਾਰ ਰੱਖਦੇ ਹੋਏ, ਇਕ ਸਾਂਝੀ ਭਾਰਤੀ ਸੰਸਕ੍ਰਿਤੀ ਵਿਚ ਪਰੋਈ ਰੱਖਣਾ ਲਗਪਗ ਅਸੰਭਵ ਹੀ ਹੋ ਗਿਆ ਸੀ। ਇਸ ਘਾਟ ਨੂੰ ਮਹਿਸੂਸ ਕਰਦੇ ਹੋਏ ਭਗਤੀ ਲਹਿਰ ਨੇ ਹਿੰਦੂ ਮੁਸਲਿਮ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਸਾਂਝੀ ਸੰਸਕ੍ਰਿਤੀ ਸਿਰਜਣ ਦੀ ਕੋਸ਼ਿਸ਼ ਕੀਤੀ ਪਰ ਇਹ ਭਗਤੀ ਲਹਿਰ ਆਪਣੇ ਅੰਤਿਮ ਰੂਪ ਵਿਚ ਸਾਂਝੀ ਸੰਸਕ੍ਰਿਤੀ ਦੀ ਇਕ ਹਿੰਦੂ ਲਹਿਰ ਦੀ ਬਣੀ ਰਹੀ। ਇਸੇ ਤਰ੍ਹਾਂ ਸੂਫੀ ਮੱਤ ਨੇ ਭਾਰਤੀ ਸੰਸਕ੍ਰਿਤੀ ਦਾ ਜਿਹੜਾ ਸਾਂਝਾ ਸਰੂਪ ਪੈਦਾ ਕੀਤਾ, ਉਹ ਹਿੰਦੂ-ਮੁਸਲਿਮ ਏਕਤਾ ਦਾ ਇਸਲਾਮਿਕ ਨਜ਼ਰੀਆ ਹੀ ਬਣਿਆ ਰਿਹਾ।

ਕਈ ਲੋਕਾਂ ਦਾ ਵਿਚਾਰ ਹੈ ਕਿ ਨਿਰਗੁਣ ਭਗਤੀ ਪਰੰਪਰਾ (ਗੁਰਮਤਿ), ਭਗਤੀ ਲਹਿਰ ਅਤੇ ਸੂਫੀ ਵਿਚਾਰਧਾਰਾ ਦੇ ਸੁਮੇਲ ਵਿਚੋਂ ਉਤਪਨ ਹੋਈ ਪਰੰਪਰਾ ਹੈ। ਪਰ ਕਈ ਹੋਰ ਵਿਦਵਾਨ ਨਿਰਗੁਣ ਭਗਤੀ ਲਹਿਰ ਨੂੰ ਦੱਖਣੀ ਭਾਰਤ ਦੀ ਭਗਤੀ ਲਹਿਰ ਅਤੇ ਨਾਥ ਪਰੰਪਰਾ ਦੇ ਮਿਲਨ ਵਿਚੋਂ ਪੈਦਾ ਹੋਈ ਸ਼ੁੱਧ ਭਾਰਤੀ (ਜਾਂ ਹਿੰਦੂ) ਲਹਿਰ ਆਖਣ ਵਿਚ ਵਧੇਰੇ ਖੁਸ਼ੀ ਮਹਿਸੂਸ ਕਰਦੇ ਹਨ।

ਇਸ ਵਿਵਾਦ ਵਿਚ ਪੈਣ ਦੀ ਲੋੜ ਨਹੀਂ। ਇਕ ਗੱਲ ਤਾਂ ਸਪੱਸ਼ਟ ਹੀ ਹੈ ਕਿ ਇਹ ਦੋਨੋਂ ਲਹਿਰਾਂ ਵੱਖੋ-ਵੱਖਰੀਆਂ ਹੋਣ ਦੇ ਬਾਵਜੂਦ ਵੀ ਆਪਣੀ ਸਮਝ ਵਿਚ ਇਕ ਦੂਸਰੀ ਦੇ ਬਹੁਤ ਕਰੀਬ ਆ ਚੁੱਕੀਆਂ ਸਨ।

ਦੋਨਾਂ ਲਹਿਰਾਂ (ਨਿਰਗੁਣ ਭਗਤੀ ਅਤੇ ਸੂਫੀ) ਦੀ ਵਿਲੱਖਣਤਾ ਅਤੇ ਸਾਂਝ ਨੂੰ ਪਹਿਚਾਣਦੇ ਹੋਏ ਇਨ੍ਹਾਂ ਦੀ ਵਿਚਾਰਧਾਰਾ ਨੂੰ ਇੱਕੋ ਗ੍ਰੰਥ ਜਾਂ ਸੋਚ ਦੇ ਅੰਗ ਬਣਾ ਦੇਣਾ ਮੱਧਕਾਲ ਵਿਚ ਆਉਣ ਵਾਲਾ ਇਕ ਇਨਕਲਾਬੀ ਮੋੜ ਸੀ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਦੁਨੀਆਂ ਵਿਚ ਪਹਿਲੀ ਵਾਰ ਅਨੇਕਤਾ ਵਿਚ ਏਕਤਾ ਅਤੇ ਵਿਲੱਖਣਤਾ ਵਿਚ ਸਾਂਝ ਨੂੰ ਸੰਸਕ੍ਰਿਤਕ ਵਿਕਾਸ ਦੇ ਪ੍ਰਮੁੱਖ ਸਾਧਨ ਵਜੋਂ ਵਰਤਣ ਦੀ ਪਿਰਤ ਪਾਈ। ਪਾਰ ਸੰਪਰਦਾਇਕ (ਟਰਾਂਸ ਰਿਲੀਜੀਅਸ) ਸੋਚ ਦਾ ਮੁੱਢ ਵੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਬੱਝਦਾ ਹੈ।

ਇਹ ਪਾਰ-ਸੰਪਰਦਾਇਕ ਸੋਚ ਕੇਵਲ ਉਚ ਪੱਧਰ ਦੇ ਚਿੰਤਨ ਤਕ ਹੀ ਸੀਮਤ ਨਹੀਂ ਰਹੀ। ਲੋਕਯਾਨ ਦਾ ਹਿੱਸਾ ਬਣ ਕੇ ਆਮ ਲੋਕਾਂ ਦੇ ਜੀਵਨ ਵਿਚ ਵੀ ਰਚ ਗਈ ਸੀ। ਇਸ ਗੱਲ ਦਾ ਪ੍ਰਗਟਾਵਾ ਗੁਰੂ ਨਾਨਕ ਸਾਹਿਬ ਸੰਬੰਧੀ ਲੋਕਾਂ ਦੇ ਇਸ ਵਿਸ਼ਵਾਸ ਤੋਂ ਹੁੰਦਾ ਹੈ: "ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮਾਂ ਦੇ ਨਾਲ-ਨਾਲ ਭਾਸ਼ਾ, ਖਿੱਤੇ, ਨਸਲ, ਲਿੰਗ, ਕੌਮ, ਜਾਤੀ, ਜਮਾਤ, ਬਰਾਦਰੀ, ਸਦਾਚਾਰ, ਵਿਹਾਰ ਅਤੇ ਵਿਚਾਰਧਾਰਾ ਦੀ ਕੱਟੜਤਾ ਨੂੰ ਵੀ ਚੁਣੌਤੀ ਦਿੱਤੀ ਗਈ ਹੈ। ਵਿਭਿੰਨ ਸੂਬਿਆਂ, ਸੰਸਕ੍ਰਿਤੀਆਂ, ਭਾਸ਼ਾਵਾਂ, ਜਾਤਾਂ, ਜਮਾਤਾਂ, ਸਿਧਾਂਤਾਂ, ਸਦਾਚਾਰਾਂ ਅਤੇ ਫਿਰਕਿਆਂ ਦੇ ਭਗਤ ਕਵੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਨਯੋਗ ਸਥਾਨ ਦੇ ਕੇ ਇਸ ਦੇ ਪਾਰ-ਸੰਸਕ੍ਰਿਤਿਕ, ਪਾਰ-ਵਿਚਾਰਧਾਰਕ, ਪਾਰ-ਰਾਸ਼ਟਰੀ ਅਤੇ ਪਾਰ-ਭਾਸ਼ਾਈ ਸਰੂਪ ਨੂੰ ਵੀ ਪੱਕਿਆਂ ਕੀਤਾ ਗਿਆ ਹੈ। ਸਿੱਖਾਂ ਦਾ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਹਰ ਕਿਸਮ ਦੀ ਕੱਟੜਤਾ, ਸੰਪਰਦਾਇਕਤਾ ਅਤੇ ਸੀਮਾ ਤੋਂ ਪਾਰ ਹੈ।

ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਗੁਰੂ ਕਿਹਾ ਹੈ। ਕਿਸੇ ਇਕ ਧਰਮ, ਪਰੰਪਰਾ, ਡਾਗਮਾ, ਡਾਕਟਰੀਨ, ਵਿਚਾਰਧਾਰਾ ਆਦਿ ਨਾਲ ਜੁੜੇ ਕਿਸੇ ਮਨੁੱਖ ਜਾਂ ਗ੍ਰੰਥ ਨੂੰ ਗੁਰੂ ਨਹੀਂ ਕਿਹਾ। ਸ਼ਬਦ ਨੂੰ ਉਸਦੀ ਸਮੁੱਚਤਾ ਵਿਚ ਹੀ ਗੁਰੂ ਮੰਨਿਆ ਹੈ। ਹਿੰਦੂ ਸ਼ਬਦ, ਮੁਸਲਮਾਨ ਸ਼ਬਦ, ਅਧਿਆਤਮਕ ਸ਼ਬਦ, ਸਮਾਜਕ ਸ਼ਬਦ ਜਾਂ ਵਿਗਿਆਨਕ ਸ਼ਬਦ ਵਿਚਕਾਰ ਵੰਡੀਆਂ ਪਾ ਕੇ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਨਹੀਂ। ਇਸੇ ਲਈ ਸ਼ਬਦ ਗੁਰੂ ਦੀ ਜਿਸ ਦੇਹ (ਮਨੁੱਖ ਜਾਂ ਗ੍ਰੰਥ) ਨੂੰ ਗੱਦੀ ਦਿੱਤੀ ਗਈ ਉਹ ਵੀ ਹਰ ਕਿਸਮ ਦੀ ਕੱਟੜਤਾ, ਸੰਪਰਦਾਇਕਤਾ ਅਤੇ ਸੀਮਾ ਤੋਂ ਪਾਰ ਸੀ। ਸਿੱਖ ਸਮਾਜ ਨੂੰ ਖੰਡੇ ਦੀ ਪਾਹੁਲ ਰਾਹੀਂ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਇਕ ਨਿਆਰੇ ਖਾਲਸਾ ਪੰਥ ਵਿਚ ਤਬਦੀਲ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਵੀ ਇਹੋ ਵਿਸ਼ਵਾਸ ਕਰਦੇ ਸਨ:

ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ
ਗੁਰਦੇਵ ਏਕ ਏਕ ਹੀ ਸਰੂਪ
ਸਭੈ ਏਕੈ ਜੋਤ ਜਾਨਬੋ॥
-ਅਕਾਲ ਉਸਤਤ, ਦਸਮ ਗ੍ਰੰਥ, ਪੰਨਾ 19

ਇਸੇ ਕਰਕੇ ਗੁਰੂ ਗੋਬਿੰਦ ਸਿੰਘ ਨੇ ਕਿਸੇ ਧਰਮ, ਜਾਤ, ਫਿਰਕੇ, ਸੰਸਕ੍ਰਿਤੀ ਆਦਿ ਨਾਲ ਜੁੜੇ ਸਤਿ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ:

ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈ ਮਤ ਏਕ ਨਾ ਮਾਨਯੋ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ
ਬਹੁ ਭੇਦ ਕਹੈ ਹਮ ਏਕ ਨਾ ਜਾਨਯੋ॥
-ਰਾਮ ਅਵਤਾਰ, ਦਸਮ ਗ੍ਰੰਥ, 254

ਨਾ ਹੀ ਉਨ੍ਹਾਂ ਨੇ ਸਭ ਵਿਚ ਯਕੀਨ ਕਰਨ ਲਈ ਕਿਹਾ। ਸਗੋਂ ਉਨ੍ਹਾਂ ਨੇ ਤਾਂ ਇਕ ਅਜੇਹੇ ਸਤਿ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕੀਤਾ ਜੋ ਜਾਤ, ਕੁਲ, ਧਰਮ, ਦੇਸ਼, ਵੇਸ ਆਦਿ ਸਭ ਕਾਸੇ ਤੋਂ ਮੁਕਤ ਹੈ:

ਨਮਸਤੰ ਅਜਾਤੇ॥ ਨਮਸਤੰ ਅਪਾਤੇ॥
ਨਮਸਤੰ ਅਮਜਬੇ॥ ਨਮਸਤ ਸਤੁ ਅਜਬੇ॥17॥
ਅਦੇਸੰ ਅਦੇਸੇ॥ ਨਮਸਤੰ ਅਭੇਸੇ॥
ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ॥18॥

ਅੰਮ੍ਰਿਤ ਦੀ ਸਪਿਰਟ ਨੂੰ ਧਰਮ, ਵੇਸ ਅਤੇ ਬਾਹਰੀ ਚਿੰਨ੍ਹਾਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਖਾਲਸੇ ਦੀ ਵਿਲੱਖਣਤਾ ਅਤੇ ਪਛਾਣ ਇਕ ਨਵਾਂ ਧਰਮ, ਨਵੀਂ ਪੁਸ਼ਾਕ, ਨਵੇਂ ਚਿੰਨ੍ਹ ਆਦਿ ਗ੍ਰਹਿਣ ਕਰਨ ਵਿਚ ਨਹੀਂ, ਸਗੋਂ ਇਨ੍ਹਾਂ ਸਭਨਾਂ ਤੋਂ ਪਾਰ ਜਾ ਕੇ ਇਕ ਪਾਰ-ਰਾਸ਼ਟਰੀ, ਪਾਰ-ਸੰਪਰਦਾਇਕ, ਪਾਰ-ਸੰਸਕ੍ਰਿਤਕ ਅਤੇ ਪਾਰ-ਭਾਸ਼ਾਈ ਅੰਤਰ-ਦ੍ਰਿਸ਼ਟੀ ਜਾਂ ਵਿਸ਼ਵ-ਦ੍ਰਿਸ਼ਟੀ ਉਤਪੰਨ ਕਰਨ ਵਿਚ ਹੈ।

ਇਹ ਅੰਤਰਦ੍ਰਿਸ਼ਟੀ ਕਿਸੇ ਇਕ ਸੋਚ ਨਾਲ ਬੱਝ ਕੇ ਨਹੀਂ ਪੈਦਾ ਹੋ ਸਕਦੀ। ਇਸ ਵਾਸਤੇ ਤਾਂ ਹਰ ਇਕ ਸੋਚ ਨਾਲ ਸੰਵਾਦ ਪੈਦਾ ਕਰਨ ਦੀ ਜ਼ਰੂਰਤ ਹੈ। ਜੇਕਰ ਰਾਮ ਰਹੀਮ ਨਾਲ ਸੰਵਾਦ ਦੀ ਲੋੜ ਹੈ ਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨਾਲ ਵੀ ਸੰਵਾਦ ਰਚਾਉਣ ਦੀ ਲੋੜ ਹੈ। ਇਹ ਸੰਵਾਦ ਖੋਜ ਅਤੇ ਗੋਸ਼ਟਿ ਦਾ ਮਾਰਗ ਹੀ ਸਿੱਖੀ ਹੈ:

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਧਨਾਸਰੀ, 1, 5-2, 661)
ਸੰਤੁ ਮਿਲੈ ਕਿਛੁ ਸੁਨੀਐ ਕਹੀਐ॥
ਮਿਲੈ ਅਸੰਤੁ ਮਸਟਿ ਕਰਿ ਰਹੀਐ॥
(ਗੋਂਡ ਕਬੀਰ, 5-1, 870)
ਨਾਮਿ ਰਤੇ ਸਿਧ ਗੋਸਟਿ ਹੋਇ॥
ਨਾਮਿ ਰਤੇ ਸਦਾ ਤਪੁ ਹੋਇ॥
ਨਾਮਿ ਰਤੇ ਸਚੁ ਕਰਣੀ ਸਾਰੁ॥
ਨਾਮਿ ਰਤੇ ਗੁਣ ਗਿਆਨ ਬੀਚਾਰੁ॥
(ਰਾਮਕਲੀ 1, ਸਿਧ ਗੋਸਟਿ, 33, 941)

ਪਾਰ-ਸੰਪਰਦਾਇਕ, ਪਾਰ-ਸੰਸਕ੍ਰਿਤਕ ਅਤੇ ਪਾਰ-ਵਿਚਾਰਧਾਰਕ ਅੰਤਰ ਦ੍ਰਿਸ਼ਟੀ ਪੈਦਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਕੇਵਲ ਸਿਖਿਆ ਹੀ ਨਹੀਂ ਦਿਤੀ, ਸਗੋਂ ਉਸ ਵੇਲੇ ਦੇ ਧਰਮਾਂ, ਸੰਸਕ੍ਰਿਤੀਆਂ ਅਤੇ ਦੂਸਰੇ ਵਿਚਾਰਧਾਰਕ ਸਿਧਾਂਤਾਂ ਨਾਲ ਇਕ ਰਚਨਾਤਮਕ ਸੰਵਾਦ ਵੀ ਰਚਾਇਆ ਅਤੇ ਫੇਰ ਇਸ ਸੰਵਾਦ ਨੂੰ ਹੀ ਗੁਰਗੱਦੀ ਦਿੱਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਪੱਛਮ ਵਿਚ ਵਿਗਿਆਨਕ, ਤਕਨੀਕੀ, ਤਾਰਕਿਕ ਅਤੇ ਵਿਸ਼ਲੇਸ਼ਣੀ ਚਿੰਤਨ ਦਾ ਬਹੁਤ ਵਿਕਾਸ ਹੋਇਆ ਜਿਸ ਨੇ ਸਾਰੀ ਦੁਨੀਆਂ ਦੀ ਜੀਵਨ ਜਾਚ, ਰਹਿਣੀ ਬਹਿਣੀ ਅਤੇ ਸੋਚ ਨੂੰ ਪੂਰੀ ਤਰ੍ਹਾਂ ਤਬਦੀਲ ਕਰਕੇ ਰੱਖ ਦਿੱਤਾ। ਅਸੀਂ ਪੱਛਮ ਦੀ ਜੀਵਨ ਜਾਚ ਅਤੇ ਸੋਚ ਵਿਧੀ ਨੂੰ ਬੜੀ ਤੇਜ਼ੀ ਨਾਲ ਅਪਨਾ ਰਹੇ ਹਾਂ, ਪਰ ਉਸ ਨਾਲ ਸੰਵਾਦ ਨਹੀਂ ਰਚਾ ਰਹੇ। ਇਹ ਵੀ ਨਹੀਂ ਕਿ ਪੱਛਮ ਦੀ ਵਿਗਿਆਨਕ ਸੋਚ ਅਪਨਾਉਣ ਵਾਸਤੇ ਅਸੀਂ ਪੂਰਬ ਦੀ ਰਹੱਸਵਾਦੀ ਸੋਚ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ। ਇਹ ਦੋਨੋਂ ਕਿਸਮ ਦੀਆਂ ਸੋਚ ਵਿਧੀਆਂ ਬਿਨਾ ਕਿਸੇ ਸੰਵਾਦ ਦੇ ਸਾਡੇ ਅੰਦਰ ਸਮਾਨੰਤਰ ਸੰਵੇਦਨਹੀਨ ਪਈਆਂ ਹਨ। ਸੰਵਾਦ ਦੀ ਗੈਰ ਹਾਜ਼ਰੀ ਕਾਰਨ, ਕੋਈ ਨਵੀਨਤਾ ਪੈਦਾ ਕਰਨ ਦੀ ਥਾਂ, ਹੀਣ ਭਾਵ ਅਤੇ ਵਿਤਕਰਾ ਪੈਦਾ ਕਰ ਰਹੀਆਂ ਹਨ। ਇਨ੍ਹਾਂ ਦੋਹਾਂ ਸੋਚ ਵਿਧੀਆਂ ਵਿਚ ਸੰਵਾਦ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ-ਇਹੋ ਹੀ ਗੁਰੂ ਗ੍ਰੰਥ ਸਾਹਿਬ ਦਾ ਮਾਰਗ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਸਾਡੀ ਸ਼ਰਧਾ ਮੰਗ ਕਰਦੀ ਹੈ ਕਿ ਅਸੀਂ ਦੁਨੀਆਂ ਵਿਚ ਹਰ ਪੱਧਰ 'ਤੇ ਅਤੇ ਹਰ ਖੇਤਰ ਵਿਚ ਪੈਦਾ ਹੋ ਰਹੇ, ਗਿਆਨ-ਵਿਗਿਆਨ ਨਾਲ ਇਕ ਨਿਰੰਤਰ ਸੰਵਾਦ ਪੈਦਾ ਕਰੀਏ। ਕੱਟੜਪੁਣੇ ਅਤੇ ਧਾਰਮਿਕ ਵਿਵਾਦ ਨੂੰ ਵਿਚਾਰਧਾਰਕ ਸੰਵਾਦ ਵਿਚ ਤਬਦੀਲ ਕਰਨਾ ਹੀ ਗੁਰੂ ਗ੍ਰੰਥ ਸਾਹਿਬ ਦੀ ਸਭ ਤੋਂ ਵੱਡੀ ਸੇਵਾ ਹੈ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਦਾ ਨਮੂਨਾ ਬਹੁਤ ਹੀ ਖੂਬਸੂਰਤ ਹੈ, ਇਹ ਬਾਹਰੋਂ ਲਾਲ ਰੰਗ ਦੀ ਹੈ। ਇਹ ਗੁਰਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਾਇਆ ਹੋਇਆ ਹੈ। ਗੁਰਦੁਆਰੇ ਦੇ ਦੁਆਲੇ ਚਾਰ ਦੀਵਾਰੀ ਹੈ। ਵੱਡਾ ਗੇਟ ਬੰਦ ਸੀ। ਬਾਹਰੋਂ ਹੀ ਕਾਦਿਰ ਭਾਈ ਨੇ ਟੈਲੀਫੋਨ ਕੀਤਾ ਤਾਂ ਇਕ ਬੰਦਾ ਬਾਹਰ ਆ ਗਿਆ। ਉਹਨੇ ਗੇਟ ਖੋਲ੍ਹ ਦਿੱਤਾ ਤੇ ਅਸੀਂ ਗੱਡੀ ਅੰਦਰ ਲੈ ਗਏ। ਇਹ ਬੰਦਾ ਅਸਲ ਵਿਚ ਪੁਲਿਸ ਦਾ ਸਕਿਉਰਿਟੀ ਗਾਰਡ ਹੈ ਜਿਹਦੀ ਡਿਊਟੀ ਇਥੇ ਹੈ।



**ਮਝੈਲ ਸਿੰਘ ਸਰਾਂ**

ਉਹ ਵੀ ਸਾਨੂੰ ਬੜੇ ਤਪਾਕ ਨਾਲ ਮਿਲਿਆ ਤੇ ਸੇਵਾ ਪਾਣੀ ਪੁੱਛੀ। ਉਸ ਗੁਰਦੁਆਰੇ ਦੇ ਰਿਹਾਇਸ਼ੀ ਕਮਰਿਆਂ ਵਿਚ ਇਕ ਪਰਿਵਾਰ ਰਹਿ ਰਿਹਾ ਹੈ, ਜੋ ਕਿ ਉਥੋਂ ਦੀ ਸੇਵਾ ਸੰਭਾਲ ਕਰਦਾ ਹੈ। ਸਾਨੂੰ ਪਤਾ ਨਾ ਲੱਗ ਸਕਿਆ ਕਿ ਉਹ ਸਿੱਖ ਹਨ ਜਾਂ ਮੁਸਲਮਾਨ ਕਿਉਂਕਿ ਉਸ ਵੇਲੇ ਉਥੇ ਇਕ ਬੀਬੀ ਹੀ ਸੀ। ਉਸਨੇ ਹੀ ਸਾਨੂੰ ਅੰਦਰ ਜਿੱਥੇ ਮਹਾਰਾਜ ਦਾ ਪ੍ਰਕਾਸ਼ ਸੀ, ਲਿਜਾ ਕੇ ਦਰਸ਼ਨ ਕਰਵਾਏ। ਉਸਦੇ ਪਹਿਰਾਵੇ ਤੋਂ ਉਹ ਸਿੱਖ ਘੱਟ ਤੇ ਮੁਸਲਮਾਨ ਜ਼ਿਆਦਾ ਲੱਗ ਰਹੀ ਸੀ। ਉਸਨੇ ਸਾਨੂੰ ਫੁੱਲੀਆਂ ਦਾ ਪ੍ਰਸਾਦ ਵੀ ਦਿੱਤਾ ਤੇ ਗੁਰਦੁਆਰੇ ਦੇ ਇਤਿਹਾਸ ਬਾਰੇ ਵੀ ਦੱਸਿਆ। ਸਾਨੂੰ ਉਹ ਕੁਝ ਖਾਣ ਪੀਣ ਲਈ ਬੜਾ ਜ਼ੋਰ ਪਾ ਰਹੀ ਸੀ ਤੇ ਵਾਰ ਵਾਰ ਇਹੋ ਕਹਿੰਦੀ ਸੀ ਕਿ ਬਾਬੇ ਦੀ ਮਿਹਰ ਨਾਲ ਕੋਈ ਕਮੀ ਨਹੀਂ। ਪਰ ਉਸ ਵੇਲੇ ਸਾਨੂੰ ਕੁਝ ਖਾਣ-ਪੀਣ ਦੀ ਜ਼ਰੂਰਤ ਵੀ ਨਹੀਂ ਸੀ, ਇਸ ਕਰਕੇ ਆਦਰ ਸਹਿਤ ਨਾਂਹ ਹੀ ਕੀਤੀ।

ਗੁਰਦੁਆਰੇ ਦੇ ਨਾਲ ਬੜਾ ਵੱਡਾ ਸਰੋਵਰ ਹੈ ਤੇ ਇਹਦੀ ਬਣਤਰ ਵੀ ਬੜੀ ਵਧੀਆ ਲੱਗੀ ਪਰ ਹੁਣ ਤਾਂ ਸੁੱਕਾ ਪਿਆ ਸੀ। ਇਸਦੇ ਵਿਚ ਵੀ ਛੋਟੀਆਂ ਛੋਟੀਆਂ ਝਾੜੀਆਂ ਝੀਡੇ ਜਿਹੇ ਉਗੇ ਹੋਏ ਹਨ, ਪੌੜੀਆਂ 'ਤੇ ਵੀ ਘਾਹ ਉਗਿਆ ਹੋਇਆ ਹੈ। ਇਹ ਗੁਰਦੁਆਰਾ ਸ਼ਹਿਰ ਏਮਨਾਬਾਦ ਤੋਂ ਕੋਈ ਦੋ ਕੁ ਕਿਲੋਮੀਟਰ ਬਾਹਰਵਾਰ ਇਕੱਲਾ ਹੀ ਹੈ। ਇਸ ਦਾ ਇਤਿਹਾਸ ਇਸ ਤਰ੍ਹਾਂ ਦੱਸਦੇ ਹਨ ਕਿ ਬਾਬਾ ਨਾਨਕ ਜੀ ਪਹਿਲੀ ਉਦਾਸੀ ਸਮੇਂ ਤੇ ਫਿਰ ਚੌਥੀ ਉਦਾਸੀ ਸਮੇਂ ਇਥੇ ਆਏ ਸਨ। ਉਸ ਵਕਤ ਹਿੰਦੋਸਤਾਨ ਦੀ ਰਾਜਨੀਤਕ ਹਾਲਤ ਵੀ ਬੜੀ ਡਾਵਾਂਡੋਲ ਸੀ। ਬਾਬਰ ਨੇ ਉਦੋਂ ਹੀ ਹਮਲਾ ਕੀਤਾ ਸੀ। ਇਹ ਜ਼ਮੀਨ ਰੋੜਾਂਵਾਲੀ ਸੀ ਤੇ ਬਾਹਰ ਇਕਾਂਤ ਵਿਚ ਹੋਣ ਕਰਕੇ ਲੋਕਾਂ ਦਾ ਇਧਰ ਆਉਣਾ ਜਾਣਾ ਘੱਟ ਸੀ। ਏਸ ਜਗ੍ਹਾ ਤੇ ਗੁਰੂ ਨਾਨਕ ਜੀ ਨੇ ਆਪਣਾ ਆਰਜ਼ੀ ਪੜਾਅ ਕੀਤਾ ਤੇ ਇਥੇ ਰੋੜਾਂ ਵਾਲੀ ਜ਼ਮੀਨ ਤੇ ਬਹਿ ਕੇ ਅਕਾਲ ਪੁਰਖ ਨਾਲ ਅਭੇਦ ਹੁੰਦੇ ਸੀ ਤੇ ਉਥੇ ਹੀ ਸੌਂ ਜਾਂਦੇ ਸੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਇਸੇ ਥਾਂ ਦਾ ਜ਼ਿਕਰ ਹੈ ਜਿਥੇ ਬਾਬੇ ਨਾਨਕ ਨੇ ਰੋੜਾਂ ਦੀ ਵਿਛਾਈ ਕੀਤੀ। ਇਸ ਜਗ੍ਹਾ ਤੇ ਬਾਬੇ ਨੇ ਬਾਬਰ ਦੇ ਹਮਲੇ ਸਮੇਂ ਕੀਤੇ ਜ਼ੁਲਮਾਂ ਨੂੰ ਅੱਖੀਂ ਦੇਖਿਆ ਹੋਣਾ ਤੇ ਪਿੰਡੇ 'ਤੇ ਹੰਢਾਇਆ ਵੀ ਹੋਣਾ। ਹੋ ਸਕਦਾ ਹੈ ਕਿ ਇਸੇ ਜਗ੍ਹਾ ਤੋਂ ਬਾਬੇ ਨੂੰ ਫੜ ਕੇ ਕੈਦ ਕੀਤਾ ਗਿਆ ਹੋਵੇ। ਸਾਡੇ ਅੱਜ ਦੇ ਕਈ ਸੰਤ ਮਹਾਂਪੁਰਸ਼ ਜਿਹੜੇ ਬਾਬੇ ਨਾਨਕ ਦੇ ਪੰਥ ਦੇ ਪ੍ਰਚਾਰ ਵਿਚ ਦਿਨ ਰਾਤ ਲੱਗੇ ਹੋਏ ਹਨ, ਉਨ੍ਹਾਂ ਨੇ ਵੀ ਆਪਣੀਆਂ ਰਿਹਾਇਸ਼ਾਂ ਨੂੰ ਕੁਟੀਆਂ ਦਾ ਨਾਂ ਦਿੱਤਾ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਦੁਨੀਆਂ ਦੀਆਂ ਸਾਰੀਆਂ ਸੁੱਖ ਸਹੂਲਤਾਂ ਉਨ੍ਹਾਂ ਕੁਟੀਆਨੁਮਾ ਮਹੱਲਾਂ ਵਿਚ ਬਾਬਿਆਂ ਲਈ ਮੌਜੂਦ ਹੁੰਦੀਆਂ ਹਨ।

ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਅਸੀਂ ਏਮਨਾਬਾਦ ਸ਼ਹਿਰ ਨੂੰ ਚਲ ਪਏ ਤੇ ਕਾਦਿਰ ਭਾਈ ਨੇ ਪੁਲਿਸ ਵਾਲੇ ਨੂੰ ਵੀ ਨਾਲ ਹੀ ਟੈਕਸੀ ਵਿਚ ਬਿਠਾ ਲਿਆ। ਅਸੀਂ ਇਕ ਬਾਜ਼ਾਰ ਲੰਘ ਕੇ ਟੈਕਸੀ 'ਚੋਂ ਉਤਰ ਗਏ ਕਿਉਂਕਿ ਅੱਗੇ ਬੜੀਆਂ ਭੀੜੀਆਂ ਗਲੀਆਂ ਸਨ ਅਤੇ ਰਿਹਾਇਸ਼ੀ ਮੁਹੱਲੇ ਵਿਚ-ਵਿਚ ਕਰਿਆਨੇ, ਦਰਜੀ, ਮੁਨਿਆਰੀ ਤੇ ਕੱਪੜੇ ਦੀਆਂ ਦੁਕਾਨਾਂ ਸਨ। ਪੁਲਿਸ ਵਾਲਾ ਸਿਵਲ ਕੱਪੜਿਆਂ ਵਿਚ ਹੀ ਸੀ ਪਰ ਸਰਕਾਰੀ ਏ.ਕੇ. ਸੰਤਾਲੀ ਉਹਦੇ ਕੋਲ ਸੀ। ਉਹ ਅੱਗੇ-ਅੱਗੇ ਤੇ ਅਸੀਂ ਪਿੱਛੇ-ਪਿੱਛੇ ਜਾਈ ਜਾਂਦੇ ਸੀ। ਗਲੀਆਂ ਵਿਚੋਂ ਲੰਘਦਿਆਂ ਨੂੰ ਵੀ ਲੋਕੀਂ ਖਾਸ ਤਵੱਜੋ ਨਾਲ ਦੇਖਦੇ। ਉਸ ਬਾਜ਼ਾਰ ਜਾਂ ਗਲੀ ਦਾ ਹੁਲੀਆ ਵੀ ਸਾਡੇ ਕਿਸੇ ਛੋਟੇ ਕਸਬੇ ਦੇ ਪੁਰਾਣੇ ਬਾਜ਼ਾਰ ਵਰਗਾ ਹੀ ਸੀ। ਇੱਟਾਂ ਦੀਆਂ ਪੱਕੀਆਂ ਗਲੀਆਂ ਸਨ ਤੇ ਦੋਹੀਂ ਪਾਸੀਂ ਨਾਲੀਆਂ ਸਨ। ਤੁਰੇ ਜਾਂਦਿਆਂ ਨੂੰ ਸਾਨੂੰ ਕਿਸੇ ਨੇ ਵੀ ਨਹੀਂ ਸੀ ਬੁਲਾਇਆ, ਸ਼ਾਇਦ ਸਕਿਉਰਿਟੀ ਵਾਲਾ ਨਾਲ ਹੋਣ ਕਰਕੇ।

ਮਗਰੋਂ ਕਾਦਿਰ ਭਾਈ ਨੇ ਦੱਸਿਆ ਕਿ ਕਈ ਵਾਰੀ ਲੋਕੀਂ ਦੋ-ਤਿੰਨ ਸਰਦਾਰਾਂ ਨੂੰ ਦੇਖ ਕੇ ਕਈ ਸਵਾਲ ਪੁੱਛਣ ਲੱਗ ਜਾਂਦੇ ਆ। ਕਈ ਭੀੜੀਆਂ ਗਲੀਆਂ ਲੰਘ ਕੇ ਇਕ ਗਲੀ ਦੇ ਪਾਸੇ ਛੋਟਾ ਨਿਸ਼ਾਨ ਸਾਹਿਬ ਝੂਲਦਾ ਦਿਸ ਪਿਆ। ਬਾਹਰਵਾਰ ਗੇਟ ਨੂੰ ਜਿੰਦਾ ਲੱਗਾ ਹੋਇਆ ਸੀ ਤੇ ਉਹਦੀ ਕੁੰਜੀ ਵੀ ਸਕਿਉਰਿਟੀ ਵਾਲੇ ਕੋਲ ਹੀ ਸੀ। ਉਹਨੇ ਜਿੰਦਾ ਖੋਲ੍ਹਿਆ। ਅੰਦਰ ਛੋਟਾ ਜਿਹਾ ਵਿਹੜਾ ਹੈ ਤੇ ਇਕ ਕਮਰਾ, ਇਹੋ ਹੀ ਗੁਰਦੁਆਰਾ 'ਚੱਕੀ ਸਾਹਿਬ' ਹੈ। ਇਥੇ ਹੀ ਬਾਬੇ ਨੂੰ ਬਾਬਰ ਨੇ ਕੈਦ ਕਰਕੇ ਚੱਕੀ ਪਿਸਵਾਈ ਸੀ। ਕੁੰਡਾ ਖੋਲ੍ਹ ਕੇ ਕਮਰੇ ਅੰਦਰ ਚਲੇ ਗਏ। ਉਥੇ ਹੋਰ ਕੁਝ ਨਹੀਂ, ਸਾਰਾ ਖਾਲੀ ਹੈ। ਇਕ ਪਾਸੇ ਵਲ ਨੂੰ ਫਰਸ਼ ਤੇ ਹੀ ਛੋਟਾ ਜਿਹਾ ਕੱਪੜਾ ਵਿਛਾਇਆ ਹੋਇਆ ਸੀ, ਸ਼ਾਇਦ ਏਸ ਯਾਦ ਵਜੋਂ ਕਿ ਇਸੇ ਥਾਂ 'ਤੇ ਬਾਬੇ ਨੇ ਚੱਕੀ ਪੀਸੀ ਹੋਵੇ। ਕੱਪੜੇ ਉਪਰ ਹੀ ਪੰਜ-ਚਾਰ ਪਾਕਿਸਤਾਨੀ ਕਰੰਸੀ ਦੇ ਨੋਟ ਪਏ ਸੀ ਜੋ ਕਿਸੇ ਸਿੱਖ ਸ਼ਰਧਾਲੂ ਨੇ, ਜੋ ਕਿਤੇ ਪਹਿਲਾਂ ਆਇਆ ਹੋਊਗਾ, ਚੜ੍ਹਾਏ ਹੋਣਗੇ। ਉਸ ਸਕਿਉਰਿਟੀ ਵਾਲੇ ਨੇ ਹੀ ਦੱਸਿਆ ਕਿ ਗੁਰਦੁਆਰਾ ਉਦਾਂ ਤਾਂ ਬੰਦ ਹੀ ਰਹਿੰਦਾ ਹੈ, ਕਦੇ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋਇਆ। ਜਦੋਂ ਕੋਈ ਸਿੱਖ ਯਾਤਰੀ ਕਹਿੰਦਾ ਹੋਰ ਤਾਂ ਆ ਕੇ ਖੋਲ੍ਹ ਕੇ ਦਰਸ਼ਨ ਕਰਵਾ ਦੇਈਦੇ ਆ। ਵੱਡੇ ਜਥੇ ਇੱਥੇ ਘੱਟ-ਵੱਧ ਹੀ ਆਉਂਦੇ ਹਨ ਕਿਉਂਕਿ ਆਉਣ ਦਾ ਰਸਤਾ ਬੜਾ ਭੀੜਾ ਤੇ ਜ਼ਿਆਦਾ ਲੋਕਾਂ ਦਾ ਸਕਿਉਰਿਟੀ ਪੱਖੋਂ ਵੀ ਲਿਆਉਣਾ ਠੀਕ ਨਹੀਂ ਹੁੰਦਾ। ਇਹ ਏਰੀਆ ਸਾਰਾ ਰਿਹਾਇਸ਼ੀ ਹੈ ਪਰ ਉਹ ਕਹਿੰਦਾ ਸੀ ਕਿ 1947 ਤੋਂ ਪਹਿਲਾਂ ਦਸਦੇ ਨੇ ਕਿ ਇਥੇ ਵੀ ਦੀਵਾਨ ਲਗਦਾ ਹੁੰਦਾ ਸੀ। ਉਸ ਥਾਂ ਤੇ ਖੜੋ ਕੇ ਇਹ ਅਹਿਸਾਸ ਹੋ ਗਿਆ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਕਿੰਨੀ ਸੱਚਾਈ ਬਿਆਨ ਕਰਦੀਆਂ ਹਨ "ਜਿੱਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਹੋਆ।"

ਮਨ ਵਿਚ ਖਿਆਲ ਆਇਆ ਕਿ ਬਾਬਾ ਨਾਨਕ ਇਕ ਸਾਧੂ ਸੰਤ ਫਕੀਰ ਤੇ ਬਾਬਰ ਇਕ ਮੁਗਲ ਸ਼ਹਿਨਸ਼ਾਹ, ਜਿਸ ਦੇ ਹੁਕਮ ਅੱਗੇ ਸਾਰਾ ਹਿੰਦੋਸਤਾਨ ਦਹਿਲ ਕੇ ਝੁਕ ਗਿਆ ਤੇ ਹੈਦਰੀ ਝੰਡਾ 300 ਸਾਲ ਹਿੰਦੁਸਤਾਨ 'ਤੇ ਝੁੱਲਿਆ। ਜਿਸ ਦੇਸ਼ ਵਿਚ ਅਸੀਂ ਖੜੇ ਸੀ, ਉਹ ਵੀ ਮੁਸਲਮਾਨ ਮੁਲਕ, ਕਿਤੇ ਵੀ ਬਾਬਰ ਦੀ ਯਾਦ ਵਿਚ ਕੁਝ ਨਹੀਂ ਬਣਿਆ ਮਿਲਿਆ ਤੇ ਉਹ ਜੇਲ੍ਹ ਅੱਜ ਵੀ ਇਬਾਦਤਗਾਹ ਹੈ ਜਿਥੇ ਬਾਬੇ ਨਾਨਕ ਨੂੰ ਕੈਦ ਕੀਤਾ। ਇਹੋ ਹੀ ਦੁਨਿਆਵੀ ਬਾਦਸ਼ਾਹੀਆਂ ਤੇ ਰੱਬੀ ਪਾਤਸ਼ਾਹੀਆਂ ਵਿਚ ਫਰਕ ਹੈ। ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਦੇ ਨਾਲ ਹੀ ਇਕ ਛੋਟੀ ਜਿਹੀ ਹੱਟੀ ਹੈ ਜਿਸ 'ਤੇ ਉਹਦਾ ਮਾਲਕ ਜੋ ਅੱਧਖੜ ਜਿਹਾ ਕੁੱਲੇ ਵਾਲੀ ਟੋਪੀ ਲੈ ਕੇ ਬੈਠਾ ਸੀ, ਸਾਨੂੰ ਬਿਟਰ ਬਿਟਰ ਦੇਖਦਾ ਹੀ ਰਿਹਾ। ਬਾਹਰ ਨਿਕਲ ਕੇ ਸਕਿਉਰਿਟੀ ਵਾਲੇ ਨੇ ਫਿਰ ਦਰਵਾਜ਼ੇ ਨੂੰ ਜਿੰਦਾ ਲਾ ਦਿੱਤਾ ਤੇ ਵਾਪਿਸ ਅਸੀਂ ਉਨ੍ਹਾਂ ਗਲੀਆਂ ਰਾਹੀਂ ਟੈਕਸੀ ਕੋਲ ਆ ਗਏ। ਉਥੋਂ ਬੈਠ ਕੇ ਸ਼ਹਿਰ ਦੇ ਵਿਚੋ-ਵਿਚੀ ਸਾਨੂੰ ਇਕ ਹੋਰ ਥਾਂ ਲਿਜਾ ਕੇ ਉਤਾਰ ਲਿਆ।

ਇਹ ਇਕ ਪੁਰਾਣਾ ਮੁਹੱਲਾ ਹੀ ਸੀ ਤੇ ਛੋਟੇ ਛੋਟੇ ਨਿਆਣੇ ਵੀ ਗਲੀ ਵਿਚ ਖੇਡਦੇ ਸਨ। ਸਾਨੂੰ ਦੇਖ ਕੇ ਖੇਡਣੋਂ ਹਟ ਗਏ ਤੇ ਦੇਖਣ ਲਗ ਪਏ। ਇਕ ਮੁੰਡਾ ਤਕਰੀਬਨ 12-14 ਸਾਲ ਦਾ ਹੋਣਾ। ਕਮੀਜ਼ ਸਲਵਾਰ ਪਾਈ ਓ ਸੀ, ਸਿਰ 'ਤੇ ਟੋਪੀ ਵੀ ਸੀ, ਦੂਰੋਂ ਹੀ ਦੇਖ ਕੇ ਕੁਝ ਇਸ਼ਾਰਾ ਜਿਹਾ ਕਰਕੇ ਹੱਥ ਜੋੜ ਕੇ ਮੱਥੇ ਨੂੰ ਲਾਈ ਜਾਵੇ ਤੇ ਇਕ ਪਾਸੇ ਵਲ ਨੂੰ ਹੱਥ ਕਰਕੇ ਇਸ਼ਾਰਾ ਕਰੀ ਜਾਵੇ। ਸਕਿਉਰਿਟੀ ਵਾਲੇ ਨੇ ਦੱਸਿਆ ਕਿ ਇਸੇ ਮੁਹੱਲੇ ਦਾ ਰਹਿਣ ਵਾਲਾ ਤੇ ਸਿੱਧਾ ਹੈ। ਅਸਲ ਵਿਚ ਉਹ ਸਾਨੂੰ ਦੱਸ ਰਿਹਾ ਸੀ ਕਿ ਗੁਰਦੁਆਰਾ ਇਧਰ ਹੈ। ਇਸ ਗੁਰਦੁਆਰੇ ਦਾ ਨਾਂ ਸਕਿਉਰਿਟੀ ਵਾਲੇ ਨੇ "ਗੁਰਦੁਆਰਾ ਭਾਈ ਲਾਲੋ ਦੀ ਖੂਹੀ" ਦੱਸਿਆ। ਇਹ ਘਰਾਂ ਦੇ ਵਿਚ ਘਰ ਵਰਗਾ ਹੀ ਹੈ। ਇਸਨੂੰ ਬਾਹਰੋਂ ਦਰਵਾਜ਼ੇ ਨੂੰ ਜਿੰਦਾ ਲੱਗਿਆ ਹੋਇਆ ਸੀ ਜੋ ਪੁਲਿਸ ਵਾਲੇ ਨੇ ਖੋਲ੍ਹਿਆ। ਅੰਦਰ ਇਕ ਖੂਹੀ ਹੈ, ਛੋਟਾ ਜਿਹਾ ਵਿਹੜਾ ਹੈ ਤੇ ਇਕ ਕਮਰਾ ਆਪਣੇ ਪਿੰਡਾਂ ਦੇ ਦਲਾਨ ਵਰਗਾ ਹੈ। ਉਨ੍ਹਾਂ ਨੇ ਦੱਸਿਆ ਕਿ ਇਹੋ ਭਾਈ ਲਾਲੋ ਦਾ ਘਰ ਵੀ ਸੀ ਤੇ ਕੰਮ ਕਰਨ ਵਾਲੀ ਜਗ੍ਹਾ ਵੀ। ਅੰਦਰ ਇਕ ਪਾਸੇ ਵਲ ਨੂੰ ਫਰਸ਼ ਤੇ ਹੀ ਚਾਦਰ ਵਿਛਾਈ ਹੋਈ ਸੀ ਤੇ ਸ਼ਾਇਦ ਇਕ ਗੁਰੂ ਨਾਨਕ ਜੀ ਦੀ ਫੋਟੋ ਵੀ ਸੀ ਜੋ ਕਿਸੇ ਸ਼ਰਧਾਲੂ ਸਿੱਖ ਯਾਤਰੀ ਨੇ ਰੱਖ ਦਿੱਤੀ ਹੋਣੀ ਹੈ। ਉਨ੍ਹਾਂ ਨੇ ਵੀ ਸਾਨੂੰ ਮਲਕ ਭਾਗੋ ਵਾਲੀ ਸਾਖੀ ਸੁਣਾਈ ਕਿ ਇਸੇ ਜਗ੍ਹਾ 'ਤੇ ਬਾਬੇ ਨੇ ਮਲਿਕ ਭਾਗੋ ਦੇ ਮਾਹਲ-ਪੂੜਿਆਂ 'ਚੋਂ ਲਹੂ ਨਿਚੋੜ ਕੇ ਦਿਖਾਇਆ ਤੇ ਭਾਈ ਲਾਲੋ ਦੀ ਸੁੱਕੀ ਰੋਟੀ ਵਿਚੋਂ ਦੁੱਧ-ਅੰਮ੍ਰਿਤ ਕੱਢਿਆ।

ਮਲਿਕ ਭਾਗੋ ਬਾਰੇ ਉਨ੍ਹਾਂ ਦੱਸਿਆ ਕਿ ਇਲਾਕੇ ਦਾ ਚੌਧਰੀ ਸੀ ਤੇ ਹਿੰਦੂ ਸੀ, ਬੜੀ ਵੱਡੀ ਜਗੀਰ ਦਾ ਮਾਲਕ ਸੀ ਤੇ ਮੁਜ਼ਾਰਿਆਂ ਤੇ ਬੜਾ ਜ਼ੁਲਮ ਵੀ ਕਰਦਾ ਪਰ ਧਰਮੀ ਹੋਣ ਦਾ ਢੌਂਗ ਵੀ ਰਚਦਾ। ਸਾਧੂਆਂ ਸੰਤਾਂ ਨੂੰ ਸੱਦ ਕੇ ਜੱਗ ਕਰਾਉਂਦਾ ਤੇ ਆਪਣੀ ਭੱਲ ਬਣਾਉਂਦਾ। ਸ਼ਾਇਦ ਬਾਬਾ ਨਾਨਕ ਜੀ ਉਹਦੇ ਪਾਖੰਡ ਨੂੰ ਹੀ ਨੰਗਾ ਕਰਨ ਲਈ ਉਥੇ ਪਹੁੰਚੇ ਹੋਣੇ ਨੇ। ਉੱਦਾਂ ਤਾਂ ਭਾਈ ਲਾਲੋ ਦਾ ਘਰ ਕੱਚਾ ਢਾਰਾ ਹੀ ਹੋਣਾ ਤੇ ਵਿਚੇ ਹੀ ਕੰਮਕਾਰ ਵਾਲਾ ਸੰਦ-ਸੰਦੇੜਾ ਵੀ। ਫਿਰ ਵੀ ਬਾਬੇ ਨੇ ਉਹਦਾ ਘਰ ਹੀ ਕਿਉਂ ਰਹਿਣ ਨੂੰ ਚੁਣਿਆ, ਜਦੋਂ ਕਿ ਇਲਾਕੇ ਦਾ ਅਮੀਰ ਮਲਿਕ ਭਾਗੋ ਉਨ੍ਹਾਂ ਨੂੰ ਆਪਣੇ ਮਹੱਲ ਵਿਚ ਰੱਖਣ ਲਈ ਤਰਲੇ ਕੱਢਦਾ ਹੋਵੇਗਾ। ਸ਼ਾਇਦ ਅੱਜ ਦਾ ਕੋਈ ਸਾਧ ਹੁੰਦਾ ਤਾਂ ਸਿੱਧਾ ਜਾਂਦਾ ਹੀ ਉਥੇ, ਪਰ ਬਾਬੇ ਨੇ ਤਾਂ ਕਿਰਤ ਦੀ ਵਡਿਆਈ ਦੁਨੀਆਂ ਨੂੰ ਦੱਸਣੀ ਸੀ। ਉਹਦੇ ਲਈ ਭਾਈ ਲਾਲੋ ਦਾ ਕੱਚਾ ਕੋਠਾ ਬਾਬੇ ਨੂੰ ਮਹੱਲ ਨਾਲੋਂ ਦਰੁਸਤ ਲੱਗਿਆ ਕਿਉਂਕਿ ਏਸ ਕੋਠੇ ਨੇ ਤਾਂ ਰਹਿੰਦੀ ਦੁਨੀਆਂ ਤਕ ਸੁੱਚੀ ਕਿਰਤ ਦਾ ਸੁਨੇਹਾ ਦੇਣਾ ਸੀ। ਜੇ ਸਮਾਜੀ ਤੌਰ 'ਤੇ ਦੇਖੀਏ ਤਾਂ ਲਾਲੋ ਦੀ ਹੈਸੀਅਤ ਕੀ ਸੀ? ਵਿਚਾਰਾ ਲੁਹਾਰੇ-ਤਰਖਾਣੇ ਦੀਆਂ ਸੇਪੀਆਂ ਕਰਕੇ ਲੋਕਾਂ ਤੋਂ ਦੋ ਮਣ ਦਾਣੇ ਕਮਾਉਂਦਾ ਸੀ ਤਾਂ ਰੋਟੀ ਦਾ ਜੁਗਾੜ ਬਣਦਾ ਹੋਣਾ। ਪਰ ਬਾਬੇ ਨੇ ਉਹਦੇ ਕੋਲ ਰਹਿ ਕੇ ਉਹਦੀ ਅੱਠਾਂ ਪਹਿਰਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਵੀ ਘੋਖਿਆ ਹੋਣਾ ਤਾਂ ਉਸ ਵਿਚ ਬ੍ਰਹਮਗਿਆਨੀ ਦੇ ਦਰਸ਼ਨ ਹੋਏ ਹੋਣੇ ਤਾਂਹੀਓਂ ਤਾਂ ਬਾਬੇ ਨੇ ਉਹਨੂੰ ਰਹਿੰਦੀ ਦੁਨੀਆਂ ਤਕ ਅਮਰ ਕਰ ਦਿੱਤਾ।

ਗੁਰੂ ਨਾਨਕ ਨੇ ਜਿੰਨੀ ਗੁਰਬਾਣੀ ਉਚਾਰੀ, ਕਿਸੇ ਵੀ ਦੁਨੀਆਂਦਾਰ ਬੰਦੇ ਨੂੰ ਨਾ ਸੰਬੋਧਿਤ ਕੀਤੀ ਤੇ ਨਾ ਹੀ ਕਿਤੇ ਨਾਮ ਲਿਆ ਪਰ ਭਾਈ ਲਾਲੋ ਦਾ ਨਾਮ ਗੁਰੂ ਗ੍ਰੰਥ ਸਾਹਿਬ ਵਿਚ 'ਸੱਤ' ਵਾਰ ਆਇਆ। ਜਿੰਨੀ ਦੇਰ ਦੁਨੀਆ ਰਹੂਗੀ, ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਰਹੇਗੀ ਤੇ ਭਾਈ ਲਾਲੋ ਦਾ ਨਾਂ ਵੀ। ਉਸ ਕਮਰੇ ਵਿਚ ਖੜ੍ਹ ਕੇ ਮਹਿਸੂਸ ਕੀਤਾ ਕਿ ਇਹ ਥਾਂ ਕਿੰਨੀ ਭਾਗਾਂ ਵਾਲੀ ਹੈ ਕਿ ਅਕਾਲ ਪੁਰਖ ਦੀ ਬਾਣੀ ਇਥੇ ਵੀ ਬਾਬੇ ਨਾਨਕ ਨੇ ਉਚਾਰੀ ਤੇ ਉਸ ਗਰੀਬੜੇ ਭਾਈ ਲਾਲੋ ਦੀ ਇਸੇ ਕੁੱਲੀ ਵਿਚੋਂ ਬਾਬਰ ਨੂੰ ਵੰਗਾਰਿਆ। ਉਸ ਦਾ ਹੀ ਅਸਰ ਪਿਆ ਕਿ ਸੰਨ 1699 ਨੂੰ ਕੁੱਲੀਆਂ ਵਾਲੇ ਹੀ ਸਿਰ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਸਨਮੁੱਖ ਪੇਸ਼ ਹੋਏ ਤੇ ਜ਼ੁਲਮੀ ਸਲਤਨਤ ਨੂੰ ਨੇਸਤੋ-ਨਾਬੂਦ ਕਰਨ ਲਈ ਸ਼ਮਸ਼ੀਰ ਉਠਾਈ। ਉਹੋ ਨਾਨਕ ਗਰਜ ਖਾਲਸੇ ਵਿਚ ਪ੍ਰਗਟ ਹੋਈ। ਉਸ ਜਗ੍ਹਾ ਤੇ ਖੜ੍ਹ ਕੇ ਭਾਈ ਲਾਲੋ ਦੀ ਸੁੱਚੀ ਕਿਰਤ ਨੂੰ ਅਸੀਂ ਫਿਰ ਸਜਦਾ ਕੀਤਾ ਤੇ ਚਾਲੇ ਪਾ ਲਏ।



ਗੁਰਦੁਆਰਾ ਰੋੜੀ ਸਾਹਿਬ

ਇਸ ਤੋਂ ਬਾਅਦ ਸਾਡਾ ਕਰਤਾਰਪੁਰ ਜਾਣ ਦਾ ਪ੍ਰੋਗਰਾਮ ਸੀ। ਸਕਿਉਰਿਟੀ ਵਾਲਾ ਕਹਿੰਦਾ ਕਿ ਮੈਨੂੰ ਤਾਂ ਬਾਹਰ ਅੱਡੇ 'ਤੇ ਹੀ ਲਾਹ ਦਿਓ। ਉਥੋਂ ਆਪੇ ਹੀ ਕੁਝ ਪ੍ਰਬੰਧ ਕਰਕੇ ਗੁਰਦੁਆਰਾ ਰੋੜੀ ਸਾਹਿਬ ਚਲਾ ਜਾਵਾਂਗਾ। ਅਸੀਂ ਪੁਲਿਸ ਵਾਲੇ ਦਾ ਧੰਨਵਾਦ ਕੀਤਾ ਤੇ ਮੇਰੇ ਭਰਾ ਨੇ ਮੱਲੋਮੱਲੀ ਉਹਨੂੰ ਕੁਝ ਪੈਸੇ ਦੇ ਹੀ ਦਿੱਤੇ ਸੇਵਾ ਪਾਣੀ ਲਈ ਪਰ ਅਸੀਂ ਦਿਲੋਂ ਉਹਦੇ ਬੜੇ ਸ਼ੁਕਰਗੁਜ਼ਾਰ ਸੀ ਕਿ ਉਹ ਆਪ ਨਾਲ ਆ ਕੇ ਜਿੰਦੇ ਖੋਲ੍ਹ ਕੇ ਦਿਖਾਉਂਦਾ ਸੀ ਤੇ ਜਿੰਨੀ ਕੁ ਜਾਣਕਾਰੀ ਸੀ, ਉਹ ਵੀ ਦਿੰਦਾ ਸੀ। ਉਸ ਨੇ ਦੱਸਿਆ ਕਿ ਏਮਨਾਬਾਦ ਦੇ ਇਨ੍ਹਾਂ ਗੁਰਦੁਆਰਿਆਂ ਦੀ ਸਕਿਉਰਿਟੀ 'ਤੇ ਉਹਦੀ ਇਕੱਲੇ ਦੀ ਹੀ ਡਿਊਟੀ ਹੈ, ਗਾਹੇ ਬਗਾਹੇ ਵੱਡੇ ਅਫਸਰ ਚੈਕ ਕਰਨ ਆਉਂਦੇ ਹੀ ਰਹਿੰਦੇ ਹਨ। ਟੈਕਸੀ ਵਾਲੇ ਨੇ ਉਸ ਪੁਲਿਸ ਵਾਲੇ ਤੋਂ ਪਿੰਡਾਂ ਵਿਚੋਂ ਦੀ ਕਰਤਾਰਪੁਰ ਸਾਹਿਬ ਲਈ ਨੇੜਲਾ ਰਸਤਾ ਵੀ ਪੁੱਛ ਲਿਆ। ਅਸੀਂ ਚਾਹੁੰਦੇ ਵੀ ਇਹੋ ਸੀ ਕਿ ਪਿੰਡ ਥੋੜ੍ਹੇ ਨੇੜਿਓਂ ਦੇਖੇ ਜਾਣ। ਉਦੋਂ ਤਾਂ ਅਸੀਂ ਸਮਝਿਆ ਕਿ 40-50 ਕਿਲੋਮੀਟਰ ਹੀ ਹੋਣਾ ਪਰ ਬਾਅਦ 'ਚ ਪਤਾ ਲੱਗਾ ਕਿ ਇਹ ਨੇੜਲਾ ਰਸਤਾ ਵੀ ਸਵਾ ਸੌ ਕਿਲੋਮੀਟਰ ਤੋਂ ਵਧ ਹੈ।

ਜਿਸ ਸੜਕ 'ਤੇ ਸਾਡੀ ਟੈਕਸੀ ਜਾ ਰਹੀ ਸੀ, ਚੰਗੀ ਹਾਲਤ ਵਿਚ ਸੀ ਤੇ ਟਰੈਫਿਕ ਤਾਂ ਨਾਂਮਾਤਰ ਹੀ ਸੀ। ਜ਼ਿਆਦਾਤਰ ਪਿੰਡਾਂ ਦੇ ਲੋਕੀਂ ਹਾਂਡਾ ਮੋਟਰਸਾਈਕਲ ਹੀ ਚਲਾਉਂਦੇ ਦਿਸੇ। ਪਿੰਡਾਂ ਦੀਆਂ ਲਿੰਕ ਸੜਕਾਂ ਵੀ ਚੜ੍ਹਦੇ ਪੰਜਾਬ ਵਰਗੀਆਂ ਹੀ ਲੱਗੀਆਂ ਪਰ ਜਿੱਦਾਂ ਆਪਣੇ ਵਾਲੇ ਪਾਸੇ ਪਿੰਡਾਂ ਦੇ ਨਾਵਾਂ ਦੇ ਬੋਰਡ ਲੱਗੇ ਹੋਏ ਹਨ, ਇਸ ਤਰ੍ਹਾਂ ਦੇ ਉਧਰ ਨਹੀਂ ਦਿਸੇ। ਜਿੱਥੇ ਕਿਤੇ ਨਹਿਰ ਦਾ ਸੂਆ ਆਉਂਦਾ ਤਾਂ ਜ਼ਰੂਰ ਉਰਦੂ ਵਿਚ ਲਿਖਿਆ ਹੋਇਆ ਦਿਸਦਾ। ਇਸ ਸਾਰੇ ਸਫ਼ਰ ਵਿਚ ਅਸੀਂ ਤਿੰਨ ਕੁ ਪਿੰਡਾਂ ਵਿਚੋਂ ਨਿਕਲੇ ਤੇ ਉਹ ਜ਼ਿਆਦਾਤਰ ਉਸ ਸੜਕ ਤੋਂ ਥੋੜ੍ਹੇ ਹਟਵੇਂ ਹੁੰਦੇ ਸਨ। ਪਿੰਡਾਂ ਦੇ ਅੱਡਿਆਂ ਵਿਚ ਚਾਹ, ਸੋਡੇ, ਫਲਾਂ, ਸਬਜ਼ੀਆਂ ਤੇ ਕਰਿਆਨੇ ਦੀਆਂ ਦੁਕਾਨਾਂ ਵੀ ਦਿਸੀਆਂ। ਬੱਸ ਕੋਈ ਵਿਰਲੀ ਹੀ ਇਸ ਸੜਕ 'ਤੇ ਚਲਦੀ ਦਿਸੀ। ਉਸ ਵਕਤ ਝੋਨਾ ਤਿਆਰ ਹੋਇਆ ਪਿਆ ਸੀ। ਸੜਕ ਦੇ ਦੋਹੀਂ ਪਾਸੀਂ ਜਿੱਥੇ ਤਕ ਵੀ ਨਿਗ੍ਹਾ ਜਾਂਦੀ ਸੀ, ਝੋਨਾ ਹੀ ਝੋਨਾ ਦਿਸਦਾ ਸੀ, ਹੋਰ ਕੋਈ ਫਸਲ ਨਹੀਂ ਦਿਸੀ। ਕਿਤੇ-ਕਿਤੇ ਝੋਨਾ ਝਾੜਨਾ ਲੋਕਾਂ ਨੇ ਸ਼ੁਰੂ ਵੀ ਕੀਤਾ ਸੀ ਤੇ ਦੋ ਥਾਵਾਂ 'ਤੇ ਕੰਬਾਈਨ ਵੀ ਵੱਢਣ ਲੱਗੀ ਹੋਈ ਸੀ।

ਕਾਦਿਰ ਭਾਈ ਨੇ ਦੱਸਿਆ ਕਿ ਇਹ ਜ਼ਿਆਦਾਤਰ ਬਾਸਮਤੀ ਹੈ, ਝੋਨਾ ਬੜਾ ਘੱਟ ਹੈ। ਜਿਹੜੇ ਪਿੰਡ ਕੁਝ ਨੇੜੇ ਦਿਸੇ, ਉਨ੍ਹਾਂ ਦੇ ਮਕਾਨ ਸੀ ਤਾਂ ਪੱਕੇ ਪਰ ਆਪਣੇ ਵਲ ਦੇ ਪਿੰਡਾਂ ਦੇ ਘਰਾਂ ਵਾਂਗੂ ਚਮਕਦਾ ਰੰਗ-ਰੋਗਨ ਨਹੀਂ ਸੀ ਕੀਤਾ ਹੋਇਆ। ਜ਼ਿਆਦਾਤਰ ਇੱਟਾਂ ਨੂੰ ਬਾਹਰੋਂ ਟੀਪ ਹੀ ਕੀਤੀ ਹੋਈ ਸੀ। ਚੜ੍ਹਦੇ ਪੰਜਾਬ ਦੇ ਪਿੰਡਾਂ ਵਾਲਾ 'ਕੋਠੀ ਕਲਚਰ' ਤਾਂ ਪੂਰੀ ਤਰ੍ਹਾਂ ਗਾਇਬ ਹੈ। ਪਿੰਡ ਆਉਂਦੇ ਵੀ 5-6 ਮੀਲਾਂ ਤੋਂ ਬਾਅਦ ਸੀ। ਜਿਸ ਸੜਕ 'ਤੇ ਅਸੀਂ ਜਾ ਰਹੇ ਸੀ, ਉਸ ਦੇ ਦੁਆਲੇ ਦਰਖਤ ਨਹੀਂ ਸਨ ਤੇ ਕਿਤੇ ਕਿਤੇ ਤਾਂ ਕੋਈ ਵੀ ਪਿੰਡ ਨਜ਼ਰ ਨਹੀਂ ਸੀ ਆਉਂਦਾ। ਪਿੰਡਾਂ ਵਿਚ ਕੁਝ ਘਰ ਜਾਂ ਪਸ਼ੂਆਂ ਦੇ ਕੋਠੇ ਕੱਚੇ ਵੀ ਲੱਗੇ ਪਰ ਬਹੁਤੇ ਨਹੀਂ। ਜਿਨ੍ਹਾਂ ਪਿੰਡਾਂ ਦੇ ਵਿਚੀਂ ਉਹ ਸੜਕ ਗਈ, ਉਥੇ ਕਈ ਹਵੇਲੀਨੁਮਾ ਘਰ ਵੀ ਦਿਸੇ। ਇਹ ਘਰ ਪਿੰਡਾਂ ਦੇ ਜਗੀਰਦਾਰਾਂ, ਚੌਧਰੀਆਂ ਦੇ ਸਨ। ਇੰਨੀ ਵਧੀਆ ਫਸਲ ਤੇ ਪਿੰਡ ਬੜੀ ਦੂਰ-ਦੂਰ, ਕਹਿਣ ਦਾ ਮਤਲਬ ਕਿ ਆਬਾਦੀ ਬੜੀ ਘੱਟ। ਇਹਦਾ ਮਤਲਬ ਸੀ ਕਿ ਲੋਕਾਂ ਕੋਲ ਜ਼ਮੀਨਾਂ ਦੇ ਟੱਕ ਵੱਡੇ ਹਨ, ਫਿਰ ਕਿਉਂ ਘਰ ਬਹੁਤੇ ਵਧੀਆ ਨਹੀਂ ਬਣਾਏ? ਇਹਦਾ ਜੁਆਬ ਵੀ ਕਾਦਿਰ ਭਾਈ ਨੇ ਦਿੱਤਾ ਕਿ ਇਥੇ ਅਜੇ ਜਗੀਰਦਾਰੀ ਸਿਸਟਮ ਚਲਦਾ ਹੈ। ਜ਼ਮੀਨ ਤਾਂ ਸਾਰੀ ਜਗੀਰਦਾਰਾਂ ਦੀ ਹੀ ਹੈ, ਲੋਕੀਂ ਤਾਂ ਮੁਜ਼ਾਰੇ ਹਨ, ਪਰ ਹੈਨ ਪੱਕੇ ਤੇ ਜ਼ਿਮੀਂਦਾਰ ਉਨ੍ਹਾਂ ਨੂੰ ਜ਼ਮੀਨ ਤੋਂ ਕੱਢ ਨਹੀਂ ਸਕਦਾ। ਉਹ ਜ਼ਿਮੀਂਦਾਰ ਨੂੰ ਫਸਲ ਦਾ ਹਿੱਸਾ ਦਿੰਦੇ ਹਨ। ਜ਼ਮੀਨ ਸਾਰੀ ਹੀ ਸਾਵੀਂ ਪੱਧਰੀ ਹੈ ਤੇ ਪਾਣੀ ਨਹਿਰਾਂ ਦਾ ਵੀ ਲੱਗਦਾ ਤੇ ਟਿਊਬਵੈਲਾਂ ਦਾ ਵੀ। ਬਿਜਲੀ ਨਾਲ ਚੱਲਣ ਵਾਲੇ ਟਿਊਬਵੈਲ ਕੋਈ ਵੀ ਨਹੀਂ ਦਿਸਿਆ। ਸਾਰੇ ਟਿਊਬਵੈਲ ਪੀਟਰ ਇੰਜਣਾਂ ਨਾਲ ਹੀ ਚੱਲਦੇ ਹਨ।

ਜ਼ਮੀਨੀ ਪਾਣੀ ਸਾਡੇ ਪੰਜਾਬ ਵਾਂਗ ਪਤਾਲ 'ਚ ਨਹੀਂ ਪਹੁੰਚ ਚੁੱਕਾ ਕਿਉਂਕਿ ਸਾਰੇ ਪੱਖੇ (ਪੰਪ) ਜ਼ਮੀਨ 'ਤੇ ਹੀ ਪਏ ਸਨ ਤੇ ਚਾਰ ਇੰਚ ਦਾ ਪਾਈਪ ਪੂਰਾ ਭਰ ਕੇ ਪ੍ਰੈਸ਼ਰ ਮਾਰਦੇ ਸਨ। ਉਹ ਟਿਊਬਵੈਲ ਅਸਲ ਵਿਚ ਐਮਰਜੈਂਸੀ ਲਈ ਹੀ ਹਨ ਕਿਉਂਕਿ ਪਾਣੀ ਤਾਂ ਨਹਿਰਾਂ ਦਾ ਹੀ ਲੱਗਦਾ, ਜੇ ਕਦੇ ਨਹਿਰ 'ਚ ਪਾਣੀ ਨਾ ਹੋਵੇ ਤਾਂ ਚਲਾਉਂਦੇ ਹਨ। ਨਹਿਰਾਂ-ਸੂਏ ਸਾਨੂੰ ਕਾਫੀ ਦਿਸੇ। ਇਸ ਪਾਸੇ ਵਲ ਦੀਆਂ ਸਾਰੀਆਂ ਨਹਿਰਾਂ ਝਨਾਂ ਦਰਿਆ 'ਚੋਂ ਹੀ ਕੱਢੀਆਂ ਹੋਈਆਂ ਹਨ। ਹਾੜੀ ਦੀ ਫਸਲ ਕਣਕ ਹੀ ਹੈ ਭਾਵ ਕਿ ਕਣਕ-ਝੋਨੇ ਦਾ ਹੀ ਫਸਲੀ ਚੱਕਰ ਹੈ। ਪਾਣੀ ਦੀ ਵੀ ਕੋਈ ਕਮੀ ਨਹੀਂ। ਜਦੋਂ ਮੈਂ ਇਸ ਗੱਲ ਨੂੰ ਆਪਣੇ ਪੰਜਾਬ ਨਾਲ ਮੇਲ ਕੇ ਦੇਖਿਆ ਤਾਂ ਗੱਲ ਕੋਈ ਸਮਝ ਨਾ ਲੱਗੇ ਕਿਉਂਕਿ ਅੱਜ ਪੰਜਾਬੀਆਂ ਨੂੰ ਇਕੋ ਮੱਤ ਹੀ ਦੇਈ ਜਾਂਦੇ ਹਨ ਕਿ ਕਣਕ-ਝੋਨੇ ਦੇ ਫਸਲੀ ਚੱਕਰ 'ਚੋਂ ਨਿਕਲੋ, ਕਿਉਂਕਿ ਜ਼ਮੀਨ ਵਿਚਲਾ ਪਾਣੀ ਇਨ੍ਹਾਂ ਫਸਲਾਂ ਕਰਕੇ ਹੀ ਥੱਲੇ ਗਿਆ ਪਰ ਪਾਕਿਸਤਾਨ ਵਾਲੇ ਪੰਜਾਬ ਵਿਚ ਇਹ ਕਿਉਂ ਨਹੀਂ? ਜਿਹੜਾ ਚਲਵੀਂ ਨਜ਼ਰ ਵਿਚ ਮੈਨੂੰ ਲੱਗਾ ਉਹ ਹੈ ਗਾਂਧੀਵਾਦੀਆਂ ਦਾ ਪੰਜਾਬ ਨਾਲ ਫਰੇਬ।



*(ਬਾਕੀ ਅਗਲੇ ਅੰਕ 'ਚ)*

# ਜੱਟ ਵਾਂਗ ਨਾ ਜਾਤ ਕੁਰਖ਼ਤ ਕੋਈ

## ਸੱਚੋ-ਸੱਚ

**ਡਾ. ਹਰਚੰਦ ਸਿੰਘ ਸਰਹਿੰਦੀ**

ਜੱਟ ਦੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਤੋਂ ਲਗਪਗ ਹਰ ਪੰਜਾਬੀ ਵਾਕਿਫ ਹੈ, ਪਰ ਇਹ ਕਿਸੇ ਵਿਰਲੇ ਨੂੰ ਹੀ ਪਤਾ ਹੋਵੇਗਾ ਕਿ ਆਖਿਰ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਨੇ ਜੱਟ ਨੂੰ ਸੁਭਾਅ ਪੱਖੋਂ ਕੁਝ ਵਿਸ਼ੇਸ਼ ਗੁਣ ਧਾਰਨ ਕਰਨ ਲਈ ਮਜਬੂਰ ਕੀਤਾ ਹੈ। ਹਥਲੇ ਲੇਖ ਵਿਚ ਸਾਹਿਤਕ ਹਵਾਲਿਆਂ ਦੀ ਰੌਸ਼ਨੀ ਵਿਚ, ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ ਜਿਨ੍ਹਾਂ ਨੇ ਜੱਟ ਨੂੰ ਸੁਭਾਅ ਪੱਖੋਂ ਨਿਵੇਕਲੀ ਪਛਾਣ ਦਿੱਤੀ ਹੈ। ਇਸ ਸਬੰਧ ਵਿਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਜੱਟ ਦੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਦਾ ਇਕ ਨਿਸ਼ਚਿਤ ਵਿਗਿਆਨਕ ਆਧਾਰ ਹੈ। ਇਸ ਬੁਨਿਆਦੀ ਤੱਥ ਨੂੰ ਧੁਰਾ ਮਿਥ ਕੇ, ਗੱਲ ਦੀ ਲੜੀ ਨੂੰ ਕੁਝ ਇਸ ਤਰ੍ਹਾਂ ਤੋਰਿਆ ਜਾ ਸਕਦਾ ਹੈ:



ਭਾਰਤੀ ਸਮਾਜ, ਜਾਤੀਆਂ ਦੇ ਆਧਾਰ 'ਤੇ ਵੱਖ-ਵੱਖ ਵਰਗਾਂ ਵਿਚ ਵੰਡਿਆ ਹੋਇਆ ਹੈ। ਜਨਮ ਦੇ ਆਧਾਰ 'ਤੇ ਮਨੁੱਖਤਾ ਵਿਚਾਲੇ ਪਾਏ ਪਾਉਂਦੀਆਂ ਇਹ ਲਕੀਰਾਂ ਅੱਜ ਵੀ, ਥੋੜ੍ਹੇ ਫਰਕ ਨਾਲ, ਜਿਉਂ ਦੀਆਂ ਤਿਉਂ ਕਾਇਮ ਹਨ। ਚੇਤੇ ਰਹੇ! ਇਹ ਰਚਨਾ ਪੂਰਨ ਰੂਪ ਵਿਚ ਵਿਗਿਆਨਕ ਲੀਹਾਂ 'ਤੇ ਰਚੀ ਜਾ ਰਹੀ ਹੈ। ਸੋ ਇਸ ਨੂੰ ਪੜ੍ਹਦਿਆਂ, ਜਾਤਪਾਤ ਵਾਲੀ ਮਨੂੰਵਾਦੀ ਸੋਚ ਨੂੰ ਨੇੜੇ ਨਾ ਫਟਕਣ ਦਿੱਤਾ ਜਾਵੇ।

ਜਾਤੀਆਂ ਦੇ ਵਰਗੀਕਰਨ ਦਾ ਸਿਧਾਂਤ ਹਰ ਜਾਤੀ ਨੂੰ ਇਕ ਵਿਸ਼ੇਸ਼ ਕਿੱਤਾ ਅਪਨਾਉਣ ਲਈ ਮਜਬੂਰ ਕਰਦਾ ਹੈ। ਫਲਸਰੂਪ, ਹਰ ਜਾਤੀ ਨੇ ਆਪਣੇ ਕੰਮ ਦੀ ਵਿਧੀ ਦੇ ਆਧਾਰ 'ਤੇ ਕੁਝ ਵਿਸ਼ੇਸ਼ ਗੁਣ ਤੇ ਲੱਛਣ ਧਾਰਨ ਕਰ ਲਏ, ਜੋ ਨਸਲ-ਦਰ-ਨਸਲ ਮਜ਼ਬੂਤ ਹੁੰਦੇ ਗਏ। ਇਸ ਤਰ੍ਹਾਂ ਹੌਲੀ ਹੌਲੀ ਅਤੇ ਸਿਲਸਿਲੇਵਾਰ ਪਰਿਵਰਤਨਾਂ ਦੇ ਸਿੱਟੇ ਵਜੋਂ ਹਰ ਜਾਤੀ ਦੀ ਸਰੀਰਕ ਬਣਤਰ ਅਤੇ ਡੀਲ-ਡੌਲ ਉਸ ਦੇ ਕੰਮ ਧੰਦੇ ਅਨੁਸਾਰ ਢਲ ਗਈ। ਮਿਸਾਲ ਵਜੋਂ, ਲੁਹਾਰ ਦੇ ਕਿੱਤੇ ਨੇ ਉਸ ਦੀਆਂ ਬਾਹਾਂ ਦੇ ਪੱਠਿਆਂ ਨੂੰ ਮਜ਼ਬੂਤ ਅਤੇ ਹੱਥਾਂ ਨੂੰ ਭਾਰੇ, ਠੋਸ ਤੇ ਫੌਲਾਦੀ ਬਣਾ ਦਿੱਤਾ। ਇਥੇ ਹੀ ਬਸ ਨਹੀਂ, ਸ਼ਕਲ-ਸੂਰਤ ਤੇ ਰੰਗ-ਰੂਪ 'ਤੇ ਵੀ ਕਿੱਤੇ ਨੇ ਆਪਣੀ ਮੋਹਰ ਲਗਾ ਦਿੱਤੀ। ਇਸ ਤਰ੍ਹਾਂ ਹਰ ਜਾਤੀ ਦੀ ਇਕ ਖਾਸ ਤਰ੍ਹਾਂ ਦੀ ਬਾਹਰੀ ਦਿੱਖ ਹੋਂਦ ਵਿਚ ਆ ਗਈ।

ਕਿੱਤੇ ਦੀ ਵੰਡ ਅਨੁਸਾਰ ਜੱਟ ਦੇ ਹਿੱਸੇ ਖੇਤੀਬਾੜੀ ਦਾ ਕੰਮ ਆਉਂਦਾ ਹੈ, ਜੋ ਸਖਤ ਮਿਹਨਤ ਅਤੇ ਤਕੜੇ ਸਰੀਰ ਦੀ ਮੰਗ ਕਰਦਾ ਹੈ। ਸੋ ਜੱਟ ਦਾ ਸਰੀਰਕ ਤੇ ਮਾਨਸਿਕ ਵਿਕਾਸ ਇਨ੍ਹਾਂ ਹੀ ਲੀਹਾਂ 'ਤੇ ਹੋਣ ਲੱਗਾ। ਖਾਣ-ਪੀਣ ਦੀ ਖੁੱਲ੍ਹੀ ਵਿਵਸਥਾ ਹੋਣ ਕਾਰਨ ਜੱਟ ਹੌਲੀ ਹੌਲੀ ਪੀੜ੍ਹੀ-ਦਰ-ਪੀੜ੍ਹੀ ਤਬਦੀਲੀਆਂ ਦੇ ਰੂਪ ਵਿਚ ਹੱਡੋਂ-ਪੈਰੋਂ ਖੁੱਲ੍ਹਾ, ਸੋਹਣੇ ਕੱਦ-ਕਾਠ ਤੇ ਸੁਡੌਲ ਸਰੀਰ ਵਾਲੇ ਮਨੁੱਖ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਣ ਲੱਗਾ। ... ਸੋਹਣੇ ਕੱਦ-ਕਾਠ ਤੇ ਤਕੜੇ ਜੁੱਸੇ ਵਾਲਾ ਹੋਣ ਕਾਰਨ ਹੀ ਜੱਟ ਬਾਰੇ ਇਹ ਧਾਰਨਾ ਪ੍ਰਚੱਲਤ ਹੈ ਕਿ ਲੜਾਈ-ਝਗੜੇ ਦੌਰਾਨ ਜੱਟ ਦੇ ਸਰੀਰ ਦੇ ਵੱਖ-ਵੱਖ ਭਾਗਾਂ 'ਤੇ ਲੱਗੇ ਡੂੰਘੇ ਤੇ ਗੰਭੀਰ ਕਿਸਮ ਦੇ ਫੱਟ, ਉਸ ਦਾ ਕੁਝ ਨਹੀਂ ਵਿਗਾੜ ਸਕਦੇ, ਬਸ਼ਰਤੇ ਕਿ ਉਸ ਦੀ ਘੰਡੀ ਸੁਰੱਖਿਅਤ ਰਹਿ ਗਈ ਹੋਵੇ।

ਕਿੱਤੇ ਦਾ ਅਸਰ ਮਾਨਸਿਕ ਸੋਚਣੀ ਨੂੰ ਕਬੂਲਣਾ ਪੈਂਦਾ ਹੈ। ਇਹੋ ਕਾਰਨ ਹੈ ਕਿ ਜੱਟ ਸੁਭਾਅ ਪੱਖੋਂ ਨਿਡਰ, ਖੁੱਲ੍ਹਾ-ਡੁੱਲ੍ਹਾ, ਅੱਖੜ ਪਰ ਸਾਫ਼ ਦਿਲ, ਅਕਸਰ ਕੁਰਖ਼ਤ ਤੇ ਮੂੰਹ-ਜ਼ੋਰ ਹੁੰਦਾ ਹੈ। ਜੱਟ ਦਾ ਇਸ ਤਰ੍ਹਾਂ ਦਾ ਸੁਭਾਅ ਉਸ ਦੇ ਕਿੱਤੇ ਦੀ ਮਜਬੂਰੀ ਹੈ। ਜ਼ਰਾ ਸੋਚੋ! ਜੇ ਜੱਟ ਨਿਡਰ ਨਹੀਂ ਹੋਵੇਗਾ ਤਾਂ ਰਾਤ ਬਰਾਤੇ 'ਸੱਪਾਂ ਦੀਆਂ ਸਿਰੀਆਂ ਕਿਵੇਂ ਮਿੱਧ ਸਕੇਗਾ'। ਜੱਟ ਦੀ ਤਾਸੀਰ ਦੇ ਜ਼ਿਕਰ 'ਚ ਵਾਰਿਸ ਸ਼ਾਹ ਲਿਖਦਾ ਹੈ:

> ਜੱਟ ਵਾਂਗ ਨਾ ਜਾਤ ਕੁਰਖ਼ਤ ਕੋਈ,
> ਨਾਜ਼ੁਕ ਤਬ੍ਹਾ ਨਾ ਮੁਸ਼ਕ ਕਾਫੂਰ ਜਿਹਾ।

ਤੇ ਸਾਡਾ ਲੋਕ ਸਾਹਿਤ ਵੀ ਜੱਟ ਨੂੰ ਸੁਭਾਅ ਪੱਖੋਂ ਮੂੰਹ-ਜ਼ੋਰ ਤੇ ਅਵੈੜਾ ਦੱਸਦਾ ਹੈ:

> ਜੱਟ ਵਿਗੜੇ ਮੁਰਸ਼ਦ ਨਾਲ,
> ਜਦ ਬੋਲੇ ਤਾਂ ਕੱਢੇ ਗਾਲ੍ਹ।

ਉਂਜ ਵੀ ਇਹ ਇਕ ਖੂਬ ਜਾਣੀ-ਪਛਾਣੀ ਸੱਚਾਈ ਹੈ ਕਿ ਜੱਟ ਬੋਲਣ ਲੱਗਿਆਂ ਅੱਗਾ-ਪਿੱਛਾ ਨਹੀਂ ਵੇਖਦਾ ਤੇ ਨਾ ਹੀ ਆਪਣਾ ਨਫਾ-ਨੁਕਸਾਨ। ਸ਼ਾਇਦ, ਤਾਹੀਉਂ ਇਹ ਕਹਾਵਤ ਪ੍ਰਚੱਲਤ ਹੈ ਕਿ 'ਰੱਬ ਨੇ ਜੱਟ ਦਾ ਮੂੰਹ ਕੁਹਾੜੇ ਨਾਲ ਪਾੜਿਆ ਹੋਇਆ ਹੈ।' ਇਸ ਸਬੰਧ ਵਿਚ ਇਕ ਮਿਥਿਹਾਸਕ ਕਥਾ ਵੀ ਪ੍ਰਚੱਲਤ ਹੈ: ਅਖੇ ਆਦਿ ਕਾਲ ਵਿਚ ਜੱਟ ਬੋਲਿਆ ਨਹੀਂ ਸਨ ਕਰਦੇ। ਇਕ ਵਾਰ ਪਾਰਬਤੀ ਦੇ ਜ਼ਿਦ ਕਰਨ 'ਤੇ ਸ਼ਿਵ ਜੀ ਨੇ ਰਾਹ 'ਚ ਗੁੰਮ-ਸੁੰਮ ਖੜ੍ਹੇ ਜੱਟ ਦਾ ਮੂੰਹ ਕੁਹਾੜੇ ਨਾਲ ਪਾੜ ਦਿੱਤਾ। ਜੱਟ ਸ਼ਿਵ ਜੀ ਮਹਾਰਾਜ ਨੂੰ ਵੀ ਪੈ ਨਿਕਲਿਆ ਸੀ।

ਜੱਟ, ਮੂੰਹ-ਜ਼ੋਰ ਹੋਣ ਦੇ ਨਾਲ-ਨਾਲ ਅੜੀਅਲ ਵੀ ਆਲ੍ਹਾ ਦਰਜੇ ਦਾ ਹੈ। ਐਵੇਂ ਤਾਂ ਨਹੀਂ ਕਹਿੰਦੇ ਕਿ 'ਜੱਟ ਤੇ ਫੱਟ, ਬੰਨ੍ਹੇ ਬਿਨਾਂ ਨਾ ਆਉਂਦੇ ਰਾਸ।' ਵਾਰਿਸ ਸ਼ਾਹ ਵੀ ਇਕ ਥਾਂ ਲਿਖਦਾ ਹੈ ਕਿ ਜੱਟ, ਫੱਟ, ਵੱਟ ਅਤੇ ਪੱਟ (ਕਸੀਦਾ ਕੱਢਣ ਵਾਲਾ ਰੇਸ਼ਮ), ਇਹ ਚਾਰੇ ਬੱਧੇ ਹੋਏ ਹੀ ਵਰ ਦਿੰਦੇ ਹਨ।...ਪਰ ਇਸ ਸਭ ਕੁਝ ਦੇ ਬਾਵਜੂਦ ਜੱਟ ਆਮ ਜੀਵਨ ਵਿਚ ਬਹੁਤ ਹੀ ਸਾਦਗੀ ਨਾਲ ਵਿਚਰਦਾ ਹੈ ਅਤੇ ਇਕ ਅੱਛਾ ਇਨਸਾਨ ਸਿੱਧ ਹੁੰਦਾ ਹੈ। ਅਖੌਤਾਂ ਰਾਹੀਂ ਜੀਵਨ ਦੀਆਂ ਅਟੱਲ ਸਚਾਈਆਂ ਸਾਡੇ ਤਕ ਪਹੁੰਚਦੀਆਂ ਹਨ। ਇਕ ਅਖੌਤ ਹੈ- 'ਯਾਰੀ ਜੱਟ ਦੀ ਤੂਤ ਦਾ ਮੋਛਾ, ਕਦੇ ਨਾ ਵਿਚਾਲੋਂ ਟੁੱਟਦੀ।' ਸੱਚਮੁੱਚ ਜੱਟ ਯਾਰਾਂ ਦਾ ਯਾਰ ਹੁੰਦਾ ਹੈ। ਆਪਣਾ ਨਫ਼ਾ-ਨੁਕਸਾਨ ਸੋਚੇ ਬਿਨਾਂ ਯਾਰ ਦੇ ਅੜੇ ਹੋਏ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਿਰ ਧੜ ਦੀ ਬਾਜ਼ੀ ਲਗਾ ਦਿੰਦਾ ਹੈ। ਹਾਂ! ਜੱਟ ਜਿੱਥੇ ਇਕ ਚੰਗਾ ਮਿੱਤਰ ਸਾਬਤ ਹੁੰਦਾ ਹੈ ਉਥੇ ਖੋਰੀ ਵੀ ਉਹ ਆਲ੍ਹਾ ਦਰਜੇ ਦਾ ਹੁੰਦਾ ਹੈ। ਗੋਦੀ ਦਾ ਬੱਚਾ, ਜਵਾਨ ਹੋ ਕੇ ਆਪਣੇ ਬਾਪ ਦੇ ਕਤਲ ਦਾ ਬਦਲਾ ਲੈਣ ਦੀ ਸੋਚਦਾ ਹੈ। ਇਸ ਤਰ੍ਹਾਂ ਬਰਬਾਦੀ ਦਾ ਇਹ ਸਿਲਸਿਲਾ ਅਕਸਰ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਹਿੰਦਾ ਹੈ।

ਚੇਤੇ ਰਹੇ! ਜੱਟ ਦੇ ਸੁਭਾਅ ਦੀਆਂ ਇਹ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਸਰਹੱਦਾਂ, ਰਾਜਾਂ ਤੇ ਮਜ਼੍ਹਬਾਂ ਦੀਆਂ ਹੱਦਾਂ ਦੀਆਂ ਮੁਥਾਜ ਨਹੀਂ ਹਨ, ਯਾਨਿ ਪਾਕਿਸਤਾਨੀ ਪੰਜਾਬ ਅਤੇ ਇਧਰਲੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਲਹਿੰਦੇ ਪੰਜਾਬ ਦੇ ਜੱਟਾਂ ਦੇ ਸੁਭਾਅ ਵਿਚ ਪੂਰੀ ਸਾਂਝ ਹੈ।

ਇਹ ਗੱਲ ਤਾਂ ਸਪੱਸ਼ਟ ਹੋ ਗਈ ਹੈ ਕਿ ਖੇਤੀਬਾੜੀ ਦੇ ਧੰਦੇ ਨੇ ਜੱਟ ਦੀ ਮਾਨਸਿਕ ਸੋਚਣੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਤਾਹੀਉਂ, ਜਦੋਂ ਕੋਈ ਜੱਟ ਦੁਕਾਨਦਾਰੀ ਦਾ ਧੰਦਾ ਅਖ਼ਤਿਆਰ ਕਰ ਲੈਂਦਾ ਹੈ ਤਾਂ ਉਹ ਆਪਣੇ ਪਿਤਾ ਪੁਰਖੀ ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਉਲਟ, ਹਿਸਾਬੀ, ਵਿਉਂਤਾਂ ਘੜ੍ਹਨ ਵਾਲਾ ਅਤੇ ਕਿਰਸੀ ਬਣ ਜਾਂਦਾ ਹੈ-ਸਲੰਘ ਭਰ ਦੇ ਫਰਕ ਨੂੰ ਤੁੱਛ ਸਮਝਣ ਵਾਲਾ ਹੁਣ ਇੰਚੀਂ ਮਿਣਨ ਲਗਦਾ ਹੈ। ਜੱਟ ਦੇ ਧੰਦੇ ਨੇ ਉਸ ਦੀ ਆਵਾਜ਼ ਵਿਚ ਗੜ੍ਹਕ ਤੇ ਲਲਕਾਰ ਪੈਦਾ ਕਰ ਦਿੱਤੀ ਹੈ, ਕਿਉਂਕਿ ਫਸਲ ਦੀ ਰਾਖੀ ਕਰਦਿਆਂ ਉਸ ਨੂੰ ਸਮੇਂ-ਸਮੇਂ ਸਿਰ ਉਚੀ ਸੁਰ 'ਚ ਲਲਕਾਰਾ ਮਾਰਨਾ ਪੈਂਦਾ ਹੈ (ਇਸ ਦੇ ਉਲਟ, ਦੁਕਾਨਦਾਰੀ ਦੇ ਧੰਦੇ ਨੇ ਬਾਣੀਏ ਦੀ ਆਵਾਜ਼ ਨੂੰ ਦਬਵੀਂ ਤੇ ਘੱਗੀ ਬਣਾ ਦਿੱਤਾ ਹੈ)।

'ਹੀਰ ਵਾਰਿਸ' ਵਿਚ ਕਈ ਥਾਈਂ ਜੱਟ ਦੇ ਸੁਭਾਅ ਦਾ ਦਿਲਚਸਪ ਵਰਣਨ ਮਿਲਦਾ ਹੈ। ਮਿਸਾਲ ਵਜੋਂ, ਜਦੋਂ ਰਾਂਝਾ ਜੋਗ ਲੈਣ ਉਪਰੰਤ ਬਾਲ ਨਾਥ ਦੇ ਟਿੱਲੇ ਤੋਂ ਰੁਖ਼ਸਤ ਹੁੰਦਾ ਹੈ ਤਾਂ ਵਾਰਿਸ ਸ਼ਾਹ ਜੱਟ ਦੀ ਮਾਨਸਿਕਤਾ ਨਾਲ ਜੁੜੀ ਇਕ ਹਕੀਕਤ ਨੂੰ ਇਉਂ ਬਿਆਨ ਕਰਦਾ ਹੈ:

> ਵਾਰਿਸ ਸ਼ਾਹ ਇਹ ਜੱਟ ਫਕੀਰ ਹੋਇਆ,
> ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੀ।

ਸੱਚਮੁੱਚ ਜੱਟ ਦਾ ਫਕੀਰੀ ਦੇ ਖੇਤਰ ਵਿਚ ਪੂਰਾ ਉਤਰਨਾ ਨਾਮੁਮਕਿਨ ਹੈ, ਕਿਉਂਕਿ ਕਿਸੇ ਅੱਗੇ ਹੱਥ ਅੱਡਣਾ ਉਸ ਦੀ ਆਦਤ ਦਾ ਹਿੱਸਾ ਨਹੀਂ ਹੁੰਦਾ।

ਬੇਸ਼ੱਕ ਜੱਟ ਆਮ ਜੀਵਨ ਵਿਚ ਬੜੀ ਸਾਦਗੀ ਨਾਲ ਵਿਚਰਦਾ ਹੈ, ਪਰ ਜ਼ਮਾਨੇ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਲਈ ਉਸ ਕੋਲ ਇਕ ਵਾਧੂ ਸੂਝ ਵੀ ਹੁੰਦੀ ਹੈ। ਜੱਟ ਦੀ ਇਸ ਵਚਿੱਤਰ ਸੂਝ ਨਾਲ ਤੁਹਾਡੀ ਜਾਣ-ਪਛਾਣ ਕਰਾਉਣ ਲਈ ਇਥੇ ਇਕ ਪ੍ਰਚੱਲਤ ਦੰਦ-ਕਥਾ ਦਾ ਹਵਾਲਾ ਦਿੱਤਾ ਜਾ ਸਕਦਾ ਹੈ: ਅਖੇ ਇਕ ਵਾਰ ਕਿਸੇ ਜੱਟ ਨੇ ਲਾਗੀ ਹੱਥੀਂ ਆਪਣੇ ਪ੍ਰੋਹਿਤ (ਬ੍ਰਾਹਮਣ) ਦੇ ਘਰ ਪਰੋਸਾ ਭੇਜਦੇ ਹੋਏ, ਨਾਲ ਹੀ ਪ੍ਰੋਹਿਤ ਨੂੰ ਇਹ ਸੁਨੇਹਾ ਦੇਣ ਲਈ ਕਿਹਾ- "ਚੰਦ ਚਾਨਣੀ ਰਾਤ ਘਟਾ ਘੋਪ ਹੋਈ ਐ। ਸਾਡੇ ਚੌਧਵੀਂ ਤਰੀਖ, ਤੁਹਾਡੇ ਕੌਥ ਹੋਈ ਐ?" ਮਤਲਬ ਇਹ ਕਿ ਜੱਟ ਨੇ ਲਾਗੀ ਤੋਂ ਉਹਲਾ ਰੱਖਦਿਆਂ, ਆਪਣੀ ਵਿਲੱਖਣ ਸੂਝ ਦੁਆਰਾ ਪੰਡਤ ਨੂੰ ਇਹ ਸਮਝਾ ਦਿੱਤਾ ਸੀ ਕਿ ਪਰੋਸੇ ਵਿਚ ਚੰਦ ਦੀ ਚਾਨਣ ਵਰਗੀ ਖੀਰ ਦਾ ਭਰਿਆ ਹੋਇਆ ਛੰਨਾ ਹੈ, ਖੀਰ ਉਪਰੋਂ ਸ਼ੱਕਰ ਨਾਲ ਕਾਲੀ ਘਟਾ ਵਾਲੀ ਰਾਤ ਵਾਂਗ ਢਕੀ ਹੋਈ ਹੈ ਅਤੇ ਨਾਲ ਹਨ ਕਣਕ ਦੇ ਚੌਦਾਂ ਫੁਲਕੇ। ਲਾਗੀ ਨੇ ਵਾਪਿਸ ਆ ਕੇ ਜਦੋਂ ਪੰਡਤ ਵਲੋਂ ਭੇਜਿਆ ਇਹ ਸੁਨੇਹਾ- "ਚੰਦ ਚਾਨਣੀ ਰਾਤ ਤਾਰਾ ਕੋਈ ਕੋਈ ਐ, ਤੁਹਾਡੇ ਚੌਧਵੀਂ ਤਰੀਖ, ਸਾਡੇ ਚੌਥ ਹੋਈ ਐ।" ਜੱਟ ਨੂੰ ਸੁਣਾਇਆ ਤਾਂ ਜੱਟ ਫੌਰਨ ਸਮਝ ਗਿਆ ਕਿ ਲਾਗੀ ਨੇ ਉਪਰੋਂ ਸ਼ੱਕਰ ਸਮੇਤ ਖੀਰ ਕੱਢ ਕੇ ਪਾਣੀ ਪਾ ਦਿੱਤਾ ਹੈ ਅਤੇ ਪੰਡਤ ਕੋਲ ਚੌਦਾਂ ਵਿਚੋਂ ਕੇਵਲ ਚਾਰ ਫੁਲਕੇ ਹੀ ਪਹੁੰਚੇ ਹਨ। ਫਿਰ ਜੱਟ ਨੇ ਆਪਣੇ ਸੁਭਾਅ ਮੁਤਾਬਿਕ ਲਾਗੀ ਦੀ ਖੂਬ ਛਿੱਤਰ-ਪਰੇਡ ਕੀਤੀ।

ਜੱਟ ਆਪਣੀ ਇਸ ਵਾਧੂ ਸੂਝ ਦੁਆਰਾ ਕਈ ਵਾਰ ਗੁੰਝਲਦਾਰ ਸਮੱਸਿਆਵਾਂ ਦੇ ਫੌਰੀ ਹੱਲ ਲੱਭ ਲੈਂਦਾ ਹੈ। ਵਾਰਿਸ ਸ਼ਾਹ, ਜਿਸ ਨੂੰ ਜਨ-ਜੀਵਨ ਬਾਰੇ ਨੇੜਲਾ ਗਿਆਨ ਹਾਸਲ ਹੈ, ਜੱਟ ਦੀ ਇਸ 'ਅੱਠਵੀਂ ਸੂਝ' ਨੂੰ 'ਜੱਟਕਾ ਫੰਧ ਲਾਉਣ' ਦਾ ਨਾਂ ਦਿੰਦਾ ਹੈ। ਸ਼ਿਅਰ ਮੁਲਾਹਜ਼ਾ ਫਰਮਾਓ:

> "ਵਾਰਿਸ ਸ਼ਾਹ ਅਸੀਂ ਜੱਟ ਹਾਂ ਸਦਾ ਖੋਟੇ,
> ਕੋਈ ਜੱਟਕਾ ਫੰਧ ਭੀ ਲਾ ਲਈਏ।"

ਖੇਤੀਬਾੜੀ ਦੇ ਧੰਦੇ ਨੇ ਜੱਟ ਨੂੰ ਬੇ-ਪਰਵਾਹ ਤਬੀਅਤ ਦਾ ਮਾਲਕ ਬਣਾ ਦਿੱਤਾ ਹੈ। ਹੱਸਣਾ-ਹਸਾਉਣਾ ਉਸ ਦੀ ਰੂਹ ਦੀ ਖੁਰਾਕ ਹੈ। ਜੱਟ ਕੋਲ ਸਬਰ-ਸੰਤੋਖ ਹੈ ਅਤੇ ਉਸ ਦੇ ਸੁਭਾਅ ਵਿਚ ਬੇਫਿਕਰੀ ਹੈ, ਕਿਉਂਕਿ ਉਸ ਨੂੰ ਰੱਬ ਦੀ ਰਜ਼ਾ ਵਿਚ ਰਹਿਣਾ ਪੈਂਦਾ ਹੈ। ਕੀ ਪਤਾ ਕਦੋਂ ਮੌਸਮ ਦਾ ਮਿਜਾਜ਼ ਵਿਗੜ ਜਾਵੇ? ਖੇਤਾਂ 'ਚ ਲਹਿਰਾਉਂਦੀ ਭਰਪੂਰ ਫਸਲ ਵੇਖ ਕੇ ਵੀ ਜੱਟ ਇਹ ਨਹੀਂ ਭੁੱਲਦਾ ਕਿ "ਝੱਖੜ-ਝਾਂਜਿਉਂ ਜੇ ਬਚੇ, ਘਰ ਆਵੇ ਤਾਂ ਜਾਣ।"

ਵਿੱਦਿਆ ਦੀ ਘਾਟ ਅਤੇ ਅਗਿਆਨ ਕਾਰਨ ਜੱਟ ਅਕਸਰ ਆਪਣਿਆਂ ਨਾਲ ਹੀ ਲੜਾਈ-ਝਗੜਿਆਂ ਵਿਚ ਉਲਝਿਆ ਰਹਿੰਦਾ ਹੈ। ਐਵੇਂ ਤਾਂ ਨਹੀਂ ਕਹਿੰਦੇ ਕਿ "ਜੱਟ, ਮੈਂਹਾਂ, ਸੰਸਾਰ ਕਬੀਲਾ ਗਾਲਦਾ...!" ਇਸ ਤਰ੍ਹਾਂ ਜੱਟ ਦੀ ਕਮਾਈ ਦਾ ਬਹੁਤਾ ਹਿੱਸਾ ਵਕੀਲਾਂ ਦੇ ਬਟੂਏ ਅਤੇ ਸ਼ਾਹਾਂ ਦੇ ਢਿੱਡ ਵਿਚ ਚਲਾ ਜਾਂਦਾ ਹੈ। ਜੱਟ ਦੀ ਇਸ ਬਦਕਿਸਮਤੀ 'ਤੇ ਸਾਡਾ ਲੋਕ-ਸਾਹਿਤ ਵੀ ਇਉਂ ਹੰਝੂ ਕੇਰਦਾ ਹੈ, "ਤੇਰੀ ਹਾੜ੍ਹੀ ਨੂੰ ਵਕੀਲਾਂ ਖਾਧਾ, ਸਾਉਣੀ ਤੇਰੀ ਸ਼ਾਹਾਂ ਲੁੱਟ ਲਈ।" ਗੱਲ ਇਥੇ ਹੀ ਖਤਮ ਨਹੀਂ ਹੁੰਦੀ-ਜੇਕਰ ਜੱਟ ਕੋਲ 'ਚਾਰ ਪੈਸੇ' ਹੋ ਜਾਣ ਤਾਂ ਉਹ 'ਸਿੰਗ ਮਿੱਟੀ ਚੁੱਕਣ' ਲਗਦਾ ਹੈ। ਅਜਿਹਾ ਭੂਸਰਿਆ ਹੋਇਆ ਜੱਟ ਛੇਤੀ ਹੀ ਕਿਸੇ ਨਾਲ ਸਿੰਗ ਫਸਾ ਬੈਠਦਾ ਹੈ ਤਾਂ

(ਬਾਕੀ ਸਫਾ 36 'ਤੇ)

# ਕਰਜ਼ੇ ਨੇ ਅੰਦਰੋਂ ਖੋਖਲੇ ਕਰ ਦਿੱਤੇ ਨੇ ਪੁੱਤ ਜੱਟਾਂ ਦੇ...

**ਰਣਬੀਰ ਸਿੰਘ ਟੂਸੇ**

ਕਦੇ ਸਮਾਂ ਸੀ ਕਿ ਖੇਤੀ ਦੇ ਕੰਮ ਨੂੰ ਬੜਾ ਔਖਾ ਕੰਮ ਗਿਣਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ 'ਹਲ ਛੱਡ ਕੇ ਚਰ੍ਹੀ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ'। ਬਲਦਾਂ ਨਾਲ ਵਾਹ-ਵਾਹੀ ਕਰਨੀ, ਫਲੇ ਹੱਕਣੇ, ਗੁੱਡ-ਗੁਡਾਈ, ਹੱਥੀਂ ਦਾਤੀਆਂ ਨਾਲ ਵਾਢੀ ਕਰਨੀ ਸੱਚਮੁਚ ਬੜਾ ਔਖਾ ਕੰਮ ਸੀ। ਇੰਨੀ ਹੱਡ-ਭੰਨਵੀਂ ਮਿਹਨਤ ਕਰ ਕੇ ਵੀ ਜੱਟਾਂ ਦੇ ਗਲ ਪਾਟੇ ਕੱਪੜੇ ਤੇ ਪੈਰੀਂ ਟੁੱਟੇ ਛਿੱਤਰ ਹੀ ਹੁੰਦੇ ਸਨ। ਹੌਲੀ ਹੌਲੀ ਸਮੇਂ ਨੇ ਕਰਵਟ ਬਦਲੀ। ਟਿੰਡਾਂ ਵਾਲੇ ਖੂਹਾਂ ਦੀ ਜਗ੍ਹਾ ਇੰਜਣਾਂ ਅਤੇ ਬਾਅਦ 'ਚ ਮੋਟਰਾਂ ਨੇ ਲੈ ਲਈ। ਖੇਤੀ ਟਰੈਕਟਰਾਂ ਨਾਲ ਹੋਣ ਲੱਗੀ। 'ਦੱਬ ਕੇ ਵਾਹ ਅਤੇ ਰੱਜ ਕੇ ਖਾਹ' ਦਾ ਨਾਅਰਾ ਬੁਲੰਦ ਹੋਣ ਲੱਗਿਆ। ਜਿਣਸਾਂ ਦੇ ਭਾਅ ਚੰਗੇ ਮਿਲਣ ਲੱਗੇ ਅਤੇ ਕਿਸਾਨਾਂ ਨੇ ਕੁਝ ਸੁਖ ਦਾ ਸਾਹ ਲਿਆ। ਖੇਤੀਬਾੜੀ ਯੂਨੀਵਰਸਿਟੀ ਨੇ ਚੰਗੇ ਬੀਜ ਕਿਸਾਨਾਂ ਨੂੰ ਦਿੱਤੇ, ਵੱਧ ਝਾੜ ਮਿਲਣ ਲੱਗਿਆ। ਪੰਜਾਬ ਦੇ ਕਿਸਾਨ ਨੇ ਸਮੇਂ ਦਾ ਹਾਣੀ ਬਣਨ ਲਈ ਰੇਹਾਂ, ਸਪਰੇਆਂ ਦੀ ਜਾਚ ਸਿੱਖ ਲਈ। ਵਧ ਝਾੜ ਲੈਂਦਿਆਂ ਕੀਟਨਾਸ਼ਕਾਂ ਅਤੇ ਖਾਦਾਂ ਪਾਉਂਦਿਆਂ ਆਪਣੀ ਜ਼ਮੀਨ ਬਾਂਝ ਬਣਾ ਲਈ ਅਤੇ ਮਸ਼ੀਨਰੀ ਖਰੀਦਦਿਆਂ ਭੋਇੰ ਬੈਂਕਾਂ ਕੋਲ ਗਹਿਣੇ ਕਰ ਬੈਠਾ। ਦੇਸ਼ ਦੇ ਅੰਨ-ਭੰਡਾਰ ਭਰਦਿਆਂ ਉਸ ਨੂੰ ਵੱਡੀ ਕੀਮਤ ਅਦਾ ਕਰਨੀ ਪਈ। ਉਸ ਦਾ ਪੋਟਾ-ਪੋਟਾ ਕਰਜ਼ਾਈ ਹੋ ਗਿਆ ਅਤੇ ਜ਼ਮੀਨਾਂ ਅਮਲਾਂ ਸਹਾਰੇ ਹੋ ਗਈਆਂ।

ਜੱਟ ਦੀ ਪਤਲੀ ਹੁੰਦੀ ਹਾਲਤ ਦੇਖ ਕੇ ਕਿਸੇ ਮੂੰਹੋਂ ਆਪ ਮੁਹਾਰੇ ਬੋਲ ਨਿਕਲੇ ਹੋਣਗੇ ਕਿ 'ਚਿੱਟੇ ਚਾਦਰੇ ਜ਼ਮੀਨਾਂ ਗਹਿਣੇ ਪੁੱਤ ਸਰਦਾਰਾਂ ਦੇ।' ਪਾਟੇ ਕੱਪੜੇ ਅਤੇ ਟੁੱਟੇ ਛਿੱਤਰਾਂ ਦੀ ਥਾਂ ਭਾਵੇਂ ਚਿੱਟੇ ਚਾਦਰੇ ਅਤੇ ਮਾਵੇ ਲੱਗੀਆਂ ਪੱਗਾਂ ਨੇ ਲੈ ਲਈ



ਸੀ, ਪਰ ਪਹਿਲਾਂ ਗਊ ਦੇ ਜਾਇਆਂ ਨਾਲ ਫਲੇ ਹੱਕ ਅਤੇ ਸੁਹਾਗਾ ਮਾਰ ਮਿਲਦੀ ਰੁੱਖੀ-ਸੁੱਖੀ ਰੋਟੀ ਅਤੇ ਸਕੂਨ ਦੀ ਨੀਂਦ ਵਾਲਾ ਸਮਾਂ ਉਸ ਨੂੰ ਵਧੀਆ ਪ੍ਰਤੀਤ ਹੁੰਦਾ ਕਿਉਂਕਿ ਹੁਣ ਬੈਂਕਾਂ ਦੀਆਂ ਟੁੱਟੀਆਂ ਕਿਸ਼ਤਾਂ, ਆੜ੍ਹਤੀਆਂ ਦੀ ਹਾੜ੍ਹੀ-ਸਾਉਣੀ ਦੇਣ ਵਾਲੀ ਕਰਜ਼ੇ ਦੀ ਪੰਡ ਅਤੇ ਸ਼ਾਹੂਕਾਰਾਂ ਦੇ ਮੋਟੇ ਵਿਆਜ ਨੇ ਉਸ ਦੀ ਸਕੂਨ ਭਰੀ ਨੀਂਦ ਉਡਾ ਦਿੱਤੀ ਸੀ। ਸਮਾਂ ਆਪਣੀ ਤੋਰੇ ਤੁਰਦਾ ਗਿਆ। ਹਰੀਆਂ-ਚਿੱਟੀਆਂ ਕ੍ਰਾਂਤੀਆਂ ਲਿਆ ਦੇਸ਼ ਦੇ ਅੰਨ ਭੰਡਾਰ ਨੂੰ ਨੱਕੋ-ਨੱਕ ਭਰਨ ਵਾਲੇ ਕਿਸਾਨ ਦੀ ਮਿਹਨਤ ਦਾ ਮੁੱਲ ਸਮੇਂ ਦੀਆਂ ਸਰਕਾਰਾਂ ਨੇ ਕੌਡੀ ਵੀ ਨਾ ਪਾਇਆ। ਜਿਣਸ ਦੇ ਭਾਅ ਸੂਚਕ ਅੰਕ ਨਾਲ ਨਾ ਦੇ ਕੇ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਿਆ। ਗਹਿਣੇ ਪਈਆਂ ਕਿਸਾਨਾਂ ਦੀਆਂ ਜ਼ਮੀਨਾਂ ਹੌਲੀ ਹੌਲੀ ਬੈਅ ਹੋਣ ਲੱਗੀਆਂ। ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਗਏ। ਕਿਸਾਨਾਂ ਨੇ ਕਿਸਾਨ ਜਥੇਬੰਦੀਆਂ ਬਣਾ ਕੇ ਬੂ ਪਾਹਰਿਆਂ ਕੀਤੀ ਕਿ ਸਾਨੂੰ ਬਚਾਓ, ਅਸੀਂ ਮਰ ਚੱਲੇ ਆਂ ਤਾਂ ਕੇਂਦਰ ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਕਰਜ਼ਾਈ ਕਿਸਾਨਾਂ ਨੂੰ ਕਰਜ਼ਾ ਹੋਰ ਦੇ ਦਿਓ, ਆਪੇ ਚੁੱਪ ਕਰ ਜਾਣਗੇ, ਪਰ ਕੋਈ ਪੁੱਛਣ ਵਾਲਾ ਹੋਵੇ ਕਿ ਜਦੋਂ ਵੱਡੇ-ਵੱਡੇ ਸਨਅਤਕਾਰਾਂ ਦੇ ਕਰੋੜਾਂ ਦੇ ਕਰਜ਼ੇ ਇਕੋ ਝਟਕੇ ਵਿਚ ਮਾਫ ਹੋ ਸਕਦੇ ਹਨ ਤਾਂ ਕਿਸਾਨਾਂ ਦੇ ਹਜ਼ਾਰਾਂ ਦੇ ਕਰਜ਼ੇ ਮਾਫ ਕਰਕੇ, ਕੀ ਡੁਬਦੇ ਨੂੰ ਤਿਣਕੇ ਦਾ ਸਹਾਰਾ ਨਹੀਂ ਦਿੱਤਾ ਜਾ ਸਕਦਾ।

ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਐਲਾਨ ਕੀਤਾ ਕਿ ਕਿਸਾਨਾਂ ਦੇ ਕਰਜ਼ੇ ਮਾਫ ਕਰਾਂਗੇ। ਕਿਸਾਨ ਆਪਣੇ ਕਰਜ਼ਿਆਂ ਨੂੰ ਜਰਬਾਂ-ਤਕਸੀਮਾਂ ਦੇਣ ਲੱਗੇ ਕਿ ਜੇ ਐਨਾ ਕੁ ਕਰਜ਼ਾ ਮਾਫ ਹੋ ਜਾਵੇ ਤਾਂ ਚੰਗੀ ਗੱਲ ਐ। ਕਿਸਾਨ ਦੇ ਚਿਹਰੇ 'ਤੇ ਆਈ ਖੁਸ਼ੀ ਕੁਝ ਦਿਨਾਂ ਬਾਅਦ ਹੀ ਕਾਫੂਰ ਬਣ ਕੇ ਉਡ ਗਈ ਜਦੋਂ ਪਤਾ ਲੱਗਿਆ ਕਿ ਕਰਜ਼ਾ ਸਿਰਫ ਆਟੇ 'ਚ ਲੂਣ ਦੇ ਬਰਾਬਰ ਉਨ੍ਹਾਂ ਕਿਸਾਨਾਂ ਦਾ ਬਹੁਤ ਹੀ ਥੋੜ੍ਹਾ ਜਿਹਾ ਮਾਫ ਹੋਣਾ ਹੈ ਜਿਨ੍ਹਾਂ ਤੋਂ ਕਰਜ਼ਾ ਵਾਪਸ ਲੈਣ ਤੋਂ ਬੈਂਕਾਂ ਅਸਮਰੱਥ ਹਨ, ਭਾਵ ਬੈਂਕਾਂ ਦਾ ਡੁੱਬਿਆ ਪੈਸਾ ਉਨ੍ਹਾਂ ਨੂੰ ਵਾਪਸ ਦੇਣ ਲਈ ਕਿਸਾਨਾਂ ਦਾ ਨਾਂ ਵਰਤ ਲਿਆ ਗਿਆ, ਜਿਸ ਦਾ ਆਮ ਕਿਸਾਨ ਨੂੰ ਕੋਈ ਲਾਭ ਨਾ ਪੁੱਜਾ। ਅੱਜ ਹਾਲਾਤ ਇਹ ਨੇ ਕਿ ਆਏ ਸਾਲ ਪੰਜਾਬ ਦੇ ਹਰ ਪਿੰਡ ਵਿਚੋਂ 2-3 ਕਿਸਾਨ ਪਰਿਵਾਰ ਆਪਣੀ ਸਾਰੀ ਜ਼ਮੀਨ ਵੇਚ ਵਿਹਲੇ ਹੋ ਜਾਂਦੇ ਹਨ ਤਾਂ ਕਿ ਉਨ੍ਹਾਂ ਸਿਰ ਚੜ੍ਹਿਆ ਕਰਜ਼ਾ ਲੱਥ ਸਕੇ। ਜ਼ਮੀਨ ਵਿਹੂਣੇ ਹੋ ਚੁੱਕੇ ਇਹ ਕਿਸਾਨ ਛੋਟੇ-ਵੱਡੇ ਸ਼ਹਿਰਾਂ ਦੇ ਲੇਬਰ ਚੌਕਾਂ ਵਿਚ ਮਜ਼ਦੂਰੀ ਦੀ ਤਲਾਸ਼ 'ਚ ਖੜ੍ਹੇ ਰੋਜ਼ਾਨਾ ਦੇਖੇ ਜਾ ਸਕਦੇ ਹਨ।

ਸਭ ਤੋਂ ਮੰਦੀ ਹਾਲਤ ਮਾਲਵਾ ਪੱਟੀ ਦੇ ਕਿਸਾਨਾਂ ਦੀ ਹੈ। ਖੁਦਕੁਸ਼ੀਆਂ ਦਾ ਰੁਝਾਨ ਵੀ ਇਸੇ ਖੇਤਰ ਵਿਚ ਜ਼ਿਆਦਾ ਹੈ। ਪੰਜਾਬ ਦੀ ਕਿਸਾਨੀ ਦਾ ਅੰਦਾਜ਼ਨ 70 ਪ੍ਰਤੀਸ਼ਤ ਹਿੱਸਾ ਅਜਿਹਾ ਹੈ, ਜਿਸ ਕੋਲ ਆਪਣੇ ਖਾਣ ਲਈ ਅਨਾਜ ਅਤੇ ਡੰਗਰਾਂ ਲਈ ਚਾਰੇ ਵਾਸਤੇ ਤਾਂ ਜ਼ਮੀਨਾਂ ਹਨ, ਪਰ ਘਰ ਦਾ ਗੁਜ਼ਾਰਾ ਤੋਰਨ ਲਈ ਉਸ ਨੂੰ ਹੋਰ ਧੰਦੇ ਕਰਨੇ ਪੈਂਦੇ ਹਨ। ਦੇਸ਼ ਦੇ ਅੰਨ ਭੰਡਾਰ ਭਰਦਿਆਂ ਪਹਿਲਾਂ ਜੱਟ ਦੀ ਜ਼ਮੀਨ ਗਹਿਣੇ ਹੋਈ ਸੀ ਅਤੇ ਹੁਣ ਬੈਅ ਹੋਣ ਲੱਗੀ ਹੈ। ਭਾਵੇਂ ਕਿਸਾਨ ਅੰਦਰੋਂ ਖੋਖਲਾ ਹੋ ਗਿਆ ਹੈ, ਪਰ ਕੁਝ ਅਜੋਕੇ ਗਾਇਕਾਂ ਵਲੋਂ ਆਪਣੇ ਗੀਤਾਂ ਵਿਚ ਕਿਸਾਨ ਨੂੰ ਝੂਠ-ਮੂਠ ਦਾ ਅਮੀਰ ਬਣਾ ਕੇ ਜ਼ਰੂਰ ਪੇਸ਼ ਕੀਤਾ ਜਾ ਰਿਹਾ ਹੈ, ਜਦਕਿ ਉਸ ਦੀ ਅਜੋਕੀ ਹਾਲਤ ਚੰਗੀ ਨਾ ਹੋ ਕੇ 'ਚਿੱਟੇ ਚਾਦਰੇ ਜ਼ਮੀਨਾਂ ਗਹਿਣੇ' ਤੋਂ ਹੁੰਦੀ ਹੋਈ 'ਪਾਈਆਂ ਜੀਨਾਂ ਤੇ ਬੈਅ ਨੇ ਜ਼ਮੀਨਾਂ' ਤਕ ਪੁੱਜ ਚੁੱਕੀ ਹੈ।

## ਕਹਾਣੀ

# ਪਾਣ ਸਿਰੜ ਦੀ



–ਮਕਸੂਦ ਸਾਕਿਬ

ਫੈਜ਼ਪੁਰ ਦਾ ਸਟੇਸ਼ਨ ਕੱਲਰ ਵਿਚ ਇੰਜ ਖਲੋਤਾ ਹੋਇਆ ਸੀ ਜਿਵੇਂ ਸਾਗਰ ਵਿਚ ਕੋਈ ਟਾਪੂ।

ਜਿਹੜੇ ਪਿੰਡ ਪਾਰੋਂ ਏਸ ਸਟੇਸ਼ਨ ਦਾ ਨਾਂਅ ਫੈਜ਼ਪੁਰ ਸੀ ਉਹ ਘੱਟੋ ਘੱਟ ਏਥੋਂ ਕੋਈ ਛੇ ਕੁ ਮੀਲਾਂ ਦੇ ਪੰਧ ‘ਤੇ ਸੀ। ਅੰਗਰੇਜ਼ਾਂ ਦਾ ਖ਼ਬਰੇ ਏਸ ਕੱਲਰ ਵਿਚ ਕੋਈ ਸ਼ਹਿਰ ਵਸਾਉਣ ਦਾ ਮਤਾ ਸੀ, ਜਿਹੜਾ ਉਨ੍ਹਾਂ ਏਥੇ ਲਹਿੰਦਿਓਂ ਚੜ੍ਹਦੇ ਤੇ ਚੜ੍ਹਦਿਓਂ ਲਹਿੰਦੇ ਦਮੂੰਹੀਂ ਵਾਂਗੂੰ ਲੰਮੀ ਪਈ ਹੋਈ ਪੱਟੜੀ ਦੇ ਕੰਢੇ ਸਟੇਸ਼ਨ ਛੱਡ ਛੱਡਿਆ ਸੀ।

ਪਰ ਅੰਗਰੇਜ਼ਾਂ ਦੇ ਜਿਵੇਂ ਕਈ ਹੋਰ ਪਛੇਤੇ ਮਤੇ ਉਨ੍ਹਾਂ ਦੇ ਜਾਵਣ ਨਾਲ ਉਥੇ ਦੇ ਉਥੇ ਈ ਰਹਿ ਗਏ ਸਨ। ਉਸੇ ਤਰ੍ਹਾਂ ਕੱਲਰ ਦੇ ਏਸ ਸਾਗਰ ਵਿਚ ਇਹ ਸਟੇਸ਼ਨ ਵੀ ਕੱਲਾ ਰਹਿ ਗਿਆ ਸੀ ਇਕ ਟਾਪੂ ਵਾਂਗੂੰ।

ਏਸ ਸਟੇਸ਼ਨ ਤੇ ਉਹ ਮਾਘ ਦੀ ਇਕ ਹਨੇਰੀ ਤੇ ਠਰੀ ਹੋਈ ਰਾਤ ਸੀ। ਟਿਕਟਾਂ ਵਾਲੀ ਬਾਰੀ ਬੰਦ ਹੋ ਗਈ ਸੀ। ਸਟੇਸ਼ਨ ਮਾਸਟਰ ਆਪਣੇ ਕਮਰੇ ਦਾ ਬੂਹਾ ਭੇੜ ਕੇ ਸੌਂ ਗਿਆ ਹੋਇਆ ਸੀ। ਕੱਲਰ ਵਿਚੋਂ ਠੰਢੀ ਸੀਤ ਹਵਾ ਦਾ ਕੋਈ ਬੁੱਲ੍ਹਾ ਜਦੋਂ ਆ ਕੇ ਸੂਕਦਾ ਹੋਇਆ ਫਿਰਦਾ ਤੇ ਸਟੇਸ਼ਨ ਮਾਸਟਰ ਦੇ ਬੂਹੇ ਅੱਗੇ ਸ਼ੀਸੇ ਦੇ ਡੱਬੇ ਵਿਚ ਬਲਦੀ ਬੱਤੀ ਇੰਜ ਕੰਬਣ ਲੱਗ ਪੈਂਦੀ ਜਿਵੇਂ ਉਹਦੇ ਫੇਫੜੇ ਪਾਲੇ ਨਾਲ ਮਾਰੇ ਗਏ ਹੋਵਣ। ਪਰ ਅਗਲੇ ਹੀ ਪਲ ਹਵਾ ਦਾ ਠੰਡਾ ਬੁੱਲ੍ਹਾ ਆਪਣੇ ਇਕਲਵਾਂਝੇ ਹੱਥੋਂ ਮਾਰਿਆ ਜਾਂਦਾ। ਇਹ ਲਟ ਲਟ ਕਰਦੀ ਇੰਜ ਹੰਭਲੇ ਮਾਰ ਕੇ ਬਲਣ ਲੱਗ ਪੈਂਦੀ ਜਿਵੇਂ ਸ਼ੀਸ਼ੇ ਦੀ ਛੱਤ ਪਾੜ ਕੇ ਬਾਹਰ ਨਿਕਲ ਜਾਣਾ ਚਾਹੁੰਦੀ ਹੋਵੇ।

ਉਥੇ ਇਕ ਜਵਾਨ ਸਵਾਣੀ ਤੇ ਇਕ ਹੰਢੀ ਉਮਰ ਵਾਲਾ ਬੁੱਢਾ ਖਲੋਤੇ ਸਨ। ਉਹ ਬਰਾਂਡੇ ਵਿਚ ਇਉਂ ਖਲੋਤੇ ਸਨ ਜਿਵੇਂ ਕੱਲਰਾਂ ਵਲੋਂ ਆਉਂਦਾ ਹਵਾ ਦਾ ਕੋਈ ਬੁੱਲ੍ਹਾ ਉਨ੍ਹਾਂ ਦੀ ਸ਼ਕਲ ਵਟਾ ਕੇ ਖਲੋ ਗਿਆ ਸੀ ਜਾਂ ਜਿਵੇਂ ਉਹ ਬਰਾਂਡੇ ਦੇ ਤਲਵੇਂ ਵਿਚੋਂ ਆਪ ਈ ਉੱਗ ਖਲੋਤੇ ਸਨ ਤੇ ਹੁਣ ਪਾਲੇ ਨਾਲ ਨੀਲੇ ਪੈਂਦੇ ਹੋਏ ਕਿਸੇ ਨਿੱਘੀ ਥਾਂ ਦੀ ਭਾਲ ਵਿਚ ਸਨ।

‘ਸੱਤਾਂ ਏਥੇ ਤੇ ਨਾ ਕੋਈ ਬੰਦਾ ਏ ਤੇ ਨਾ ਕੋਈ ਬੰਦੇ ਦੀ ਜ਼ਾਤ, ਵਕਤ ਕਿਹਦੇ ਕੋਲੋਂ ਪੁੱਛੀਏ?’ ਬੁਢੜੇ ਨੇ ਸਵਾਣੀ ਨਾਲ ਗੱਲ ਕੀਤੀ।

ਸੱਤਾਂ ਉਸ ਵੇਲੇ ਆਪਣੇ ਢਿੱਡ ਤੋਂ ਪਾਟੇ ਹੋਏ ਝੱਗੇ ਨੂੰ ਕੁੰਜਦੀ ਹੋਈ ਟਿਕਟਾਂ ਵਾਲੀ ਬਾਰੀ ਨੂੰ ਪਈ ਵੇਖਦੀ ਸੀ। ਉਹਨੂੰ ਖ਼ਬਰੇ ਬੁੱਢੜੇ ਦੀ ਵਾਜ ਕੰਨੀਂ ਪਈ ਈ ਨਹੀਂ ਸੀ।

‘ਸੱਤਾਂ, ਮੈਂ ਤੇਰੇ ਨਾਲ ਆਂ। ਪਰ ਤੂੰ ਤਾਂ ਜਿਵੇਂ ਪੱਥਰ ਦੀ ਹੋ ਗਈ ਏਂ।’ ਬੁੱਢੜੇ ਨੇ ਆਪਣੀ ਥਾਵੋਂ ਹਿੱਲ ਕੇ ਉਸ ਨੂੰ ਮੋਢੇ ਤੋਂ ਹਲੂਣਿਆ।

ਉਹ ਬੁੱਢੜੇ ਦੇ ਹਿੱਲਣ ਨਾਲ ਇੰਜ ਤ੍ਰਭਕੀ ਜਿਵੇਂ ਕੋਈ ਡਰਾਉਣਾ ਸੁਫ਼ਨਾ ਉਹਦੀਆਂ ਅੱਖਾਂ ਵਿਚ ਆਣ ਵੱਸਿਆ ਹੋਵੇ।

‘ਸੱਤਾਂ, ਹੈਂ ਸੱਤਾਂ!’ ਬੁੱਢੜੇ ਨੇ ਉਸ ਨੂੰ ਪੋਲੀਆਂ ਪੋਲੀਆਂ ਸੱਦਾਂ ਮਾਰੀਆਂ ਤੇ ਜਿਵੇਂ ਉਹ ਜਾਗ ਪਈ।

‘ਕੀ ਏ ਚਾਚਾ?’ ਉਸ ਆਪਣੀਆਂ ਮੋਟੀਆਂ ਮੋਟੀਆਂ ਕਾਲੀਆਂ ਅੱਖਾਂ ਨਾਲ ਬੁਢੜੇ ਵਲ ਵੇਖਿਆ।

‘ਮੈਂ ਪੁੱਛਨਾਂ ਪਈ ਕੁੜੀਏ ਏਥੇ ਤੇ ਕੋਈ ਆਦਮ ਜ਼ਾਤ ਵਿਖਾਈ ਨਹੀਂ ਪਿਆ ਦੇਂਦਾ, ਆਪਣੇ ਆਪ ਤੋਂ ਸਿਵਾ। ਕਿਹਦੇ ਕੋਲੋਂ ਪੁੱਛੀਏ ਪਈ ਸ਼ਹਿਰ ਨੂੰ ਕਿਹੜੇ ਵੇਲੇ ਗੱਡੀ ਜਾਵਣੀ ਏ। ਉਹ ਨਾ ਹੋਵੇ ਪਈ ਰਾਤ ਏਥੇ ਈ ਕਿਸੇ ਨੁੱਕਰੇ ਲੱਗ ਕੇ ਲੰਘਾਉਣੀ ਪਵੇ।’

ਸੱਤਾਂ ਇਕ ਲੰਮਾ ਹਉਕਾ ਭਰਿਆ, ‘‘ਚਾਚਾ, ਮੈਂ ਕੀ ਦੱਸਾਂ ਹੁਣ ਤੈਨੂੰ?’

‘ਅੱਛਾ, ਆ ਹਾਂ! ਉਸ ਪਾਸੇ ਵਲ ਚਲਨੇ ਹਾਂ, ਖ਼ਬਰੇ ਕੋਈ ਬੰਦਾ ਟੱਕਰ ਈ ਜਾਵੇ।’ ਉਹ ਬਰਾਂਡੇ ਵਿਚੋਂ ਨਿਕਲ ਕੇ ਪਲੇਟਫਾਰਮ ਵਲ ਟੁਰ ਪਿਆ ਤੇ ਉਹ ਸਵਾਣੀ ਵੀ ਉਹਦੇ ਮਗਰ ਈ।

ਫੈਜ਼ਪੁਰ ਸਟੇਸ਼ਨ ਦਾ ਪਲੇਟਫਾਰਮ ਇਕ ਲੰਮਾ-ਸਲੰਮਾ ਮਿੱਟੀ ਦਾ ਥੜ੍ਹਾ ਸੀ ਜਿਹੜਾ ਪਟੜੀਆਂ ਦੇ ਨਾਲ ਨਾਲ ਦੂਰ ਤੀਕਰ ਟੁਰਿਆ ਜਾਂਦਾ ਸੀ। ਏਸ ਥੜ੍ਹੇ ਉਤੇ ਵਿਰਲੇ ਵਿਰਲੇ ਲੱਕੜ ਦੇ ਬੈਂਚ ਪਏ ਹੋਏ ਸਨ। ਪਲੇਟ ਫਾਰਮ ਦੀ ਇਕ ਨੁੱਕਰ ‘ਤੇ ਠਹਿਕ ਬਣੀ ਹੋਈ ਸੀ ਜਿਥੇ ਕਦੀ ਕਦਾਈਂ ਕੋਈ ਮਾਲ ਗੱਡੀ ਲੱਕੜਾਂ ਲੈਣ ਲਈ ਆ ਕੇ ਲਗਦੀ ਹੁੰਦੀ ਸੀ।

ਬੁੱਢੜੇ ਨੇ ਪਲੇਟ ਫਾਰਮ ਉੱਤੇ ਆਣ ਕੇ ਲੰਮੀ ਨਿਗਾਹ ਮਾਰੀ ਪਰ ਲੱਕੜ ਦੇ ਸਾਰੇ ਬੈਂਚ ਸੱਖਣੇ ਸਨ। ਕੋਈ ਭੁੱਲਿਆ ਚੁੱਕਿਆ ਬੰਦਾ ਤਾਂ ਕਿਧਰੇ ਰਿਹਾ, ਕੋਈ ਛਲੇਡਾ ਵੀ ਉਨ੍ਹਾਂ ਉਤੇ ਬੈਠਾ ਵਿਖਾਈ ਨਹੀਂ ਸੀ ਦੇਂਦਾ। ਠਹਿਕ ਵਾਲੀ ਨੁੱਕਰ ਵਿਚ ਭੋਇੰ ਉਤੇ ਅੱਗ ਬਲਦੀ ਸੀ ਪਈ ਤੇ ਕਿਸੇ ਦੇ ਮਾੜਾ ਮਾੜਾ ਬੋਲਣ ਦੀ ਵਾਜ ਪਈ ਆਉਂਦੀ ਸੀ।

‘ਸੱਤਾ ਉਸ ਨੱਕਰੇ ਕੋਈ ਲਗਦਾ ਏ ਜਿਵੇਂ ਹੈ। ਆ ਹਾਂ, ਓਧਰ ਈ ਚਲੀਏ।’ ਬੁੱਢੇ ਨੇ ਸੱਤਾਂ ਨੂੰ ਸਲਾਹ ਦਿੱਤੀ।

ਉਹ ਦੋਵੇਂ ਹੁਣ ਉਸ ਅੱਗ ਵਲ ਟੁਰ ਪਏ। ਭੋਇੰ ਤੇ ਮਾੜਾ ਜਿਹਾ ਅੱਗ ਦਾ ਭਾਂਬੜ ਮੱਚਦਾ ਜਿਵੇਂ ਉੱਕਾ ਈ ਹਟ ਗਿਆ। ਉਹ ਜਦੋਂ ਉਥੇ ਅੱਪੜੇ ਤਾਂ ਉਹ ਭੋਇੰ ਵਿਚ ਈ ਗਵਾਚ ਗਿਆ। ਆਪਣੇ ਗਰਮ ਧੂੰ ਦੀ ਇਕ ਅਸਮਾਨਾਂ ਵਲ ਜਾਂਦੀ ਲੀਕ ਛੱਡ ਕੇ। ਉਨ੍ਹਾਂ ਦੇ ਕੰਨਾਂ ਵਿਚ ਜਿਹੜੀ ਕਿਸੇ ਦੇ ਬੋਲਣ ਦੀ ‘ਵਾਜ਼ ਪਈ ਆਉਂਦੀ ਸੀ, ਉਹ ਹੁਣ ਚੋਖੀ ਤੇਜ਼ ਹੋ ਗਈ ਸੀ। ਕੋਈ ਬੜੇ ਬੁਝੇ ਹੋਏ ਅਲਾਪ ਨਾਲ ਆਖਦਾ ਪਿਆ ਸੀ;

ਰੈਣ ਗਈ ਲੁਕੇ ਸਭ ਤਾਰੇ
ਅਬ ਤੋਂ ਜਾਗ ਮੁਸਾਫ਼ਰ ਪਿਆਰੇ
ਬੁੱਲ੍ਹਾ ਸ਼ਹੁ ਦੇ ਪੈਰੀਂ ਪੜੀਏ
ਗਫ਼ਲਤ ਛੋੜ ਕੁਝ ਹੀਲਾ ਕਰੀਏ
ਮਿਰਗ ਜਤਨ ਬਿਨ ਖੇਤ ਉਜਾੜੇ
ਅਬ ਤੋ ਜਾਗ ਮੁਸਾਫ਼ਰ ਪਿਆਰੇ

ਬੁੱਢੜੇ ਨੇ ਮੁਟਿਆਰ ਨੂੰ ਖਲੋ ਜਾਵਣ ਲਈ ਹੱਥ ਹਿਲਾਇਆ ਤੇ ਆਪ ਵੀ ਖਲੋ ਗਿਆ।

ਉਨ੍ਹਾਂ ਦੇ ਸਾਹਮਣੇ ਭੋਇੰ ਉੱਤੇ ਭੂਰੀ ਲੈ ਕੇ ਕੋਈ ਲੰਮਾ ਪਿਆ ਹੋਇਆ ਚਰਖੜੀ ਦੇ ਫੇਰ ਵਾਂਗੂੰ ਗਾਈ ਜਾਂਦਾ ਪਿਆ ਸੀ।

ਬੁੱਢਾ ਤੇ ਸੱਤਾਂ ਜਿਵੇਂ ਏਸ ਵਾਜ ਨਾਲ ਅਸਲੋਂ ਈ ਕੀਲੇ ਗਏ। ਫੇਰ ਜਿਵੇਂ ਭੂਰੀ ਵਾਲੇ ਨੂੰ ਉਨ੍ਹਾਂ ਦੀ ਕੈੜ ਹੋ ਗਈ। ਉਸ ਆਪਣਾ ਜਾਪ ਬੰਦ ਕਰ ਦਿੱਤਾ ਤੇ ਭੂਰੀ ਨੂੰ ਮੂੰਹ ਤੋਂ ਲਾਹ ਕੇ ਅਰਕ ਦੇ ਢਾਸਣੇ ਉਨ੍ਹਾਂ ਵਲ ਵੇਖਦਾ ਹੋਇਆ ਬੜੀ ਮਿੱਠੀ ਵਾਜ ਬੋਲਿਆ;

‘ਕਿਥੋਂ ਆਏ ਓ ਤੁਸੀਂ?’

ਬੁੱਢੜੇ ਨੂੰ ਜਿਵੇਂ ਕਿਸੇ ਸੱਜਰਾ ਕਰ ਦਿੱਤਾ ਹੋਵੇ। ਝੱਟ ਬੋਲਿਆ, ‘ਭਲਿਆ ਲੋਕਾ ਝੋਕ ਦਿੱਤੇ ਦੀ ਤੋਂ ਹੁਣੇ ਆਉਂਦੇ ਈ ਪਏ ਆਂ ਆਫ਼ਤ ਦੇ ਕੁੱਠੇ ਹੋਏ। ਆਹ ਨਾਲ ਮੇਰੀ ਨੂੰਹ ਏ ਸ਼ੋਹਦੀ।’

‘ਉਰ੍ਹਾਂ ਆ ਕੇ ਬਹਿ ਜਾਓ ਅੱਗ ਦੇ ਕੋਲ ਤੇ ਕਿਹੜੀ ਆਫਤ ਦੇ ਕੁੱਠੇ ਹੋਏ ਓ?’

‘ਆ ਜਾ ਸੱਤਾਂ ਘੜੀ ਬਹਿ ਵੇਖੀਏ ਅੱਗ ਦੇ ਕੋਲ। ਉਂਜ ਵੀ ਬੰਦਾ ਤੇ ਕੋਈ ਸਾਊ ਈ ਜਾਪਦਾ ਏ।’ ਬੁੱਢੜਾ ਸਹਿਮੀ ਹੋਈ ਸੱਤਾਂ ਨੂੰ ਨਾਲ ਲੈ ਕੇ ਬਹਿ ਗਿਆ, ਬੁਝੀ ਹੋਈ ਅੱਗ ਦੇ ਕੋਲ ਪੈਰਾਂ ਭਾਰ।

ਉਹ ਬੰਦਾ ਹੁਣ ਆਪਣੀ ਭੂਰੀ ਨੂੰ ਇਕ ਪਾਸੇ ਲਾਹ ਕੇ ਆਪਣੀ ਥਾਂ ‘ਤੇ ਉੱਠ ਬੈਠਾ ਸੀ।

ਬੁੱਢੜੇ ਨੇ ਵੇਖਿਆ, ਉਹ ਕੋਈ ਜਟਾ-ਧਾਰੀ ਫ਼ਕੀਰ ਸੀ। ਪੂਰੇ ਮੁੱਖ ‘ਤੇ ਉਸ ਦੀਆਂ ਅੱਖਾਂ ਤੇ ਨੱਕ ਈ ਸੀ। ਬਾਕੀ ਸਭ ਕੁਝ ਵਾਲਾਂ ਵਿਚ ਈ ਗਵਾਚਾ ਹੋਇਆ ਸੀ।

ਉਸ ਕਿਹਾ, ‘ਇਹ ਲਉ, ਮੇਰੀ ਭੂਰੀ ਉੱਤੇ ਬਹਿ ਜਾਓ। ਮੈਂ ਤੁਹਾਡੇ ਲਈ ਅੱਗ ਭਖਾਉਨਾ।’

‘ਨਹੀਂ ਸਾਈਂ ਜੀ,, ਅਸੀਂ ਤੁਹਾਡੀ ਭੂਰੀ ਉੱਤੇ ਨਹੀਂ ਬੈਠ ਸਕਦੇ।’ ਬੁੱਢੜੇ ਨੇ ਬੜੇ ਆਦਰ ਨਾਲ ਉਹਨੂੰ ਆਖਿਆ।

‘ਕੋਈ ਗੱਲ ਨਹੀਂ। ਮੈਨੂੰ ਜਾਪਦਾ ਏ ਤੁਸੀਂ ਬੜਾ ਈ ਲੰਮਾ ਪੈਂਡਾ ਕਰਕੇ ਆਏ ਓ। ਇਹ ਲਵੋ।’ ਸਾਈਂ ਨੇ ਆਪਣੀ ਭੂਰੀ ਉਨ੍ਹਾਂ ਵਲ ਸੁੱਟ ਦਿੱਤੀ ਤੇ ਆਪ ਆਪਣੇ ਸਰ੍ਹਾਣੇ ਪਈਆਂ ਨਿੱਕੀਆਂ ਨਿੱਕੀਆਂ ਲੱਕੜਾਂ ਦੀ ਟੇਰਣੀ ਜੋੜਨ ਲੱਗ ਪਿਆ, ਜਿਥੇ ਪਹਿਲਾਂ ਅੱਗ ਬਲਦੀ ਪਈ ਸੀ।

ਬੁੱਢੜਾ ਵੀ ਉਹਦੇ ਨਾਲ ਰਲ ਕੇ ਫੂਕਾਂ ਮਾਰਨ ਲੱਗ ਪਿਆ। ਛੇਤੀ ਈ ਅੱਗ ਮੁੜ ਜਾਗ ਪਈ।

‘ਬੱਚਾ ਭੂਰੀ ‘ਤੇ ਬਹਿ ਜਾ।’ ਸਾਈਂ ਨੇ ਆਪਣੀ ਭੂਰੀ ਨੂੰ ਉਸੇ ਤਰ੍ਹਾਂ ਈ ਵੇਖਿਆ ਤੇ ਸੱਤਾਂ ਨੂੰ ਆਖਿਆ।

‘ਚਲ ਸੱਤਾਂ ਬਹਿ ਜਾ। ਸਾਈਂ ਹੋਰੀਂ ਆਖਦੇ ਨੇ ਪਏ।’ ਬੁੱਢੜੇ ਨੇ ਆਖਿਆ।

ਸੱਤਾਂ ਫੇਰ ਕਿਧਰੇ ਗਵਾਚ ਗਈ ਹੋਈ ਸੀ। ਉਸ ਭੂਰੀ ਵਲ ਤੱਕਿਆ ਵੀ ਨਾ।

ਸਾਈਂ ਨੂੰ ਜਿਵੇਂ ਉਹਦੇ ਹਾਲ ਦੀ ਸਮਝ ਆ ਗਈ। ਉਹ ਆਪਣੀ ਮਿੱਠੀ ਵਾਜ ਵਿਚ ਬੁੱਢੜੇ ਨੂੰ ਸੁਣਾਉਂਦਾ ਹੋਇਆ ਬੋਲਿਆ, ‘ਕੁਝ ਚੋਖੇ ਈ ਆਫਤ ਦੇ ਕੁੱਠੇ ਜਾਪਦੇ ਓ। ਮੈਨੂੰ ਦੱਸੋ ਤੇ ਸਹੀ ਕੁਝ।’

‘ਓ ਸਾਈਂ ਜੀ, ਕੀ ਦੱਸੀਏ ਕਿਹੜੀ ਆਫ਼ਤ ਦੇ ਕੁੱਠੇ ਹੋਏ ਆਂ ਅਸੀਂ। ਕੁਝ ਦਿਨ ਹੋਏ ਨੇ ਸਾਡੇ ਪਿੰਡ ਇਕ ਰਾਸ ਮੰਡਲੀ ਆਈ। ਕੋਈ ਸ਼ਹਿਰੀ ਰਾਸਧਾਰੀਏ ਸਨ। ‘ਕੱਲਾ ‘ਕੱਲਾ ਮੇਰਾ ਛੋਹਰ ਰਹਿਮੋ ਟੁਰ ਗਿਆ ਉਨ੍ਹਾਂ ਦੀ ਰਾਸ ਵੇਖਣ। ਮੈਂ ਆਖਿਆ ਵੀ ਉਹਨੂੰ ਪੁੱਤਰਾ, ਇਹ ਨਹੀਂ ਉਹ ਲੋਕ ਜਿਹੜੇ ਕਦੀ ਸਾਡਿਆਂ ਵੇਲਿਆਂ ਵਿਚ ਆਉਂਦੇ ਹੁੰਦੇ ਸਨ। ਸਿੱਧੀ ਸਿੱਧੀ ਖੇਡ ਖੇਡਣ ਵਾਲੇ, ਸਾਡੀ ਹਯਾਤੀ ਵਰਗੀ ਸਿੱਧੀ। ਇਹ ਲੋਕ ਨੇ ਸ਼ਹਿਰੀ, ਇਹਨਾਂ ਦੀ ਗੱਲ ਵਿਚ ਫੰਦ ਫਰੇਬ। ਇਨ੍ਹਾਂ ਕੀ ਖੇਡਣੀ ਏ ਰਾਸ? ਬਸ ਕਰ ਗਏ ਸ਼ਹਿਰੀ ਫੰਦ ਫਰੇਬ ਇਹਦੇ ਨਾਲ। ਇਹ ਰਾਤਾਂ ਨੂੰ ਘੂਤੀਆਂ ਮਾਰਨ ਲੱਗ ਪਿਆ। ਓਪਰੇ ਓਪਰੇ ਬੰਦੇ ਇਹਦੇ ਪ੍ਰਾਹੁਣੇ ਬਣ ਬਣ ਆਉਣ। ਇਹਦੀਆਂ ਅੱਖਾਂ ਵਿਚ ਅਣਡਿੱਠੇ ਚਾਨਣ ਲਹਿਰਣ।

ਰਾਠਾਂ ਇਹਨੂੰ ਆਖਿਆ, ‘ਜਾ ਕੱਢ ਲਿਆ ਮੁਰਗਾਈਆਂ ਮੋਈਆਂ ਪਾਣੀ ਵਿਚੋਂ।’ ਏਸ ਨਾਂਹ ਚਾ ਕੀਤੀ, ਨਾਂਹ ਈ ਨਹੀਂ ਸਗੋਂ ਵਿਹਰਿਆ ਉਨ੍ਹਾਂ ਨਾਲ। ਰਾਠ ਸਾਡੇ ਹਿਰਦੇ ਵਾਚ ਗਏ ਇਕੋ ਨਜ਼ਰੀਂ। ਇਹਦੀ ਅੱਖ ਖੁਲ੍ਹੀ ਤੇ ਠਾਹ ਠਾਹ ਉਨ੍ਹਾਂ ਬੰਦੂਕਾਂ ਦੇ ਘੋੜੇ ਨੱਪ ਦਿੱਤੇ ਆਪਣੀਆਂ ਦੇ। ਮੇਰਾ ਤੇ ਰਾਠਾਂ ਦਾ ਉਮਰਾਂ ਦਾ ਸਾਥ, ਸਾਰਿਆਂ ਨੂੰ ਘੋੜੀ ਚੜ੍ਹਨਾ ਮੈਂ ਈ ਦੱਸਿਆ। ਪਰ ਮੇਰੀ ਪੱਗ ਵੀ ਉਨ੍ਹਾਂ ਖੇਹ ਕਰ ਛੱਡੀ।

ਬੁੱਢੜੇ ਦੀਆਂ ਅੱਖਾਂ ਵਿਚ ਹੰਝੂ ਭਰੇ ਗਏ। ਸੱਤਾਂ ਵੀ ਡੁਸਕਣ ਲੱਗ ਪਈ।

‘ਪਰ ਮੀਆਂ ਹੁਣ ਚੱਲੇ ਕਿਥੇ ਓ ਦੋਵੇਂ ਨੂੰਹ ਸਹੁਰਾ? ਨਾ ਰੋਵੋ। ਹੋਣੀ ਤੇ ਵਰਤ ਗਈ ਹੋਈ ਏ।

ਰੈਣ ਗਈ ਲਿਸ਼ਕੇ ਸਭ ਤਾਰੇ
ਮਿਰਗ ਜਤਨ ਬਿਨ ਖੇਤ ਉਜਾੜੇ
ਅਬ ਤੋ ਜਾਗ ਮੁਸਾਫ਼ਰ ਪਿਆਰੇ

ਹੋਣੀ ਤੇ ਵਰਤ ਗਈ ਏ।’ ਸਾਈਂ ਉਨ੍ਹਾਂ ਨਾਲ ਗੱਲ ਕਰਦਾ, ਫੇਰ ਜਿਵੇਂ ਆਪਣੇ ਆਪ ਨਾਲ ਗੱਲ ਕਰਨ ਲੱਗ ਪਿਆ।

‘ਮੈਂ ਚੱਲਿਆਂ ਸਾਈਂ ਲੋਕਾ ਉਨ੍ਹਾਂ ਫੰਦ ਫਰੇਬੀ ਰਾਸਧਾਰੀਆਂ ਨੂੰ ਲੱਭਣ। ਨਾਲ ਏਸ ਕੁੜੀ ਨੂੰ ਲੈ ਕੇ। ਪਈ ਕੱਢੋ ਜਿਹੜਾ ਸੁਰਮਾ ਤੁਸੀਂ ਲਈ ਫਿਰਦੇ ਓ। ਫੇਰੋ ਉਹਦੀ ਇਕ ਇਕ ਸਲਾਈ ਸਾਡੀਆਂ ਅੱਖਾਂ ਵਿਚ ਵੀ। ਅਸੀਂ ਵੀ ਵੇਖੀਏ ਆਪਣਾ ਆਪ, ਉਵੇਂ ਜਿਵੇਂ ਰਹਿਮੋ ਡਿੱਠਾ। ਮੇਰਾ ਤੇ ਰਾਠਾਂ ਦਾ ਉਮਰਾਂ ਦਾ ਸੀਰ ਪੱਗ ਹੈ ਸੀ। ਪੁੱਤਰ ਮੋਇਆ ਤਾਂ ਮੈਂ ਜਰ ਜਾਂਦਾ ਜੇ ਪੱਗ ਰਹਿੰਦੀ ਤੇ। ਪਰ ਹੁਣ ਤੇ ਉਹ ਪੱਗ ਘੋੜਿਆਂ ਦੇ ਸੁੰਬਾਂ ਹੇਠ ਫੀਤੀ ਫੀਤੀ ਹੋ ਗਈ ਏ। ਪਾਵੋ ਸਾਡੀਆਂ ਅੱਖਾਂ ਵਿਚ ਸੁਰਮ ਸਲਾਈਆਂ। ਕਿਹੜਾ ਨਿੰਮ ਦੇ ਵੱਤਰ ਨਾਲ ਬਣਾਇਆ ਏ ਤੁਸਾਂ ਸੁਰਮਾ ਫਰੇਬੀਓ? ਤਾਂ ਜੋ ਮੈਂ ਵੀ ਵੇਖਾਂ ਰਾਠਾਂ ਦੀਆਂ ਅੱਖਾਂ ਵਿਚ ਅੱਡੀਆਂ ਚੁੱਕ ਕੇ ਆਪਣੇ ਆਪ ਨੂੰ, ਬੰਦੂਕਾਂ ਦਾ ਮੈਨੂੰ ਡਰ ਕੋਈ ਨਹੀਂ। ਨੱਪੋ ਘੋੜੇ ਇਨ੍ਹਾਂ ਦੇ। ਪਰ ਮੈਂ ਤੁਹਾਡੀਆਂ ਅੱਖਾਂ ਵਿਚ ਵੇਖਣਾ ਜ਼ਰੂਰ ਏ।’ ਬੁੱਢੜੇ ਦੇ ਅੰਦਰ ਜਿਵੇਂ ਕੋਈ ਜਿੰਨ ਆ ਵੜਿਆ ਸੀ ਤੇ ਉਹਦਾ ਆਪਣੇ ਆਪ ਉੱਤੇ ਕੋਈ ਵਸ ਨਹੀਂ ਸੀ ਰਿਹਾ।

‘ਕਿਵੇਂ ਲੱਭੇਂਗਾ ਮੀਆਂ ਉਨ੍ਹਾਂ ਫੰਦ ਫਰੇਬੀਆਂ ਨੂੰ ਸ਼ਹਿਰ ਜਾ ਕੇ। ਸ਼ਹਿਰ ਤੇ ਆਪ ਬਹੁੰ ਵੱਡਾ ਖੋਭਾ ਏ। ਜੋ ਇਹਦੇ ਵਿਚ ਖੁਭਿਆ ਏ ਨਹੀਂ ਨਿਕਲਿਆ ਮੁੜ ਕੇ, ਤੂੰ ਵੀ ਖੁਭ ਜਾਸੇਂ।’

‘ਕੁਝ ਵੀ ਏ ਭਾਵੇਂ, ਮੈਂ ਉਹਨਾਂ ਸ਼ਹਿਰੀ ਰਾਸਧਾਰੀਆਂ ਨੂੰ ਮਿਲਾਂਗਾ ਜ਼ਰੂਰ। ਮੈਂ ਆਪਣੇ ਤਰਸੇਵੇਂ ਦੇ ਪੁੱਤਰ ਰਹਿਮੋ ਨੂੰ ਆਖਿਆ ਸੀ। ਉਹ ਨਾ ਮੰਨਿਆ ਤੇ ਮੈਨੂੰ ਪੈਣਾ ਪਿਆ ਪੈਂਡੇ ਬੁੱਢੇ ਵਾਰੇ। ਰਾਸਧਾਰੀਏ ਮੈਥੋਂ ਕਿਥੇ ਲੁਕਸਣ? ਮੈਂ ਉਨ੍ਹਾਂ ਨੂੰ ਆਖਣਾ ਲੱਭ ਕੇ, ਵਰਤੋ ਜਿੰਨੇ ਵੀ ਰਿੱਛ ਤੁਸੀਂ ਹੇਠ ਲੁਕਾਏ ਨੇ ਤੇ ਦੇ ਦਿਓ ਰਹਿਮੋ ਮੇਰੇ ਛੋਹਰ ਦੀ ਤੱਕਣੀ ਮੈਨੂੰ।’

ਸੱਤਾਂ ਨੀਵੀਂ ਪਾ ਕੇ ਬੁੱਢੜੇ ਦੇ ਨਾਲ ਲੱਗੀ ਬੈਠੀ ਹੋਈ ਸੀ। ਆਪਣੇ ਵਿਚਾਰਾਂ ਵਿਚ ਗਵਾਚੀ।

ਸਾਈਂ ਨੇ ਬੁੱਢੜੇ ਨੂੰ ਆਖਿਆ, ‘ਮੀਆਂ ਇਹ ਭੂਰੀ ਲੈ ਲਵੋ ਤੇ ਹੁਣ ਲੰਮੇ ਪੈ ਜਾਉ, ਉਥੇ ਇੱਟਾਂ ਦੇ ਥੜੇ ‘ਤੇ। ਗੱਡੀ ਸਵੇਰੇ ਸੰਝ ਵੇਲੇ ਜਾਵਸੀ। ਐਨਾ ਚਿਰ ਇੰਜੇ ਬੈਠੇ ਆਕੜ ਜਾਸੋ। ਜਾਉ ਲੰਮੇ ਪੈ ਜਾਉ, ਅਜੇ ਦੋ ਘੜੀਆਂ ਰਾਤ ਰਹਿੰਦੀ ਏ।’

ਬੁੱਢੜਾ ਤੇ ਸੱਤਾਂ ਥਕੇਵੇਂ ਤੇ ਪਾਲੇ ਨਾਲ ਤਰੁੱਟੇ ਹੋਏ ਸਨ। ਸਾਈਂ ਦੀ ਗੱਲ ਸੁਣ ਕੇ ਉੱਠ ਖਲੋਤੇ। ਸਾਈਂ ਦੇ ਪਿਛਲੇ ਬੰਨੇ ਈ ਇੱਟਾਂ ਦਾ ਨਿੱਕਾ ਜਿਹਾ ਥੜਾ ਬਣਿਆ ਹੋਇਆ ਸੀ। ਸਾਈਂ ਦੀ ਭੂਰੀ ਵੀ ਏਸ ਤਰ੍ਹਾਂ ਸੀ ਜਿਵੇਂ ਕੋਈ ਤੰਬੂ ‘ਕੱਠਾ ਕੀਤਾ ਹੋਵੇ। ਜਹਾਜ਼ ਜਿੱਡੀ ਭੂਰੀ ਉਨ੍ਹਾਂ ਦੋਨਾਂ ਅੱਧੀ ਹੇਠਾਂ ਵਿਛਾ ਲਈ ਤੇ ਅੱਧੀ ਵਿਚ ਦੋਵੇਂ ਨੂੰਹ ਸਹੁਰਾ ਵੜ ਗਏ।

ਸਾਈਂ ਨੇ ਮੱਚ ਵਿਚ ਹੋਰ ਲੱਕੜਾਂ ਸੁੱਟ ਦਿੱਤੀਆਂ। ਅੱਗ ਨਵੇਂ ਸਿਰਿਓਂ ਉੱਠਣ ਲੱਗ ਪਈ ਤੇ ਸਾਈਂ ਫੇਰ ਆਪਣੀ ਚਰਖੜੀ ਫੇਰਨ ਲੱਗ ਪਿਆ :

ਰੈਣ ਗਈ ਲੁਕੇ ਸਭ ਤਾਰੇ
ਅਬ ਤੋ ਜਾਗ ਮੁਸਾਫਰ ਪਿਆਰੇ
ਬੁੱਲ੍ਹਾ ਸ਼ਹੁ ਦੇ ਪੈਰੀਂ ਪੜੀਏ
ਗਲਫ਼ਤ ਛੋੜ ਕੁਝ ਹੀਲਾ ਕਰੀਏ
ਮਿਰਗ ਜਤਨ ਬਣ ਖੇਤ ਉਜਾੜੇ
ਅਬ ਤੋ ਜਾਗ ਮੁਸਾਫ਼ਰ ਪਿਆਰੇ
ਰੈਣ ਗਈ ਲੁਕੇ ਸਭ ਤਾਰੇ
ਮਿਰਗ ਜਤਨ ਬਣ ਖੇਤ ਉਜਾੜੇ

ਬੁੱਢੜਾ ਤੇ ਸੱਤਾਂ ਚੁੱਪਚਾਪ ਆਪੋ ਆਪਣੀ ਥਾਵੇਂ ਖੜੀਚੇ ਸਾਈਂ ਦਾ ਅਲਾਪ ਸੁਣਦੇ ਸਨ। ਉਨ੍ਹਾਂ ਦੇ ਸਿਰ ਉੱਤੇ ਕਾਲਖ ਭਿੰਨਾ ਆਸਮਾਨ ਸੀ ਜਿਹਦੇ ਵਿਚ ਬੇਅੰਤ ਤਾਰੇ ਟਿਮਕਦੇ ਪਏ ਸਨ ਜਿਵੇਂ ਜਾਗੋ ਮੀਟੀ ਵਿਚ ਹੋਵਣ।

ਨੂੰਹ ਸਹੁਰੇ ਦਾ ਸਰੀਰ ਥਕੇਵੇਂ ਨਾਲ ਹੁਟਿਆ ਹੋਇਆ ਸੀ। ਭੂਰੀ ਵਿਚ ਨਿਘਿਆਂ ਹੋ ਕੇ ਲੰਮਿਆਂ ਪੈਣ ਨਾਲ ਜਿਵੇਂ ਉਨ੍ਹਾਂ ਦੇ ਦੁਖਦੇ ਹੱਡਾਂ ਨੂੰ ਟਕੋਰ ਮਿਲਣ ਲੱਗ ਪਈ ਪਰ ਫੇਰ ਵੀ ਨੀਂਦਰ ਉਨ੍ਹਾਂ ਦੋਵਾਂ ਦੀਆਂ ਅੱਖਾਂ ਵਿਚੋਂ ਕਿਧਰੇ ਦੂਰ ਦੁਰਾਡੇ ਵਾਸਾ ਕੀਤੀ ਬੈਠੀ ਸੀ।

‘ਸੱਤਾਂ...।’ ਬੁਢੜੇ ਨੇ ਪੋਲੀ ਜਿਹੀ ਸੱਦ ਮਾਰੀ।

‘ਹੂੰ।’ ਉਹ ਕਿਧਰੋਂ ਦੂਰ ਦੁਰਾਡਿਓਂ ਬੋਲੀ।

‘ਮੈਂ ਇਕ ਗੱਲ ਕਰਾਂ ਤੇਰੇ ਨਾਲ।’

‘ਕਰ।’ ਸੱਤਾਂ ਉਸੇ ਤਰ੍ਹਾਂ ਈ ਬੋਲੀ।

‘ਸੱਤਾਂ ਤੂੰ ਪਰਤ ਜਾ ਪਿਛਾਂਹ ਮੇਰਾ ਪੁੱਤਰ। ਤੂੰ ਕਿਥੇ ਖੇਹ ਛਾਣਦੀ ਫਿਰੇਂਗੀ ਮੇਰੇ ਨਾਲ ਸ਼ਹਿਰ ਦੀ? ਤੂੰ ਫਜ਼ਰ ਹੁੰਦਿਆਂ ਪਿਛਾਂਹ ਚਲੀ ਜਾਈਂ।’ ਬੁੱਢੜੇ ਨੇ ਉਸ ਨੂੰ ਮੱਤ ਦਿੱਤੀ।

‘ਪਰ ਚਾਚਾ, ਮੈਂ ਪਿਛਾਂਹ ਹੁਣ ਕਿਥੇ ਜਾਸਾਂ?’ ਉਸ ਨੇ ਪੁੱਛਿਆ।

‘ਪੁੱਤਰ, ਰਹਿਮੋ ਤੇ ਹੁਣ ਰਿਹਾ ਕੋਈ ਨਾ। ਤੂੰ ਪਿਛਾਂਹ ਚਲੀ ਜਾ ਝੋਕ ਹਸਨੇ ਦੀ, ਆਪਣੇ ਮਾਪਿਆਂ ਦੇ ਘਰ।’ ਬੁੱਢੜੇ ਕੋਲੋਂ ਜਿਵੇਂ ਸਾਰੀ ਗੱਲ ਇਕੋ ਵਾਰੀ ਕਰਨੀ ਔਖੀ ਹੋ ਗਈ ਸੀ।

‘ਚਾਚਾ ਝੋਕ ਹਸਨੇ ਦੀ ਮੈਂ ਜਾ ਕੇ ਕੀ ਕਰਸਾਂ?’ ਉਸ ਨੇ ਫੇਰ ਪੁੱਛਿਆ।

‘ਮੇਰੀ ਪੁੱਤਰੀ! ਤੇਰੀ ਅਸਲੋਂ ਕੋਈ ਉਮਰ ਨਹੀਂ ਅਜੇ। ਕੁਝ ਚਿਰ ਈ ਤੇ ਹੋਇਆ ਏ ਤੈਨੂੰ ਪਰਨਾ ਕੇ ਲਿਆਂਦਿਆਂ। ਹੈਂ, ਸੁਣਦੀ ਪਈ ਏਂ?’

‘ਆਹੋ।’

‘ਤੇ ਤੂੰ ਉਥੇ ਹੱਕ ਨਿਕਾਹ ਕਰ ਲੈ ਮੇਰੀਏ ਧੀਏ।’

ਬੁੱਢੜੇ ਦੀ ਇਹ ਗੱਲ ਸੁਣ ਕੇ ਸੱਤਾਂ ਝੱਟ ਆਪਣੇ ਕਲਬੂਤ ਵਿਚ ਆ ਗਈ ਤੇ ਮੱਛੀ ਵਾਂਗੂੰ ਆਪਣੀ ਥਾਓਂ ਤੜਫ ਕੇ ਉੱਠ ਬੈਠੀ। ਉਹਦੀਆਂ ਕਾਲੀਆਂ ਕਾਲੀਆਂ ਫੁੱਲ੍ਹੀਆਂ ਅੱਖਾਂ ਬੁੱਢੜੇ ਦੇ ਮੁੱਖ ‘ਤੇ ਗਡੀਜ ਗਈਆਂ ਤੇ ਉਹ ਰੋਹ ਤੇ ਸਾੜ ਨਾਲ ਕੰਬਦੀ ਹੋਈ ਵਾਜ ਵਿਚ ਬੋਲੀ:

‘ਚਾਚਾ, ਤੂੰ ਕਿਹੋ ਜਿਹੀਆਂ ਗੱਲੀਂ ਕੱਢਦਾ ਪਿਆ ਏ ਆਪਣੇ ਦਾਅ ਤੋਂ। ਰਹਿਮੋ ਨੂੰ ਟੋਭੇ ਵਿਚੋਂ ਮੁਰਗਾਈਆਂ ਕਢਦਿਆਂ ਕੋਈ ਸੱਪ ਤੇ ਨਹੀਂ ਨਾ ਲੜਿਆ। ਜਿਹੜੀ ਮੈਂ ਪਰਤ ਜਾਵਾਂ ਪਿਛਾਂਹ ਆਪਣੇ ਮਾਪਿਆਂ ਕੋਲ। ਉਹਨੂੰ ਰਾਠਾਂ ਦੀਆਂ ਬੰਦੂਕੀਂ ਮਾਰਿਆ ਏ। ਮੈਂ ਤੇਰੇ ਨਾਲ ਈ ਜਾਸਾਂ ਸ਼ਹਿਰ।’

ਬੁੱਢੜਾ ਸੱਤਾਂ ਦੇ ਮੂੰਹੋਂ ਇਹ ਗੱਲ ਸੁਣ ਕੇ ਉਹਦੀਆਂ ਅੱਖਾਂ ਨੂੰ ਵੇਖਣ ਲੱਗ ਪਿਆ ਜਿਹੜੀਆਂ ਮਾਘ ਦੇ ਸੀਤ ਹਨੇਰੇ ਵਿਚ ਮਸ਼ਾਲਾਂ ਵਾਂਗੂੰ ਪਈਆਂ ਜਗਦੀਆਂ ਸਨ।

ਉਹੋ ਅੱਖਾਂ ਹੋਰਵੀਆਂ ਹੋਰਵੀਆਂ, ਸਗਵੀਆਂ ਰਹਿਮੋ ਦੀਆਂ ਅੱਖਾਂ ਵਰਗੀਆਂ। ‘ਸ਼ਹਿਰੀ ਰਾਸਧਾਰੀਆਂ ਤੈਨੂੰ ਵੀ ਫਾਹ ਲਿਆ ਹੋਇਆ ਏ ਆਪਣੇ ਫੰਦ ਫਰੇਬ ਵਿਚ। ਮੈਂ ਰਾਠਾਂ ਨੂੰ ਘੋੜੀ ਚੜ੍ਹਣ ਦੀ ਜਾਚ ਸਿਖਾਈ, ਵੱਲ ਦੱਸਿਆ। ਮੇਰੇ ਸਿਰ ਦੀ ਪੱਗ ਉਨ੍ਹਾਂ ਖੇਹ ਕਰ ਛੱਡੀ।’ ਬੁੱਢੜਾ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਿਆ।

ਮਿਰਗ ਜਤਨ ਬਣ ਖੇਤ ਉਜਾੜੇ
ਰੈਣ ਗਈ ਲੁਕੇ ਸਭ ਤਾਰੇ

ਸਾਈਂ ਉੱਚੀ ਉੱਚੀ ਆਖਦਾ ਸੀ ਪਿਆ ਤੇ ਕਲਰਾਠੀ ਸੀਤ ਹਵਾ ਫੈਜ਼ਪੁਰ ਦੇ ਸੁੰਞੇ ਬਰਾਂਡੇ ਵਿਚੋਂ ਲੰਘ ਕੇ ਪਲੇਠਫਾਰਮ ‘ਤੇ ਕੱਖ ਉਡਾਉਂਦੀ ਸੀ ਪਈ।

# ਮਹਾਂਭਾਰਤ ਦਾ ਮੈਦਾਨ-ਏ-ਜੰਗ:ਕੁਰੂਕਸ਼ੇਤਰ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਕੁਰੂਕਸ਼ੇਤਰ ਯੂਨੀਵਰਸਿਟੀ ਥਾਨੇਸਰ ਸ਼ਹਿਰ ਦਾ ਇਕ ਹਿੱਸਾ ਹੈ, ਜੋ ਉਦੋਂ ਇੱਕ ਨਿੱਕਾ ਜਿਹਾ ਕਸਬਾ ਸੀ ਅਤੇ ਬਿਲਕੁਲ ਵਿਕਸਤ ਨਹੀਂ ਸੀ ਹੋਇਆ। ਇਸ ਲਈ ਯੂਨੀਵਰਸਿਟੀ ਤੋਂ ਬਿਨਾਂ ਦੇਖਣ ਲਈ ਬਹੁਤਾ ਕੁੱਝ ਨਹੀਂ ਸੀ ਫਿਰ ਵੀ ਇਤਿਹਾਸ-ਮਿਥਿਹਾਸ ਨਾਲ ਜੁੜਿਆ ਹੋਣ ਕਰਕੇ ਆਲੇ-ਦੁਆਲੇ ਕੱਝ ਥਾਵਾਂ ਦੇਖਣ ਯੋਗ ਸਨ। ਜੀ-ਪਰਚਾਵੇ ਲਈ ਬਣੇ ਇੱਕੋ-ਇੱਕ ਸਿਨੇਮਾ ਘਰ ਵਿਚ ਜਦੋਂ ਕਦੀ ਜਾਈਦਾ ਸੀ ਤਾਂ ਪ੍ਰੇਸ਼ਾਨੀ ਵਿਚੋਂ ਹੀ ਲੰਘਣਾ ਪੈਂਦਾ ਸੀ ਕਿਉਂਕਿ ਆਮ ਤੌਰ 'ਤੇ ਡਿਗਰੀ ਕਾਲਜ ਦੇ ਲੜਕੇ ਬਿਨਾਂ ਗੈਲਰੀ ਤੋਂ ਬਣੇ ਹਾਲ ਦੀਆਂ ਪਿਛਲੀਆਂ ਸੀਟਾਂ ਮੱਲ ਕੇ ਬੈਠ ਜਾਂਦੇ ਅਤੇ ਪਿਕਚਰ ਦੇਖਦੇ ਸਮੇਂ ਕਦੇ ਕੇਲੇ ਖਾ ਕੇ ਅੱਗੇ ਬੈਠੀਆਂ ਕੁੜੀਆਂ ਤੇ ਸੁੱਟ ਦਿੰਦੇ ਤੇ ਕਦੀ ਮੂੰਗਫਲੀ ਦੇ ਛਿਲਕੇ। ਇੱਕ ਵਾਰ ਮੈਂ ਤੇ ਮੇਰੀ ਜਮਾਤਣ, ਜੋ ਉਚੇ ਕੱਦ-ਕਾਠ ਵਾਲੀ ਅਤੇ ਚੰਗੀ ਸਿਹਤ ਵਾਲੀ ਸੀ ਤੁਰੀਆਂ ਜਾਈਏ ਤਾਂ ਪਿੱਛੇ ਤੁਰੇ ਆਉਂਦੇ ਮੁੰਡਿਆਂ ਦੇ ਟੋਲੇ ਵਿਚੋਂ ਕੋਈ ਬੋਲਿਆ, "ਅਰੇ ਭਾਈ ਕੌਨ ਸੀ ਚੱਕੀ ਕਾ ਆਟਾ ਖਾਵੇ ਸੈ, ਮੰਨੇ ਭੀ ਬਤਾ ਦੋ।" ਮੇਰੀ ਸਹੇਲੀ ਦਾ ਜਵਾਬ ਸੀ, "ਉਸੇ ਹੀ ਚੱਕੀ ਦਾ ਜਿਥੋਂ ਤੇਰੀ ਮਾਂ ਆਟਾ ਲੈ ਕੇ ਆਉਂਦੀ ਐ।" ਮੁੰਡੇ ਥੋੜੇ ਕੱਚੇ ਹੋ ਗਏ।



ਡਾ. ਗੁਰਨਾਮ ਕੌਰ

ਘਰ ਤੋਂ ਏਡੀ ਦੂਰ ਖਾਸ ਕਰਕੇ ਸਨਿਚਰ-ਐਤਵਾਰ ਨੂੰ ਜੀਅ ਕਰਨਾ ਕਿ ਕਿਧਰੇ ਜਾਇਆ ਜਾਵੇ। ਇਸ ਲਈ ਅਸੀਂ ਪੰਜ-ਚਾਰ ਸਹੇਲੀਆਂ ਨੇ ਟਾਂਗੇ 'ਤੇ ਬੈਠਣਾ ਅਤੇ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਮੱਥਾ ਟੇਕਣ ਚਲੇ ਜਾਣਾ। ਮੈਂ ਆਪਣੇ ਗਰੁਪ ਵਿਚ ਇਕੱਲੀ ਹੀ 'ਸਰਦਾਰ' ਸੀ (ਉਦੋਂ ਸਿੱਖ ਜਾਂ ਹਿੰਦੂ ਸ਼ਬਦ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਸਰਦਾਰ ਜਾਂ ਲਾਲਾ ਸ਼ਬਦ ਹੀ ਆਮ ਤੌਰ 'ਤੇ ਵਰਤੇ ਜਾਂਦੇ ਸੀ), ਇਸ ਲਈ ਪਹਿਲਾਂ ਮੇਰੀਆਂ ਸਹੇਲੀਆਂ ਨੇ ਮੇਰੇ ਨਾਲ ਗੁਰਦੁਆਰੇ ਜਾਣਾ ਫਿਰ ਅਸੀਂ ਬਿਰਲਾ ਮੰਦਰ ਜਾਣਾ ਜੋ ਆਮ ਮੰਦਰਾਂ ਨਾਲੋਂ ਬਹੁਤ ਹੀ ਸੁਹਣਾ ਅਤੇ ਸਾਫ਼-ਸੁਥਰਾ ਸੀ। ਬਿਰਲਾ ਮੰਦਰ ਤੋਂ ਕੁਝ ਦੂਰੀ 'ਤੇ ਬ੍ਰਹਮ ਸਰੋਵਰ ਹੈ ਜਿਸ ਦੇ ਵਿਚਕਾਰ ਮੰਦਰ ਹੈ। ਹੋਰ ਵੀ ਬਹੁਤ ਛੋਟੇ ਬੜੇ ਮੰਦਰ ਹਨ ਜਿਨ੍ਹਾਂ ਵਿਚ ਪਾਂਡਵਾਂ ਸਮੇਤ ਮਹਾਂਭਾਰਤ ਦੇ ਮੁੱਖ ਪਾਤਰਾਂ ਦੇ ਬੁੱਤ ਬਣਾ ਬਣਾ ਕੇ ਸਜਾਏ ਹੋਏ ਹਨ। ਸੂਰਜ ਗ੍ਰਹਿਣ ਵੇਲੇ ਇੱਥੇ ਸਾਰੇ ਹਿੰਦੋਸਤਾਨ ਵਿਚੋਂ ਲੋਕ ਇਸ਼ਨਾਨ ਕਰਨ ਆਉਂਦੇ ਅਤੇ ਯੂਨੀਵਰਸਿਟੀ ਇੱਕ ਹਫਤਾ ਪਹਿਲਾਂ ਹੀ ਬੰਦ ਕਰ ਦਿੱਤੀ ਜਾਂਦੀ ਕਿਉਂਕਿ ਹਫਤਾ ਪਹਿਲੋਂ ਹੀ ਭੀੜ ਲੱਗ ਜਾਂਦੀ ਸੀ। ਮੈਨੂੰ ਹਮੇਸ਼ਾ ਹੀ ਗੁਰੂ ਨਾਨਕ ਦੇਵ ਦੀ ਉਹ ਸਾਖੀ ਯਾਦ ਆ ਜਾਂਦੀ ਜਦੋਂ ਲੋਕਾਂ ਨੂੰ ਸਮਝਾਉਣ ਲਈ ਉਹ ਸੂਰਜ ਦੀ ਥਾਂ ਕਰਤਾਰਪੁਰ ਦੀ ਦਿਸ਼ਾ ਵਿਚ ਆਪਣੇ ਖੇਤਾਂ ਵਲ ਪਾਣੀ ਉਛਾਲਣ ਲੱਗੇ। ਜਦੋਂ ਲੋਕਾਂ ਨੇ ਕਿਹਾ ਕਿ ਏਨੀ ਦੂਰ ਤੁਹਾਡੇ ਖੇਤਾਂ ਨੂੰ ਪਾਣੀ ਕਿਵੇਂ ਪਹੁੰਚ ਸਕਦਾ ਹੈ? ਤਾਂ ਬਾਬੇ ਨੇ ਪੁੱਛਿਆ ਕਿ ਜੇ ਮੇਰੇ ਖੇਤਾਂ ਤੱਕ ਪਾਣੀ ਨਹੀਂ ਪਹੁੰਚ ਸਕਦਾ ਤਾਂ ਤੁਹਾਡੇ ਪਿੱਤਰਾਂ ਤੱਕ ਕਿਵੇਂ ਪਹੁੰਚ ਸਕਦਾ ਹੈ ਜੋ ਅਣਗਿਣਤ ਮੀਲਾਂ ਦੂਰ ਹਨ? ਯੂਨੀਵਰਸਿਟੀ ਸੜਕ 'ਤੇ ਹੀ ਕੁਝ ਦੂਰ ਜਾ ਕੇ ਜਿਯੋਤੀਸਰ ਦਾ ਸਥਾਨ ਹੈ। ਕਹਿੰਦੇ ਹਨ ਕਿ ਇਹ ਉਹ ਥਾਂ ਹੈ ਜਿਥੇ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿਤਾ ਸੀ। ਇਥੇ ਇਕ ਸੁੰਦਰ ਮੰਦਰ ਹੈ ਜਿਸ ਦੇ ਮੁੱਖ ਦਰਵਾਜ਼ੇ 'ਤੇ ਰੱਥ ਦੇ ਅੱਗੇ ਚਾਰ ਘੋੜੇ ਜੋੜ ਕੇ ਬੁੱਤ ਬਣਾਇਆ ਹੈ ਜਿਸ 'ਤੇ ਸ੍ਰੀ ਕ੍ਰਿਸ਼ਨ ਮਹਾਂਭਾਰਤ ਦੇ ਮੁੱਖ ਪਾਤਰ ਅਰਜਨ ਦੇ ਰਥਵਾਨ ਬਣਕੇ ਉਸ ਨੂੰ ਉਪਦੇਸ਼ ਕਰ ਰਹੇ ਹਨ। ਇਸ ਤਰ੍ਹਾਂ ਥਾਂ ਥਾਂ ਬੁੱਤ ਬਣੇ ਮਿਲਦੇ ਹਨ। ਹੁਣ ਤਾਂ ਬੁੱਤਪ੍ਰਸਤੀ ਦਾ ਇਹ ਰੁਝਾਨ ਸਿੱਖ ਧਾਰਮਿਕ ਸਥਾਨਾਂ 'ਤੇ ਵੀ ਕਾਫ਼ੀ ਪ੍ਰਚੱਲਤ ਹੋ ਗਿਆ ਹੈ। ਗੁਰਦੁਆਰਾ ਮਹਿਦੀਆਣਾ ਵਿਚ ਭਾਰੀ ਗਿਣਤੀ ਵਿਚ ਇਹ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਜੀ ਟੀ ਰੋਡ 'ਤੇ ਸਥਾਪਤ ਗੁਰਦੁਆਰਾ ਮੰਜੀ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਵੀ ਦੋਵੇਂ ਪਾਸੇ ਦੋ ਸਿੰਘ ਘੋੜਿਆਂ ਦੀਆਂ ਵਾਗਾਂ ਫੜੀ ਖੜ੍ਹੇ ਨਜ਼ਰ ਆਉਂਦੇ ਹਨ।

ਇੱਕ ਵਾਰ ਚੰਡੀਗੜ੍ਹ ਪੰਜਾਬੀ ਭਵਨ ਵਿਚ ਹਿਸਟਰੀ ਦੇ ਪ੍ਰਸਿੱਧ ਵਿਦਵਾਨ ਡਾ. ਜਗਤਾਰ ਸਿੰਘ ਗਰੇਵਾਲ ਨੂੰ ਪੰਜਾਬ ਸਰਕਾਰ ਵਲੋਂ ਚੀਫ਼ ਮਨਿਸਟਰ ਬਾਦਲ ਸਾਹਿਬ ਦੀ ਪ੍ਰਧਾਨਗੀ ਵਿਚ ਸਨਮਾਨਤ ਕੀਤਾ ਜਾਣਾ ਸੀ ਅਤੇ ਸ. ਮਨੋਹਰ ਸਿੰਘ ਗਿੱਲ ਸ਼ਾਇਦ ਮੁੱਖ ਮਹਿਮਾਨ ਵਜੋਂ ਭਾਸ਼ਣ ਕਰ ਰਹੇ ਸਨ, ਉਨ੍ਹਾਂ ਦਾ ਮੁੱਖ ਨੁਕਤਾ ਗੁਰਦੁਆਰਿਆਂ ਵਿਚ ਬੇਲੋੜਾ ਮਾਰਬਲ ਲਾਉਣ ਵੱਲ ਧਿਆਨ ਦੁਆਉਣਾ ਸੀ। ਕਹਿਣ ਲੱਗੇ, ਰੱਬ ਨਾ ਕਰੇ ਜੇ ਕਈ ਸਦੀਆਂ ਬਾਅਦ ਕਦੇ ਕੋਈ ਅਣਹੋਣੀ ਵਾਪਰ ਜਾਏ ਅਤੇ ਬਾਅਦ ਵਿਚ ਪੰਜਾਬ ਦੇ ਖੰਡਰਾਂ ਦੀ ਖੁਦਾਈ ਹੋਵੇ ਤਾਂ ਵਿਚੋਂ ਜਦੋਂ ਮਾਰਬਲ ਨਿਕਲੇਗੀ ਤਾਂ ਉਦੋਂ ਦੀ ਪੀੜੀ ਸੋਚੇਗੀ ਕਿ ਪੰਜਾਬ ਦੇ ਸਿੱਖ ਪੱਥਰ-ਪੂਜ ਹੁੰਦੇ ਸਨ। ਮੈਂ ਕਈ ਵਾਰ ਸੋਚਦੀ ਹਾਂ ਕਿ ਸਦੀਆਂ ਤੱਕ ਜਾਣ ਦੀ ਤਾਂ ਲੋੜ ਹੀ ਨਹੀਂ। ਬੁੱਤ ਤਾਂ ਹੁਣ ਹੀ ਸਥਾਪਤ ਹੋ ਗਏ ਹਨ। ਅਸੀਂ ਭਾਵੇਂ ਜਿੰਨੀ ਮਰਜੀ ਸਫ਼ਾਈ ਦੇਈਏ ਪਰ ਇਸ ਤੱਥ ਨੂੰ ਝੁਠਲਾ ਨਹੀਂ ਸਕਦੇ ਕਿ ਅਸੀਂ ਬੁੱਤਪ੍ਰਸਤ ਹੋ ਗਏ ਹਾਂ ਅਤੇ ਇਹ ਸਿਹਰਾ ਗੁਰਦੁਆਰਿਆਂ ਦੀ ਹੋ ਰਹੀ ਕਾਰ ਸੇਵਾ ਨੂੰ ਜਾਂਦਾ ਹੈ।



ਯੂਨੀਵਰਸਿਟੀ ਦੇ ਸਾਰੇ ਵਿਭਾਗ ਆਪਣੇ ਵਿਦਿਆਰਥੀਆਂ ਨੂੰ ਦੂਰ ਨੇੜੇ ਟਰਿੱਪ 'ਤੇ ਲੈ ਕੇ ਜਾ ਰਹੇ ਸਨ। ਅਸੀਂ ਵੀ ਆਪਣੇ ਅਧਿਆਪਕਾਂ ਨੂੰ ਕਿਹਾ ਕਿ ਸਾਨੂੰ ਕਿਧਰੇ ਟੂਰ ਤੇ ਲੈ ਕੇ ਚੱਲਣ। ਸਾਨੂੰ ਸਿਰਫ ਇਕ ਦਿਨ ਦੇ ਟੂਰ ਦੀ ਆਗਿਆ ਮਿਲੀ ਜਿਸ ਵਿਚ ਦੋਵੇਂ ਕਲਾਸਾਂ ਨਾਲ ਵਿਭਾਗ ਦੇ ਮੁਖੀ ਡਾਕਟਰ ਸਿਨਹਾ ਸਮੇਤ ਸਾਰੇ ਅਧਿਆਪਕ ਜਾਣ ਲਈ ਤਿਆਰ ਹੋ ਗਏ। ਟੂਰ ਭਾਖੜਾ-ਨੰਗਲ ਡੈਮ ਵਾਇਆ ਅਨੰਦਪੁਰ ਸਾਹਿਬ ਬਣਿਆ। ਪਹਿਲੀ ਵਾਰ ਭਾਖੜਾ ਡੈਮ ਦੇਖਿਆ। ਮੀਲਾਂ ਦੀ ਦੂਰੀ ਤੱਕ ਫੈਲੀ ਗੋਬਿੰਦਸਾਗਰ ਝੀਲ ਅਤੇ ਪਾਣੀਆਂ 'ਤੇ ਪੈ ਰਹੀਆਂ ਕਿਰਨਾਂ ਨਾਲ ਬਣੀ ਸਤਰੰਗੀ ਪੀਂਘ ਬੜਾ ਰਹੱਸਮਈ ਅਤੇ ਰੋਮਾਂਚਕ ਨਜ਼ਾਰਾ ਪੇਸ਼ ਕਰ ਰਹੀ ਸੀ। ਉਦੋਂ ਹੀ ਇੱਕ ਸੀਨੀਅਰ ਵਿਦਿਆਰਥੀ, ਜਿਸ ਨੂੰ ਦਲੀਪ ਕੁਮਾਰ ਦੀਆਂ ਫਿਲਮਾਂ ਦੇਖਣ ਦਾ ਜਨੂੰਨ ਸੀ ਪਰ ਉਂਜ ਬਹੁਤ ਸ਼ਰਮੀਲੇ ਸੁਭਾ ਦਾ ਸੀ, ਬੋਲਿਆ, "ਯੇ ਤੋ ਘਣੀ ਰੋਮੈਂਟਿਕ ਜਗਹ ਸੈ। ਯਹਾਂ ਤੋਂ ਛਲਾਂਗ ਲਗਾ ਕੇ ਮਰਨੇ ਕਾ ਭੀ ਘਣਾ ਸੁਆਦ ਆਵੇਗੋ।" ਸਾਰੇ ਵਿਦਿਆਰਥੀ ਖਿੜ ਖਿੜਾ ਕੇ ਹੱਸ ਪਏ।

ਲੜਕੀਆਂ ਦੇ ਹੋਸਟਲ ਦੀ ਉਪਰਲੀ ਮੰਜ਼ਿਲ ਤੋਂ "ਕਰਨ ਦਾ ਟਿੱਲਾ" ਨਜ਼ਰ ਆਉਂਦਾ ਸੀ। ਕਰਨ ਮਹਾਂਭਾਰਤ ਦਾ ਇੱਕ ਮਹੱਤਵਪੂਰਨ ਪਾਤਰ ਹੈ ਜੋ ਕੁੰਤੀ ਦਾ ਜੇਠਾ ਪੁੱਤਰ ਸੀ ਅਤੇ ਮਿਥਿਹਾਸ ਅਨੁਸਾਰ ਸੂਰਜ ਦੇਵਤਾ ਤੋਂ ਪੈਦਾ ਹੋਇਆ ਸੀ ਪਰ ਹੋਰ ਰਿਸ਼ਤੇਦਾਰਾਂ ਦੀ ਤਰ੍ਹਾਂ ਉਹ ਵੀ ਪਾਂਡਵਾਂ ਦੇ ਖ਼ਿਲਾਫ ਲੜ ਰਿਹਾ ਸੀ। ਕੁਰੂਕਸ਼ੇਤਰ ਦੇ ਆਲੇ-ਦੁਆਲੇ ਤਕੜੇ ਤਕੜੇ ਸਰਦਾਰਾਂ ਦੇ ਫ਼ਾਰਮ ਹਨ। ਕਰਨ ਦੇ ਟਿੱਲੇ ਦੇ ਨਾਲ ਹੀ ਤਕਰੀਬਨ ਹਰ ਰੋਜ਼ ਖੇਤਾਂ ਵਿਚ ਫੁਹਾਰਿਆਂ ਵਰਗਾ ਕੁਝ ਚਲਦਾ ਨਜ਼ਰ ਆਉਣਾ ਪਰ ਸਮਝ ਨਾ ਲੱਗਣੀ ਕਿ ਇਹ ਕੀ ਹੈ? ਕਿਉਂਕਿ ਉਦੋਂ ਪਾਈਪਾਂ ਵਿਛਾ ਕੇ ਫੁਹਾਰਿਆਂ ਰਾਹੀਂ ਸਿੰਜਾਈ ਕਰਨ ਦਾ ਰਿਵਾਜ ਆਮ ਨਹੀਂ ਸੀ। ਐਤਵਾਰ ਨੂੰ ਅਸੀਂ ਆਪਣੀ ਕਲਾਸ ਦੀਆਂ ਚਾਰੇ ਹੋਸਟਲਰ ਕੁੜੀਆਂ ਅਤੇ ਬਾਕੀ ਸਹੇਲੀਆਂ ਪੈਂਟਾਂ-ਟੀ ਸ਼ਰਟਾਂ ਪਾ ਕੇ ਕਰਨ ਦਾ ਟਿੱਲਾ ਦੇਖਣ ਅਤੇ ਫੁਹਾਰਿਆਂ ਦਾ ਰਹੱਸ ਜਾਣਨ ਲਈ ਪਿਕਨਿਕ ਮਨਾਉਣ ਪਹੁੰਚ ਗਈਆਂ। ਕਰਨ ਦੇ ਟਿੱਲੇ ਨੂੰ ਰਸਤਾ ਲੈਕਚਰਾਰਾਂ ਲਈ ਬਣੇ ਘਰਾਂ ਦੇ ਅੱਗੋਂ ਦੀ ਜਾਂਦਾ ਸੀ। ਜਾਣ ਵੇਲੇ ਤਾਂ ਕੋਈ ਟੀਚਰ ਨਜ਼ਰ ਨਹੀਂ ਆਇਆ ਪਰ ਜਦੋਂ ਅਸੀਂ ਵਾਪਸ ਆਈਆਂ ਤਾਂ ਸਾਡੇ ਲੋਜਿਕ ਦੇ ਅਧਿਆਪਕ ਡਾ. ਮਿਸ਼ਰਾ ਬਾਹਰ ਕੁਰਸੀ ਡਾਹ ਕੇ ਬੈਠੇ ਕਿਤਾਬ ਪੜ੍ਹ ਰਹੇ ਸਨ। ਅਸੀਂ ਦੂਸਰੀਆਂ ਕੁੜੀਆਂ ਦੇ ਪਿੱਛੇ ਲੁਕਦੀਆਂ ਭੱਜ ਕੇ ਉਥੋਂ ਨਿਕਲੀਆਂ। ਅਸਲ ਵਿਚ ਅਸੀਂ ਕਲਾਸ ਵਿਚ ਕਦੀ ਇਹ ਡਰੈਸ ਨਹੀਂ ਸੀ ਪਾਈ। ਸਾਡਾ ਫੈਸਲਾ ਸੀ ਕਿ ਸਨਿਚਰਵਾਰ ਕਲਾਸ ਵਿਚ ਸਾੜੀ ਪਾਉਣੀ ਹੈ ਤੇ ਬਾਕੀ ਦਿਨ ਸੂਟ। ਐਮ.ਏ ਦੀ ਡਿਗਰੀ ਲੈਣ ਕਨਵੋਕੇਸ਼ਨ 'ਤੇ ਗਈਆਂ ਤਾਂ ਡਿਗਰੀ ਲੈਣ ਪਿਛੋਂ ਡਾ. ਅਜਿਤ ਕੁਮਾਰ ਸਿਨਹਾ ਨੂੰ ਉਨ੍ਹਾਂ ਦੇ ਘਰ ਮਿਲਣ ਚਲੇ ਗਈਆਂ। ਗੱਲਾਂ ਕਰਦੀਆਂ ਨੇ ਪੁੱਛਿਆ, "ਸਰ, ਨਈ ਕਲਾਸ ਕੈਸੀ ਹੈ?" ਤਾਂ ਉਨ੍ਹਾਂ ਨੇ ਆਪਣੇ ਸੀਰੀਅਸ ਮੂਡ ਵਿਚ ਉਤਰ ਦਿੱਤਾ, "ਠੀਕ ਹੈ, ਲੇਕਿਨ ਆਪ ਲੋਗੋਂ ਜੈਸੀ ਸੀਰੀਅਸ ਔਰ ਟਰੈਡੀਸ਼ਨਲ ਨਹੀਂ ਹੈਂ। ਵੋ ਔਰ ਤਰਹ ਸੇ ਡਰੈਸ-ਅਪ ਹੋਤੀ ਹੈਂ।" ਉਸੇ ਦਿਨ ਡਾ. ਸਿਨਹਾ ਦੀ ਪਤਨੀ ਨੇ ਸਾਨੂੰ ਦੱਸਿਆ ਕਿ ਟੀ-ਸ਼ਰਟਾਂ ਵਿਚ ਅਸਲ ਵਿਚ ਡਾ. ਮਿਸ਼ਰਾ ਨੇ ਸਾਨੂੰ ਵੇਖ ਲਿਆ ਸੀ ਪਰ ਉਨ੍ਹਾਂ ਜਾਣ ਕੇ ਇਸ ਤਰ੍ਹਾਂ ਜ਼ਾਹਰ ਕੀਤਾ ਕਿ ਨਹੀਂ ਵੇਖਿਆ ਤਾਂ ਜੋ ਸਾਨੂੰ ਬੁਰਾ ਮਹਿਸੂਸ ਨਾ ਹੋਵੇ। ਇਹ ਗੱਲ ਡਾ. ਮਿਸ਼ਰਾ ਦੀ ਪਤਨੀ ਨੇ ਡਾ. ਸਿਨਹਾ ਦੀ ਪਤਨੀ ਨੂੰ ਦੱਸੀ ਸੀ। ਬੰਗਾਲੀ ਲੋਕ ਪਹਿਰਾਵੇ ਪ੍ਰਤੀ ਬਹੁਤ ਚੇਤੰਨ ਅਤੇ ਪਰੰਪਰਾਵਾਦੀ ਹੁੰਦੇ ਹਨ, ਇਹ ਮੈਂ ਰਵਿੰਦਰਨਾਥ ਟੈਗੋਰ ਦੇ ਨਾਵਲਾਂ ਵਿਚ ਪੜ੍ਹਿਆ ਸੀ। ਬਾਅਦ 'ਚ ਸਾਡੀਆਂ ਜੂਨੀਅਰ ਕੁੜੀਆਂ ਨੇ ਦਸਿਆ ਕਿ ਨਵੀਂ ਕਲਾਸ ਦੀਆਂ ਕੁੜੀਆਂ ਬੈਲਬਾਟਮ ਪਾ ਕੇ ਕਲਾਸ ਵਿਚ ਆਉਂਦੀਆਂ ਹਨ।

ਅਸੀਂ ਆਪਣੇ ਨੋਟਸ ਆਪ ਤਿਆਰ ਕਰਦੀਆਂ ਸਾਂ। ਚਾਰ ਕੁੜੀਆਂ ਅਸੀਂ ਹੋਸਟਲ ਵਿਚ ਰਹਿੰਦੀਆਂ ਸਾਂ ਅਤੇ ਇੱਕ ਅੰਗਰੇਜ਼ੀ ਦੇ ਲੈਕਚਰਾਰ ਦੀ ਪਤਨੀ ਕੈਂਪਸ ਵਿਚ ਰਹਿੰਦੀ ਸੀ ਜੋ ਆਪਣੇ ਨੋਟਸ ਅਤੇ ਪੜ੍ਹਾਈ ਦੋਵਾਂ ਨੂੰ ਲੁਕਾ ਕੇ ਰੱਖਦੀ। ਮੈਨੂੰ ਕਈ ਵਾਰ ਕਹਿੰਦੀ, "ਤੂੰ ਸੁਣਿਆਂ ਹੈ ਨੋਟਸ ਦੀ ਕੋਆਪਰੇਟਿਵ ਸੋਸਾਇਟੀ ਖੋਲ੍ਹ ਰੱਖੀ ਹੈ। ਆਪਣੇ ਨੋਟਸ ਨਾ ਦਿਆ ਕਰ।" ਮੈਂ ਹੱਸ ਕੇ ਕਿਹਾ, "ਮੈਨੂੰ ਰੱਟਾ ਲਾਉਣਾ ਨਹੀਂ ਆਉਂਦਾ। ਇਮਤਿਹਾਨ ਵਿਚ ਮੇਰੇ ਆਪਣੇ ਲਿਖੇ ਨੋਟਸਾਂ ਦੀ ਲੈਂਗੁਏਜ ਵੀ ਬਦਲ ਜਾਣੀ ਹੈ।"

ਇਕ ਦਿਨ ਮੇਰੀ ਜਮਾਤਣ ਚਾਂਦ ਬਾਲੀ ਰਾਤ ਦੇ ਖਾਣੇ ਤੋਂ ਬਾਅਦ ਮੇਰੇ ਕੋਲੋਂ ਨੋਟਸ ਲੈਣ ਆਈ ਅਤੇ ਅਸੀਂ ਕੁਝ ਡਿਸਕਸ ਕਰਦੀਆਂ ਕਰਦੀਆਂ ਬਾਹਰ ਨਿਕਲ ਆਈਆਂ। ਮੇਰਾ ਕਮਰਾ ਉਪਰਲੀ ਮੰਜ਼ਿਲ 'ਤੇ ਸੀ ਅਤੇ ਉਸਦਾ ਹੇਠਾਂ। ਜਦੋਂ ਅਸੀਂ ਵਿੰਗ ਦਾ ਵਰਾਂਡਾ ਘੁੰਮ ਕੇ ਵਿੰਗ ਦੇ ਸ਼ੁਰੂ ਵਿਚ ਬਣੇ ਗੁਸਲਖਾਨੇ ਲੰਘ ਕੇ ਮੁੱਖ ਵਰਾਂਡੇ ਵਿਚ ਆਈਆਂ ਤਾਂ ਅਚਾਨਕ ਉਸਦੀ ਨਿਗ੍ਹਾ ਵਾਸ਼ਰੂਮ ਦੀ ਖਿੜਕੀ 'ਤੇ ਪਈ ਤਾਂ ਉਹ ਇਕ ਦਮ ਬੋਲੀ, "ਗੁਰਨਾਮ! ਵਾਸ਼ਰੂਮ ਦੀ ਖਿੜਕੀ ਵਿਚ ਕੋਈ ਬੈਠਾ ਹੈ।" ਮੈਂ ਕਿਹਾ, "ਤੂੰ ਪ੍ਰਕਾਸ਼ ਭਈਆ ਅਤੇ ਚੌਕੀਦਾਰ ਨੂੰ ਸੱਦ, ਇਸ ਦੀ ਰਾਖੀ ਮੈਂ ਕਰਦੀ ਹਾਂ। ਇਸ ਨੂੰ ਭੱਜਣ ਨਹੀਂ ਦਿੰਦੀ।" ਪ੍ਰਕਾਸ਼ ਸਾਡੇ ਮੈਸ ਦਾ ਠੇਕੇਦਾਰ ਸੀ ਜੋ ਬਹੁਤ ਹੀ ਨੇਕ ਇਨਸਾਨ ਸੀ। ਰੋਪੜ ਦਾ ਹੋਣ ਕਰਕੇ ਪੰਜਾਬੀ ਕੁੜੀਆਂ ਦਾ ਬਹੁਤ ਆਦਰ ਕਰਦਾ ਸੀ। ਇਹ ਮੈਂ ਆਪਣੀ ਮਾਂ ਤੋਂ ਸਿੱਖਿਆ ਸੀ ਕਿ ਅਜਿਹੇ ਮੌਕੇ ਡਰੀਦਾ ਨਹੀਂ। ਲੋੜ ਪਵੇ ਤਾਂ ਜੁੱਤੀ ਲਾਹ ਲਈਦੀ ਹੈ। ਫੜੇ ਜਾਣ 'ਤੇ ਉਹ ਮੈਸ ਦਾ ਹੀ ਨੌਕਰ ਨਿਕਲਿਆ ਜਿਸ ਨੂੰ ਉਸੇ ਵੇਲੇ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ ਤਰ੍ਹਾਂ ਇਕ ਅਣਸੁਖਾਵੀਂ ਘਟਨਾ ਹੋਣ ਤੋਂ ਬਚ ਗਈ।

ਫਾਈਨਲ ਪਰਚਿਆਂ ਤੋਂ ਦੋ ਕੁ ਮਹੀਨੇ ਪਹਿਲਾਂ ਸਾਡੇ ਲੌਜਿਕ ਦੇ ਲੈਕਚਰਾਰ ਨੂੰ ਲਖਨਊ ਯੂਨੀਵਰਸਿਟੀ ਵਿਚ ਰੀਡਰਸ਼ਿਪ ਮਿਲ ਗਈ ਜੋ ਉਸਦਾ ਆਪਣਾ ਸ਼ਹਿਰ ਵੀ ਸੀ। ਸਾਡੀ ਸੀਨੀਅਰ ਕਲਾਸ ਕੋਲ ਵੀ ਲੌਜਿਕ ਸੀ ਜਿਸ ਨੂੰ ਮਿਸਟਰ ਜੈਨ ਪੜ੍ਹਾਉਂਦੇ ਸਨ। ਸੀਨੀਅਰ ਕਲਾਸ ਵਿਚ ਵੀ ਇਕੋ ਲੜਕੀ ਇੰਦਰਜੀਤ ਕੌਰ "ਸਰਦਾਰ" ਸੀ ਜਿਸ ਨੂੰ ਮੈਂ ਦੀਦੀ ਕਹਿੰਦੀ ਸੀ ਅਤੇ ਸਾਡੀ ਦੋਹਾਂ ਦੀ ਬਹੁਤ ਬਣਦੀ ਸੀ। ਮੇਰਾ ਲੌਜਿਕ ਦਾ ਪਰਚਾ ਬਹੁਤ ਖਰਾਬ ਹੋਇਆ ਤੇ ਮੈਨੂੰ ਲੱਗਿਆ ਮੈਂ ਇਸ ਵਿਚੋਂ ਫੇਲ੍ਹ ਹੋ ਜਾਣਾ ਹੈ। ਦੀਦੀ ਕਹਿੰਦੀ, "ਚੱਲ ਜੈਨ ਸਰ ਨੂੰ ਪੁਛ ਕੇ ਆਈਏ"। ਜੈਨ ਸਰ ਬਹੁਤ ਗੁਸੇ ਹੋਏ ਅਤੇ ਪੰਜਾਬੀ ਵਿਚ ਬੋਲੇ, "ਮਿਸਜ ਨਾਰੰਗ (ਅੰਗਰੇਜ਼ੀ ਦੇ ਲੈਕਚਰਾਰ ਦੀ ਪਤਨੀ) ਹਰ ਰੋਜ ਮੇਰੇ ਕੋਲੋਂ ਸਮਝਣ ਆਉਂਦੀ ਸੀ ਅਤੇ ਮੈਂ ਉਸ ਨੂੰ ਬੋਲਿਆ ਸੀ ਕਿ ਸਾਰੀ ਕਲਾਸ ਨੂੰ ਬੋਲ ਦੇਣਾ ਕਿ ਜਿਸ ਨੇ ਕੁਝ ਸਮਝਣਾ ਹੋਵੇ ਮੇਰੇ ਕੋਲੋਂ ਸਮਝ ਸਕਦਾ ਹੈ। ਤੇਰੇ ਲਈ ਖਾਸ ਕਿਹਾ ਸੀ ਕਿਉਂ ਕਿ ਸਾਨੂੰ ਸਾਰੇ ਟੀਚਰਾਂ ਨੂੰ ਇਹ ਅਹਿਸਾਸ ਸੀ ਕਿ ਜੇ ਤੂੰ ਥੋੜੀ ਜਿਹੀ ਵੀ ਹੋਰ ਮਿਹਨਤ ਕਰੇਂ ਤਾਂ ਫਸਟ ਆ ਸਕਦੀ ਹੈਂ।" ਮੈਂ ਬਹੁਤ ਹੀ ਹੈਰਾਨ ਹੋ ਕੇ ਕਿਹਾ, "ਸਰ! ਸਾਨੂੰ ਤਾਂ ਤੁਹਾਡਾ ਸੁਨੇਹਾ ਮਿਸਜ ਨਾਰੰਗ ਨੇ ਕਦੀ ਨਹੀਂ ਦਿੱਤਾ। ਫਸਟ ਆਉਣ ਵਾਲੀ ਗੱਲ ਹੁਣ ਦੱਸਣ ਦਾ ਕੀ ਫਾਇਦਾ।" ਮਿਸਜ ਨਾਰੰਗ ਨੇ ਪਹਿਲਾਂ ਅੰਗਰੇਜ਼ੀ ਦੀ ਐਮ.ਏ ਕੀਤੀ ਸੀ ਅਤੇ ਉਸਦਾ ਆਪਣੇ ਟੀਚਰ ਨਾਲ ਵਿਆਹ ਹੋ ਗਿਆ। ਫ਼ਿਲਾਸਫ਼ੀ ਉਸ ਦੀ ਦੂਜੀ ਐਮ.ਏ. ਸੀ। ਸਾਡੇ ਸਾਰੇ ਅਧਿਆਪਕ ਹੀ ਮਿਸਟਰ ਜੈਨ ਵਾਂਗ ਬਹੁਤ ਚੰਗੇ ਸਨ।

ਅਪਰੈਲ ਮਹੀਨੇ ਮੈਸ ਵਿਚ ਜਿਆਦਾ ਬੰਦ ਗੋਭੀ ਹੀ ਬਣਦੀ ਕਿਉਂਕਿ ਇਸ ਮੌਸਮ ਵਿਚ ਹੋਰ ਸਬਜ਼ੀਆਂ ਘਟ ਜਾਂਦੀਆਂ ਹਨ। ਗੋਭੀ ਦੇਖ ਕੇ ਮੇਰੀ ਭੁੱਖ ਮਰ ਜਾਂਦੀ ਅਤੇ ਮੇਰੇ ਅੰਦਰ ਗਰਮੀ ਪੈ ਗਈ। ਮਿਸਜ ਪੁਸ਼ਪਾ ਚੌਧਰੀ ਸਾਡੀ ਸਾਈਕਾਲੋਜੀ ਦੀ ਟੀਚਰ, ਕਈ ਵਾਰ ਮੈਨੂੰ ਘਰੋਂ ਪਪੀਤੇ ਦੇ ਕੇ ਜਾਂਦੇ ਅਤੇ ਖਾਣਾ ਵੀ ਲਿਆਉਂਦੇ, ਨਾਲ ਹੀ ਕਹਿੰਦੇ, "ਅਗਰ ਮੇਰਾ ਘਰ ਨਜ਼ਦੀਕ ਹੋਤਾ ਤੋ ਹਰ ਰੋਜ਼ ਤੁਝੇ ਖਾਨਾ ਖਿਲਾ ਜਾਇਆ ਕਰਤੀ। ਕਿਆ ਕਰੂੰ ਦੂਰ ਪੜਤਾ ਹੈ। ਤੂੰ ਆਪ ਆ ਜਾਇਆ ਕਰ।" ਪਰ ਇਕ ਅਧਿਆਪਕ ਦੇ ਘਰ ਖਾਣਾ ਖਾਣ ਕਿਵੇਂ ਜਾਂਦੀ? ਇਸੇ ਤਰ੍ਹਾਂ ਜੇ ਅਸੀਂ ਮੁਖੀ ਡਾ. ਸਿਨਹਾ ਦੇ ਘਰ ਚਲੀਆਂ ਜਾਣਾ ਤਾਂ ਮਿਸਜ ਸਿਨਹਾ ਨੇ ਸਾਨੂੰ ਚਾਹ ਨਾਲ ਖਾਣ ਲਈ ਕਈ ਕੁਝ ਦੇਣਾ। ਮਿਸ ਗੁਪਤਾ (ਵਿਆਹ ਤੋਂ ਬਾਅਦ ਮਿਸਜ ਖੰਨਾ) ਨੇ ਵੀ ਸਾਨੂੰ ਵਧੀਆ ਚਾਹ ਪਿਲਾਉਣੀ। ਸਭ ਨੇ ਇਹੀ ਕਹਿਣਾ, "ਆਪ ਹੋਸਟਲ ਮੇਂ ਰਹਿਤੀ ਹੋ। ਯਹਾਂ ਕੌਨ ਸੀ ਮਾਂ ਬੈਠੀ ਹੈ ਖਿਆਲ ਰਖਨੇ ਕੇ ਲਿਏ।"

ਜਦੋਂ ਨਤੀਜਾ ਆਇਆ ਤਾਂ ਮੇਰੀ ਐਮ.ਏ ਦੇ ਪਹਿਲੇ ਸਾਲ ਵਿਚੋਂ ਫ਼ਸਟ ਕਲਾਸ ਆਈ ਅਤੇ ਮੈਂ ਯੂਨੀਵਰਸਿਟੀ ਵਿਚੋਂ ਤੀਜੇ ਨੰਬਰ 'ਤੇ ਸਾਂ। ਬਾਕੀ ਸਭ ਪਰਚਿਆਂ ਵਿਚੋਂ ਫਸਟ ਕਲਾਸ ਸੀ, ਸਿਰਫ ਲੌਜਿਕ ਵਿਚੋਂ 50% ਨੰਬਰ ਆਏ ਸਨ। ਮੈਂ ਮਨ ਵਿਚ ਮਿਸਜ ਨਾਰੰਗ ਨੂੰ ਬੜਾ ਕੋਸਿਆ ਕਿ ਉਸ ਨੇ ਜਾਣ ਬੁੱਝ ਕੇ ਸਾਨੂੰ ਮਿਸਟਰ ਜੈਨ ਦਾ ਸੁਨੇਹਾ ਨਹੀਂ ਦਿੱਤਾ। ਦਿਲਚਸਪ ਗੱਲ ਇਹ ਸੀ ਕਿ ਮਿਸਜ ਨਾਰੰਗ ਦੇ ਲੌਜਿਕ ਵਿਚ ਤਾਂ 57% ਨੰਬਰ ਸਨ ਪਰ ਬਾਕੀ ਸਾਰੇ ਵਿਸ਼ਿਆਂ ਵਿਚ 52 ਤੋਂ ਵੀ ਘੱਟ। ਤਿਆਰੀ ਕਾਰਨ ਕਲਾਸਾਂ ਫਰੀ ਹੋ ਗਈਆਂ ਸਨ। ਜੇ ਇੱਕ ਵੀ ਹੋਸਟਲਰ ਨੂੰ ਪਤਾ ਲੱਗ ਜਾਂਦਾ ਤਾਂ ਸਭ ਨੂੰ ਪਤਾ ਲੱਗ ਜਾਣਾ ਸੀ। ਫਿਰ ਵੀ ਮੈਂ ਬਹੁਤ ਖੁਸ਼ ਸੀ ਕਿ ਗੱਡੀ ਵਿਚ ਮਿਲਿਆ ਸਲਾਹੂ ਫ਼ਿਲਾਸਫ਼ਰ ਝੂਠਾ ਪੈ ਗਿਆ ਹੈ।

# ਜੱਟ ਵਾਂਗ ਨਾ ਜਾਤ ਕੁਰਖ਼ਤ ਕੋਈ

ਫਿਰ ਵਾਰਿਸ ਸ਼ਾਹ ਨੇ ਠੀਕ ਹੀ ਕਿਹਾ ਹੈ ਕਿ:

ਜੱਟ, ਸੰਢ, ਸੰਸਾਰ ਨੂੰ ਭੁੱਖ ਚੰਗੀ,
ਤ੍ਰੇਹ ਰੱਜ ਕੇ ਟੱਬਰੀ ਗਾਲਦੇ ਜੀ।

ਮੌਜੂਦਾ ਸਰਕਾਰ ਵੀ ਸ਼ਾਇਦ ਵਾਰਿਸ ਦੇ ਉਕਤ ਸ਼ਿਅਰ ਤੋਂ ਸੇਧ ਲੈਦਿਆਂ, ਜੱਟ ਨੂੰ ਕਰਜ਼ੇ ਦੇ ਭਾਰ ਹੇਠ ਦੱਬਿਆ ਰੱਖਣ ਵਿਚ ਹੀ ਉਸ ਦੀ ਤੇ ਦੇਸ਼ ਦੀ ਭਲਾਈ ਸਮਝਦੀ ਹੈ।

ਉਂਜ ਤਾਂ ਜੱਟ ਸਿੱਧੀ ਤੇ ਸਪੱਸ਼ਟ ਗੱਲ ਕਰਦਾ ਹੈ, ਪਰ ਕਦੇ-ਕਦੇ ਆਪਣਾ ਕੰਮ ਕੱਢਣ ਲਈ ਮਚਲਾ ਹੋ ਜਾਂਦਾ ਹੈ।...'ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ।' ਜੱਟ ਜਦੋਂ ਮਚਲਾ ਹੁੰਦਾ ਹੈ ਤਾਂ ਉਸ ਦੇ ਮਚਲਪੁਣੇ ਦਾ ਕੋਈ ਤੋੜ ਨਹੀਂ ਹੁੰਦਾ।

ਜੱਟ ਜਦੋਂ ਮਚਲਾ ਹੁੰਦਾ ਹੈ ਤਾਂ ਉਹ ਗੱਡੇ ਨਾਲ ਕੱਟਾ ਬੰਨ੍ਹ ਦਿੰਦਾ ਹੈ। ਜੱਟ ਜਦੋਂ ਮਚਲਾ ਹੁੰਦਾ ਹੈ ਤਾਂ ਬੜੀ ਹਲੀਮੀ ਨਾਲ ਪੇਸ਼ ਆਉਂਦਾ ਹੈ। ਅਫਸਰ ਅੱਗੇ ਹੱਥ ਬੰਨ੍ਹ ਕੇ ਖੜ੍ਹਾ ਹੋ ਜਾਂਦਾ ਅਤੇ 'ਮਾਈ ਬਾਪ' ਕਹਿ ਕੇ ਅੱਖੜ ਤੋਂ ਅੱਖੜ ਅਫਸਰ ਨੂੰ ਵੀ ਪਸਮਾ ਲੈਂਦਾ ਹੈ। ਜੱਟ ਜਦੋਂ ਮਚਲਾ ਹੁੰਦਾ ਹੈ ਤਾਂ ਸ਼ਾਹ ਤੋਂ ਪੈਸੇ ਲੈ ਕੇ ਹੀ ਦੁਕਾਨੋਂ ਬਾਹਰ ਨਿਕਲਦਾ ਹੈ। ਦਰਅਸਲ, ਇਸ ਤਰ੍ਹਾਂ ਦਾ ਜਿਊਣ-ਢੰਗ ਅਪਨਾਉਣਾ ਜੱਟ ਦੀ ਮਜਬੂਰੀ ਹੈ। ਇਹ ਗੱਲ ਵੀ ਚੇਤੇ ਰਹੇ ਕਿ 'ਜੱਟ ਤੇ ਟਿੱਡ ਦਾ ਕੋਈ ਵਿਸਾਹ ਨਹੀਂ।'

ਜੱਟ ਦੀ ਖਾੜਕੂ ਤੇ ਜੁਝਾਰੂ ਰੁਚੀ ਨੇ ਪੰਜਾਬ ਦੀ ਸਮੁੱਚੀ ਜੱਟ ਜਾਤੀ ਨੂੰ ਸਿੱਖ ਧਰਮ ਵਲ ਪ੍ਰੇਰਿਤ ਕੀਤਾ ਹੈ। ਪਹਿਲਾਂ ਗੁਰੂ ਗੋਬਿੰਦ ਸਿੰਘ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਮੁਗਲ ਹਕੂਮਤ ਵਿਰੁਧ ਵਿੱਢੇ ਹਥਿਆਰਬੰਦ ਇਨਕਲਾਬ ਵਿਚ ਜੱਟਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ, ਕਿਉਂਕਿ ਇਹ ਉਨ੍ਹਾਂ ਦੀਆਂ ਮਾਰਸ਼ਲ ਰੁਚੀਆਂ ਦੇ ਅਨੁਕੂਲ ਸੀ। ਇਤਿਹਾਸ ਗਵਾਹ ਹੈ ਕਿ ਬੰਦਾ ਬਹਾਦਰ ਦੇ ਝੰਡੇ ਹੇਠ ਇਕੱਠੀ ਹੋਈ ਜਨ-ਸ਼ਕਤੀ ਵਿਚ ਵਾਹੀਕਾਰਾਂ ਦੀ ਗਿਣਤੀ ਸਭ ਤੋਂ ਵਧ ਸੀ। ਫਿਰ ਇਕ ਸਮਾਂ ਆਇਆ ਜਦੋਂ ਮਿਸਲਦਾਰਾਂ ਤੇ ਰਾਜੇ-ਮਹਾਰਾਜਿਆਂ ਦੇ ਰੂਪ ਵਿਚ ਜੱਟ ਪੰਜਾਬ ਦੇ ਮਾਲਕ ਬਣ ਬੈਠੇ।

ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਨੂੰ ਲਿਖੇ ਇਤਿਹਾਸਕ ਪੱਤਰ 'ਜ਼ਫ਼ਰਨਾਮਾ' ਵਿਚ ਗੁਰੂ ਸਾਹਿਬ ਨੇ ਬਰਾੜ ਗੋਤ ਦੇ ਜੱਟਾਂ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ। ਫ਼ਾਰਸੀ ਸ਼ਿਅਰਾਂ ਵਿਚ ਲਿਖੇ ਇਸ ਪੱਤਰ ਦੇ 59ਵੇਂ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ:

ਨ ਜ਼ੱਰ: ਦਰੀਂ ਰਾਹ ਖ਼ਤਰ: ਤੁਰਾਸਤ।
ਹਮ: ਕੌਮਿ ਬੈਰਾੜ ਹੁਕਮਿ ਮਰਾਸਤ।

ਭਾਵ ਤੈਨੂੰ (ਔਰੰਗਜ਼ੇਬ ਨੂੰ) ਏਸ ਰਸਤੇ ਆਉਣ ਵਿਚ ਕੋਈ ਖ਼ਤਰਾ ਨਹੀਂ, ਕਿਉਂਕਿ ਇਸ ਇਲਾਕੇ ਵਿਚ ਵਸਣ ਵਾਲੀ ਸਾਰੀ ਬੈਰਾੜ (ਬਰਾੜ) ਕੌਮ ਮੇਰੇ ਹੁਕਮ ਵਿਚ ਹੈ। ਇਹ, ਸ਼ਾਇਦ, ਆਪਣੀ ਕਿਸਮ ਦੀ ਇਕੋ ਇਕ ਮਿਸਾਲ ਹੈ ਜਦੋਂ ਗੁਰੂ ਗੋਬਿੰਦ ਸਿੰਘ ਨੇ ਕਿਸੇ ਜਾਤੀ ਵਿਚਲੇ ਸਮੂਹ ਨੂੰ ਕੌਮ ਦਾ ਦਰਜਾ ਦੇ ਕੇ ਸਨਮਾਨਿਤ ਕੀਤਾ ਹੋਵੇ। ਇਹ ਜੱਟ ਦੀ ਸ਼ਖਸੀਅਤ ਦੇ ਵਿਸ਼ੇਸ਼ ਗੁਣਾਂ ਦਾ ਹੀ ਤਾਂ ਸਨਮਾਨ ਹੈ! ਅੱਜ ਵੀ ਜੱਟ ਆਪਣੇ ਵਿਸ਼ੇਸ਼ ਗੁਣਾਂ ਤੇ ਵਿਲੱਖਣ ਸ਼ਖ਼ਸੀਅਤ ਸਦਕਾ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਹੋਰ ਅਨੇਕਾਂ ਖੇਤਰਾਂ ਵਿਚ ਮੋਹਰੀ ਹੈ।



# ਮਧੂਬਾਲਾ ਬਨਾਮ ਨਰਗਿਸ



**ਹਰਜਾਪ ਸਿੰਘ ਔਜਲਾ**

ਜੇ ਅਸੀਂ 1950 ਤੋਂ 1960 ਦੇ ਦਹਾਕੇ ਦੀ ਗੱਲ ਕਰੀਏ ਤਾਂ ਅਭਿਨੈ ਦੇ ਖੇਤਰ ਵਿਚ ਇਹ ਦਹਾਕਾ ਦੋ ਪ੍ਰਮੁਖ ਅਭਿਨੇਤਰੀਆਂ ਦੇ ਦਰਮਿਆਨ ਬੜੀ ਸ਼ਦੀਦ ਮੁਕਾਬਲੇਬਾਜ਼ੀ ਦਾ ਦੌਰ ਸਮਝਿਆ ਜਾ ਸਕਦਾ ਹੈ। ਉਹ ਜ਼ਮਾਨਾ ਸੀ ਜਦੋਂ ਬੰਬਈ ਅਤੇ ਕਲਕੱਤਾ ਵਿਚ ਬਣਦੀਆਂ ਫਿਲਮਾਂ ਮੁੱਖ ਤੌਰ 'ਤੇ ਉਰਦੂ ਵਿਚ ਬਣਾਈਆਂ ਜਾਂਦੀਆਂ ਸਨ। ਫਿਲਮਾਂ ਦੇ ਖਰੜੇ ਦੇ ਲਿਖਾਰੀ ਉਰਦੂ ਜ਼ੁਬਾਨ ਦੇ ਮਾਹਿਰ ਹੋਇਆ ਕਰਦੇ ਸਨ ਅਤੇ ਉਹ ਆਸਾਨ ਹਿੰਦੀ ਅਤੇ ਸਰਲ ਉਰਦੂ ਦੇ ਸੁਮੇਲ ਨਾਲ ਹਿੰਦੋਸਤਾਨੀ ਭਾਸ਼ਾ ਵਿਚ ਫਿਲਮਾਂ ਦੀ ਬੁਨਿਆਦ ਉਸਾਰਦੇ ਸਨ।

ਮਧੂਬਾਲਾ ਦਾ ਪਿਛੋਕੜ ਉਤਰ ਪੱਛਮੀ ਸਰਹੱਦੀ ਸੂਬੇ, ਜਿਸਨੂੰ ਫਰੰਟੀਅਰ ਪਰੋਵਿੰਸ ਵੀ ਆਖਦੇ ਹਨ, ਨਾਲ ਬਵਸਤਾ ਹੈ ਇਥੇ ਪੰਜਾਬੀ ਜ਼ੁਬਾਨ ਦੀ ਉਪਭਾਸ਼ਾ ਹਿੰਦਕੋ ਅਤੇ ਪਸ਼ਤੋ ਬੋਲੀਆਂ ਜਾਂਦੀਆਂ ਹਨ। ਮਧੂਬਾਲਾ ਦੇ ਪੂਰਵਜ ਇਹ ਦੋਹੇਂ ਭਾਸ਼ਾਵਾਂ ਬੋਲਿਆ ਕਰਦੇ ਸਨ। ਵੀਹਵੀਂ ਸਦੀ ਦੇ ਆਗਾਜ਼ 'ਤੇ ਹੀ ਮਧੂਬਾਲਾ ਦਾ ਪਰਿਵਾਰ ਚੰਗੇਰੀ ਇਕਤਸਾਦੀ ਹਾਲਤ ਦੀ ਤਲਾਸ਼ ਵਿਚ ਫਰੰਟੀਅਰ ਤੋਂ ਦਿੱਲੀ ਆਣ ਵਸਿਆ। ਦਿੱਲੀ ਨੂੰ ਉਨ੍ਹਾਂ ਦਿਨਾਂ ਵਿਚ ਅੰਗਰੇਜ਼ ਨਵੇਂ ਢੰਗ ਨਾਲ ਉਸਾਰ ਰਹੇ ਸਨ। ਨਵੇਂ ਉਸਰ ਰਹੇ ਸ਼ਹਿਰ ਵਿਚ ਉਜਰਤਾਂ ਦੀ ਕੋਈ ਘਾਟ ਨਹੀਂ ਸੀ। ਪਰਿਵਾਰ ਦਿੱਲੀ ਵਿਚ ਆਣ ਕੇ ਮਾਲੀ ਪੱਖੋਂ ਕਾਫੀ ਸੌਖਾ ਹੋ ਗਿਆ।

ਮਧੂਬਾਲਾ 1930 ਵਿਚ ਜਨਮੀ ਅਤੇ ਉਸਦਾ ਬਚਪਨ ਦਿੱਲੀ ਦੇ ਗਲੀਆਂ-ਕੂਚਿਆਂ ਵਿਚ ਗੁਜ਼ਰਿਆ। 1945 ਦੇ ਕਰੀਬ ਜਦੋਂ ਭਾਰਤ ਵਿਚ ਧਾਰਮਿਕ ਕਸ਼ੀਦਗੀ ਤੀਬਰ ਰੂਪ ਅਖ਼ਤਿਆਰ ਕਰ ਗਈ, ਉਸ ਸਮੇਂ ਮਧੂਬਾਲਾ ਦੇ ਪਰਿਵਾਰ ਕੋਲ ਆਪਣੇ ਪੁਰਾਣੇ ਆਬਾਈ ਘਰ ਪਰਤਣ ਦਾ ਮੌਕਾ ਉਪਲਬਧ ਸੀ। ਲੇਕਿਨ ਮਧੂਬਾਲਾ ਦੇ ਵਾਲਿਦ ਨੇ ਫਰੰਟੀਅਰ ਪਰਤਣ ਦੀ ਬਜਾਇ ਬੰਬਈ ਜਾਣਾ ਵਧੇਰੇ ਮਫ਼ੀਦ ਸਮਝਿਆ। ਬੰਬਈ ਵਿਚ ਰੋਜ਼ਗਾਰ ਦੀ ਕੋਈ ਕਮੀ ਨਹੀਂ ਸੀ। ਮਧੂਬਾਲਾ ਨੂੰ ਬਤੌਰ ਬਾਲ ਕਲਾਕਾਰਾ ਇਕ ਫਿਲਮ ਵਿਚ ਕੰਮ ਮਿਲਿਆ, ਜਿਹੜਾ ਰੋਲ ਉਸਨੇ ਵਧੀਆ ਨਿਭਾਇਆ। ਫੇਰ ਤਾਂ ਫਿਲਮਾਂ ਦੇ ਦਰਵਾਜ਼ੇ ਹੀ ਖੁੱਲ੍ਹ ਗਏ।


ਅਜੇ ਮਧੂਬਾਲਾ ਬਚਪਨ ਅਤੇ ਜਵਾਨੀ ਦੀ ਦਹਿਲੀਜ਼ 'ਤੇ ਹੀ ਸੀ ਕਿ ਉਸਨੂੰ ਫਿਲਮਾਂ ਵਿਚ ਬਤੌਰ ਪ੍ਰਮੁਖ ਅਭਿਨੇਤਰੀ ਰੋਲ ਮਿਲਣੇ ਸ਼ੁਰੂ ਹੋ ਗਏ। ਮਧੂਬਾਲਾ ਦੀ ਪੁਸ਼ਤੈਨੀ ਜ਼ੁਬਾਨ ਪਸ਼ਤੋ ਵਿਚ ਫਾਰਸੀ ਦੀ ਕਾਫੀ ਭਰਮਾਰ ਸੀ। ਇਸ ਜ਼ਖ਼ੀਰੇ ਦੀ ਬਦੌਲਤ ਮਧੂਬਾਲਾ ਬਿਹਤਰੀਨ ਉਰਦੂ ਬੋਲਣਾ ਸਿੱਖ ਗਈ। ਫਿਲਮਾਂ ਦੇ ਸਕਰਿਪਟ ਰਾਈਟਰਾਂ (ਖਰੜਾ ਲੇਖਕਾਂ) ਨੂੰ ਮਧੂਬਾਲਾ ਕੋਲੋਂ ਉਰਦੂ ਵਿਚ ਬੁਲਵਾਉਣ ਵਿਚ ਕੋਈ ਦੁਸ਼ਵਾਰੀ ਨਹੀਂ ਆਈ। ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਉਸ ਦਾ ਗੋਲ ਅਤੇ ਸੁੰਦਰ ਮੁਖੜਾ ਸੀ। ਉਸਦੇ ਚਿਹਰੇ ਦੀ ਰੰਗਤ ਗੋਰੀ ਸੀ ਅਤੇ ਉਸਦਾ ਸੁਭਾਅ ਮੁਸਕਰਾਹਟ ਨਾਲ ਮਾਲਾਮਾਲ ਸੀ। ਉਸਦੀ ਮੁਸਕਰਾਹਟ ਨੂੰ ਉਸਦੇ ਪ੍ਰਸ਼ੰਸਕ ਦਸ ਲੱਖ ਪੌਂਡਾਂ ਦੀ ਮੁਸਕਰਾਹਟ ਦਰਸਾਉਂਦੇ ਸਨ। ਮਧੂਬਾਲਾ ਦੇ ਉਪਰ ਸਿਆਹ ਰੰਗ ਦੇ ਲਿਬਾਸ ਬਹੁਤ ਫੱਬਦੇ ਸਨ। ਗੂੜ੍ਹਾ ਨੀਲਾ, ਗੂੜ੍ਹਾ ਲਾਲ ਅਤੇ ਹੋਰ ਗੂੜ੍ਹੇ ਰੰਗ ਉਸਦੀ ਦਿੱਖ ਨੂੰ ਹੋਰ ਸੰਵਾਰਦੇ ਅਤੇ ਉਭਾਰਦੇ ਸਨ। ਮਧੂਬਾਲਾ ਦੇ ਵਾਲ ਬੜੇ ਸੰਘਣੇ ਅਤੇ ਫੁੱਲਵੇਂ ਸਨ। ਉਸਦੇ ਵਾਲਾਂ ਨੂੰ ਹੇਅਰ ਡਰੈਸਰ ਯੂਰਪੀ ਢੰਗ ਦੇ ਅਨੁਸਾਰ ਸੰਵਾਰਦੇ ਅਤੇ ਸ਼ਿੰਗਾਰਦੇ ਸਨ।

ਨਰਗਿਸ ਵੀ ਇਕ ਮੁਸਲਮਾਨ ਪਰਿਵਾਰ ਦੀ ਬੇਟੀ ਸੀ। ਉਸਦੀ ਵਾਲਿਦਾ (ਮਾਂ) ਆਪਣੇ ਸਮੇਂ ਦੀ ਮਸ਼ਹੂਰ ਗਾਇਕਾ ਸੀ। ਉਨ੍ਹਾਂ ਦਿਨਾਂ ਵਿਚ ਸੂਬਾ ਉਤਰ ਪ੍ਰਦੇਸ਼ ਉਰਦੂ ਤਹਿਜ਼ੀਬ ਦਾ ਗੜ੍ਹ ਮੰਨਿਆ ਜਾਂਦਾ ਸੀ। ਪਰਿਵਾਰ ਦਾ ਸੰਬੰਧ ਉਰਦੂ ਤਹਿਜੀਬ ਨਾਲ ਸੀ। ਨਰਗਿਸ ਨੂੰ ਉਰਦੂ ਦੇ ਉਚਾਰਨ ਵਾਸਤੇ ਤਰਬੀਅਤ ਮੁਸਲਮਾਨ ਮੌਲਵੀਆਂ ਕੋਲੋਂ ਪ੍ਰਾਪਤ ਹੋਈ। ਭਾਵੇਂ ਮਧੂਬਾਲਾ ਅਤੇ ਨਰਗਿਸ ਮੁਸਲਮਾਨ ਸਨ ਪਰ ਉਰਦੂ ਦੇ ਉਚਾਰਨ ਵਿਚ ਨਰਗਿਸ ਨੂੰ ਮਧੂਬਾਲਾ ਉਪਰ ਸਫਕਤ ਪ੍ਰਾਪਤ ਸੀ। ਉਸ ਸਮੇਂ ਕਾਮਨੀ ਕੌਸ਼ਲ, ਨਿੰਮੀ, ਨੂਤਨ, ਸੁਰੱਈਆ ਅਤੇ ਮੀਨਾ ਕੁਮਾਰੀ ਵੀ ਮਕਬੂਲ ਅਭਿਨੇਤਰੀਆਂ ਸਨ ਪਰ ਜੋ ਪੁੱਛ ਮਧੂਬਾਲਾ ਅਤੇ ਨਰਗਿਸ ਦੀ ਸੀ, ਉਹ ਕਿਸੇ ਹੋਰ ਦੀ ਨਹੀਂ ਸੀ।

ਸ਼ੁਰੂ-ਸ਼ੁਰੂ ਵਿਚ ਨਰਗਿਸ ਦੇ ਨਾਲ ਦਲੀਪ ਕੁਮਾਰ ਅਤੇ ਰਾਜ ਕਪੂਰ ਨੇ ਕਾਫੀ ਫਿਲਮਾਂ ਕੀਤੀਆਂ। ਇਨ੍ਹਾਂ ਵਿਚੋਂ 'ਅੰਦਾਜ਼' ਫਿਲਮ ਬੜੀ ਇਤਿਹਾਸਕ ਫਿਲਮ ਸੀ, ਜਿਸ ਵਿਚ ਨਰਗਿਸ ਦੀ ਉਲਫਤ ਦੇ ਦਲੀਪ ਕੁਮਾਰ ਅਤੇ ਰਾਜ ਕਪੂਰ ਦੋਵੇਂ ਹੀ ਤਲਬਗਾਰ ਸਨ। ਇਸ ਫਿਲਮ ਦਾ ਨੌਸ਼ਾਦ ਦੁਆਰਾ ਰਚਿਤ ਸੰਗੀਤ ਲੋਕਪ੍ਰਿਯ ਹੋਇਆ। ਰਾਜ ਕਪੂਰ ਨੇ ਨਰਗਿਸ ਨਾਲ ਸਭ ਤੋਂ ਪਹਿਲਾਂ ਫਿਲਮ 'ਆਗ' ਵਿਚ ਕੰਮ ਕੀਤਾ। ਇਹ ਫਿਲਮ ਨਰਗਿਸ ਦੇ ਉਰਦੂ ਵਿਚ ਸ਼ਾਨਦਾਰ ਬੋਲਾਂ ਕਰਕੇ ਮਕਬੂਲ ਹੋਈ। ਫਿਲਮ 'ਆਗ' ਦੀ ਕਾਮਯਾਬੀ ਨੇ ਰਾਜ ਕਪੂਰ ਨੂੰ ਨਰਗਿਸ ਦੇ ਨਾਲ ਹੋਰ ਫਿਲਮਾਂ ਕਰਨ ਵਾਸਤੇ ਮਜਬੂਰ ਕਰ ਦਿੱਤਾ।

ਨਰਗਿਸ ਦੇ ਨਾਲ ਰਾਜ ਕਪੂਰ ਦੀ ਦੂਜੀ ਫਿਲਮ ਉਸਦੀ ਆਪਣੀ ਨਿਰਮਾਣਤ ਫਿਲਮ 'ਬਰਸਾਤ' ਸੀ। ਬਰਸਾਤ ਵਿਚ ਕਈ ਜੋੜੀਆਂ ਬਣੀਆਂ। ਪਹਿਲੀ ਜੋੜੀ ਨਰਗਿਸ ਅਤੇ ਰਾਜ ਕਪੂਰ ਦੀ ਸੀ। ਦੂਜੀ ਜੋੜੀ ਸੰਗੀਤ ਨਿਰਦੇਸ਼ਕਾਂ ਸ਼ੰਕਰ ਅਤੇ ਜੈ ਕਿਸ਼ਨ ਦੀ ਸੀ। ਤੀਜੀ ਜੋੜੀ ਗੀਤਕਾਰਾਂ ਸ਼ੈਲੇਂਦਰ ਅਤੇ ਹਸਰਤ ਜੈਪੁਰੀ ਦੀ ਬਣੀ। ਫਿਲਮ ਬਰਸਾਤ ਦੇ ਨਿਰਮਾਣ ਸਮੇਂ ਰਾਜ ਕਪੂਰ ਅਤੇ ਨਰਗਿਸ ਉਲਫਤ ਦੇ ਬੰਧਨ ਵਿਚ ਬੱਝ ਗਏ। ਇਹ ਸੰਬੰਧ ਬੜੀ ਦੇਰ ਤਾਈਂ ਜਾਰੀ ਰਿਹਾ ਅਤੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਦਾ ਰਿਹਾ। ਨਰਗਿਸ ਦੇ ਨਾਲ ਰਾਜ ਕਪੂਰ ਨੇ ਅਨੇਕਾਂ ਫਿਲਮਾਂ ਬਣਾਈਆਂ। ਇਨ੍ਹਾਂ ਫਿਲਮਾਂ ਦੀ ਲੜੀ ਵਿਚ ਤੀਜੀ ਫਿਲਮ 'ਆਵਾਰਾ' ਸੀ। ਚੌਥੀ ਫਿਲਮ 'ਆਹ' ਸੀ। ਪੰਜਵੀਂ ਫਿਲਮ 'ਸ੍ਰੀ ਚਾਰ ਸੌ ਬੀਸ' ਅਤੇ ਛੇਵੀਂ ਫਿਲਮ 'ਚੋਰੀ ਚੋਰੀ' ਸੀ। ਇਸ ਤੋਂ ਪਹਿਲਾਂ ਵੀ ਫਿਲਮ 'ਜਾਗਤੇ ਰਹੋ' ਵਿਚ ਰਾਜ ਕਪੂਰ ਦਾ ਬਹੁਤ ਵੱਡਾ ਰੋਲ ਸੀ, ਲੇਕਿਨ ਛੋਟਾ ਜਿਹਾ ਕਿਰਦਾਰ ਨਰਗਿਸ ਦਾ ਵੀ ਸੀ। ਫਿਲਮ 'ਚੋਰੀ ਚੋਰੀ' ਤੋਂ ਬਾਅਦ ਨਰਗਿਸ ਨੇ ਰਾਜ ਕਪੂਰ ਨੂੰ ਸ਼ਾਦੀ ਕਰਵਾਉਣ ਦੀ ਵੀ ਪੇਸ਼ਕਸ਼ ਕੀਤੀ। ਰਾਜ ਕਪੂਰ ਵੀ ਇਹੋ ਚਾਹੁੰਦਾ ਸੀ ਪਰ ਉਸਦਾ ਸਾਲਾ ਪ੍ਰੇਮਨਾਥ ਬੜਾ ਡਾਢਾ ਬੰਦਾ ਸੀ। ਪ੍ਰੇਮਨਾਥ ਨੇ ਰਾਜ ਕਪੂਰ ਨੂੰ ਸਬਕ ਸਿਖਾਉਣ ਦੀ ਧਮਕੀ ਦੇ ਦਿੱਤੀ। ਰਾਜ ਕਪੂਰ ਵੀ ਆਪਣੀ ਲੰਮੇ ਸਮੇਂ ਦੀ ਸ਼ਾਦੀ ਜੋ ਉਸਦੀ ਕ੍ਰਿਸ਼ਨਾ ਨਾਲ ਹੋਈ ਸੀ, ਨੂੰ ਤੋੜਨ ਤੋਂ ਕਾਸਿਰ ਸੀ ਅਤੇ ਰਾਜ ਕਪੂਰ ਨੇ ਨਰਗਿਸ ਨੂੰ ਸ਼ਾਦੀ ਤੋਂ ਕੋਰਾ ਇਨਕਾਰ ਕਰ ਦਿੱਤਾ।

ਮਧੂਬਾਲਾ ਅਤੇ ਨਰਗਿਸ ਦੇ ਦਰਮਿਆਨ ਬੜੇ ਸਖਤ ਮੁਕਾਬਲੇ ਦੇ ਬਾਵਜੂਦ ਦੋਵੇਂ ਕਦੀ ਲੜੀਆਂ-ਭਿੜੀਆਂ ਨਹੀਂ ਸਨ। ਦੋਵੇਂ ਇਕ-ਦੂਜੀ ਦੀ ਪ੍ਰਤਿਭਾ ਦਾ ਸਤਿਕਾਰ ਅਤੇ ਇਹਤਰਾਮ ਕਰਦੀਆਂ ਸਨ। ਛੱਤੀ ਸਾਲਾਂ ਦੀ ਉਮਰ ਵਿਚ ਮਧੂਬਾਲਾ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਈ। ਨਰਗਿਸ ਕਾਫੀ ਅਰਸੇ ਤੋਂ ਕੈਂਸਰ ਤੋਂ ਪੀੜਤ ਰਹਿਣ ਉਪਰੰਤ ਤਕਰੀਬਨ 60 ਸਾਲਾਂ ਦੀ ਉਮਰ ਵਿਚ ਇਸ ਸੰਸਾਰ ਤੋਂ ਰੁਖ਼ਸਤ ਹੋ ਗਈ। ਮੀਨਾ ਕੁਮਾਰੀ ਵੀ ਉਰਦੂ ਤਹਿਜੀਬ ਦੀ ਪੈਦਾਵਾਰ ਸੀ। ਆਪਣੀ ਅਪਾਰ ਪ੍ਰਤਿਭਾ ਦੇ ਬਾਵਜੂਦ ਮੀਨਾ ਕੁਮਾਰੀ ਇਨ੍ਹਾਂ ਦੋਹਾਂ ਉਰਦੂ ਤਹਿਜੀਬ ਦੀਆਂ ਅਭਿਨੇਤਰੀਆਂ ਦੇ ਮੁਕਾਬਲੇ ਉਤਰ ਨਹੀਂ ਸਕੀ।



## ਛੋਟੇ ਪਰਦੇ 'ਤੇ ਚਮਕੇ ਅਨਿਲ

ਪਿਛਲੇ ਸਾਲ 'ਸਲੱਮਡਾਗ ਮਿਲੇਨੀਅਰ' ਨਾਲ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣਾਉਣ ਵਾਲੇ ਅਨਿਲ ਕਪੂਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਾਫੀ ਕੰਮ ਮਿਲਣ ਲੱਗਾ ਹੈ। ਅਮਰੀਕਾ ਵਿਚ ਪ੍ਰਸਾਰਿਤ ਹੋ ਰਹੇ '24' ਨਾਂ ਦੇ ਸੀਰੀਅਲ ਵਿਚ ਅਨਿਲ ਕਪੂਰ ਮਹੱਤਵਪੂਰਨ ਕਿਰਦਾਰ ਨਿਭਾ ਰਹੇ ਹਨ। ਇਸ ਸੀਰੀਅਲ ਦੇ ਲਈ ਉਨ੍ਹਾਂ ਨੂੰ ਚੰਗਾ ਰਿਸਪਾਂਸ ਮਿਲ ਰਿਹਾ ਹੈ। ਸੀਰੀਅਲ ਦੇ 8ਵੇਂ ਸੀਜ਼ਨ ਵਿਚ ਜਦੋਂ ਅਨਿਲ ਦੇ ਰੋਲ ਦੀ ਇੰਨੀ ਤਾਰੀਫ ਹੋ ਰਹੀ ਹੈ ਤਾਂ ਜ਼ਾਹਰ ਹੈ ਕਿ ਉਹ ਜਿਥੇ ਵੀ ਜਾਂਦੇ ਹਨ, ਇਸ ਸੀਰੀਅਲ ਬਾਰੇ ਹੀ ਗੱਲ ਕਰਦੇ ਹਨ।

ਹੁਣੇ ਜਿਹੇ ਅਮਰੀਕਾ ਅਤੇ ਯੂਰਪ ਦੀ ਯਾਤਰਾ ਦੌਰਾਨ ਅਨਿਲ ਨੂੰ ਕਈ ਲੋਕਾਂ ਤੋਂ ਆਪਣੇ ਰੋਲ ਦੀ ਤਾਰੀਫ ਸੁਣਨ ਨੂੰ ਮਿਲੀ। ਅੰਤਰਰਾਸ਼ਟਰੀ ਪੱਧਰ 'ਤੇ ਇੰਨੀ ਤਾਰੀਫ ਮਿਲਣ 'ਤੇ ਇਨ੍ਹੀਂ ਦਿਨੀਂ ਅਨਿਲ ਨੂੰ ਛੋਟਾ ਪਰਦਾ ਵੱਡੇ ਪਰਦੇ, ਮਤਲਬ ਫਿਲਮਾਂ ਤੋਂ ਵੀ ਬਿਹਤਰ ਲੱਗ ਰਿਹਾ ਹੈ। ਅਨਿਲ ਦਾ ਕਹਿਣਾ ਹੈ ਕਿ ਪਛਾਣ ਦਿਵਾਉਣ ਵਿਚ ਸੀਰੀਅਲ ਫਿਲਮਾਂ ਨਾਲੋਂ ਜ਼ਿਆਦਾ ਸਹਾਈ ਹਨ। ਅਨਿਲ ਨੇ ਕਿਹਾ, ''ਇਸ ਸੀਰੀਅਲ ਦੇ ਲਈ ਮੈਨੂੰ ਜੋ ਰਿਸਪਾਂਸ ਮਿਲ ਰਿਹਾ ਹੈ, ਉਹ 'ਸਲੱਮਡਾਗ ਮਿਲੇਨੀਅਰ' ਤੋਂ ਵੀ ਬਿਹਤਰ ਹੈ।'' ਇਸ ਪ੍ਰੋਗਰਾਮ ਨੂੰ ਚੈਨਲ ਵਾਲੇ ਜਲਦ ਹੀ ਭਾਰਤ ਵਿਚ ਵੀ ਲਾਂਚ ਕਰਨ ਜਾ ਰਹੇ ਹਨ ਜਿਸ ਨੂੰ ਲੈ ਕੇ ਅਨਿਲ ਕਪੂਰ ਬਹੁਤ ਉਤਸ਼ਾਹਿਤ ਹੈ। ਅਨਿਲ ਦਾ ਕਹਿਣਾ ਹੈ ਕਿ ਉਸ ਦਾ ਹਰ ਨਵਾਂ ਕੰਮ ਪਿਛਲੇ ਕੰਮ ਤੋਂ ਬਿਹਤਰ ਹੁੰਦਾ ਹੈ ਕਿਉਂਕਿ ਉਸ ਨੂੰ ਹਰ ਦਿਨ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ।

ਅਜਿਹਾ ਨਹੀਂ ਹੈ ਕਿ ਅਨਿਲ ਨੇ ਹੁਣ ਫਿਲਮਾਂ ਤੋਂ ਕਿਨਾਰਾ ਕਰਨ ਦਾ ਮਨ ਬਣਾ ਲਿਆ ਹੈ। ਜਲਦੀ ਹੀ ਉਹ ਕੁਝ ਹਿੰਦੀ ਫਿਲਮਾਂ ਵਿਚ ਦਰਸ਼ਕਾਂ ਦੇ ਰੂਬਰੂ ਹੋਣ ਜਾ ਰਹੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮਲਟੀ ਸਟਾਰਰ ਕਾਮੇਡੀ ਫਿਲਮਾਂ ਹਨ।

## ਅਲਕਾ ਯਾਗਨਿਕ:ਅਕਾਸ਼ਵਾਣੀ ਤੋਂ ਬਾਲੀਵੁੱਡ ਤਕ

ਆਕਾਸ਼ਵਾਣੀ ਕੋਲਕਾਤਾ ਤੋਂ ਕੈਰੀਅਰ ਦੀ ਸ਼ੁਰੂਆਤ ਕਰਕੇ ਸ਼ੋਹਰਤ ਦੀਆਂ ਬੁਲੰਦੀਆਂ ਤਕ ਪਹੁੰਚਣ ਵਾਲੀ ਬਾਲੀਵੁੱਡ ਦੀ ਪ੍ਰਸਿੱਧ ਪਿਠਵਰਤੀ ਗਾਇਕਾ ਅਲਕਾ ਯਾਗਨਿਕ ਆਪਣੇ ਗੀਤਾਂ ਨਾਲ ਅੱਜ ਵੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰ ਰਹੀ ਹੈ। ਅਲਕਾ ਯਾਗਨਿਕ ਦਾ ਜਨਮ ਕੋਲਕਾਤਾ 'ਚ 20 ਮਾਰਚ, 1965 ਨੂੰ ਇਕ ਮੱਧ ਵਰਗੀ ਪਰਿਵਾਰ 'ਚ ਹੋਇਆ। ਉਨ੍ਹਾਂ ਦੀ ਮਾਂ ਸ਼ੁਭਾ ਯਾਗਨਿਕ ਸ਼ਾਸਤਰੀ ਸੰਗੀਤ ਦੀ ਗਾਇਕਾ ਸੀ।



ਘਰ ਵਿਚ ਸੰਗੀਤ ਦਾ ਮਾਹੌਲ ਹੋਣ ਕਰਕੇ ਅਲਕਾ ਯਾਗਨਿਕ ਦੀ ਦਿਲਚਸਪੀ ਵੀ ਸੰਗੀਤ ਵਲ ਹੋ ਗਈ ਅਤੇ ਉਹ ਸਿਰਫ 6 ਸਾਲ ਦੀ ਉਮਰ ਤੋਂ ਆਪਣੀ ਮਾਂ ਪਾਸੋਂ ਸੰਗੀਤ ਦੀ ਸਿੱਖਿਆ ਲੈਣ ਲੱਗੀ। ਅਲਕਾ ਨੇ ਪਿਠਵਰਤੀ ਗਾਇਕਾ ਦੇ ਰੂਪ 'ਚ ਸ਼ੁਰੂਆਤ 6 ਸਾਲ ਦੀ ਉਮਰ 'ਚ ਕੋਲਕਾਤਾ ਆਕਾਸ਼ਵਾਣੀ ਤੋਂ ਕੀਤੀ, ਜਿਥੇ ਉਹ ਭਜਨ ਗਾਉਂਦੀ ਹੁੰਦੀ ਸੀ। ਜਦੋਂ ਉਹ ਸਿਰਫ 10 ਸਾਲ ਦੀ ਸੀ, ਉਦੋਂ ਹੀ ਉਸ ਦੀ ਮਾਂ ਉਸ ਨੂੰ ਲੈ ਕੇ ਮੁੰਬਈ ਆ ਗਈ।

ਅਲਕਾ ਯਾਗਨਿਕ ਨੇ ਪਿਠਵਰਤੀ ਗਾਇਕਾ ਦੇ ਰੂਪ 'ਚ ਆਪਣੀ ਗਾਇਕੀ ਦਾ ਕੈਰੀਅਰ 1979 'ਚ ਰਿਲੀਜ਼ ਹੋਈ ਫਿਲਮ 'ਪਾਇਲ ਕੀ ਝਨਕਾਰ' ਨਾਲ ਕੀਤਾ। ਇਸ ਫਿਲਮ 'ਚ ਉਨ੍ਹਾਂ ਨੂੰ ਇਕ ਗੀਤ ਦੀਆਂ ਕੁਝ ਪੰਕਤੀਆਂ ਗਾਉਣ ਦਾ ਮੌਕਾ ਮਿਲਿਆ। ਇਸ ਪਿਛੋਂ ਉਨ੍ਹਾਂ ਨੂੰ ਫਿਲਮ 'ਹਮਾਰੀ ਬਹੂ ਅਲਕਾ' 'ਚ ਵੀ ਗਾਉਣ ਦਾ ਮੌਕਾ ਮਿਲਿਆ। ਲਗਭਗ 2 ਸਾਲ ਮੁੰਬਈ 'ਚ ਰਹਿਣ ਪਿਛੋਂ ਅਲਕਾ ਯਾਗਨਿਕ ਪਿਠਵਰਤੀ ਗਾਇਕਾ ਬਣਨ ਲਈ ਸੰਘਰਸ਼ ਕਰਨ ਲੱਗੀ। ਭਰੋਸਾ ਤਾਂ ਸਾਰੇ ਦਿੰਦੇ ਪਰ ਉਸ ਨੂੰ ਕੰਮ ਕਰਨ ਦਾ ਮੌਕਾ ਕੋਈ ਨਹੀਂ ਸੀ ਦਿੰਦਾ। ਇਸ ਦੌਰਾਨ ਅਲਕਾ ਯਾਗਨਿਕ ਨੂੰ 1981 'ਚ ਰਿਲੀਜ਼ ਫਿਲਮ 'ਲਾਵਾਰਿਸ' 'ਚ ਗਾਉਣ ਦਾ ਮੌਕਾ ਮਿਲਿਆ। ਅਮਿਤਾਭ ਬੱਚਨ ਦੀ ਇਸ ਫਿਲਮ 'ਚ ਅਲਕਾ ਨੇ 'ਮੇਰੇ ਅੰਗਨੇ ਮੇਂ' ਗੀਤ ਗਾਇਆ, ਜੋ ਕਾਫੀ ਹਰਮਨ ਪਿਆਰਾ ਹੋਇਆ। ਇਸ ਗੀਤ ਦੀ ਸਫਲਤਾ ਪਿਛੋਂ ਅਲਕਾ ਯਾਗਨਿਕ ਪਿਠ ਵਰਤੀ ਗਾਇਕਾ ਦੇ ਰੂਪ 'ਚ ਕੁਝ ਹੱਦ ਤਕ ਆਪਣੀ ਪਛਾਣ ਬਣਾਉਣ 'ਚ ਕਾਮਯਾਬ ਹੋ ਗਈ ਪਰ ਉਨ੍ਹਾਂ ਨੂੰ ਅਜੇ ਤਕ ਉਹ ਮੁਕਾਮ ਹਾਸਲ ਨਹੀਂ ਹੋਇਆ ਜਿਸ ਲਈ ਉਹ ਸੁਪਨਿਆਂ ਦੇ ਸ਼ਹਿਰ ਮੁੰਬਈ ਆਈ ਸੀ।

ਲਗਭਗ 8 ਸਾਲ ਤਕ ਮੁੰਬਈ 'ਚ ਸੰਘਰਸ਼ ਕਰਨ ਪਿਛੋਂ ਐਨ. ਚੰਦਰਾ ਦੀ ਅਨਿਲ ਕਪੂਰ ਅਤੇ ਮਾਧੁਰੀ ਦੀਕਸ਼ਿਤ ਦੇ ਅਭਿਨੈ ਵਾਲੀ ਫਿਲਮ 'ਤੇਜ਼ਾਬ' 'ਚ ਆਪਣੇ ਇਕ ਗੀਤ 'ਏਕ, ਦੋ, ਤੀਨ...' ਦੀ ਸਫਲਤਾ ਪਿਛੋਂ ਉਹ ਪਿਠਵਰਤੀ ਗਾਇਕਾ ਦੇ ਤੌਰ 'ਤੇ ਸਥਾਪਤ ਹੋ ਗਈ। ਸਾਲ 1989 'ਚ ਅਲਕਾ ਯਾਗਨਿਕ ਦੇ ਕੈਰੀਅਰ ਦੀ ਇਕ ਹੋਰ ਸੁਪਰਹਿਟ ਫਿਲਮ 'ਕਿਆਮਤ ਸੇ ਕਿਆਮਤ ਤਕ' ਰਿਲੀਜ਼ ਹੋਈ, ਜਿਸ 'ਚ ਉਨ੍ਹਾਂ ਨੇ ਉਦਿਤ ਨਾਰਾਇਣ ਨਾਲ 'ਐ ਮੇਰੇ ਹਮਸਫਰ ਇਕ ਜ਼ਰਾ ਇੰਤਜ਼ਾਰ', 'ਅਕੇਲੇ ਹੈਂ ਤੋ ਕਯਾ ਗਮ ਹੈ' ਅਤੇ 'ਗਜ਼ਬ ਕਾ ਹੈ ਦਿਨ ਸੋਚੋ ਜ਼ਰਾ...' ਵਰਗੇ ਸੁਪਰ ਹਿੱਟ ਦੋਗਾਣੇ ਗਾਏ।

ਇਨ੍ਹਾਂ ਫਿਲਮਾਂ ਦੀ ਸਫਲਤਾ ਪਿਛੋਂ ਅਲਕਾ ਯਾਗਨਿਕ ਨੂੰ ਕਈ ਚੰਗੀਆਂ ਫਿਲਮਾਂ ਦੀਆਂ ਪੇਸ਼ਕਸ਼ਾਂ ਹੋਈਆਂ। ਸਾਲ 1994 ਉਨ੍ਹਾਂ ਦੇ ਸਿਨੇ ਕੈਰੀਅਰ ਦਾ ਅਹਿਮ ਵਰ੍ਹਾ ਸਾਬਤ ਹੋਇਆ। ਇਸ ਸਾਲ ਉਨ੍ਹਾਂ ਦੀ ਸੁਪਰਹਿੱਟ ਫਿਲਮ 'ਹਮ ਹੈਂ ਰਾਹੀ ਪਿਆਰ ਕੇ' ਰਿਲੀਜ਼ ਹੋਈ। ਇਸ ਫਿਲਮ ਲਈ ਉਸ ਨੂੰ ਪਹਿਲੀ ਵਾਰ ਸਰਵਉਤਮ ਪਿਠਵਰਤੀ ਗਾਇਕਾ ਦਾ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਇਆ। ਇਸ ਪਿਛੋਂ 1999 'ਚ ਰਿਲੀਜ਼ ਹੋਈ ਫਿਲਮ 'ਕੁਛ ਕੁਛ ਹੋਤਾ ਹੈ' ਲਈ ਵੀ ਉਸ ਨੂੰ ਕੌਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਅਲਕਾ ਯਾਗਨਿਕ ਆਪਣੇ ਫਿਲਮੀ ਕੈਰੀਅਰ 'ਚ ਹੁਣ ਤਕ 7 ਵਾਰ ਫਿਲਮ ਫੇਅਰ ਪੁਰਸਕਾਰ ਨਾਲ ਸਨਮਾਨੀ ਜਾ ਚੁੱਕੀ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੂੰ 1988 'ਚ ਫਿਲਮ 'ਤੇਜ਼ਾਬ' ਦੇ ਗੀਤ ਲਈ ਸਰਵਸ਼੍ਰੇਸ਼ਠ ਪਲੇਅਬੈਕ ਸਿੰਗਰ ਦਾ ਫਿਲਮ ਫੇਅਰ ਪੁਰਸਕਾਰ ਦਿੱਤਾ ਗਿਆ ਸੀ।



## ਐਸ਼ਵਰਿਆ ਰਸੇਲ ਨਾਲ

ਮਨੀਰਤਨਮ ਦੀ 'ਗੁਰੂ' ਦੀ ਕਾਮਯਾਬੀ ਤੋਂ ਬਾਅਦ ਅਭਿਸ਼ੇਕ ਅਤੇ ਐਸ਼ਵਰਿਆ ਰਾਏ ਬਚਨ ਦੀ ਸਕਰੀਨ ਕੈਮਿਸਟਰੀ 'ਤੇ ਲੋਕਾਂ ਦਾ ਯਕੀਨ ਕਾਫੀ ਬੱਝਾ ਹੈ। ਨਹੀਂ ਤਾਂ ਇਸ ਤੋਂ ਪਹਿਲਾਂ ਇਹ ਜੋੜੀ ਤਿੰਨ-ਚਾਰ ਅਸਫਲ ਫਿਲਮਾਂ ਇੰਡਸਟਰੀ ਨੂੰ ਦੇ ਚੁੱਕੀ ਹੈ। ਐਸ਼ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ 1997 ਵਿਚ ਪ੍ਰਦਰਸ਼ਿਤ ਮਨੀਰਤਨਮ ਦੀ ਫਿਲਮ ਨਾਲ ਕੀਤੀ ਸੀ ਅਤੇ ਹੁਣ ਮਨੀਰਤਨਮ ਦੀ ਹਾਲੀਆ ਰਿਲੀਜ਼ ਫਿਲਮ 'ਰਾਵਣ' ਵਿਚ ਵੀ ਐਸ਼ਵਰਿਆ ਰਾਏ ਅਭਿਨੇਤਰੀ ਹੈ। ਅਭਿਸ਼ੇਕ ਬੱਚਨ ਨਾਲ ਵਿਆਹ ਪਿਛੋਂ 'ਰਾਵਣ' ਅਭਿਸ਼ੇਕ ਨਾਲ ਐਸ਼ਵਰਿਆ ਦੀ ਤੀਜੀ ਫਿਲਮ ਹੈ। ਇਸ ਫਿਲਮ ਵਿਚ ਐਸ਼ ਨੇ ਆਪਣੇ ਕੈਰੀਅਰ ਦਾ ਹੁਣ ਤਕ ਸਭ ਤੋਂ ਚੁਣੌਤੀਪੂਰਨ ਕਿਰਦਾਰ ਨਿਭਾਇਆ ਹੈ। ਫਿਲਮ ਵਿਚ ਉਹ ਪੁਲਿਸ ਅਧਿਕਾਰੀ ਦੇਵਾ ਦੀ ਪਤਨੀ ਰਾਗਿਨੀ ਦੇ ਕਿਰਦਾਰ ਵਿਚ ਹੈ ਜੋ ਇਕ ਡਾਂਸ ਟੀਚਰ ਵੀ ਹੈ। ਫਿਲਮ ਵਿਚ ਅਭਿਸ਼ੇਕ ਦੇ ਚਰਿੱਤਰ ਦਾ ਨਾਂ ਵੀਰਾ ਹੈ। ਹਿੰਦੀ ਫਿਲਮਾਂ ਵਿਚ ਐਸ਼ਵਰਿਆ ਵਿਪੁਲ ਸ਼ਾਹ ਦੀ 'ਐਕਸ਼ਨ ਰਿਪਲੇਅ' ਸੰਜੇ ਭੰਸਾਲੀ ਦੀ 'ਗੁਜ਼ਾਰਿਸ਼' ਅਤੇ ਸ਼ੰਕਰ ਦੀ 'ਰੋਬੋਟ' ਤੋਂ ਇਲਾਵਾ ਇਕ ਹਾਲੀਵੁਡ ਦੀ ਫਿਲਮ 'ਸਿਗੂਲਰਟੀ' ਵਿਚ ਰੁੱਝੀ ਹੈ। ਖ਼ਬਰ ਇਹ ਵੀ ਹੈ ਕਿ ਐਸ਼ਵਰਿਆ ਨੇ ਆਪਣੇ ਕੈਰੀਅਰ ਦੀ ਸਭ ਤੋਂ ਵੱਡੀ ਫਿਲਮ ਲਗਭਗ ਸਾਈਨ ਕਰਨ ਦੀ ਤਿਆਰੀ ਪੂਰੀ ਕਰ ਲਈ ਹੈ। ਹਾਲ ਹੀ ਵਿਚ ਹਾਲੀਵੁਡ ਦੇ ਸੁਪਰ ਸਟਾਰ ਰਸੇਲ ਦੇ ਨਾਲ ਐਸ਼ਵਰਿਆ ਨੂੰ ਲਏ ਜਾਣ ਦੀ ਗੱਲ ਸਾਹਮਣੇ ਆਈ ਹੈ। ਕਾਨ ਫੈਸਟੀਵਲ ਵਿਚ ਜਿਥੇ ਐਸ਼ਵਰਿਆ ਹਿੰਦੋਸਤਾਨ ਵਲੋਂ ਸ਼ਿਰਕਤ ਕਰਨ ਗਈ, ਉਥੇ ਰਸੇਲ ਆਪਣੀ ਪਤਨੀ ਡੈਨਿਅਲ ਸਪੈਂਸਰ ਨਾਲ ਆਏ ਸਨ। ਉਹ ਦੋਨੋਂ ਐਸ਼ ਨੂੰ ਬੜੀ ਗਰਮਜੋਸ਼ੀ ਨਾਲ ਮਿਲੇ। ਉਸੇ ਮੌਕੇ 'ਤੇ ਦੋਵਾਂ ਨੇ ਇਕੱਠਿਆਂ ਇਕ ਫਿਲਮ ਵਿਚ ਕੰਮ ਕਰਨ ਦੀਆਂ ਸੰਭਾਵਨਾਵਾਂ 'ਤੇ ਵੀ ਚਰਚਾ ਕੀਤੀ ਅਤੇ ਐਸ਼ ਨੇ ਤੁਰੰਤ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ।

Entry Free

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸੁਹਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

# PUNJABI CULTURAL SOCIETY SACRAMENTO (U.S.A.)

ਪੇਸ਼ ਕਰਦੀ ਹੈ

# ਤੀਆਂ

# TEEYAN



## On Sunday, the 15th AUGUST 2010 At 1.00 P. M.

## AT S.E.S. Hall

**10427 E. STOCKTON BLVD. ELK GROVE, CA 95624**

**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

**ORGANIZING COMMITTEE**

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala

**New Attraction:**
**Miss Teeyan Contest**
Age 14-20
Call To Participate

**For Participation & Stalls Please Call :**

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ **No Cameras Will Be Allowed Inside The Hall** ਵੱਲੋਂ : ਪ੍ਰਬੰਧਕ ਕਮੇਟੀ


Mehfil-E-Sartaj
Satinder Sartaj
LIVE IN CONCERT
Friday July 2, 2010
7:30 PM
○ Total Family Show ○ Tight Security ○ No video Graphy
2001 H St., Fox Theater Bakersfield CA 93301
FOR MORE INFORMATION PLEASE CALL
Bharpur Brar 661-910-3677
Mandeep Mann 661-889-1927
Harry Bhullar 661-809-5718
Dr. Teg Sidhu 661-345-5828
Deep Sidhu 559-333-1910
Ticket VIP, $100, $75, $50, $35, $25
Children Under 3 Free (No Seat)
Ticket Available @ All Indian Stores and Box Office
Media : Punjab Times & gPunjab Sada Channel
ਇਸ ਮੌਕੇ ਹਰ ਇੱਕ ਨੂੰ ਖਾਣਾ ਮੁਫਤ ਮਿਲੇਗਾ
Quik Signs *661-703-8795 *661-900-7357

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## 4120 Polaris Ave, Union City Town House For Rent

3 Bedrooms,1.5 Bath, 2 Car Garage, Patio, Inside Landry. New Paint, New Tile Floor, New Carpet Must See. Water Garbage Included Vacant & Ready To Move In

## Refinance Now

30 Yr Fixed Rates Are Getting Better!!!

Refinance Now At Zero Cost

Call Sukhi Gill @ 510-207-9067

CA DRE Lic.#01180969

## Short Sale Specialist

### We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




181 Nabor Ct Tracy, CA 95377
5 Bedrooms, 4 Baths, 2 Car Garage.
Area 3089 Sq. Ft - Lot 5227 Sq. Ft




304 Pennyhill drive San Jose CA 95127
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




111 Nancy Lane San Jose CA 95127
6 Plex - 2 units each
3Bed/1Bath - 3Bed/1Bath - 3Bed/1Bath




675 Bel Air Court Morgan Hill CA 95037
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




1802 Picasso Way Stockton, CA 95206
3 Bedrooms, 3 Baths, 2 Car Garage




950 Silver Court Lathrop, CA 95330
3 Bedrooms, 2.5 Baths, 2 Car Garage.
Living Area 2448 Sq. Ft




1512 Sonoma Dr Milpitas CA 95035
4 Bedroom and 3 full bath
Large family room with wet bar & fireplace




1231 Cracolice Way, Milpitas 95035
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.